# ਸੰਪਾਦਕੀ
# ਸਾਬਰ ਉਡੀਕ

ਇੰਗਲੈਂਡ, ਅਮਰੀਕਾ, ਕੈਨੇਡਾ, ਸਾਰੇ ਯੂਰਪ, ਆਸਟਰੇਲੀਆ ਵਿਚ ਬਹੁਤ ਸਾਰੇ ਪ੍ਰੇਮੀ ਨਿਵਾਸ ਰੱਖ ਰਹੇ ਹਨ ਜਿਹੜੇ 'ਆਤਮ ਮਾਰਗ' ਅਤੇ ਬਾਬਾ ਜੀ ਵਲੋਂ ਬਣਾਈਆਂ 850 ਵੀਡੀਓ ਫਿਲਮਾਂ ਅਤੇ 2200 ਆਡੀਓ ਕੈਸਟਾਂ ਨੂੰ ਦੇਖਦੇ ਅਤੇ ਸੁਣਦੇ ਰਹਿੰਦੇ ਹਨ ਅਤੇ ਵੀਡੀਓ ਫਿਲਮਾਂ ਦੀਆਂ ਹੋਰ ਕਾਪੀਆਂ ਕਰਕੇ ਇਸ ਸ਼ਰਤ ਉਤੇ ਵੰਡਦੇ ਹਨ ਕਿ ਆਪ ਦੇਖੋ ਅਤੇ ਹੋਰ ਬਣਾ ਕੇ ਅੱਗੋਂ ਵੰਡੋ। ਇਸ ਤਰ੍ਹਾਂ ਇਨ੍ਹਾਂ ਦੇਸ਼ਾਂ ਵਿਚ ਇਹ ਪ੍ਰਚਾਰ ਸਹਿਜੇ ਹੀ ਘਰ-ਘਰ ਪਹੁੰਚ ਰਿਹਾ ਹੈ।। ਉਨ੍ਹਾਂ ਪ੍ਰੇਮੀਆਂ ਦੀ ਭੀ ਇੱਛਾ ਹੋਈ ਕਿ ਕਿਸੇ ਨਾ ਕਿਸੇ ਤਰ੍ਹਾਂ ਬਾਬਾ ਜੀ ਨੂੰ ਪ੍ਰਦੇਸ਼ਾਂ ਵਿਚ ਲਿਆ ਕੇ ਪ੍ਰਚਾਰ ਕਰਾਈਏ ਅਤੇ ਜੋ ਖੁਸ਼ੀ ਅਸੀਂ ਲੈ ਰਹੇ ਹਾਂ ਇਹਦੇ ਹੋਰ ਪ੍ਰੇਮੀ ਵੀ ਭਾਈਵਾਲ ਬਣਨ। ਇਨ੍ਹਾਂ ਆਸ਼ਿਆਂ ਨੂੰ ਮੁੱਖ ਰਖਦੇ ਹੋਏ ਬਹੁਤ ਸਾਰੇ ਪ੍ਰੇਮੀ ਸਾਲਾਨਾ ਗੁਰਮਤਿ ਸਮਾਗਮ ਵਿਚ ਅਕਤੂਬਰ ਦੇ ਮਹੀਨੇ ਹਾਜ਼ਰੀਆਂ ਭਰਿਆ ਕਰਦੇ ਸਨ ਅਤੇ ਬਾਬਾ ਜੀ, ਬੀਜੀ ਪਾਸ ਬੇਨਤੀਆਂ ਕਰਿਆ ਕਰਦੇ ਸਨ ਕਿ ਪ੍ਰਦੇਸਾਂ ਵਿਚ ਆਪ ਜੀ ਦੀ ਬਹੁਤ ਜ਼ਰੂਰਤ ਹੈ ਤਾਕਿ ਗੁਰਮਤਿ ਦਾ ਸਿਧਾਂਤ ਅਸੀਂ ਵੀ ਸੁਣੀਏ ਅਤੇ ਹੋਰ ਭਾਰਤ ਵਾਸੀਆਂ ਨੂੰ ਵੀ ਸੁਣਾਈਏ। ਇਥੋਂ ਤਕ ਵੀ ਕਹਿੰਦੇ ਸਨ ਕਿ ਉਨ੍ਹਾਂ ਦੇਸਾਂ ਦੇ ਵਾਸੀਆਂ ਨੂੰ ਵੀ ਸੁਣਾਇਆ ਜਾਵੇ ਕਿਉਂਕਿ ਇਹ ਕਾਰਜ ਸਰਵੋਤਮ ਹੈ। ਤਿੰਨ ਸਾਲ ਤੋਂ ਲਗਾਤਾਰ ਬਾਬਾ ਜੀ ਨਾ ਜਾ ਸਕੇ ਕਿਉਂਕਿ ਇਥੇ ਬਾਬਾ ਜੀ ਦਾ ਸਮਾਂ 'ਆਤਮ ਮਾਰਗ' ਅਤੇ ਹੋਰ ਰੁਝੇਵਿਆਂ ਵਿਚ ਲੰਘਦਾ ਸੀ। ਵਿਦੇਸ਼ਾਂ ਲਈ ਸਮਾਂ ਕੱਢਣਾ ਬਹੁਤ ਹੀ ਮੁਸ਼ਕਲ ਸੀ। ਅਖੀਰ ਲਗਾਤਾਰ ਬੇਨਤੀਆਂ ਕਰਨ ਉਪਰੰਤ ਇੰਗਲੈਂਡ, ਅਮਰੀਕਾ ਅਤੇ ਕਾਨੇਡਾ ਵਾਲਿਆਂ ਨੇ ਸਮਾਂ ਲੈ ਹੀ ਲਿਆ। ਮਾਤਾ ਜੀ ਭਾਵੇਂ ਬਹੁਤ ਸਖਤ ਬਿਮਾਰ ਸਨ, ਪਰ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਪ੍ਰੇਮੀਆਂ ਦੀ ਇਛਿਆ ਜ਼ਰੂਰ ਪੂਰੀ ਕਰੋ, ਮੇਰਾ ਅੰਤ ਜਿਥੇ ਆਉਣਾ ਹੈ ਉਥੇ ਹੀ ਆਉਣਾ ਹੈ।

ਸੋ ਬਾਬਾ ਜੀ 2 ਮਾਰਚ 1998 ਨੂੰ ਆਪਣੇ ਜਥੇ ਭਾਈ ਹਰਪਾਲ ਸਿੰਘ, ਭਾਈ ਗੁਰਪਾਲ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਪਰਮਿੰਦਰ ਸਿੰਘ ਸਮੇਤ ਵਿਦੇਸ਼ਾਂ ਲਈ ਰਵਾਨਾ ਹੋਏ। ਆਪ ਜੀ ਨਾਲ ਸ੍ਰੀ ਰਸ਼ਪਾਲ ਮਲਹੋਤਰਾ ਡਾਇਰੈਕਟਰ ਕਰਿਡ ਛੁਟੀ ਲੈ ਕੇ ਸ਼ਾਮਲ ਹੋ ਗਏ। ਬਾਬਾ ਜੀ ਦੇ ਜਾਣ ਪਿਛੋਂ ਸੰਗਤਾਂ ਨੇ ਐਉਂ ਮਹਿਸੂਸ ਕੀਤਾ ਜਿਵੇਂ ਹਨ੍ਹੇਰਾ ਛਾਂ ਗਿਆ ਹੋਵੇ। ਬਹੁਤ ਸਾਰੇ ਪ੍ਰੇਮੀ ਵਿਦਾ ਕਰਨ ਸਮੇਂ ਬਹੁਤ ਹੀ ਬੈਰਾਗ ਵਿਚ ਸਨ। ਅੱਖਾਂ ਸੁਜਲ ਸਨ, ਹੰਝੂ ਰੋਕੇ ਹੋਏ ਵੀ ਨਹੀਂ ਰੁਕਦੇ ਸਨ, ਹਜ਼ਾਰਾਂ ਦੀ ਸੰਗਤ ਨੇ ਬਾਬਾ ਜੀ ਦੇ ਰਿਹਾਇਸ਼ੀ ਅਸਥਾਨ ਤੇ ਵਿਦਾਇਗੀ ਦਿਤੀ ਅਤੇ ਇਕੋ ਹੀ ਗੱਲ ਕਹਿੰਦੇ ਸਨ ਕਿ ਬਾਬਾ ਜੀ ਜਿਸ ਤਰ੍ਹਾਂ ਤੁਸੀਂ ਤੇ ਬੀਜੀ ਜਾ ਰਹੇ ਹੋ, ਇਸੇ ਤਰ੍ਹਾਂ ਹੀ ਤੁਸੀਂ ਮੁੜ ਕੇ ਦਰਸ਼ਨ ਦੇਣਾ। ਮਨ ਵਿਚ ਡਰ ਸੀ ਕਿ ਅਜਿਹਾ ਨਾ ਹੋਵੇ ਕਿ ਜਿਵੇਂ ਸੰਤ ਮਹਾਰਾਜ ਰਾੜੇ ਵਾਲੇ ਇੰਗਲੈਂਡ ਗਏ ਅਤੇ ਫੇਰ ਉਥੋਂ ਦੇ ਹੀ ਹੋ ਗਏ। ਸੰਗਤਾਂ ਲਈ ਇਹ ਬਿਰਹਾ ਸਹਿਣਾ ਬਹੁਤ ਹੀ ਕਠਿਨ ਹੋ ਜਾਵੇਗਾ। ਗੱਲ ਵੀ ਉਨ੍ਹਾਂ ਦੀ ਠੀਕ ਸੀ ਕਿਉਂਕਿ ਬਾਬਾ ਜੀ ਤੇ ਬੀਜੀ ਸਰੀਰਕ ਤੌਰ ਤੇ 17 ਜੂਨ ਨੂੰ 81ਵੇਂ ਸਾਲ ਵਿਚ ਦਾਖਲ ਹੋਣ ਵਾਲੇ ਹਨ। ਬੀਜੀ ਤਾਂ ਬਿਮਾਰ ਹੀ ਸੀ ਪਰ ਪਿਆਰ ਨਾਲ ਸਭ ਨੂੰ ਧੀਰਜ ਦਿੰਦੇ ਹੋਏ ਕਿਹਾ ਕਿ ਤੁਸੀਂ ਗੁਰੂ ਮਹਾਰਾਜ ਉਪਰ ਭਰੋਸਾ ਰੱਖੋ ਉਹ ਤੁਹਾਡੇ ਮੇਲ ਇਸੇ ਤਰ੍ਹਾਂ ਹੀ ਕਰਾਉਣਗੇ ਪਰ ਫੇਰ ਵੀ ਪਿਆਰ ਵਾਲਿਆਂ ਤੋਂ ਧੀਰਜ ਨਹੀਂ ਧਰਿਆ ਜਾ ਰਿਹਾ ਸੀ। ਮੱਲੋਮੱਲੀ ਅੰਦਰਲੇ ਭਾਵ ਅੱਖਾਂ ਵਿਚੋਂ ਹੰਝੂਆਂ ਰਾਹੀਂ ਪ੍ਰਗਟ ਹੋ ਰਹੇ ਸਨ। ਬਾਬਾ ਜੀ ਨੇ ਅਮਰੀਕਾ, ਕਾਨੇਡਾ, ਇੰਗਲੈਂਡ ਵਿਚ ਗੁਰਮਤਿ ਪ੍ਰਚਾਰ ਕੀਤਾ ਜੋ ਟੈਲੀਫੋਨ ਰਾਹੀਂ ਉਸ ਥਾਂ ਦੇ ਸਰੋਤੇ ਆਪਣੇ ਆਪਣੇ ਪਰਿਵਾਰਾਂ, ਮਿਤਰਾਂ ਨੂੰ ਦੇਸਾਂ ਵਿਦੇਸਾਂ ਵਿਚ ਦਸਦੇ ਹੀ ਰਹਿੰਦੇ ਸਨ।

ਅਖੀਰ ਉਹ ਦਿਨ ਆ ਗਿਆ ਜਿਸ ਦਿਨ ਦੀ ਉਡੀਕ ਹੋ ਰਹੀ ਸੀ। 12 ਮਈ ਨੂੰ ਬਾਬਾ ਜੀ ਨੇ ਜਥੇ ਸਮੇਤ ਵਾਪਸ ਆਉਣਾ ਸੀ ਇਹ ਵੀ ਪਤਾ ਲਗ ਚੁਕਿਆ ਸੀ ਕਿ ਬੀਜੀ ਇਲਾਜ ਅਧੀਨ ਹਨ, ਉਹ ਕੁਝ ਦੇਰ ਇੰਗਲੈਂਡ ਹੀ ਰਹਿਣਗੇ। ਇਨ੍ਹਾਂ ਦੀ ਹਾਲਤ ਪਹਿਲਾਂ ਨਾਲੋਂ ਬਹੁਤ ਅੱਛੀ ਹੋ ਚੁਕੀ ਹੈ। ਤੁਰਨ ਫਿਰਨ ਲਗ ਗਏ ਹਨ। ਬਾਬਾ ਜੀ ਨੇ ਸ਼ਤਾਬਦੀ ਰਾਹੀਂ ਰਾਤ 8.20 ਦਿੱਲੀ ਤੋਂ ਚੰਡੀਗੜ੍ਹ ਪੁਜਣਾ ਸੀ। ਉਨ੍ਹਾਂ ਦਾ ਸੁਨੇਹਾ ਆ ਗਿਆ ਸੀ ਕਿ ਸਟੇਸ਼ਨ ਉਤੇ ਬਹੁਤਾ ਇਕੱਠ ਨਾ ਕੀਤਾ ਜਾਵੇ, ਸਾਰੀ ਸੰਗਤ ਨੂੰ ਉਹ ਰਤਵਾੜਾ ਸਾਹਿਬ ਹੀ ਮਿਲਣਗੇ, ਮੋਹਾਲੀ ਕੋਠੀ ਵਿਚ ਨਹੀਂ ਮਿਲਣਗੇ। ਇਹ ਖਬਰ ਸਾਰੀਆਂ ਸੰਗਤਾਂ ਵਿਚ ਇਕ ਦਮ ਫੈਲ ਗਈ ਅਤੇ ਇਕ ਤੋਂ ਇਕ ਇਸ ਉਡੀਕ ਵਿਚ ਲਗ ਗਏ ਕਿ ਕਦੋਂ ਬਾਬਾ ਜੀ ਆਉਣ ਤੇ ਸਭ ਤੋਂ ਪਹਿਲਾਂ ਉਹ ਹੀ ਉਨ੍ਹਾਂ ਦੇ ਦਰਸ਼ਨ ਕਰਨ। ਬਹੁਤ ਸਾਰੇ ਪ੍ਰੇਮੀ ਤਾਂ ਬਹੁਤ ਸਾਰੀਆਂ ਸਵਾਰੀਆਂ ਵਿਚ ਦਿੱਲੀ ਹਵਾਈ ਅੱਡੇ ਤੇ ਪਹੁੰਚ ਚੁੱਕੇ ਸਨ ਅਤੇ ਬਾਬਾ ਜੀ ਨੇ Indian Institute, Lodhi Garden ਵਿਖੇ ਵਿਸ਼ਰਾਮ ਕਰਕੇ ਸ਼ਾਮ ਦੀ ਸ਼ਤਾਬਦੀ ਤੇ ਆਉਣਾ ਸੀ। ਪਰ ਉਹ ਐਨਾ ਧੀਰਜ ਨਹੀਂ ਧਰ ਸਕੇ ਉਹ ਆਪਣੇ ਪਰਿਵਾਰਾਂ ਨੂੰ ਲੈ ਕੇ ਏਅਰਪੋਰਟ ਪਹੁੰਚ ਗਏ, ਉਥੇ ਦਿੱਲੀ ਵਾਲੀਆਂ ਸੰਗਤਾਂ ਪਹਿਲਾਂ ਹੀ ਇੰਤਜ਼ਾਰ ਕਰ ਰਹੀਆਂ ਸਨ। ਸੰਗਤਾਂ ਦੇ ਉਤਸ਼ਾਹ ਨੂੰ ਦੇਖ ਕੇ airport ਵਾਲਿਆਂ ਨੇ ਇਕ ਵਿਸ਼ੇਸ਼ airconditioned ਵੱਡਾ waiting room ਉਨ੍ਹਾਂ ਸਭ ਲਈ ਖੋਲ੍ਹ ਦਿਤਾ। ਬਾਬਾ ਜੀ ਉਥੇ ਬੈਠ ਕੇ ਹੀ ਸੰਗਤਾਂ ਨੂੰ ਮਿਲੇ, ਉਪਰੰਤ ਬੇਨਤੀ ਕੀਤੀ ਕਿ ਹੁਣ ਸਭ ਮਿਲ ਚੁਕੇ ਹਨ, ਹੁਣ ਕਿਸੇ ਨੇ ਪਿਛੇ ਨਹੀਂ ਆਉਣਾ। ਨਾ ਹੀ ਸਟੇਸ਼ਨ ਤੇ ਵਿਦਾ ਕਰਨ ਆਉਣਾ ਹੈ।

ਬਾਬਾ ਜੀ ਥੋੜ੍ਹਾ ਰੁਕ ਕੇ ਲੋਧੀ ਗਾਰਡਨ ਤੋਂ ਚਲ ਪਏ ਤਾਂ ਹੈਰਾਨੀ ਦੀ ਹੱਦ ਨਾ ਰਹੀ ਕਿ ਬੇਅੰਤ ਸੰਗਤਾਂ ਪਿਆਰ ਭਰੇ ਹਿਰਦਿਆਂ ਨਾਲ ਸਟੇਸ਼ਨ ਤੇ ਫੁਲਾਂ ਦੇ ਹਾਰ, 'ਬੁਕੇ' ਚੁਕੀਂ ਬਾਬਾ ਜੀ ਨੂੰ ਵਿਦਾਇਗੀ ਦੇਣ ਲਈ ਇਕੱਤਰ ਹੋਈਆਂ ਹੋਈਆਂ ਹਨ। VIP ਗੇਟ ਜੋ ਪਲੇਟਫਾਰਮ ਨੰ: 1 ਤੇ ਖੁਲ੍ਹਦਾ ਹੈ ਉਹ ਖੋਲ੍ਹ ਦਿਤਾ ਗਿਆ ਉਥੋਂ ਬਾਬਾ ਜੀ ਨੇ ਸਾਰਿਆਂ ਤੋਂ ਵਿਦਾਇਗੀ ਲਈ ਅਤੇ ਸ਼ਤਾਬਦੀ ਵਿਚ ਬੈਠ ਕੇ ਜਦੋਂ ਅੰਬਾਲੇ ਗੱਡੀ ਪਹੁੰਚੀ ਤਾਂ ਅਚਾਨਕ ਉਸ ਦੇ ਇੰਜਨ ਵਿਚ ਨੁਕਸ ਪੈ ਗਿਆ ਅਤੇ ਚੰਡੀਗੜ੍ਹ ਪਹੁੰਚਦੇ-ਪਹੁੰਚਦੇ ਪੂਰੇ ਤਿੰਨ ਘੰਟੇ ਲੇਟ ਹੋ ਗਏ। ਸਟੇਸ਼ਨ ਉਤੇ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਇਕ ਵਿਸ਼ਾਲ ਇਕੱਠ ਜਮ੍ਹਾਂ ਹੋ ਚੁਕਾ ਸੀ। ਨਾ ਤਾਂ ਉਸ ਦਿਨ ਸਟੇਸ਼ਨ ਉਪਰ ਪਾਰਕਿੰਗ ਲਈ ਥਾਂ ਲਭਦਾ ਸੀ, ਨਾ

ਹੀ ਦੂਰ ਤਕ ਕੋਈ ਅਜਿਹਾ ਥਾਂ ਸੀ ਜਿਥੇ ਇੰਤਜ਼ਾਰ ਕਰਦੀਆਂ ਸੰਗਤਾਂ ਨਾ ਹੋਣ। ਚੰਡੀਗੜ੍ਹ, ਮੋਹਾਲੀ ਅਤੇ ਰਤਵਾੜਾ ਸਾਹਿਬ ਦੀਆਂ ਸੰਗਤਾਂ ਨੇ ਬਹੁਤ ਇੰਤਜ਼ਾਮ ਕੀਤਾ ਸੀ ਕਿ ਬਾਬਾ ਜੀ ਨੂੰ ਭੀੜ ਭੜੱਕੇ ਵਿਚੋਂ ਬਾਹਰ ਕੱਢਿਆ ਜਾਵੇ ਪਰ ਸਾਰੇ ਇੰਤਜ਼ਾਮ ਤੋੜ ਕੇ ਹਰ ਕੋਈ ਬਾਬਾ ਜੀ ਕੋਲ ਪਹੁੰਚਣ ਲਈ ਯਤਨਸ਼ੀਲ ਸੀ। ਬਹੁਤ ਹੀ ਮੁਸ਼ਕਲ ਨਾਲ ਬਾਬਾ ਜੀ ਹਾਰ, ਬੁਕੇ ਫੜਦੇ ਆਪਣੀ ਕਾਰ ਤਕ ਪਹੁੰਚੇ, ਕਾਰ ਵਿਚ ਬੈਠਦੇ ਸਾਰ ਰਤਵਾੜਾ ਸਾਹਿਬ ਨੂੰ ਕਾਫਲਾ ਰਵਾਨਾ ਹੋ ਗਿਆ। ਚੰਡੀਗੜ੍ਹ ਦੇ ਸਰਕਾਰੀ ਪ੍ਰਬੰਧਕਾਂ ਨੇ ਬਹੁਤ ਸਿਆਣਪ ਕੀਤੀ, ਉਨ੍ਹਾਂ ਨੇ ਇਸ ਇਕੱਠ ਨੂੰ ਦੇਖਦੇ ਹੋਏ ਪੁਲਿਸ ਦਾ ਇੰਤਜ਼ਾਮ ਕਰ ਦਿਤਾ। ਪੁਲਿਸ ਦੀ ਇਕ pilot ਗੱਡੀ ਲਾਲ ਬੱਤੀਆਂ ਘੁੰਮਾਉਂਦੀ ਅੱਗੇ ਜਾ ਰਹੀ ਸੀ ਉਸ ਤੋਂ ਪਿਛੋਂ ਸਿੰਘਾਂ ਦੀ ਜੀਪ ਤੇ ਫੇਰ ਬਾਬਾ ਜੀ ਦੀ ਕਾਰ ਚਲ ਰਹੀ ਸੀ, ਇਸ ਤੋਂ ਪਿਛੋਂ ਸਾਰੀਆਂ ਗੱਡੀਆਂ ਨੂੰ ਇਕ ਇਕ ਕਰਕੇ ਪੁਲਿਸ ਜਾਣ ਦੇ ਰਹੀ ਸੀ, ਸਾਰੇ roundabouts (ਚੁਰਾਹਿਆਂ) ਤੇ ਅਤੇ ਆਲੇ ਦੁਆਲੇ ਪੁਲਿਸ ਦਾ ਪਹਿਰਾ ਸੀ। ਦੂਸਰੇ ਪਾਸਿਆਂ ਦਾ ਟਰੈਫਿਕ ਵੱਡੀ ਰਾਤ ਗਏ ਵੀ ਰੋਕਿਆ ਜਾ ਰਿਹਾ ਸੀ। ਇਹ ਪ੍ਰਬੰਧ ਪੁਲਿਸ ਨੇ ਆਪ ਹੀ ਕੀਤਾ ਹੋਇਆ ਸੀ। ਜਦੋਂ ਬਾਬਾ ਜੀ ਪੀ.ਜੀ.ਆਈ ਲੰਘ ਗਏ ਸੀ ਉਸ ਵੇਲੇ pilot ਪੁਲਿਸ ਨੇ ਦਸਿਆ ਕਿ ਅਸੀਂ ਪੀ.ਜੀ.ਆਈ ਲੰਘ ਰਹੇ ਹਾਂ ਅਤੇ ਟਰੈਫਿਕ ਮਰਿਆਦਾ ਵਿਚ ਹੀ ਚਲ ਰਿਹਾ ਹੈ। ਉਸ ਵੇਲੇ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਦੀ ਪੁਲਿਸ ਨੇ ਦਸਿਆ ਕਿ ਹੁਣੇ 10 ਮਿੰਟਾਂ ਤਕ ਰੇਲਵੇ ਸਟੇਸ਼ਨ ਤੋਂ ਰਹਿੰਦੀਆਂ ਕਾਰਾਂ ਵੀ ਚਲ ਪੈਣਗੀਆਂ ਇਸ ਤਰ੍ਹਾਂ ਇਹ ਜਲੂਸ ਪੀ.ਜੀ.ਆਈ ਤੋਂ ਸਟੇਸ਼ਨ ਤਕ ਹੀ ਜੁੜਵਾਂ ਚਲ ਰਿਹਾ ਸੀ। ਜਦੋਂ ਬਾਬਾ ਜੀ ਦੀ ਕਾਰ ਸ਼ਹਿਰ ਵਿਚੋਂ ਲੰਘ ਗਈ ਅਤੇ ਖੁਡੇ ਲਹੌਰੇ ਤੋਂ ਅੱਗੇ ਚਲ ਰਹੀ ਸੀ ਤਾਂ ਸੜਕ ਦੇ ਦੋਹੀਂ ਪਾਸੀਂ ਆਤਸ਼ਬਾਜ਼ੀਆਂ ਚਲਾਈਆਂ ਜਾ ਰਹੀਆਂ ਸਨ, ਅਨਾਰਾਂ ਦੇ ਵੱਡੇ ਗੋਲੇ ਦੂਰ-ਦੂਰ ਤਕ ਰੋਸ਼ਨੀ ਦੇ ਰਹੇ ਸਨ।

ਮੁਲਾਂਪੁਰ ਤਕ ਆ ਕੇ ਤਾਂ ਹੱਦ ਹੀ ਹੋ ਗਈ ਉਥੇ ਵੀ ਪੰਜਾਬ ਪੁਲਿਸ ਨੇ ਬਹੁਤ ਸੋਹਣਾ ਪ੍ਰਬੰਧ ਕੀਤਾ ਹੋਇਆ ਸੀ। ਸੰਤ ਈਸ਼ਰ ਸਿੰਘ ਜੀ ਮਾਰਗ ਮੁੜਦੇ ਸਾਰ ਸੰਤ ਈਸ਼ਰ ਸਿੰਘ ਜੀ ਗੇਟ ਬਿਜਲੀ ਦੀਆਂ ਲਾਈਟਾਂ ਅਤੇ ਚੱਕਰਾਂ ਨਾਲ ਜਗ ਮਗਾ ਰਿਹਾ ਸੀ ਅਤੇ ਪੂਰੀ ਤਰ੍ਹਾਂ ਨਾਲ ਦਸ ਰਿਹਾ ਸੀ ਕਿ ਮੈਂ ਸਵਾਗਤ ਕਰਨ ਲਈ ਪਿਛਲੇ ਢਾਈ ਮਹੀਨੇ ਤੋਂ ਉਡੀਕ ਰਿਹਾ ਹਾਂ। ਅਜ ਕੋਈ ਆਇਆ ਹੈ ਇਸ ਦਾ ਮਨ ਵੀ ਮਹਾਨ ਖੁਸ਼ ਹੋ ਰਿਹਾ ਸੀ ਕਿਉਂਕਿ ਅੱਜ ਆਉਣ ਵਾਲੇ ਦਾ ਪਹਿਲਾਂ ਫੇਰਾ ਹਰ ਰੋਜ਼ ਮੇਰੇ ਹੇਠਾਂ ਦੀ ਇਸ ਈਸ਼ਰ ਮਾਰਗ ਤੇ ਪੈਂਦਾ ਸੀ। ਪਿਛਲੇ 2 ਮਹੀਨੇ 12 ਦਿਨ ਤੋਂ ਮੈਂ ਵੀ ਉਡੀਕ ਰਿਹਾ ਸੀ ਕਿ ਮੈਨੂੰ ਬਣਾਉਣ ਵਾਲੇ ਕਿਥੇ ਚਲੇ ਗਏ। ਇਥੋਂ ਸੜਕ ਦੇ ਦੋਹੀਂ ਪਾਸੀਂ ਬੇਅੰਤ ਸੰਗਤਾਂ ਫੁਲਾਂ ਦੀ ਬਾਰਸ਼ ਕਰ ਰਹੀਆਂ ਸਨ ਅਤੇ ਜੈਕਾਰੇ ਬੁਲਾ ਰਹੀਆਂ ਸਨ ਅਤੇ ਟਰੱਕ ਉਪਰ ਵੱਡਾ ਬੈਂਡ ਵਾਜਾ ਵਜ ਰਿਹਾ ਸੀ ਅਤੇ ਸਵਾਗਤੀ ਕੀਰਤਨ ਹੋ ਰਿਹਾ ਸੀ ਅਤੇ ਇਥੇ ਸੰਗਤਾਂ ਦੀ ਚਾਲ ਬਹੁਤ ਧੀਮੀ ਪੈ ਗਈ, ਗੁਰਦੁਆਰਾ ਸਾਹਿਬ ਪਹੁੰਚਣ ਲਈ ਪੌਣੇ ਘੰਟੇ ਤੋਂ ਵੀ ਜ਼ਿਆਦਾ ਸਮਾਂ ਲਗ ਗਿਆ, ਸੜਕ ਦੇ ਦੋਹੀਂ ਪਾਸੀਂ ਦੋ ਕਿਲੋਮੀਟਰ ਦੀ ਦੂਰੀ ਤਕ ਬਹੁਤ ਸੰਗਤਾਂ ਫੁਲਾਂ ਦੀ ਵਰਖਾ ਕਰ ਰਹੀਆਂ ਸਨ। ਟਰੈਫਿਕ ਵਾਲਿਆਂ ਨੂੰ ਬਹੁਤ ਮੁਸ਼ਕਲ ਹੋ ਰਹੀ ਸੀ, ਕਾਰਾਂ ਵਾਲਿਆਂ ਨੂੰ ਬਹੁਤ ਹੀ ਮੁਸ਼ਕਲ ਨਾਲ ਚਲਣਾ ਪੈ ਰਿਹਾ ਸੀ। ਅੰਤ ਸਫਰ ਕਟਦੇ-ਕਟਦੇ ਗੁਰਦੁਆਰਾ ਸਾਹਿਬ ਪਹੁੰਚ ਗਏ। ਬਾਬਾ ਜੀ ਨੇ ਆਪਣੇ ਕਮਰੇ ਅੱਗੇ ਆਪਣੀ ਕਾਰ ਰੋਕੀ ਅਤੇ ਕੁਝ ਮਿੰਟਾਂ ਲਈ ਆਪਣੇ ਕਮਰੇ ਵਿਚ ਦਾਖਲ ਹੋ ਗਏ। ਲਾਊਡ ਸਪੀਕਰਾਂ ਤੇ ਸੰਗਤਾਂ ਨੂੰ ਦਸਿਆ ਜਾ ਰਿਹਾ ਸੀ ਕਿ ਪੰਡਾਲ ਵਿਚ ਆ ਕੇ ਬੈਠ ਜਾਓ। ਵਿਸ਼ਾਲ ਪੰਡਾਲ ਜੋ ਰਾਤ ਨੂੰ ਲਾਈਟਾਂ ਨਾਲ ਦਿਨ ਵਿਚ ਬਦਲ ਰਿਹਾ ਸੀ, ਪਿਆਰ ਹੀ ਪਿਆਰ ਦੀ ਵਰਸ਼ਾ ਹੋ ਰਹੀ ਸੀ।

ਬਾਬਾ ਜੀ ਆਏ ਅਤੇ ਉਚੇ ਥਾਂ ਉਪਰ ਆਪ ਦੀ ਸੀਟ ਲਾਈ ਹੋਈ ਸੀ ਉਥੇ ਹਾਰਾਂ, ਫੁਲਾਂ, ਬੁਕਿਆਂ ਦੇ ਢੇਰ ਲਗ ਗਏ। ਜਦੋਂ ਸਾਰੀਆਂ ਸੰਗਤਾਂ ਦਰਸ਼ਨ ਦੇ ਚੁਕੀਆਂ ਤਾਂ ਬਾਬਾ ਜੀ ਨੇ ਸਭ ਦਾ ਧੰਨਵਾਦ ਕਰਦੇ ਭਰੇ ਹੋਏ ਗਲੇ ਨਾਲ ਸੰਗਤਾਂ ਦਾ ਸ਼ੁਕਰਾਨਾ ਕੀਤਾ, "ਮੈਨੂੰ ਨਹੀਂ ਪਤਾ ਕਿ ਤੁਸੀਂ ਮੈਨੂੰ ਐਨਾ ਪਿਆਰ ਕਰਦੇ ਹੋ। ਜੇ ਪ੍ਰਸਪਰ ਵਿਛੋੜੇ ਦੀ ਚੋਭ ਤੁਹਾਨੂੰ ਸਹਿਣੀ ਪਈ ਹੈ ਤਾਂ ਮੈਂ ਵੀ ਇਨਸਾਨ ਹਾਂ, ਮੇਰੇ ਅੰਦਰ ਪੱਥਰ ਦਾ ਦਿਲ ਨਹੀਂ ਹੈ। ਮੈਂ ਤੁਹਾਡੇ ਦਰਸ਼ਨਾਂ ਲਈ ਸਿਕਦਾ ਰਿਹਾ ਹਾਂ ਕੋਈ ਵੀ ਤੁਹਾਡੀ ਐਸੀ ਪਤ੍ਰਿਕਾ ਨਹੀਂ ਸੀ ਜਿਸਨੂੰ ਪੜ੍ਹ ਕੇ ਮੇਰੇ ਪਿਆਰ ਦੇ ਹੰਝੂ ਨਾ ਵਗੇ ਹੋਣ ਪਰ ਗੁਰੂ ਮਹਾਰਾਜ ਦੇ ਹੁਕਮ ਵਿਚ ਮੈਨੂੰ ਉਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਨਾ ਸੀ, ਜੋ ਬਹੁਤ ਜ਼ਰੂਰੀ ਸੀ।

ਬਾਬਾ ਜੀ ਨੇ ਦਸਿਆ ਕਿ ਉਥੇ ਐਨਾ ਪਿਆਰ ਸੰਗਤਾਂ ਵਿਚ ਪੈ ਗਿਆ ਕਿ ਜਦੋਂ ਕਨੇਡਾ ਤੋਂ ਮੁੜ ਕੇ ਅਮਰੀਕਾ ਨੂੰ ਆਏ ਤਾਂ ਉਸ ਵੇਲੇ ਬੇਅੰਤ ਸੰਗਤਾਂ ਸਾਨਫਰਾਂਸਿਸਕੋ ਹਵਾਈ ਅੱਡੇ ਪਹੁੰਚੀਆਂ ਹੋਈਆਂ ਸਨ। ਜਿਥੇ ਵੀ ਉਹ ਗਏ ਉਥੇ ਹੀ ਬਹੁਤ ਸੰਗਤਾਂ ਸਵਾਗਤ ਲਈ ਪਹੁੰਚੀਆਂ ਹੁੰਦੀਆਂ ਸਨ, ਭਾਵੇਂ ਪ੍ਰਚਾਰ ਫੇਰੀ ਬਹੁਤ ਛੋਟੀ ਸੀ ਪਰ ਗੁਰਦੁਆਰਿਆਂ ਦੇ ਅੰਦਰ ਹਾਲ ਭਰ ਜਾਂਦੇ ਸਨ। ਸੰਗਤਾਂ ਹੇਠਾਂ ਲੰਗਰ ਵਾਲੇ ਹਾਲ ਵਿਚ ਬੈਠ ਜਾਂਦੀਆਂ ਸਨ। ਜਦੋਂ ਤਕ ਕੀਰਤਨ ਸਮਾਪਤ ਨਹੀਂ ਸੀ ਹੁੰਦਾ, ਪੂਰਨ ਚੁੱਪ ਰਹਿੰਦੀ ਸੀ ਅਤੇ ਉਨ੍ਹਾਂ ਥਾਵਾਂ ਦੇ ਪ੍ਰਬੰਧਕ ਹੈਰਾਨ ਸਨ ਕਿ ਐਨੇ ਪਿਆਰ ਦਾ ਜਜ਼ਬਾ ਤਾਂ ਅਸੀਂ ਅੱਜ ਤਕ ਨਹੀਂ ਤੱਕਿਆ, ਕਿਵੇਂ ਸੰਗਤਾਂ ਦੋ ਦੋ ਸੌ ਮੀਲ ਦਾ ਪੈਂਡਾ ਕਰਕੇ ਆ ਰਹੀਆਂ ਹਨ। ਇਹ ਇਕ ਲਹਿਰ ਸੀ ਜਿਸ ਨੇ ਇਕ ਤਰ੍ਹਾਂ ਦਾ ਨਵਾਂ ਦ੍ਰਿਸ਼ ਪੇਸ਼ ਕੀਤਾ। ਨਾ ਤਾਂ ਬਾਬਾ ਜੀ ਆਪਣੇ ਵਾਜੇ ਤੇ ਸ਼ਬਦ ਭੇਟ ਰੱਖਣ ਦਿੰਦੇ ਸੀ ਅਤੇ ਨਾ ਹੀ ਕਿਸੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਪ੍ਰਸੰਸਾ ਦੇ ਅੱਖਰ ਕਹਿਣ ਦੀ ਇਜਾਜ਼ਤ ਦਿੰਦੇ ਸੀ, ਨਾ ਹੀ ਸਿਰੋਪਾ ਲੈਂਦੇ ਸੀ। ਇਸ ਗੱਲ ਨੂੰ ਵੀ ਸੰਗਤਾਂ ਨੇ ਬਹੁਤ ਸਲਾਹਿਆ। ਉਨ੍ਹਾਂ ਦਾ ਪੂਰਾ ਨਿਸ਼ਚਾ ਬਣ ਚੁਕਿਆ ਸੀ ਕਿ ਕੀਰਤਨੀਏ, ਪ੍ਰਚਾਰਕ ਤਾਂ ਡਾਲਰ ਇਕੱਠੇ ਕਰਨ ਆਉਂਦੇ ਹਨ ਉਹ ਮਾਇਆ ਤੋਂ ਉਪਰ ਨਹੀਂ ਹੋ ਸਕੇ। ਵਾਜਿਆਂ ਤੇ ਪੈਸੇ ਧਰਾਉਣੇ ਆਪਣਾ ਕੀਰਤਨ ਮੁੱਲ ਵੇਚਣ ਦੇ ਬਰਾਬਰ ਹੋਇਆ ਕਰਦਾ ਹੈ। ਐਉਂ ਸਮਝ ਲਓ ਕਿ ਕਉਡੀ ਬਦਲੇ ਰਤਨ ਵੇਚਣਾ ਹੈ। ਬਾਬਾ ਜੀ ਵਲੋਂ ਇਸ ਗੱਲ ਦੀ ਸਖਤ ਮਨਾਹੀ ਸੀ ਕਿ ਵਾਜੇ ਤੇ ਪੈਸੇ ਨਹੀਂ ਰੱਖਣੇ। ਸਰੋਪਾ ਇਸ ਕਰਕੇ ਨਹੀਂ ਲੈਂਦੇ ਸਨ ਉਥੇ (ਰਤਵਾੜੇ) ਵੀ ਸਤਿਗੁਰੂ ਜੀ ਬਿਰਾਜਮਾਨ ਹਨ ਇਥੇ ਵੀ ਸਾਰੇ ਗੁਰਦੁਆਰੇ ਸਤਿਗੁਰੂ ਜੀ ਦੇ ਹੀ ਹਨ। ਜਿਵੇਂ ਬਾਬਾ ਜੀ ਆਪਣੇ ਗੁਰਦੁਆਰੇ ਰਤਵਾੜਾ ਸਾਹਿਬ ਤੋਂ ਕਦੇ ਭੀ ਸਿਰੋਪਾ ਨਹੀਂ ਲੈਂਦੇ ਤਿਵੇਂ ਹੀ ਬਾਬਾ ਜੀ ਨੇ ਇਥੇ (ਵਿਦੇਸ਼ਾਂ ਵਿਚ) ਕਿਸੇ ਗੁਰਦੁਆਰੇ ਤੋਂ ਸਿਰੋਪਾ ਨਹੀਂ ਲਿਆ। ਇਸ ਤਰ੍ਹਾਂ ਦੇ ਬਚਨ ਰਤਵਾੜਾ ਸਾਹਿਬ ਵਿਚ ਟਿਕੀ ਰਾਤ ਵਿਚ ਸੰਗਤਾਂ ਨੇ ਸੁਣੇ, ਸਮਾਂ ਆਪਣੀ

ਚਾਲੇ ਤੁਰਦਾ ਗਿਆ, ਅੰਮ੍ਰਿਤ ਵੇਲਾ ਹੋ ਗਿਆ। ਇਸ਼ਨਾਨ ਦਾ ਸਮਾਂ ਹੋ ਗਿਆ। ਤਿੰਨ ਵਜ ਗਏ, ਉਸ ਵੇਲੇ ਬਾਬਾ ਜੀ ਨੇ ਕਿਹਾ ਕਿ ਵਿਛੜਨ ਨੂੰ ਜੀਅ ਤਾਂ ਨਹੀਂ ਕਰਦਾ, ਰਾਤ ਲੰਘ ਗਈ ਹੈ, 13 ਮਈ ਹੋ ਚੁਕੀ ਹੈ ਅਤੇ ਉਹ ਸਾਰਿਆਂ ਦਾ ਧੰਨਵਾਦ ਕਰਦੇ ਹਨ।

ਜੇਠ ਦੀ ਸੰਗਰਾਂਦ 14 ਮਈ ਨੂੰ ਹੈ, ਉਸ ਦਿਨ ਉਹ ਖੁਲ੍ਹ ਕੇ ਵਿਚਾਰਾਂ ਵੀ ਕਰਨਗੇ ਅਤੇ ਉਹ ਸੰਗਤਾਂ ਦੇ ਦਰਸ਼ਨ ਕਰਨ ਦਾ ਸੁਭਾਗ ਵੀ ਪ੍ਰਾਪਤ ਕਰਨਗੇ। ਜਦੋਂ ਇਸ ਤਰ੍ਹਾਂ ਬਾਬਾ ਜੀ ਨੇ ਕਿਹਾ ਉਸ ਵੇਲੇ ਸੰਗਤਾਂ ਦੇ ਮਨ ਵਿਚ ਬਹੁਤ ਪ੍ਰਸੰਨਤਾ ਹੋਈ। ਦੂਰ ਦਰਾਜ਼ ਤੋਂ ਆਈਆਂ ਸੰਗਤਾਂ ਲਈ ਅਟੁੱਟ ਲੰਗਰ ਚਲ ਰਿਹਾ ਸੀ, ਜਲ ਪਾਣੀ ਛਕ ਕੇ ਬਹੁਤ ਸਾਰੀ ਸੰਗਤ ਜੋ ਦੂਰੋਂ ਆਈ ਸੀ, ਰਤਵਾੜਾ ਸਾਹਿਬ ਹੀ ਠਹਿਰ ਗਈ ਪਰ ਚੰਡੀਗੜ੍ਹ, ਮੋਹਾਲੀ ਦੀਆਂ ਸੰਗਤਾਂ ਆਪਣੀਆਂ ਸਵਾਰੀਆਂ ਤੇ ਆਪਣੇ-ਆਪਣੇ ਨਿਵਾਸ ਅਸਥਾਨਾਂ ਤੇ ਪਹੁੰਚ ਗਈਆਂ। ਇਹ ਸੀ ਇਕ ਸਾਬਰ ਉਡੀਕ ਦੀ ਝਾਕੀ ਜੋ ਆਪਣੀ ਵਿਲੱਖਣਤਾ ਆਪ ਹੀ ਰਖਦੀ ਹੈ।

ਅਸੀਂ ਦੇਸ਼ ਅਤੇ ਵਿਦੇਸ਼ ਦੀਆਂ ਸੰਗਤਾਂ ਦੇ ਬਹੁਤ ਰਿਣੀ ਹਾਂ ਜਿਨ੍ਹਾਂ ਦਾ ਸਬੰਧ ਆਤਮ ਮਾਰਗ ਨਾਲ ਇਕ ਪਰਿਵਾਰ ਵਾਂਗੂੰ ਪੈ ਗਿਆ ਹੈ। ਬਾਬਾ ਜੀ ਨੇ ਦਸਿਆ ਕਿ ਇਸ ਫੇਰੀ ਵਿਚ 1000 ਵਿਦੇਸ਼ਾਂ 'ਚੋਂ ਆਤਮ ਮਾਰਗ ਦਾ ਮੈਂਬਰ ਬਣਿਆ ਹੈ, ਪੁਸਤਕਾਂ ਜਿੰਨੀਆਂ ਏਥੋਂ ਭੇਜੀਆਂ ਗਈਆਂ ਉਹ ਸਾਰੀਆਂ ਦੀਆਂ ਸਾਰੀਆਂ ਸੰਗਤਾਂ ਲੈ ਰਹੀਆਂ ਸਨ। ਉਹ ਵਿਦੇਸ਼ੀ ਸੰਗਤਾਂ ਦਾ ਪਿਆਰ ਅਨੁਭਵ ਕਰਕੇ ਬਹੁਤ ਹੀ ਪ੍ਰਸੰਨ ਚਿਤ ਸਨ ਅਤੇ ਉਨ੍ਹਾਂ ਨੂੰ ਬਹੁਤ ਹੀ ਜ਼ਬਰਦਸਤ ਹੁੰਗਾਰਾ ਮਿਲਿਆ ਹੈ ਕਿਉਂਕਿ ਬਾਬਾ ਜੀ ਨੇ ਦਸਿਆ ਕਿ ਸਿੰਘਾਂ ਨੇ ਤਾਂ ਦੀਵਾਨਾਂ ਦੀ ਹਾਜ਼ਰੀ ਭਰਨੀ ਹੀ ਸੀ ਉਨ੍ਹਾਂ ਤੋਂ ਇਲਾਵਾ ਹਿੰਦੂ ਵੀਰਾਂ ਨੇ ਦੀਵਾਨਾਂ ਵਿਚ ਬੈਠ ਕੇ ਹਾਜ਼ਰੀ ਭਰੀ ਤੇ ਸੇਵਾ ਵੀ ਬਹੁਤ ਕੀਤੀ ਅਤੇ ਘੰਟਿਆਂ ਬੱਧੀ ਗੁਰਬਾਣੀ ਦੇ ਸਿਧਾਂਤਾਂ ਨੂੰ ਸਮਝਦੇ ਰਹੇ। ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਦਸਿਆ ਕਿ ਅਮਰੀਕਨਾਂ ਨੇ ਜੋ ਬਹੁਤ ਪੜ੍ਹੇ ਲਿਖੇ ਸਨ ਸਵਾ ਦੋ ਘੰਟੇ ਬਾਬਾ ਜੀ ਤੋਂ ਗੁਰਮਤਿ ਸਿਧਾਂਤਾਂ ਨੂੰ ਸ਼ਿਕਾਗੋ ਵਿਖੇ ਸੁਣਿਆ।

ਇਨ੍ਹਾਂ ਅਮਰੀਕਨਾ ਨੇ ਬੇਨਤੀ ਕੀਤੀ ਕਿ ਉਹ ਨਿਊਯਾਰਕ ਪੈਨਸਲਵਾਲੀਆਂ ਵਿਚ ਯੋਗਾ ਆਸ਼ਰਮ ਵਿਚ 250 ਮੈਂਬਰ ਹਨ ਅਤੇ ਉਹ ਆਪ ਕੁਝ ਲੈਕਚਰ ਹੋਰ ਸੁਣਨਾ ਚਾਹੁੰਦੇ ਹਨ। ਬਾਬਾ ਜੀ 25 ਅਪ੍ਰੈਲ ਨੂੰ ਸਾਨੂੰ ਸਮਾਂ ਦੇਣ ਪਰ 20 ਅਪਰੈਲ ਨੂੰ ਬਾਬਾ ਜੀ ਦਾ ਅਮਰੀਕਾ ਦਾ ਵੀਜ਼ਾ ਖਤਮ ਹੋ ਰਿਹਾ ਸੀ, ਉਹ ਸਮਾਂ ਨਾ ਦੇ ਸਕੇ। ਇੰਗਲੈਂਡ ਪਹੁੰਚ ਕੇ ਉਥੋਂ ਦੇ ਪ੍ਰੋਗਰਾਮਾਂ ਨੂੰ ਨਿਭਾਉਣਾ ਸੀ। ਇਹ ਬਾਬਾ ਜੀ ਦੇ ਮਨ ਵਿਚ ਹੀ ਗੱਲ ਰਹਿ ਗਈ ਕਿ ਉਹ ਅਮਰੀਕਨ ਵੀਰ ਕਿੰਨੇ ਉਤਸ਼ਾਹ ਨਾਲ ਗੁਰਮਤਿ ਸਿਧਾਂਤਾਂ ਨੂੰ ਸਮਝਣ ਲਈ ਇਛੁਕ ਸਨ। ਇਸੇ ਤਰ੍ਹਾਂ ਨਾਲ ਹਿੰਦੂ ਵੀਰ ਸੰਗਤਾਂ ਵਿਚ ਐਨੇ ਘੁਲ ਮਿਲ ਗਏ ਭਾਵੇਂ ਉਹ ਮਹਾਂਰਾਸ਼ਟਰ ਦੇ ਸਨ, ਭਾਵੇਂ ਬੰਬਈ ਦੇ ਸਨ ਭਾਵੇਂ ਹੋਰ ਕਿਸੇ ਥਾਂ ਦੇ ਸਨ ਉਹ ਲੰਗਰ ਵਿਚ ਸੰਗਤਾਂ ਦੀਆਂ ਜੂਠੀਆਂ ਪਤਲਾਂ ਚੁਕਦੇ, ਸਫਾਈ ਕਰਦੇ ਅਤੇ ਟੇਬਲ ਸਾਫ ਕਰਦੇ ਅਤੇ ਜਦੋਂ ਬਾਬਾ ਜੀ ਦੇ ਪ੍ਰਵਚਨ ਹੁੰਦੇ ਤਾਂ ਧਿਆਨ ਨਾਲ ਸੁਣਦੇ।

ਸਨੀਵੇਲਾ ਵਿਚ ਬਾਬਾ ਜੀ ਦਾ ਕੀਰਤਨ ਮੰਦਰ ਦੇ ਵੱਡੇ ਹਾਲ ਵਿਚ ਹੋਇਆ ਜੋ ਹਾਲ ਕਿਰਾਏ ਤੇ ਲਿਆ ਹੋਇਆ ਸੀ ਕਿਉਂਕਿ ਸੰਗਤ ਐਨੀ ਸੀ ਕਿ ਗੁਰਦੁਆਰੇ ਦੇ ਹਾਲਾਂ ਵਿਚ ਸਮਾਅ ਨਾ ਸਕੀ। ਉਥੇ ਹਿੰਦੂ ਵੀਰਾਂ ਨੇ ਬਹੁਤ ਸੇਵਾ ਕੀਤੀ ਅਤੇ ਮੰਦਰ ਦੇ ਪ੍ਰਬੰਧਕਾਂ ਨੇ ਆਪਣੇ ਸਾਰੇ ਪ੍ਰੋਗਰਾਮ ਬੰਦ ਕਰ ਦਿਤੇ ਅਤੇ ਹਦਾਇਤ ਕੀਤੀ ਕਿ ਬਾਬਾ ਜੀ ਦੇ ਦੀਵਾਨਾਂ ਵਿਚ ਹਾਜ਼ਰੀ ਭਰੋ। ਉਥੋਂ ਦੇ ਵੱਡੇ ਪੁਜਾਰੀ ਸਾਹਿਬ ਨੇ ਪ੍ਰਬੰਧਕਾਂ ਦੀ ਸਲਾਹ ਮੁਤਾਬਿਕ ਆਪਣੇ ਐਤਵਾਰ ਨੂੰ ਮੰਦਰ ਵਿਚ, ਹੋਣ ਵਾਲੇ ਇਕੱਠ ਨੂੰ ਵੀ ਬਾਬਾ ਜੀ ਦੇ ਦੀਵਾਨ ਵਿਚ ਸਸ਼ੋਭਤ ਕੀਤਾ।

ਅਖਬਾਰਾਂ ਵਿਚ ਖਬਰਾਂ ਛਪੀਆਂ ਕਿ ਇਹ ਪਹਿਲੀ ਵਾਰ ਹੈ ਕਿ ਸਿੱਖ ਤੇ ਹਿੰਦੂ ਵੀਰ ਇਕੱਠੇ ਹੋ ਕੇ ਆਪਣੇ ਸਾਰੇ ਕਾਰਜ ਛੱਡ ਕੇ ਦੀਵਾਨਾਂ ਵਿਚ ਸਸ਼ੋਭਤ ਹੋਏ। ਹਿੰਦੂਆਂ ਨੂੰ ਲਗਦਾ ਸੀ ਕਿ ਜੋ ਬਚਨ ਚਲ ਰਹੇ ਹਨ ਇਹ ਸਾਡੇ ਲਈ ਹੋ ਰਹੇ ਹਨ। ਸਿੰਘਾਂ ਨੂੰ ਲਗਦਾ ਸੀ ਕਿ ਇਹ ਸਾਡੇ ਲਈ ਹੋ ਰਹੇ ਹਨ। ਹੁੰਦਾ ਵੀ ਕਿਉਂ ਨਾ ਕਿਉਂਕਿ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਜੋ ਧੁਰ ਤੋਂ ਆਈ ਹੋਈ ਹੈ ਉਹ ਸਭ ਦੀ ਸਾਂਝੀ ਹੈ ਇਸ ਨੂੰ ਵੰਡਿਆ ਨਹੀਂ ਜਾ ਸਕਦਾ ਇਹ universal message ਸਰਬ ਸੰਸਾਰ ਲਈ ਸਾਂਝਾ ਸੰਦੇਸ਼ ਹੈ ਕਿ ਕਿਸ ਤਰ੍ਹਾਂ ਜੀਵਾਂ ਨੇ ਆਪਣੇ ਪਰਮ ਮਨੋਰਥ ਨੂੰ ਪ੍ਰਾਪਤ ਕਰਨਾ ਹੈ, ਜੀਵ ਦੀ ਹੋਂਦ ਕੀ ਹੈ, ਸੰਸਾਰ ਕੀ ਹੈ ਇਸ ਦੀ ਭਰਪੂਰ ਵਿਆਖਿਆ ਬਾਬਾ ਜੀ ਆਪਣੇ ਦੀਵਾਨਾਂ ਵਿਚ ਕਰਿਆ ਕਰਦੇ ਸਨ। ਜਿਸ ਕਰਕੇ ਹਿੰਦੂ ਵੀਰਾਂ ਨੇ ਅਤੇ ਸਿਖਾਂ ਨੇ ਇਨ੍ਹਾਂ ਦੀਵਾਨਾਂ ਵਿਚ ਹਿੱਸਾ ਲਿਆ। ਕਨੇਡਾ ਵਿਚ ਹਿੰਦੂਆਂ ਦੇ ਬਹੁਤ ਪਤਵੰਤੇ ਸੱਜਣ ਡਾਕਟਰ, ਇੰਜਨੀਅਰ ਵੱਡੇ ਵਪਾਰੀ ਆਦਿ ਬਾਬਾ ਜੀ ਨੂੰ ਮਿਲੇ ਅਤੇ ਵੈਨਕੂਵਰ ਟੈਲੀਵੀਜ਼ਨ ਵਾਲਿਆਂ ਨੇ ਸਾਢੇ 23 ਮਿੰਟ ਦੀ ਇੰਟਰਵਿਊ ਲਈ ਜੋ ਸੰਗਤਾਂ ਦੇ ਬੇਨਤੀਆਂ ਕਰਨ ਤੇ 4 ਵਾਰੀ ਟੈਲੀਵੀਜ਼ਨ ਤੇ ਵਿਖਾਈ ਗਈ। ਅਜੇ ਵੀ ਸੰਗਤਾਂ ਦੇ ਫੋਨ ਆਉਂਦੇ ਸਨ ਕਿ ਦੁਬਾਰਾ ਉਹੋ ਇੰਟਰਵਿਊ ਵਿਖਾਈ ਜਾਵੇ। ਇਸ ਤਰ੍ਹਾਂ ਇੰਗਲੈਂਡ ਦੇ ਰੇਡੀਓ ਵਾਲਿਆਂ ਨੇ ਡੇਢ ਘੰਟੇ ਦੀ ਇੰਟਰਵਿਊ ਲਈ ਜੋ ਬਾਰ-ਬਾਰ ਆਪਣੇ ਰੇਡਿਓ ਤੇ ਦੇ ਰਹੇ ਸਨ। ਅਖਬਾਰ ਵਾਲਿਆਂ ਨੇ ਬਹੁਤ ਸੋਹਣੀਆਂ ਖਬਰਾਂ ਦਿਤੀਆਂ। ਸੋ ਅਸੀਂ ਆਪਣੇ ਦੇਸੀ ਅਤੇ ਵਿਦੇਸ਼ੀ ਪਾਠਕਾਂ ਨਾਲ ਬਾਬਾ ਜੀ ਨਾਲ ਕੀਤੇ ਪਿਆਰ ਦੇ ਬਚਨ ਸਾਂਝੇ ਕਰ ਰਹੇ ਹਾਂ ਅਤੇ ਬਹੁਤ ਹੀ ਅਪਣੱਤ ਭਰੀ ਇਛਿਆ ਰਖਦੇ ਹਾਂ। ਤੁਸੀਂ ਹੋਰ ਵੱਧ ਤੋਂ ਵੱਧ ਆਤਮ ਮਾਰਗ ਦੇ ਮੈਂਬਰ ਬਣਾਓ। ਇਸ ਸੰਦੇਸ਼ ਨੂੰ ਅਮਰੀਕਨਾਂ ਤਕ ਪਹੁੰਚਾ ਦੇਵੋ, ਹਿੰਦੂ ਵੀਰਾਂ ਵਾਸਤੇ ਹਿੰਦੀ ਵਿਚ ਮੈਗਜ਼ੀਨ ਛਪਦਾ ਹੈ ਅਤੇ ਵਿਦੇਸ਼ੀ ਵੀਰਾਂ ਵਾਸਤੇ ਹੁਣ 12 ਪੰਨੇ ਅੰਗ੍ਰੇਜ਼ੀ ਵਿਚ ਵਾਧੂ ਛਪ ਰਹੇ ਹਨ। ਤੁਹਾਡੇ ਵਲੋਂ ਹੁੰਗਾਰਾ ਆਉਣ ਤੇ ਅਸੀਂ ਵਿਚਾਰ ਰਖਦੇ ਹਾਂ ਕਿ ਅਸੀਂ 20 ਪੰਨੇ ਇਸ ਗੱਲ ਨੂੰ ਮੁਖ ਰਖਦੇ ਹੋਏ ਵਧਾਈਏ ਕਿ ਆਪ ਦੇ ਬੱਚੇ ਮਹਾਨ ਪਿਉ ਦਾਦੇ ਦੇ ਅਮੋਲਕ ਖਜ਼ਾਨੇ ਨੂੰ ਭੁੱਲ ਕੇ ਦਿਵਾਲੀਆਪਨ ਦੇ ਥੋਥੇ ਖਿਆਲਾਂ ਨੂੰ ਨਾ ਅਪਨਾਅ ਲੈਣ।

ਅੰਤ ਵਿਚ ਅਸੀਂ ਉਨ੍ਹਾਂ ਸਾਰੇ ਪ੍ਰੇਮੀਆਂ ਦਾ ਜਿਨ੍ਹਾਂ ਨੇ ਪ੍ਰਚਾਰ ਵਿਚ ਆਪਣਾ ਤਨ ਮਨ ਧਨ ਦੇ ਕੇ ਬਹੁਤ ਸੇਵਾ ਕੀਤੀ ਅਤੇ ਮਹੀਨਿਆਂ ਬੱਧੀ ਛੁਟੀਆਂ ਲੈ ਕੇ ਸਾਰੇ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਿਆ ਅਤੇ ਆਤਮ ਮਾਰਗ ਦੇ ਬਹੁਤ ਸਾਰੇ ਮੈਂਬਰ ਬਣਾਏ, ਦਾ ਧੁਰ ਅੰਦਰੋਂ ਧੰਨਵਾਦ ਕਰਦੇ ਹਾਂ। ਹੁਣ ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਘੱਟੋ ਘੱਟ ਇਸ ਸਮੇਂ ਦੌ-

(ਬਾਕੀ ਪੰਨਾ 21 ਤੇ)

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ**

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

### ਭਾਗਠੜੇ ਹਰਿ ਸੰਤ ਤੁਮਾਰੇ

ਆਪ ਸਾਰੇ ਚਿਤ ਬਿਰਤੀਆਂ ਇਕਾਗਰ ਕਰਕੇ ਹਰੀ ਦਾ ਜਸ ਸ੍ਵਣ ਕਰ ਰਹੇ ਸੀ। ਕੀਰਤਨ ਦੀ ਸਮਾਪਤੀ ਉਪਰੰਤ ਅਰਦਾਸ ਹੋਈ। ਮਹਾਰਾਜ ਜੀ ਨੇ ਜੋ ਹੁਕਮਨਾਮਾ ਅੱਜ ਭੇਜਿਆ ਹੈ, ਉਸ ਨੂੰ ਆਪ ਸਾਰਿਆਂ ਨੇ ਸਰਵਣ ਕੀਤਾ ਹੈ। ਉਹ ਹੁਕਮਨਾਮਾ ਇਸ ਤਰ੍ਹਾਂ ਹੈ–

*ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥*
*ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥*
*ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥*
*ਕੇਸ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥ ਰਹਾਉ॥*
*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥*
*ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥*
*ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥*
*ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ॥*
*ਪੰਨਾ - 749*

ਐਸਾ ਮਹਾਂਪੁਰਸ਼ਾਂ ਪਾਸੋਂ ਸੁਣਿਆ ਹੈ ਕਿ ਗੁਰੂ ਪੰਜਵੇਂ ਪਾਤਸਾਹ ਮਹਾਰਾਜ ਜੀ ਦੇ ਹਜ਼ੂਰ ਸੰਗਤ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਸੰਸਾਰ ਵਿਚ ਆ ਕੇ ਜਿਸ ਨੂੰ ਪੁਤਰਾਂ ਦੀ ਦਾਤ ਮਿਲ ਗਈ ਅਤੇ ਉਹ ਪੁੱਤਰ ਸ਼ੁਸ਼ੀਲ ਅਤੇ ਲਾਇਕ ਹੋ ਕੇ ਵਿਦਿਆ ਪ੍ਰਾਪਤੀ ਉਪਰੰਤ ਮਾਤਾ ਪਿਤਾ ਦੀ ਸੇਵਾ ਸੰਭਾਲ ਕਰਦੇ ਹਨ। ਮਾਤਾ ਪਿਤਾ ਨੂੰ ਕੋਈ ਔਖ ਨਹੀਂ ਹੋਣ ਦਿੰਦੇ ਅਤੇ ਜਿਨ੍ਹਾਂ ਦੀਆਂ ਸੁਸ਼ੀਲ ਨੂੰਹਾਂ ਜੋ ਸੱਸ ਸਹੁਰੇ ਨੂੰ ਆਪਣੇ ਹੀ ਮਾਤਾ ਪਿਤਾ ਸਮਝਦੀਆਂ ਹਨ, ਐਸੇ ਪਰਿਵਾਰ ਵਾਲੇ ਪੁਰਸ਼ ਨੂੰ ਕਿਹਾ ਜਾਂਦਾ ਹੈ ਕਿ ਉਹ ਭਾਗਾਂ ਵਾਲਾ ਹੈ। ਇਸ ਦੇ ਵੱਡੇ ਭਾਗ ਹਨ, ਇਸ ਨੇ ਕੋਈ ਪਿਛਲੇ ਜਨਮਾਂ ਵਿਚ ਪੁੰਨ ਕੀਤੇ ਹੋਏ ਹਨ ਜਿਸ ਕਰਕੇ ਇਸ ਨੂੰ ਅਜਿਹਾ ਸੁਸ਼ੀਲ ਪਰਿਵਾਰ ਮਿਲਿਆ ਹੈ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਪਰਿਵਾਰ ਤਾਂ ਭਾਵੇਂ ਸੁਸ਼ੀਲ ਹੋਵੇ ਪਰ ਜੇ ਲੋੜਾਂ ਪੂਰੀਆਂ ਕਰਨ ਵਾਸਤੇ ਪੈਸਾ ਨਾ ਹੋਵੇ ਤਾਂ ਵੀ ਕੋਈ ਗੱਲ ਨਹੀਂ ਬਣਦੀ। ਭਾਗਾਂ ਵਾਲਾ ਤਾਂ ਉਹ ਹੈ ਜਿਸ ਦੇ ਕੋਲ ਧਨ ਦੀ ਕੋਈ ਤੋਟ ਨਾ ਆਵੇ, ਦੁਕਾਨਾਂ ਵੀ ਬਹੁਤ ਹੋਣ ਅਤੇ ਜ਼ਮੀਨ ਜਾਇਦਾਦ ਬਹੁਤ ਹੋਵੇ, ਪਰਿਵਾਰ ਆਗਿਆਕਾਰ ਹੋਵੇ, ਉਹ ਭਾਗਾਂ ਵਾਲਾ ਹੋਇਆ ਕਰਦਾ ਹੈ। ਕਈ ਪ੍ਰੇਮੀਆਂ ਦਾ ਇਹ ਖਿਆਲ ਹੈ ਕਿ ਜੇ ਕੋਈ ਉਚੇ ਅਹੁਦੇ ਪ੍ਰਾਪਤ ਕਰ ਲਵੇ ਉਸ ਦੀ ਮਾਨਤਾ ਦੇਸਾਂ ਪ੍ਰਦੇਸਾਂ, ਆਪਣੇ ਰਾਜ ਅਤੇ ਬਾਹਰਲੇ ਰਾਜਾਂ ਵਿਚ ਹੋਵੇ, ਉਹ ਹੀ ਭਾਗਸ਼ੀਲ ਹੋਇਆ ਕਰਦਾ ਹੈ। ਕਈਆਂ ਦਾ ਇਹ ਖਿਆਲ ਹੈ ਕਿ ਜਿਸ ਦੀਆਂ ਹੁੰਡੀਆਂ ਦੇਸਾਂ ਪ੍ਰਦੇਸਾਂ ਵਿਚ ਚਲਦੀਆਂ ਹੋਣ, ਕਾਰੋਬਾਰ ਦੇਸ ਪ੍ਰਦੇਸਾਂ ਵਿਚ ਸਫਲਤਾਪੂਰਵਕ ਚਲ ਰਿਹਾ ਹੋਵੇ, ਉਹ ਭਾਗਾਂ ਵਾਲਾ ਹੋਇਆ ਕਰਦਾ ਹੈ।

ਨਸ਼ੇ ਪੀਣ ਵਾਲਾ ਪੁਰਸ਼ ਆਪਣੇ ਆਪ ਨੂੰ ਭਾਗਾਂ ਵਾਲਾ ਕਹਿੰਦਾ ਹੈ ਕਿਉਂਕਿ ਮਨ ਵਿਚ ਇਕ ਪੁੱਠਾ ਖਿਆਲ ਹੁੰਦਾ ਹੈ ਕਿ ਜੋ ਬੰਦੇ ਨਸ਼ੇ ਨਹੀਂ ਪੀਂਦੇ, ਮਾਸ ਮੱਛੀਆਂ ਨਹੀਂ ਖਾਂਦੇ, ਉਨ੍ਹਾਂ ਨੂੰ ਜ਼ਿੰਦਗੀ ਦੇ ਸਵਾਦ ਦਾ ਕੀ ਪਤਾ? ਅਜਿਹੇ ਵਿਕਾਰੀ ਪੁਰਸ਼ ਪਰ-ਇਸਤ੍ਰੀ ਗਾਮੀ ਹੁੰਦੇ ਹਨ ਫੇਰ ਵੀ ਆਪਣੇ ਆਪ ਨੂੰ ਭਾਗਸ਼ੀਲ ਸਮਝਦੇ ਹਨ, ਇਹ ਉਨ੍ਹਾਂ ਦੀ ਆਪਣੀ ਮਨੌਤ ਹੈ। ਅਸੀਂ ਤਾਂ ਉਸ ਨੂੰ ਬੁਰਾ ਨਹੀਂ ਮੰਨਦੇ ਕਿਉਂਕਿ ਉਹ ਤਾਂ ਇਥੇ ਵੀ ਵਾਸ਼ਨਾ ਵਿਚ ਰਚਿਆ ਹੋਇਆ ਵਿਸ਼ਟਾ ਦਾ ਕੀੜਾ ਹੀ ਹੈ। ਆਪ ਕ੍ਰਿਪਾ ਕਰਕੇ ਫੁਰਮਾਓ ਆਪ ਭਾਗਵਾਨ ਕਿਸਨੂੰ ਆਖਦੇ ਹੋ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਤੁਸੀਂ ਜੋ ਬਚਨ ਦਸੇ ਹਨ ਇਨ੍ਹਾਂ ਸੁਖਾਂ ਨੂੰ ਸੁਖ ਨਹੀਂ ਕਿਹਾ ਜਾਂਦਾ ਕਿਉਂਕਿ ਇਨ੍ਹਾਂ ਵਿਚ ਬਹੁਤ ਵਿਘਨ ਆ ਜਾਂਦੇ ਹਨ। ਕਾਲ ਕਿਸੇ ਦੇ ਹੱਥ ਵਿਚ ਨਹੀਂ ਹੈ ਅਤੇ ਨਾ ਹੀ ਕਾਲ ਕਿਸੇ ਦੀ ਲਿਹਾਜ਼ ਕਰਦਾ ਹੈ।

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*
*ਪੰਨਾ - 254*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਹ ਬੰਦਾ ਪੰਛੀਆਂ ਵਾਂਗੂੰ ਚੋਗਾ ਚੁਗਦਾ ਹੈ, ਖੁਸ਼ ਹੋ ਰਿਹਾ ਹੈ ਪਰ ਕਾਲ ਰੂਪ ਸ਼ਿਕਾਰੀ ਹੱਥ ਵਿਚ ਸਸ਼ਤਰ ਲਈਂ ਗੁਪਤ ਰੂਪ ਵਿਚ ਦੁਆਲੇ ਘੁੰਮ ਰਿਹਾ ਹੈ। ਇਹ ਪਤਾ ਨਹੀਂ ਇਸ ਦਾ ਵਾਰ ਕਿਸ ਉਪਰ ਹੋ ਜਾਵੇ ਜਿਵੇਂ ਕਿ ਫੁਰਮਾਨ ਹੈ –

*ਕਾਲ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥*
*ਪੰਨਾ - 631*

ਜੇ ਭਲਾ ਪਹਿਲੇ ਨੰਬਰ ਤੇ ਜੋ ਤੁਸੀਂ ਲਾਇਕ ਪੁਤਰਾਂ ਦੀ ਗੱਲ ਕੀਤੀ ਹੈ ਉਨ੍ਹਾਂ ਵਿਚੋਂ ਇਕ ਦਾ ਵੀ ਵਿਛੋੜਾ ਹੋ ਜਾਵੇ ਤਾਂ ਮਾਂ ਬਾਪ ਜਿਹੜੇ ਕਿ ਬਹੁਤ ਹੀ ਗਹਿਰੇ ਮੋਹ ਵਿਚ ਲਿਪਤ ਹੋਏ ਹੋਏ ਹਨ, ਉਨ੍ਹਾਂ ਲਈ ਇਹ ਵਿਛੋੜਾ ਸਹਿਨ ਕਰਨਾ ਹੱਦ ਤੋਂ ਜ਼ਿਆਦਾ ਔਖਾ ਹੁੰਦਾ ਹੈ, ਉਹ ਸਹਿਨ ਨਹੀਂ ਕਰ ਸਕਦੇ। ਉਨ੍ਹਾਂ ਨੂੰ ਕੋਈ ਵੀ ਚੀਜ਼ ਐਸੀ ਨਹੀਂ ਜੋ ਤਕਸੀਨ (ਸ਼ਾਂਤੀ) ਦੇ ਸਕੇ। ਬਿਰਹੋਂ ਦਾ ਦੁਖ ਹੱਡਾਂ ਵਿਚ ਭਰ ਜਾਂਦਾ ਹੈ, ਖਿਆਲਾਂ ਵਿਚ ਰਚ ਜਾਂਦਾ ਹੈ; ਮਨ ਵਿਚ, ਬੁੱਧੀ ਵਿਚ, ਅੰਤਸ਼ਕਰਣ ਵਿਚ ਰਚ ਜਾਂਦਾ ਹੈ ਅਤੇ ਇਸ ਬਿਰਹੁੰ ਦੁਖ ਕਰਕੇ ਸਰੀਰ ਵਿਚ ਗਹਿਰੇ ਹਉਕੇ ਆਉਣੇ ਸ਼ੁਰੂ ਹੋ ਜਾਂਦੇ ਹਨ। ਉਹ ਸੁੱਖ ਜੋ ਥੋੜ੍ਹਾ ਸਮਾਂ ਪਹਿਲਾਂ ਮਾਣਦਾ ਸੀ ਉਹ ਬਿਲਕੁਲ ਭੁੱਲ ਜਾਂਦਾ ਹੈ। ਫਿਰ ਤਾਂ ਦੁਖਾਂ ਦੇ ਅੰਦਰ ਐਸਾ

ਗੁਲਤਾਨ ਹੁੰਦਾ ਹੈ ਕਿ ਸੁੱਖ ਦੀ ਆਸ ਹੀ ਉਸ ਦੇ ਦਿਲੋਂ ਜਾਂਦੀ ਰਹਿੰਦੀ ਹੈ ਕਿਉਂਕਿ ਮੌਤ ਦਾ ਵਿਛੋੜਿਆ ਹੋਇਆ ਪ੍ਰਾਣੀ ਦੁਬਾਰਾ ਨਹੀਂ ਮਿਲ ਸਕਦਾ। ਸੋ ਇਹ ਸੁੱਖ ਸਾਰੀ ਜ਼ਿੰਦਗੀ ਵਾਸਤੇ ਦੁਖ ਬਣ ਕੇ ਦੁਖ ਦਿੰਦਾ ਹੈ। ਇਹ ਸੁੱਖ ਛਿਨਭੰਗਰ ਹਨ। ਇਸੇ ਤਰ੍ਹਾਂ ਦੇ ਨਾਲ ਮਾਇਆ ਵਾਲਾ, ਜ਼ਮੀਨ ਜਾਇਦਾਦ ਵਾਲਾ, ਕਿਸੇ ਕਾਰਨ ਅਣਚਾਹੇ ਦੁੱਖ ਕਰਕੇ ਹਦ ਤੋਂ ਜ਼ਿਆਦਾ ਦੁਖੀ ਹੁੰਦਾ ਹੈ, ਕਰਜ਼ੇ ਸਿਰ ਚੜ੍ਹ ਜਾਂਦੇ ਹਨ। ਉਹ ਕਿਸੇ ਤਰੀਕੇ ਨਾਲ ਨਹੀਂ ਲਹਿੰਦੇ, ਫੇਰ ਉਸ ਨੂੰ ਦੁਖ ਹੀ ਦੁਖ ਹੋਇਆ ਕਰਦਾ ਹੈ। ਇਸੇ ਤਰ੍ਹਾਂ ਨਾਲ ਆਪ ਨੇ ਜੋ ਬਾਕੀ ਸੁੱਖ ਗਿਣੇ ਹਨ ਇਹ ਛਿਨ ਭੰਗਰ ਹੁੰਦੇ ਹਨ ਕਿਉਂਕਿ ਇਹ ਕਦੇ ਵੀ ਸਥਿਰ ਨਹੀਂ ਰਿਹਾ ਕਰਦੇ। ਅੱਜ ਕੋਈ ਰਾਜਾ ਹੈ, ਰਾਜਗੱਦੀ ਤੇ ਬੈਠ ਕੇ ਰਾਜ ਕਰਦਾ ਹੈ, ਕਲ੍ਹ ਨੂੰ ਕਿਸੇ ਕਾਰਨ ਕਰਕੇ ਰਾਜ ਗੱਦੀ ਹੱਥੋਂ ਜਾਂਦੀ ਰਹੀ, ਫੇਰ ਉਹ ਦੁਖਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ। ਸੰਸਾਰ ਵਿਚ ਜਿਸ ਨੂੰ ਮਾਣ ਪ੍ਰਾਪਤ ਹੁੰਦਾ ਹੈ, ਅਪਮਾਨ ਵੀ ਛਾਂ ਵਾਂਗੂੰ ਉਸ ਦੇ ਨਾਲ ਹੀ ਖੜ੍ਹਾ ਹੁੰਦਾ ਹੈ, ਅਪਮਾਨ ਹੋਣ ਤੇ ਜਿੰਨਾਂ ਸਨਮਾਨ ਪ੍ਰਾਪਤ ਕਰਕੇ ਸੁਖ ਮਾਣਦਾ ਸੀ, ਉਸ ਤੋਂ ਕਿਤੇ ਵੱਧ ਅਪਮਾਨ ਦਾ ਦੁਖ ਮਹਿਸੂਸ ਕਰਦਾ ਹੈ। ਪਿਆਰਿਓ! ਇਹ ਸੁੱਖ ਹਿੰਡੋਲੇ ਵਾਂਗੂੰ ਹਨ ਕਦੇ ਜੀਵ ਸੁਖਾਂ ਵਲ ਨੂੰ ਉਚਾ ਉਠਦਾ ਹੈ, ਕਦੇ ਦੁਖਾਂ ਵਲ ਨੂੰ ਹੇਠਾਂ ਆਉਂਦਾ ਹੈ। ਸੋ ਸਥਿਰ ਅਵਸਥਾ ਉਸ ਨੂੰ ਪ੍ਰਾਪਤ ਨਹੀਂ ਹੁੰਦੀ। ਇਸ ਕਰਕੇ ਉਸ ਨੂੰ ਸਦੀਵੀ ਸੁੱਖ ਪ੍ਰਾਪਤ ਨਹੀਂ ਹੁੰਦਾ।

ਇਸ ਸਭ ਕੁਝ ਦੇ ਵਿਪਰੀਤ ਸੁੱਖ ਦਾ ਜੋ ਸਹੀ ਸਿਧਾਂਤ ਹੈ ਉਹ ਬਾਣੀ ਵਿਚ ਸਪਸ਼ਟ ਤੌਰ ਤੇ ਦਸਿਆ ਗਿਆ ਹੈ, ਜਿਵੇਂ ਕਿ –

*ਸੁਖੁ ਨਾਹੀ ਬਹੁਤੈ ਧਨਿ ਖਾਟੇ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ॥*
*ਸਰਬ ਸੁਖਾ ਹਰਿ ਹਰਿ ਗੁਣ ਗਾਏ॥ ਪੰਨਾ - 1147*

ਬਾਣੀ ਦੇ ਵਿਚ ਇਕ ਪ੍ਰਸ਼ਨ ਆਉਂਦਾ ਹੈ ਕਿ ਉਹ ਕਿਹੜਾ ਤਰੀਕਾ ਹੈ ਜਿਸ ਦੇ ਨਾਲ ਸਦੀਵੀ ਅਨੰਦ ਦੀ ਪ੍ਰਾਪਤੀ ਹੋ ਜਾਵੇ ਅਤੇ ਵਾਹਿਗੁਰੂ ਜੀ ਮਿਲ ਜਾਣ? ਜਿਨ੍ਹਾਂ ਵਸਤਾਂ ਵਿਚ ਅਸਾਡਾ ਖਿਆਲ ਹੈ ਕਿ ਸੁੱਖ ਦੇ ਸਰੋਤ ਹਨ, ਉਹ ਦੁਖ ਦੇ ਬਣ ਜਾਂਦੇ ਹਨ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਤੋਂ ਅਨੇਕ ਕਿਸਮ ਦੇ ਬਚਨ ਸੁਣ ਕੇ ਫੁਰਮਾਨ ਕੀਤਾ ਕਿ ਘਰ ਵਿਚ ਬਹੁਤ ਮਾਇਆ ਦਾ ਹੋ ਜਾਣਾ, ਜ਼ਮੀਨਾਂ ਜਾਇਦਾਦਾਂ ਖਰੀਦ ਲੈਣੀਆਂ, ਬਹੁਤ ਹੀ ਸੁੰਦਰ ਕੋਠੀਆਂ, ਸੁੰਦਰ ਪਾਰਕ, ਫੁਹਾਰੇ, ਫੁਲਾਂ ਆਦਿ ਦੀਆਂ ਬਾੜੀਆਂ ਆਦਮੀ ਦੇ ਪਾਸ ਹੋਣ, ਚੜ੍ਹਨ ਲਈ ਅੱਜ ਦੇ ਸਮੇਂ ਅਨੁਸਾਰ ਕਾਰਾਂ, ਹਾਥੀ, ਘੋੜੇ, ਹਵਾਈ ਜਹਾਜ਼ ਹੋਣ ਤੇ ਰਾਜਸੀ ਸ਼ਕਤੀ ਪ੍ਰਾਪਤ ਕਰਕੇ ਵੱਡੇ ਭਾਰੀ ਲਸ਼ਕਰ ਹੋਣ, ਦੱਸਾਂ ਦਿਸ਼ਾਵਾਂ ਵਿਚ ਉਸ ਦਾ ਰਾਜਸੀ ਹੁਕਮ ਮੰਨਿਆ ਜਾਵੇ, ਬੇਅੰਤ ਕਿਸਮ ਦੇ ਵਿਸ਼ਿਆਂ ਨੂੰ ਭੋਗਣ ਵਾਲਾ, ਬਹੁਤ ਨਾਰੀਆਂ ਨੂੰ ਭੋਗਣ ਵਾਲਾ ਸੁਖੀ ਨਹੀਂ ਹੋਇਆ ਕਰਦਾ ਕਿਉਂਕਿ ਮਾਇਆ ਦੇ ਲਾਲਚ ਵਿਚ ਉਸ ਦਾ ਜਨਮ ਬਿਰਥਾ ਚਲਿਆ ਗਿਆ। ਹਾਥੀ ਘੋੜੇ, ਫੌਜਾਂ ਨੇ ਉਸ ਦੇ ਗਲ ਵਿਚ ਹਉਮੈ ਦਾ ਅਤੇ ਵਾਸ਼ਨਾਵਾਂ ਦਾ ਮਜ਼ਬੂਤ ਸੰਗਲ ਪਾ ਕੇ ਕੈਦੀ ਕਰ ਲਿਆ, ਰਾਜ ਸਦਾ ਕਾਇਮ ਨਹੀਂ ਰਿਹਾ ਕਰਦਾ। ਜਿਸ ਤਰ੍ਹਾਂ ਸੁਪਨੇ ਵਿਚ ਰਾਜਾ ਜਨਕ ਭਿਖਾਰੀ ਹੋ ਜਾਂਦਾ ਹੈ ਇਸ ਤਰ੍ਹਾਂ ਨਾਲ ਰਾਜਸੀ ਸ਼ਕਤੀਆਂ ਦਾ ਹਾਲ ਹੋਇਆ ਕਰਦਾ ਹੈ। ਅੱਜ ਤਖਤਾਂ ਤੇ ਬੈਠੇ ਹਨ, ਕਲ੍ਹ ਨੂੰ ਇਨ੍ਹਾਂ ਉਪਰ ਮੁਕਦਮੇ ਚਲਾਏ ਜਾ ਰਹੇ ਹਨ। ਇਨ੍ਹਾਂ ਰਾਜਸੀ ਬੰਦਿਆਂ ਨੂੰ ਕਚਹਿਰੀਆਂ ਕੈਦਾਂ ਸੁਣਾ ਰਹੀਆਂ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸੁਖੀ ਰਹਿਣ ਦੀ ਇਕ ਜੁਗਤੀ ਹੈ ਉਹ ਇਹ ਹੈ ਜੋ ਕੁਝ ਵੀ ਵਾਹਿਗੁਰੂ ਜੀ ਕਰਦੇ ਹਨ ਉਸ ਨੂੰ ਖਿੜੇ ਮੱਥੇ ਮੰਨ ਲੈਣਾ। ਹੁਕਮ ਮੰਨਣ ਨਾਲ ਹਉਮੈ ਦਾ ਨਾਸ਼ ਹੋ ਜਾਇਆ ਕਰਦਾ ਹੈ ਅਤੇ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਬਾਣੀ ਵਿਚ ਇਸ ਤਰ੍ਹਾਂ ਅੰਕਤ ਹੈ –

*ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ॥*
*ਕਿਉ ਪਾਈਐ ਹਰਿ ਰਾਮ ਸਹਾਈ॥*
*ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ॥*
*ਊਚੇ ਮੰਦਰ ਸੁੰਦਰ ਛਾਇਆ॥*
*ਝੂਠੇ ਲਾਲਚਿ ਜਨਮੁ ਗਵਾਇਆ॥*
*ਹਸਤੀ ਘੋੜੇ ਦੇਖਿ ਵਿਗਾਸਾ॥*
*ਲਸਕਰ ਜੋੜੇ ਨੇਬ ਖਵਾਸਾ॥*
*ਗਲਿ ਜੇਵੜੀ ਹਉਮੈ ਕੇ ਫਾਸਾ॥*
*ਰਾਜੁ ਕਮਾਵੈ ਦਹਦਿਸ ਸਾਰੀ॥*
*ਮਾਣੈ ਰੰਗ ਭੋਗ ਬਹੁ ਨਾਰੀ॥*
*ਜਿਉ ਨਰਪਤਿ ਸੁਪਨੈ ਭੇਖਾਰੀ॥*
*ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ॥*
*ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ॥*
*ਜਨ ਨਾਨਕ ਹਉਮੈ ਮਾਰਿ ਸਮਾਇਆ॥*
*ਇਨ ਬਿਧਿ ਕੁਸਲ ਹੋਤ ਮੇਰੇ ਭਾਈ*
*ਇਉ ਪਾਈਐ ਹਰਿ ਰਾਮ ਸਹਾਈ॥ ਪੰਨਾ - 175-76*

ਇਕ ਹੋਰ ਥਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵੱਡੇ ਲਿਖਾਰੀ ਬਣ ਕੇ ਵੀ ਦੇਖ ਲਿਆ ਬਹੁਤ ਅਮੀਰ ਬਣ ਕੇ ਵੀ ਦੇਖ ਲਿਆ, ਵੱਡੀਆਂ-ਵੱਡੀਆਂ ਨਾਮ ਨਾਲ ਉਪਾਧੀਆਂ ਵੀ ਲਾ ਕੇ ਦੇਖ ਲਿਆ ਪਰ ਮਨ ਵਿਚ ਸੰਤੋਖ ਨਹੀਂ ਆਇਆ ਅਤੇ ਸ਼ਾਂਤੀ ਨਾਮ ਦੀ ਚੀਜ਼ ਅੰਦਰ ਪ੍ਰਾਪਤ ਨਹੀਂ ਹੋਈ। ਅੱਜ ਦੇ ਸਮੇਂ ਅਨੁਸਾਰ ਬਹੁਤ ਵੱਡੀਆਂ-ਵੱਡੀਆਂ ਕਾਰਾਂ ਜਿਨ੍ਹਾਂ ਦਾ ਕ੍ਰੋੜਾਂ-ਕ੍ਰੋੜਾਂ ਰੁਪਏ ਮੁੱਲ ਹੈ, ਹਵਾਈ ਜਹਾਜ਼ ਜਿਹੜਾ ਸਾਰੀ ਦੁਨੀਆਂ ਵਿਚ ਘੁੰਮ ਸਕਦਾ ਹੈ, ਉਹ ਸਵਾਰੀਆਂ ਲੈ ਕੇ ਵੀ ਦੇਖ ਲਿਆ। ਸੁੰਦਰ ਨਾਰੀਆਂ ਦੀ ਸੰਗਤ ਕਰਕੇ ਵੀ ਦੇਖ ਲਈ। ਤਮਾਸ਼ੇ ਅਤੇ ਅਖਾੜਿਆਂ ਵਿਚ ਗਾਏ ਜਾਂਦੇ ਗੀਤ ਵੀ ਸੁਣ ਕੇ ਦੇਖ ਲਏ, ਤਖਤ ਉਤੇ ਸਭਾਵਾਂ ਲਾ ਕੇ, ਮੰਡਪ ਤੇ ਸੁੰਦਰ ਗਲੀਚੇ ਵਿਛਾ ਕੇ ਸੁੰਦਰਤਾ ਵੀ ਦੇਖੀ, ਹਰ ਤਰ੍ਹਾਂ ਦੇ ਬਗੀਚੇ ਲਾ ਕੇ, ਰਾਜਿਆਂ ਦੀ ਜੋ ਰੁਚੀ ਹੁੰਦੀ ਹੈ, ਸਾਰੀਆਂ ਲੀਲ੍ਹਾਵਾਂ ਕਰਕੇ ਦੇਖ ਲਿਆ ਪਰ ਮਨ ਵਿਚ ਕਿਸੇ ਤਰ੍ਹਾਂ ਵੀ ਸੁਖ ਨਾ ਆਇਆ। ਗੁਰੂ ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਜੋ ਸੁੱਖ ਹੈ ਉਹ ਸਾਧੂਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ, ਉਹ ਇਸ ਕਰਕੇ ਕਿਉਂਕਿ ਸਾਧੂ ਵਾਹਿਗੁਰੂ ਜੀ ਨਾਲ ਅਖੰਡ ਰੂਪ ਵਿਚ ਜੁੜੇ ਹੁੰਦੇ ਹਨ, ਵਾਹਿਗੁਰੂ ਜੀ ਸਤਿ ਚਿਤ ਅਨੰਦ ਹਨ। ਉਨ੍ਹਾਂ ਅੰਦਰ ਅਨੰਦ ਦੀਆਂ ਲਹਿਰਾਂ ਹਰ ਸਮੇਂ ਪ੍ਰਵੇਸ਼ ਕਰਦੀਆਂ ਹਨ, ਇਸ ਕਰਕੇ ਜੇ ਵੱਡਿਆਂ ਭਾਗਾਂ ਨਾਲ ਸਾਧੂ ਦੀ ਸੰਗਤ

ਪ੍ਰਾਪਤ ਹੋ ਜਾਵੇ ਤਾਂ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ –

*ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥ ਕਲਮ ਕਾਗਦ ਸਿਆਨਪ ਲੇਖੀ॥*
*ਮਹਰ ਮਲੂਕ ਹੋਇ ਦੇਖਿਆ ਖਾਨ॥ ਤਾ ਤੇ ਨਾਹੀ ਮਨੁ ਤ੍ਰਿਪਤਾਨ॥*
*ਸੋ ਸੁਖੁ ਮੋ ਕਉ ਸੰਤ ਬਤਾਵਹੁ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ॥*
*ਅਸੁ ਪਵਨ ਹਸਤਿ ਅਸਵਾਰੀ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ॥*
*ਨਟ ਨਾਟਿਕ ਆਖਾਰੇ ਗਾਇਆ॥ ਤਾ ਮਹਿ ਮਨਿ ਸੰਤੋਖੁ ਨ ਪਾਇਆ॥*
*ਤਖਤੁ ਸਭਾ ਮੰਡਨ ਦੋਲੀਚੇ॥ ਸਗਲ ਮੇਵੇ ਸੁੰਦਰ ਬਾਗੀਚੇ॥*
*ਆਖੇੜ ਬਿਰਤਿ ਰਾਜਨ ਕੀ ਲੀਲਾ॥ ਮਨੁ ਨ ਸੁਹੇਲਾ ਪਰਪੰਚੁ ਹੀਲਾ॥*
*ਕਰਿ ਕਿਰਪਾ ਸੰਤਨ ਸਚੁ ਕਹਿਆ॥ ਸਰਬ ਸੂਖ ਇਹੁ ਆਨੰਦੁ ਲਹਿਆ॥*
*ਸਾਧਸੰਗਿ ਹਰਿ ਕੀਰਤਨੁ ਗਾਈਐ॥ ਕਹੁ ਨਾਨਕ ਵਡਭਾਗੀ ਪਾਈਐ॥*

*ਪੰਨਾ - 179*

ਜਿਹੜਾ ਤੁਸੀਂ ਪੁੱਤਰ, ਰਿਸ਼ਤੇਦਾਰ, ਲਛਮੀ ਨੂੰ ਮਾਇਆ ਵਿਚ ਗਿਣਦੇ ਹੋ ਇਨ੍ਹਾਂ ਤੋਂ ਸੁੱਖ ਅਜੇ ਤਕ ਤਾਂ ਕਿਸੇ ਨੇ ਪਾਇਆ ਨਹੀਂ ਕਿਉਂਕਿ ਇਹ ਸਾਰੇ ਸੁੱਖ ਛਿੰਨ ਭੰਗਰ ਹਨ–

*ਪੁਤ੍ਰ ਕਲਤ੍ਰ ਲਛਮੀ ਮਾਇਆ॥*
*ਇਨ ਤੇ ਕਹੁ ਕਵਨੈ ਸੁਖੁ ਪਾਇਆ॥ ਪੰਨਾ - 692*

ਸਾਰਾ ਸੰਸਾਰ ਦੇਖ ਲਿਆ, ਸੁਖ ਕੇਵਲ ਨਾਮ ਵਿਚ ਹੈ–

*ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥*

*ਪੰਨਾ - 714*

ਅਨੰਦ ਕਈ ਕਿਸਮ ਦੇ ਹੁੰਦੇ ਹਨ, ਧਨ ਦਾ ਅਨੰਦ ਹੁੰਦਾ ਹੈ, ਵਿਸ਼ੇ ਮਾਨਣ ਦਾ ਅਨੰਦ ਹੁੰਦਾ ਹੈ, ਰਾਗ ਦਾ ਅਨੰਦ ਹੁੰਦਾ ਹੈ, ਕੀਰਤਨ ਸੁਣਨ ਦਾ ਅਨੰਦ ਹੁੰਦਾ ਹੈ, ਭਜਨ ਕਰਨ ਦੇ ਅਨੰਦ ਨੂੰ ਭਜਨ ਅਨੰਦ ਆਖਦੇ ਹਨ। ਗਿਆਨ ਦੇ ਅਨੰਦ ਨੂੰ ਗਿਆਨ ਅਨੰਦ ਆਖਦੇ ਹਨ। ਸਭ ਤੋਂ ਵੱਡਾ ਬ੍ਰਹਮ ਅਨੰਦ ਹੁੰਦਾ ਹੈ ਜਿਸ ਨੂੰ ਪ੍ਰਾਪਤ ਕਰਕੇ ਕਦੇ ਵੀ ਦੁੱਖ ਨਹੀਂ ਹੋਇਆ ਕਰਦਾ। ਖੋਜ-ਖੋਜ ਕੇ ਜਦੋਂ ਇਸ ਨਤੀਜੇ ਤੇ ਪਹੁੰਚਿਆ ਜਾਂਦਾ ਹੈ ਕਿ ਜੇ ਪਰਮ ਅਨੰਦ ਪ੍ਰਾਪਤ ਕਰਕੇ ਸੁਖ ਮਾਨਣਾ ਹੈ ਤਾਂ ਪ੍ਰਭੂ ਨੂੰ ਹਰ ਸਮੇਂ ਹਿਰਦੇ ਵਿਚ ਵਸਾਓ ਅਤੇ ਆਪਣੀ ਦ੍ਵੈਤ ਖਤਮ ਕਰਕੇ ਹਰ ਥਾਂ ਪ੍ਰਭੂ ਦੇਖ ਕੇ ਆਪਣਾ ਅਸਤਿਤ੍ਵ ਉਸ ਵਿਚ ਲੀਨ ਕਰ ਦਿਓ। ਸਾਧ ਸੰਗਤ ਜੀ! ਗੁਰੂ ਨੌਵੇਂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ–

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥*
*ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥*

*ਪੰਨਾ - 1427*

ਸੁਖੀਆ ਓਹੀ ਹੈ ਜਿਸ ਦੇ ਮਨ ਵਿਚੋਂ ਭਰਮ ਦਾ ਨਾਸ਼ ਹੋ ਕੇ ਨਾਮ ਵਿਚ ਨਿਵਾਸ ਮਿਲ ਗਿਆ, ਭਰਮ ਨਾਸ ਹੋ ਗਿਆ। ਫੁਰਮਾਨ ਹੈ –

*ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥*
*ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥ ਪੰਨਾ - 322*

ਸੋ ਇਸ ਕਰਕੇ ਜਿਸ ਨੂੰ ਸਦਾ ਸੁਖ ਪ੍ਰਾਪਤ ਹੋ ਗਿਆ, ਉਹ ਭਾਗਾਂ ਵਾਲੇ ਪੁਰਸ਼ ਹੋਇਆ ਕਰਦੇ ਹਨ। ਦੂਸਰਿਆਂ ਨੂੰ ਵੱਡੇ ਭਾਗਾਂ ਵਾਲਾ ਨਹੀਂ ਕਿਹਾ ਜਾ ਸਕਦਾ। ਸੋ ਭਾਗਾਂ ਵਾਲੇ ਕੇਵਲ ਸੰਤ ਹੋਇਆ ਕਰਦੇ ਹਨ। ਹੁਣ ਤੁਸੀਂ ਸਰਵਣ ਕੀਤਾ ਹੈ –

*ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥*

*ਪੰਨਾ - 749*

ਉਨ੍ਹਾਂ ਨੇ ਨਾਮ ਦਾ ਧਨ ਖਟਿਆ ਹੈ, ਨਾਮ ਧਨ ਜੋੜਨ ਲਈ ਮੁਸ਼ਕਤਾਂ ਘਾਲੀਆਂ ਹਨ ਕਿਉਂਕਿ ਇਹੀ ਇਕੋ ਇਕ ਯਥਾਰਥ ਕਰਮ ਹੈ ਜਿਸ ਨੂੰ ਕਰਨ ਵਾਸਤੇ ਜੀਵ ਦੇਹਧਾਰੀ ਹੋਇਆ ਹੈ। ਸੰਤ ਨਾ ਤਾਂ ਕੋਈ ਭੇਖ ਧਾਰ ਕੇ ਬਣਿਆ ਜਾਂਦਾ ਹੈ, ਨਾ ਵੱਡੇ-ਵੱਡੇ ਆਸ਼ਰਮ ਬਣਾ ਕੇ ਬਣਿਆ ਜਾਂਦਾ ਹੈ, ਨਾ ਹੀ ਵੱਡੇ ਲੈਕਚਰ ਦੇ ਕੇ ਬਣਿਆ ਜਾਂਦਾ ਹੈ, ਸੰਤ ਤਾਂ ਇਕ ਐਸੀ ਆਤਮਕ ਅਵਸਥਾ ਨੂੰ ਮਾਣਦੇ ਹਨ। ਜੇ ਉਹ ਪ੍ਰਾਪਤ ਹੋ ਜਾਵੇ ਤਾਂ ਉਸ ਦੀ ਪਦਵੀ ਆਪਣੇ ਆਪ ਹੀ ਸੰਤ ਦੀ ਹੋ ਜਾਂਦੀ ਹੈ। ਸੰਤ ਕਿਸੇ ਦਾ ਬਣਾਇਆ ਹੋਇਆ ਨਹੀਂ ਬਣਦਾ, ਇਹ ਤਾਂ ਵਾਹਿਗੁਰੂ ਜੀ ਦੀ ਬਖਸ਼ਿਸ਼ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

*ਪੰਨਾ - 319*

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397*

ਜਿਸ ਦਾ ਨਾਮ ਸਾਧੂ ਹੋਵੇਗਾ ਉਸ ਦੇ ਸਾਰੇ ਹੀ ਕਰਮ ਨਿਰਮਲ ਹੋਣਗੇ। ਉਸ ਦੇ ਕਰਮਾਂ ਵਿਚ ਪਾਖੰਡ ਨਹੀਂ ਹੋਵੇਗਾ, ਕੋਈ ਵਾਸ਼ਨਾ ਨਹੀਂ ਛੁਪੀ ਹੋਵੇਗੀ। ਉਹ ਪ੍ਰਭੂ ਤੇ ਅਧਾਰਿਤ, ਦੁਖ ਸੁਖ ਵਿਚ ਸਮ ਅਵਸਥਾ ਵਿਚ ਰਹੇਗਾ ਅਤੇ ਬੇਪ੍ਰਵਾਹ ਰਹੇਗਾ। ਜਿਸ ਤਰ੍ਹਾਂ ਕਿ –

*ਸੰਤਨ ਅਵਰ ਨ ਕਾਹੂ ਜਾਨੀ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥*

*ਪੰਨਾ - 711*

ਸੰਤਾਂ ਨੂੰ ਕਿਸੇ ਰਾਜੇ ਰਾਣੇ ਅਮੀਰ ਦੀ ਲੋੜ ਨਹੀਂ ਹੁੰਦੀ, ਨਾ ਹੀ ਉਹ ਕਿਸੇ ਤੇ ਨਿਰਭਰ ਹੁੰਦੇ ਹਨ। ਉਨ੍ਹਾਂ ਦੀ ਵਾਹਿਗੁਰੂ ਜੀ ਨਾਲ ਬਣ ਆਉਂਦੀ ਹੈ, ਉਨ੍ਹਾਂ ਦਾ ਕਿਹਾ ਹੋਇਆ ਦਰਗਾਹ ਵਿਚ ਮੰਨਿਆ ਜਾਂਦਾ ਹੈ, ਉਹ ਲੇਖ ਬਦਲ ਦਿੰਦੇ ਹਨ। ਉਨ੍ਹਾਂ ਦੀ ਚਰਨ ਧੂੜੀ ਭੀ ਬੁਰੇ ਲੇਖ ਮਿਟਾ ਦਿੰਦੀ ਹੈ।

ਅਧਿਆਤਮਕ ਕਥਾਵਾਂ ਵਿਚ ਇਕ ਬਹੁਤ ਪੁਰਾਣੀ ਕਥਾ ਆਉਂਦੀ ਹੈ ਕਿ ਅੱਜ ਤੋਂ 2300 ਸਾਲ ਪਹਿਲਾਂ ਯੂਨਾਨ ਦਾ ਬੜਾ ਹੀ ਸ਼ਕਤੀਸ਼ਾਲ ਰਾਜਾ ਦੁਨੀਆਂ ਨੂੰ ਜਿਤਣ ਦਾ ਸੰਕਲਪ ਧਾਰਨ ਕਰਕੇ ਬਹੁਤ ਮਜ਼ਬੂਤ ਫੌਜ ਲੈ ਕੇ ਰਾਜ ਵਿਚੋਂ ਨਿਕਲਿਆ, ਇਸ ਰਾਜੇ ਦੀ 20 ਸਾਲ ਦੀ ਉਮਰ ਸੀ ਅਤੇ ਇਸ ਦਾ ਨਾਮ ਸਿਕੰਦਰੇ ਆਜ਼ਮ ਸੀ। ਇਹ ਸੰਸਾਰ ਨੂੰ ਜਿਤਦਾ ਹੋਇਆ ਭਾਰਤ ਵਰਸ਼ ਵਿਚ ਪ੍ਰਵੇਸ਼ ਕਰ ਗਿਆ। ਰਾਜੇ ਅੰਬੀ ਨੂੰ ਜਿੱਤਣ ਉਪਰੰਤ ਇਹ ਰਾਵੀ ਪਾਰ ਕਰਕੇ ਰਾਜੇ ਪੋਰਸ ਨੂੰ ਜਿਤਣਾ ਚਾਹੁੰਦਾ ਸੀ। ਰਾਜਾ ਪੋਰਸ ਇਸ ਛੋਟੇ ਜਿਹੇ ਦੁਆਬੇ ਦਾ ਰਾਜਾ ਸੀ। ਬਿਆਸਾ ਅਤੇ ਰਾਵੀ ਦੇ ਵਿਚਕਾਰ ਰਾਜ ਕਰਦਾ ਸੀ। ਬਹੁਤ ਧਰਮੀ ਸੀ। ਪਰਜਾ ਮਰਨ ਮਾਰਨ ਵਾਸਤੇ ਇਸ ਦੇ ਹੁਕਮ ਵਿਚ ਤਤਪਰ ਸੀ। ਇਸ ਦੇ ਕੋਲ ਕੇਵਲ 30 ਹਜ਼ਾਰ ਸਿਪਾਹੀਆਂ ਦੀ ਫੌਜ ਸੀ। ਸਿਕੰਦਰ ਤਿੰਨ ਮਹੀਨੇ ਰਾਵੀ ਦੇ ਕੰਢੇ ਰੁਕਿਆ ਰਿਹਾ ਪਰ ਇਸ ਨੂੰ ਰਾਵੀ ਪਾਰ ਨਾ ਹੋਣ ਦਿਤਾ। ਅਖੀਰ ਜੰਮੂ ਵਲੋਂ ਹੋ ਕੇ ਇਹ ਇਸ ਦੁਆਬੇ ਵਿਚ ਦਾਖਲ ਹੋਇਆ, ਯੁੱਧ ਲੜਿਆ ਗਿਆ, ਬਹੁਤ ਹੀ ਭਿਆਨਕ ਯੁੱਧ ਹੋਇਆ, ਪੋਰਸ ਦੇ ਜੁਆਨ ਸਿਕੰਦਰ ਦੀ

ਦੋ ਲੱਖ ਫੌਜ ਦੇ ਪੈਰ ਨਹੀਂ ਲਗਣ ਦਿੰਦੇ ਸੀ ਪਰ ਅਚਾਨਕ ਰਾਜੇ ਪੋਰਸ ਦਾ ਹਾਥੀ ਮਾਰਿਆ ਗਿਆ। ਉਹ ਉਤਰ ਕੇ ਘੋੜੇ ਤੇ ਸਵਾਰ ਹੋ ਗਿਆ ਹੈ। ਫੌਜ ਨੇ ਇਹ ਸਮਝ ਲਿਆ ਕਿ ਪੋਰਸ ਮਾਰਿਆ ਗਿਆ। ਇਸ ਕਰਕੇ ਫੌਜ ਨੂੰ ਕੋਈ ਸੇਧ ਨਾ ਮਿਲੀ, ਉਹ ਇਧਰ ਉਧਰ ਹਟ ਗਏ। ਸਿਕੰਦਰ ਨੇ ਰਾਜੇ ਪੋਰਸ ਨਾਲ ਮਿਤਰਾਂ ਵਰਗਾ ਸਮਝੌਤਾ ਕਰਕੇ ਕੁਝ ਦਿਨ ਉਹ ਪੋਰਸ ਦੀ ਰਾਜਧਾਨੀ ਠਹਿਰਿਆ।

ਇਕ ਦਿਨ ਸਿਕੰਦਰ ਕਹਿਣ ਲੱਗਿਆ ਕਿ ਮਿਤਰ! ਮੈਂ ਭਾਰਤ ਵਰਸ਼ ਦੇ ਸੰਤਾਂ ਬਾਰੇ ਸੁਣਿਆ ਹੈ ਕਿ ਉਹ ਪ੍ਰਭੂ ਨਾਲ ਜੁੜੇ ਰਹਿੰਦੇ ਹਨ। ਮੈਂ ਕਿਸੇ ਸੰਤ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।

ਦੂਸਰੇ ਦਿਨ ਰਾਜਾ ਪੋਰਸ ਸਿਕੰਦਰ ਨੂੰ ਲੈ ਕੇ ਸੰਤਾਂ ਦੇ ਦਰਸ਼ਨ ਲਈ ਚਲਿਆ। ਰਾਵੀ ਨਦੀ ਦੇ ਕਿਨਾਰੇ ਚਲਦੇ-ਚਲਦੇ ਬਹੁਤ ਘਣਾ ਜੰਗਲ ਆ ਗਿਆ। ਉਸ ਵਿਚੋਂ ਜਦੋਂ ਲੰਘ ਰਹੇ ਸਨ ਤਾਂ ਸਿਕੰਦਰ ਨੂੰ ਕੁਝ ਅੱਛਾ ਨਾ ਲੱਗਿਆ। ਉਸ ਨੇ ਪੁਛਿਆ ਕਿ ਇਸ ਸੰਤ ਨੇ ਆਪਣੇ ਦਰਸ਼ਨਾਂ ਲਈ ਆਉਣ ਜਾਣ ਵਾਲਿਆਂ ਲਈ ਕੋਈ ਰਸਤਾ ਨਹੀਂ ਬਣਾਇਆ। ਇਹ ਤਾਂ ਅਸੀਂ ਜੰਗਲ ਦੇ ਕੰਡਿਆਂ ਵਾਲੇ ਰਾਹ ਵਿਚੋਂ ਜਾ ਰਹੇ ਹਾਂ। ਕਿੱਡੀ ਦੂਰ ਹਨ ਸੰਤ? ਉਸ ਵੇਲੇ ਪੋਰਸ ਨੇ ਕਿਹਾ, "ਮਿਤਰ! ਓਹ ਸਾਮ੍ਹਣੇ ਫੂਸ ਦੀ ਝੌਂਪੜੀ ਹੈ ਉਸ ਵਿਚ ਸੰਤ ਆਪਣਾ ਨਿਵਾਸ ਰਖਦੇ ਹਨ। ਉਹ ਸਾਮ੍ਹਣੇ ਦੇਖੋ, ਧੁੱਪ ਚਮਕ ਰਹੀ ਹੈ, ਸਰਦੀ ਹੋਣ ਕਰਕੇ ਸੰਤ ਧੁੱਪੇ ਬੈਠੇ ਹਨ। ਗੱਲਾਂ ਕਰਦੇ-ਕਰਦੇ ਹੋਰ ਨੇੜੇ ਚਲੇ ਗਏ। ਸਿਕੰਦਰ ਨੇ ਕਿਹਾ, "ਇਸ ਸੰਤ ਪਾਸ ਤਾਂ ਕੋਈ ਵਸਤਰ ਵੀ ਨਹੀਂ ਹੈ ਇਹ ਤਾਂ ਕੋਈ ਐਵੇਂ ਕੰਗਾਲ ਪੁਰਸ਼ ਹੈ। ਪੋਰਸ ਨੇ ਕਿਹਾ, "ਚੰਗਾ ਸੰਤ ਇਸ ਗੱਲ ਤੋਂ ਨਹੀਂ ਪਰਖਿਆ ਜਾਂਦਾ ਕਿ ਸੰਤ ਕੋਲ ਵੱਡਾ ਆਸ਼ਰਮ ਹੋਵੇ ਜਾਂ ਸੇਵਕਾਂ ਦੀ ਗਹਿਮਾ ਗਹਿਮ ਹੋਵੇ। ਸੰਤ ਤਾਂ ਅਵਸਥਾ ਤੋਂ ਜਾਣੇ ਜਾਂਦੇ ਹਨ।"

ਗੁਰੂ ਮਹਾਰਾਜ ਜੀ ਨੇ ਵੀ ਫੁਰਮਾਇਆ ਹੈ ਕਿ ਕੋਈ ਪੁਰਸ਼ ਟੁੱਟੀ ਹੋਈ ਝੌਂਪੜੀ ਵਿਚ ਰਹਿੰਦਾ ਹੈ, ਕੱਪੜੇ ਉਸਦੇ ਸਭ ਫਟੇ ਪੁਰਾਣੇ ਹਨ, ਉਸ ਨੂੰ ਕੋਈ ਆਦਰ ਦੇਣ ਵਾਲਾ ਨਹੀਂ ਹੈ, ਨਾ ਹੀ ਕਿਸੇ ਉਚੀ ਜਾਤ ਨਾਲ ਸਬੰਧ ਰਖਦਾ ਹੈ। ਉਸ ਦੇ ਮੱਥੇ ਤੇ ਅਜਿਹੇ ਟਿੱਕੇ ਨਹੀਂ ਹਨ ਜਿਸ ਤੋਂ ਪਤਾ ਲਗ ਜਾਵੇ ਕਿ ਇਹ ਬ੍ਰਾਹਮਣ ਹੈ ਜਾਂ ਖਤਰੀ ਹੈ, ਐਸਾ ਕੋਈ ਭੇਖ ਨਹੀਂ ਹੋਇਆ ਕਰਦਾ। ਜੰਗਲਾਂ ਵਿਚ ਘੁੰਮਦਾ ਰਹਿੰਦਾ ਹੈ। ਸ਼ਹਿਰਾਂ ਅਤੇ ਰੌਣਕ ਵਾਲੇ ਥਾਵਾਂ ਦੇ ਮੌਜ ਮੇਲੇ ਨਹੀਂ ਤਕਦਾ। ਉਹ ਸਦਾ ਇਕਾਂਤ ਭਾਲਦਾ ਹੈ, ਇਕਾਂਤ ਵਿਚ ਵਾਸਾ ਭਾਲਦਾ ਹੈ, ਉਸ ਦਾ ਕੋਈ ਮਿੱਤਰ ਨਹੀਂ ਹੈ, ਨਾ ਕੋਈ ਸਾਕ ਹੈ ਪਰ ਜੇ ਉਸਦਾ ਚਿੱਤ ਪ੍ਰਭੂ ਨਾਲ ਜੁੜਿਆ ਹੋਇਆ ਹੈ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੋਇਆ ਕਰਦਾ ਹੈ। ਉਸ ਦੀ ਧੂੜ ਹੀ ਐਨੀ ਪਵਿੱਤਰ ਹੁੰਦੀ ਹੈ ਕਿ ਮਸਤਕ ਨੂੰ ਲਾ ਕੇ ਕਰੋੜਾਂ ਪਾਪਾਂ ਦਾ, ਅਨੇਕਾਂ ਵਿਘਨਾਂ ਦਾ ਨਾਸ ਹੋ ਜਾਂਦਾ ਹੈ। ਫੁਰਮਾਨ ਹੈ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥*
*ਪੰਨਾ - 707*

ਗੁਰੂ ਮਹਾਰਾਜ ਜੀ ਇਸ ਦੇ ਵਿਪਰੀਤ ਉਸ ਅਵਸਥਾ ਨੂੰ ਵੀ ਵਰਣਨ ਕਰਦੇ ਹਨ ਕਿ ਜਿਸ ਦੇ ਕੋਲ ਧਨ ਦੇ ਅੰਬਾਰ ਲੱਗੇ ਹੋਣ, ਸੁੰਦਰ ਸੇਜਾਂ ਮਾਣਦਾ ਹੋਵੇ, ਸੁਖਾਂ ਦੀ ਕੋਈ ਗਿਣਤੀ ਨਾ ਹੋਵੇ, ਪੂਰੇ ਰਸਾਂ ਨੂੰ ਭੋਗ ਕੇ ਸਰੀਰ ਬਿਮਾਰ ਨਾ ਹੋਇਆ ਹੋਵੇ, ਉਸ ਦੇ ਰਿਹਾਇਸ਼ੀ ਥਾਵਾਂ ਤੋਂ ਸੁਗੰਧੀਆਂ ਦੀਆਂ ਲਪਟਾਂ ਦੂਰ ਦਰਾਜ਼ ਦੇ ਵਾਤਾਵਰਣ ਨੂੰ ਸੁਗੰਧਿਤ ਕਰਦੀਆਂ ਹੋਣ, ਵਧੀਆ ਤੋਂ ਵਧੀਆ ਉਸ ਦੇ ਵਸਤਰ ਪਹਿਨੇ ਹੋਣ ਅਤੇ ਅਨੇਕਾਂ ਸ਼ਿੰਗਾਰ ਲਾ ਕੇ ਉਂਗਲੀਆਂ ਵਿਚ ਬਹੁਤ ਹੀ ਸੋਹਣੇ ਹੀਰੇ, ਮੋਤੀ ਜੜਤ, ਮੁੰਦਰੀਆਂ ਪਾਈਆ ਹੋਣ, ਸੁਖਾਂ ਦੀ ਕੋਈ ਵੀ ਗਿਣਤੀ ਨਾ ਹੋਵੇ, ਚੜ੍ਹਨ ਲਈ ਹਵਾਈ ਜਹਾਜ਼ ਹੋਣ, ਪੈਸੇ ਦੀ ਕੋਈ ਤੋਟ ਨਾ ਹੋਵੇ, ਜਗਿਆਸੂ ਆ ਕੇ ਉਸ ਦੇ ਚਰਨਾਂ ਵਿਚ ਮਾਇਆ ਦੇ ਅੰਬਾਰ ਲਾ ਦੇਣ ਪਰ ਇਹ ਸਭ ਪ੍ਰਾਪਤੀਆਂ ਹੋਣ ਦੇ ਬਾਵਜੂਦ ਜੇ ਉਸ ਦਾ ਮਨ ਪ੍ਰਭੂ ਨਾਲ ਜੁੜਦਾ ਨਹੀਂ ਤਾਂ ਉਸ ਦੀ ਮਾਨਤਾ, ਰੂਹਾਨੀ ਗਜ਼ ਨਾਲ ਮਿਣਿਆਂ ਇਕ ਵਿਸ਼ਟਾ ਦੇ ਕੀੜੇ ਵਰਗੀ ਹੈ ਕਿਉਂਕਿ ਉਸ ਦਾ ਹਿਰਦਾ ਸਦਾ ਹੀ ਤਪਦਾ ਹੈ, ਉਸਦੇ ਹਿਰਦੇ ਵਿਚ ਸ਼ਾਂਤੀ ਨਹੀਂ ਹੈ। ਉਹ ਭਾਵੇਂ ਕੋਈ ਰਾਜਾ ਹੈ, ਭਾਵੇਂ ਕੋਈ ਸਾਧੂ ਦੇ ਲਿਬਾਸ ਵਿਚ ਭੇਖਧਾਰੀ ਹੈ, ਸ਼ਾਂਤੀ ਉਸ ਨੂੰ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਸ਼ਾਂਤੀ ਪ੍ਰਭੂ ਦੇ ਨਾਮ ਵਿਚ ਹੈ ਫੁਰਮਾਨ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਪੰਨਾ - 707*

ਸੋ ਸਾਧੂ ਬਾਰੇ ਮੈਂ ਬਚਨ ਕਰ ਰਿਹਾ ਸੀ ਕਿ ਉਹ ਆਪਣੀ ਮੌਜ ਦੇ ਮਾਲਕ ਹੁੰਦੇ ਹਨ। ਸਦਾ ਹੀ ਪ੍ਰਭੂ ਦੇ ਰੰਗ ਵਿਚ ਰੰਗੇ ਰਹਿੰਦੇ ਹਨ ਉਹ ਕਿਸੇ ਨੂੰ ਨਜ਼ਰ ਥੱਲੇ ਨਹੀਂ ਲਿਆਉਂਦੇ ਕਿਉਂਕਿ ਉਨ੍ਹਾਂ ਦੀ ਪ੍ਰਭੂ ਨਾਲ ਬਣੀ ਹੁੰਦੀ ਹੈ ਜਿਵੇਂ ਕਿ -

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186*

ਪਟਿਆਲੇ ਇਕ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦਾ ਸਰੀਰ ਇਸਤ੍ਰੀ ਦਾ ਸੀ ਪਰ ਆਪ ਮਰਦਾਂ ਵਾਲੇ ਵਸਤਰ ਪਹਿਨ ਕੇ ਸਿਰ ਤੇ ਦਸਤਾਰ ਬੰਨ੍ਹਿਆ ਕਰਦੇ ਸਨ। ਮਾਈ ਜੱਸੀ ਤੋਂ ਉਹ ਆਪਣੇ ਆਪ ਨੂੰ ਜੱਸਾ ਸਿੰਘ ਕਹਾਉਂਦੇ ਸਨ।

ਇਕ ਵਾਰੀ ਪਟਿਆਲੇ ਦਾ ਮਹਾਰਾਜ ਇੰਗਲੈਂਡ ਗਿਆ, ਮੁੜਦੇ ਹੋਏ ਸੰਤਾਂ ਲਈ ਬਹੁਤ ਸੋਹਣੇ ਰੇਸ਼ਮ ਦੇ ਵਸਤਰ ਅਤੇ ਰੇਸ਼ਮੀ ਗਲੀਚੇ ਉਥੋਂ ਲੈ ਕੇ ਆਇਆ। ਜਦੋਂ ਆ ਕੇ ਭੇਟਾ ਕੀਤੇ ਤਾਂ ਕਹਿਣ ਲੱਗਿਆ, "ਬਾਬਾ ਜੀ! ਇਹ ਬਹੁਤ ਹੀ ਸੁੰਦਰ ਵਸਤਰ ਹਨ, ਇਹ ਵਸਤਰ ਪਹਿਨ ਕੇ ਆਪ ਬਹੁਤ ਸੁਹਾਵਣੇ ਪ੍ਰਤੀਤ ਦੇਵੋਂਗੇ। ਸਾਨੂੰ ਵੀ ਬਹੁਤ ਖੁਸ਼ੀ ਹੋਵੇਗੀ ਜੇ ਤੁਸੀਂ ਆਪਣੇ ਬੈਠਣ ਵਾਸਤੇ ਇਹ ਰੇਸ਼ਮੀ ਗਲੀਚਾ ਵੀ ਪ੍ਰਵਾਨ ਕਰੋ। ਨਾਲ ਹੀ ਕਿਹਾ ਕਿ ਤੁਸੀਂ ਇਨ੍ਹਾਂ ਨੂੰ ਐਂ ਨਾ ਸਮਝੋ, ਇਹ ਬਹੁਤ ਕੀਮਤੀ ਵਸਤਰ ਹਨ। ਇਹ ਮੈਂ ਹੀ ਲਿਆ ਸਕਦਾ ਹਾਂ, ਤੁਹਾਡੇ ਸਾਰੇ ਸੇਵਕ ਗਰੀਬ ਹਨ ਉਨ੍ਹਾਂ

ਵਿਚ ਕੀ ਤਾਕਤ ਹੈ ਕਿ ਉਹ ਅਜਿਹੇ ਵਸਤਰ ਖਰੀਦ ਲੈਣ।" ਬਾਬਾ ਜੀ ਨੇ ਜਾਣ ਲਿਆ ਕਿ ਇਸ ਦੇ ਮਨ ਵਿਚ ਬਹੁਤ ਅਭਿਮਾਨ ਹੈ। ਸੁਭਾਵਿਕ ਹੀ ਕਹਿਣ ਲੱਗੇ ਕਿ ਰਾਜਨ! ਇਥੇ ਹੀ ਪਏ ਰਹਿਣ ਦਿਓ।

ਰਾਤ ਨੂੰ ਆਪ ਆਰਾਮ ਕਰਨ ਲਈ ਕਮਰੇ ਵਿਚ ਚਲੇ ਗਏ। ਉਹ ਵਸਤਰ ਉਸੇ ਤਰ੍ਹਾਂ ਪਏ ਰਹੇ। ਡੇਰੇ ਵਿਚ ਦੋ ਤਿੰਨ ਸੌ ਕੁੱਤਾ ਰਹਿੰਦਾ ਸੀ ਜਿਨ੍ਹਾਂ ਨੂੰ ਲੋਕ ਅਨੇਕ ਤਰ੍ਹਾਂ ਦੇ ਭੋਜਨ ਲਿਆ ਕੇ ਤ੍ਰਿਪਤ ਕਰਿਆ ਕਰਦੇ ਸਨ ਅਤੇ ਉਨ੍ਹਾਂ ਦੀਆਂ ਸੁਖਾਂ ਬਰ ਆਇਆ ਕਰਦੀਆਂ ਸਨ। ਉਹ ਕੁੱਤੇ ਰਾਤ ਨੂੰ ਖੇਲ੍ਹਣ ਲਗ ਗਏ ਅਤੇ ਉਨ੍ਹਾਂ ਨੇ ਖਿੱਚ-ਖਿੱਚ ਕੇ ਉਹ ਵਸਤਰ ਲੀਰੋ-ਲੀਰ ਕਰ ਦਿਤੇ। ਗਲੀਚੇ ਦੇ ਰੇਸ਼ਮੀ ਤਾਣੇ ਬਾਣੇ ਖਿੱਚ-ਖਿੱਚ ਕੇ ਵੱਖਰੇ-ਵੱਖਰੇ ਕਰ ਦਿਤੇ। ਹਵਾ ਬਹੁਤ ਤੇਜ਼ ਚਲ ਰਹੀ ਸੀ, ਉਸ ਨੇ ਲੀਰਾਂ ਉਡਾਈਆਂ ਅਤੇ ਦੋ-ਦੋ ਫਰਲਾਂਗ ਤਕ ਉਹ ਵਾੜ ਵਿਚ ਜਾ ਕੇ ਫਸ ਗਈਆਂ। ਕੁਝ ਖੇਤਾਂ ਵਿਚ ਉਡਦੀਆਂ ਰਹੀਆਂ। ਸਵੇਰੇ ਹੀ ਮਹਾਰਾਜਾ ਪਟਿਆਲਾ ਫੇਰ ਆਏ ਇਹ ਦੇਖਣ ਲਈ ਕਿ ਮਹਾਂਪੁਰਸ਼ਾਂ ਨੇ ਰੇਸ਼ਮੀ ਚਾਦਰ ਦੀ ਗਿਲਟੀ ਮਾਰ ਲਈ ਹੋਵੇਗੀ ਅਤੇ ਗਲੀਚੇ ਵਿਛਾ ਲਏ ਹੋਣਗੇ। ਉਹ ਘੋੜੇ ਤੇ ਆ ਰਹੇ ਸੀ ਤਾਂ ਨਾਲ ਦੇ ਅਹਿਲਕਾਰਾਂ ਨੇ ਕਿਹਾ ਕਿ ਮਹਾਰਾਜ! ਕਲ੍ਹ ਜਿਹੜੇ ਹਜ਼ੂਰ ਵਸਤਰ ਦੇ ਕੇ ਗਏ ਸੀ ਆਹ ਤਾਂ ਉਨ੍ਹਾਂ ਦੀਆਂ ਲੀਰਾਂ ਬਾੜ ਵਿਚ ਫਸੀਆਂ ਹੋਈਆਂ ਹਨ। ਇਹ ਦੇਖ ਕੇ ਰਾਜੇ ਨੂੰ ਬੜਾ ਅਫਸੋਸ ਹੋਇਆ ਕਿ ਮਹਾਂਪੁਰਸ਼ਾਂ ਨੇ ਮੇਰੀ ਭੇਟਾ ਦੀ ਕਦਰ ਨਾ ਕੀਤੀ।

ਉਹ ਕਰਦੇ ਵੀ ਕਿਉਂ ਕਿਉਂਕਿ ਭੇਟਾ ਵਿਚ ਅਭਿਮਾਨ ਰਲਿਆ ਹੋਇਆ ਸੀ। ਸਾਧੂ ਕਿਸੇ ਦੀ ਪ੍ਰਵਾਹ ਨਹੀਂ ਕਰਿਆ ਕਰਦੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਪੰਨਾ - 473***

ਜਦੋਂ ਮਹਾਂਪੁਰਸ਼ ਆਪਣੇ ਸਮੇਂ ਕੁਰਸੀ ਤੇ ਆ ਕੇ ਬਿਰਾਜੇ ਤਾਂ ਸਾਰੀਆਂ ਸੰਗਤਾਂ ਹੇਠਾਂ ਦਰੀ ਉਪਰ ਬੈਠੀਆਂ ਸਨ। ਮਹਾਰਾਜੇ ਦਾ ਗਲੀਚਾ ਦਰੀ ਤੇ ਨਹੀਂ ਸੀ ਵਿਛਿਆ ਹੋਇਆ ਕਿਉਂਕਿ ਉਹ ਵੀ ਕੁੱਤਿਆਂ ਨੇ ਖਿੱਚ-ਖਿੱਚ ਕੇ ਰੱਸੀਆਂ ਵਿਚ ਬਦਲ ਦਿਤਾ ਸੀ। ਰਾਜੇ ਨੇ ਆ ਕੇ ਨਮਸਕਾਰ ਕੀਤੀ ਬੈਠਣ ਹੀ ਲੱਗਿਆ ਸੀ ਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਤੁਸੀਂ ਬਹੁਤ ਹੀ ਮਜ਼ਬੂਤ ਵਸਤਰ ਲੈ ਕੇ ਆਏ ਸੀ, ਸਾਡੇ ਤਾਂ ਕੂਕਰਾਂ ਦਾ ਸਾਰਾ ਹੀ ਜ਼ੋਰ ਇਸ ਨੂੰ ਪਾੜਨ ਵਿਚ ਲਗ ਗਿਆ। ਸਾਡੇ ਕੂਕਰ ਸਾਰੀ ਰਾਤ ਇਨ੍ਹਾਂ ਵਸਤਰਾਂ ਨਾਲ ਖੇਲ੍ਹਦੇ ਰਹੇ। ਦੇਖੋ, ਇਹ ਸਾਰੇ ਥੱਕੇ ਹੋਏ ਹਨ, ਹੁਣ ਇਨ੍ਹਾਂ ਵਾਸਤੇ ਕੜਾਹ ਪ੍ਰਸ਼ਾਦ ਕਰਾ ਕੇ ਛਕਾ। ਵਾਹ ਬਈ ਵਾਹ ਬੜੇ ਵਧੀਆ ਵਸਤਰ ਲਿਆਂਦੇ ਸੀ।

ਮਹਾਤਮਾ ਕਰਨੀ ਕਮਾਈ ਵਾਲੇ ਸਨ ਜਿਸ ਤਰ੍ਹਾਂ ਹੁਕਮ ਮਿਲਿਆ ਮਹਾਰਾਜੇ ਨੇ ਉਸੇ ਤਰ੍ਹਾਂ ਕੀਤਾ।

ਸੋ ਇਸ ਤਰ੍ਹਾਂ ਮਹਾਂਪੁਰਸ਼ ਬੇਪਰਵਾਹ ਹੋਇਆ ਕਰਦੇ ਹਨ। ਜਿਨ੍ਹਾਂ ਦੇ ਪੱਖ ਵਿਚ ਵਾਹਿਗੁਰੂ ਹੈ, ਉਹ ਕਿਸੇ ਦੀ ਪ੍ਰਵਾਹ ਵੀ ਕਿਉਂ ਕਰਨ। ਉਨ੍ਹਾਂ ਨੂੰ ਦੁਨੀਆਂ ਦੀ ਕੀ ਮੁਛੰਦਗੀ ਹੈ। ਜਿਸ ਤਰ੍ਹਾਂ ਫੁਰਮਾਨ ਆਉਂਦਾ ਹੈ -

***ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥***
***ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥***
***ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥***
***ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥***
***ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥***
***ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥***
***ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥***
***ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥ ਪੰਨਾ - 1096***

ਸੋ ਮਹਾਤਮਾ ਦਾਤੇ ਹੋਇਆ ਕਰਦੇ ਹਨ। ਮੰਗਤਾ ਬਿਰਤੀ ਉਨ੍ਹਾਂ ਵਿਚ ਨਹੀਂ ਹੋਇਆ ਕਰਦੀ। ਸਾਧਸੰਗਤ ਜੀ! ਜੋ ਅਸੀਂ ਲੋਕ ਹਾਂ, ਤੁਸੀਂ ਐਵੇਂ ਸਾਨੂੰ ਸਾਧੂ ਸੰਤ ਆਖਦੇ ਰਹਿੰਦੇ ਹੋ। ਅਸਾਡੀ ਬਿਰਤੀ ਤਾਂ ਪੂਰੀ ਤਰ੍ਹਾਂ ਮਾਇਆ ਵਿਚ ਖਿਲਰੀ ਹੋਈ ਹੈ। ਅਸੀਂ ਆਪਣੇ ਆਪ ਨੂੰ ਬ੍ਰਹਮਗਿਆਨੀ ਕਹਾਉਂਦੇ ਹਾਂ। ਮੈਂ ਤੇ ਮੇਰੇ ਸਾਥੀ ਮਾਇਆ ਵਿਚ ਫਸੇ ਹੋਏ ਹਾਂ, ਸਾਨੂੰ ਆਤਮ ਗਿਆਨ ਨਹੀਂ ਹੈ, ਅਸੀਂ ਮਾਣ ਦੇ, ਪੈਸੇ ਦੇ ਭੁੱਖੇ ਹਾਂ। ਜੇ ਕੋਈ ਕੀਰਤਨ ਕਰਦੇ ਸਮੇਂ ਵਾਜਿਆਂ ਉਪਰ ਪੈਸੇ ਨਾ ਰੱਖੇ ਤਾਂ ਅਸੀਂ ਸਰਾਪ ਦੇਣ ਲਗ ਜਾਂਦੇ ਹਾਂ ਕਿ ਇਨ੍ਹਾਂ ਕੰਜੂਸਾਂ ਤੇ ਕੰਗਾਲਾਂ ਨਾਲ ਸਾਡਾ ਵਾਹ ਕਿਉਂ ਪੈ ਗਿਆ। ਜੇ ਕੋਈ ਹਜ਼ਾਰਾਂ ਰੁਪਿਆ ਭੇਟਾ ਕਰ ਦੇਵੇ, ਫੇਰ ਅਸੀਂ ਵਰ ਦਿੰਦੇ ਹਾਂ। ਕਿਆ ਮਾਖੌਲ ਹੈ ਜੋ ਅਸੀਂ 'ਸੰਤ' ਪਦ ਨਾਲ ਕਰ ਰਹੇ ਹਾਂ। ਇਸ ਲਈ ਮੈਂ ਕਹਿੰਦਾ ਹਾਂ ਕਿ ਮੈਨੂੰ ਸੰਤਾਂ ਨਾਲ ਨਾ ਰਲਾਓ, ਮੈਂ ਤਾਂ ਸਿੱਧਾ ਸਾਦਾ ਬੰਦਾ ਹਾਂ, ਮੈਂ ਤਾਂ ਤੁਹਾਡਾ ਹੀ ਸਾਥੀ ਹਾਂ। ਮੈਂ ਤੁਹਾਡੇ ਤੋਂ ਵੀ ਮਾੜਾ ਹਾਂ, ਤੁਸੀਂ ਤਾਂ ਸਾਰੇ ਮੇਰੇ ਨਾਲੋਂ ਬਹੁਤ ਚੰਗੇ ਹੋ ਜਿਹੜੇ ਅੰਮ੍ਰਿਤ ਵੇਲੇ ਤੋਂ ਆ ਕੇ ਹਰੀ ਦਾ ਜਸ ਸਰਵਣ ਕਰ ਰਹੇ ਹੋ। ਸੋ ਇਸ ਤਰ੍ਹਾਂ ਨਾਲ ਸੰਤ ਬਹੁਤ ਉਚੀ ਪਦਵੀ ਹੈ ਪਰ ਅਸੀਂ ਪੈਰ-ਪੈਰ ਤੇ ਧੋਖਾ ਖਾਂਦੇ ਹਾਂ। ਕਿਸੇ ਦਾ ਵਖਿਆਨ ਸੋਹਣਾ ਹੋਵੇ, ਕਿਸੇ ਦੀ ਲਿਖਤ ਸੋਹਣੀ ਹੋਵੇ, ਕੋਈ ਬਹੁਤ ਉਚੀ ਅਵਾਜ਼ ਨਾਲ ਕੀਰਤਨ ਕਰਨ ਵਾਲਾ ਹੋਵੇ, ਭਾਵੇਂ ਉਹ ਉੱਘ ਦੀਆਂ ਪਾਤਾਲ ਹੀ ਮਾਰਦਾ ਹੋਵੇ, ਵਧੀਆ ਭੇਖ ਧਾਰਿਆ ਹੋਵੇ, ਤੁਹਾਡੇ ਤੋਂ ਵੱਖਰੀ ਤਰ੍ਹਾਂ ਦਾ ਨਜ਼ਰ ਆਉਂਦਾ ਹੋਵੇ, ਫੇਰ ਕੀ ਹੈ? ਤੁਸੀਂ ਕਹੋਂਗੇ ਇਹ ਦੇ ਨਾਲ ਦਾ ਤਾਂ ਹੋਰ ਕੋਈ ਸੰਤ ਹੈ ਹੀ ਨਹੀਂ। ਪਰ ਜੇ ਕੋਈ ਭੋਰਾ ਕੁ ਗੱਲ ਕਹਿ ਦਓ ਤਾਂ ਉਨ੍ਹਾਂ ਵਿਚ ਭਾਂਬੜ ਵਰਗੀ ਅੱਗ ਨਜ਼ਰ ਆਉਂਦੀ ਹੈ ਅਤੇ ਲੱਖ ਜਤਨ ਕਰਨ ਤੇ ਵੀ ਕੀਰਤਨ ਕਰਦਾ-ਕਰਦਾ ਨੱਠ ਜਾਵੇਗਾ ਕਿਉਂਕਿ ਉਸ ਦੇ ਅੰਦਰ ਨਾਮ ਦੀ ਸੀਤਲਤਾ ਨੇ ਪ੍ਰਵੇਸ਼ ਨਹੀਂ ਕੀਤਾ। ਮੇਰਾ ਅਜਿਹੇ ਬੰਦਿਆਂ ਨਾਲ ਨਿਤ ਹੀ ਵਾਹ ਪੈਂਦਾ ਹੈ। ਤਾਂ ਹੀ ਤਾਂ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਮੈਨੂੰ ਸੰਤ ਨਾ ਕਿਹਾ ਕਰੋ। ਸੰਤ ਮਹਾਰਾਜ ਕਹਿਣਾ ਸਾਡਾ ਸੁਭਾਅ ਹੀ ਬਣ ਗਿਆ ਹੈ। ਜੇ ਵਰਤਾਰੇ ਦੇ ਰੂਪ ਤੋਂ ਸਤਿ ਕਰਕੇ ਦੇਖੀਏ ਤਾਂ ਇਹ ਅੱਖਰ ਸੰਤ ਨੂੰ ਸੋਭਾ ਦੇਣ ਵਾਲੇ ਨਹੀਂ ਹਨ। ਜੇ 'ਭਾਈ' ਕਹਿ ਕੇ ਬੁਲਾਈਏ, 'ਭਾਈ' ਅੱਖਰ ਲਾਉਣ ਨਾਲ ਸਾਰੇ ਜਾਣਦੇ ਹਨ ਕਿ ਭਾਈਆਂ ਦਾ ਕੰਮ ਗੋਲਕਾਂ ਚੋਰੀ ਕਰਨਾ ਹੈ, ਰਾਗੀਆਂ ਗਿਆਨੀਆਂ ਬਾਰੇ ਜਾਣਦੇ ਹਨ ਕਿ ਇਹ ਪੈਸੇ ਇਕੱਠੇ ਕਰਨ ਵਾਲੇ ਹਨ। ਇਨ੍ਹਾਂ ਨੂੰ ਗੁਰਮਤਿ ਸਿਧਾਂਤਾ ਨਾਲ ਲਗਨ ਨਹੀਂ ਹੈ। ਪਛਾਣੋ! ਵਿਰਲੇ-ਵਿਰਲੇ ਮਹਾਤਮਾ ਹਨ ਜਿਨ੍ਹਾਂ ਨੂੰ ਮਿਲ ਕੇ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ ਅਤੇ ਪਹਿਲੀ

ਨਜ਼ਰ ਨਾਲ ਹੀ ਉਹ ਆਪਣੇ-ਆਪਣੇ ਲਗਣ ਲਗ ਜਾਂਦੇ ਹਨ, ਉਨ੍ਹਾਂ ਦੇ ਮਿੱਠੇ ਬੋਲ ਮਨ ਨੂੰ ਮੋਹ ਲੈਂਦੇ ਹਨ। ਐਉਂ ਲਗਦਾ ਹੈ ਜਿਵੇਂ ਅਸੀਂ ਉਨ੍ਹਾਂ ਨੂੰ ਜਨਮਾਂ-ਜਨਮਾਤਰਾਂ ਦੇ ਜਾਣਦੇ ਹਾਂ।

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥*
*ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥*
*ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥*
*ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ॥*
*ਪੰਨਾ - 320*

ਸੰਤਾਂ ਦੇ ਪੱਲੇ ਸੀਤਲਤਾ ਹੁੰਦੀ ਹੈ, ਨਾਮ ਸਭ ਤੋਂ ਸੀਤਲ ਹੁੰਦਾ ਹੈ। ਫੁਰਮਾਨ ਆਉਂਦਾ ਹੈ -

*ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥*
*ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥*
*ਪੰਨਾ - 1357*

ਸੰਤਾਂ ਨੂੰ ਕੋਈ ਪੁਰਸ਼ ਨਿਰਾਦਰ ਦੇ ਨਾਲ ਪੇਸ਼ ਆਵੇ ਤਾਂ ਵੀ ਉਹ ਆਪਣੀ ਸ਼ਾਂਤੀ ਨਹੀਂ ਛੱਡਿਆ ਕਰਦੇ ਜਿਵੇਂ ਕਿ -

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥*
*ਪੰਨਾ - 1373*

ਸੰਤਾਂ ਦੀ ਦ੍ਰਿਸ਼ਟੀ ਵਿਚ ਜੋ ਕੁਝ ਦਿਸਦਾ ਹੈ ਉਹ ਪ੍ਰਭੂ ਦਾ ਹੀ ਰੂਪ ਹੁੰਦਾ ਹੈ। ਉਨ੍ਹਾਂ ਦੇ ਹਿਰਦੇ ਵਿਚ ਧਰਮ ਪੂਰੇ ਜੋਬਨ ਵਿਚ ਸਮਾਇਆ ਹੁੰਦਾ ਹੈ ਅਤੇ ਉਨ੍ਹਾਂ ਦੇ ਕਰਮ ਨਿਰਮਲ ਹੋਇਆ ਕਰਦੇ ਹਨ -

*ਸਾਧ ਨਾਮ ਨਿਰਮਲ ਤਾ ਕੇ ਕਰਮ॥ ਪੰਨਾ - 296*

ਸੰਤਾਂ ਦੇ ਬਚਨ ਸ਼ੁਭ ਹੁੰਦੇ ਹਨ। ਹਰ ਸਮੇਂ ਆਪਣੇ ਅੰਦਰ ਬਾਹਰ ਪ੍ਰਭੂ ਨੂੰ ਪ੍ਰਤੱਖ ਰੂਪ ਵਿਚ ਅਨੁਭਵ ਕਰਦੇ ਹਨ ਅਤੇ ਉਨ੍ਹਾਂ ਦੇ ਮੁੱਖ ਤੋਂ ਸਤਿ ਬਚਨ ਨਿਕਲਿਆ ਕਰਦੇ ਹਨ। ਪੂਰੀ ਤਰ੍ਹਾਂ ਦੇ ਨਾਲ ਹੁਕਮ ਵਿਚ ਰਹਿੰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥*
*ਸੰਤ ਜਨਾ ਕੈ ਹਿਰਦੈ ਸਭਿ ਧਰਮ॥*
*ਸੰਤ ਜਨਾ ਸੁਨਹਿ ਸੁਭ ਬਚਨ॥*
*ਸਰਬ ਬਿਆਪੀ ਰਾਮ ਸੰਗਿ ਰਚਨ॥*
*ਜਿਨਿ ਜਾਤਾ ਤਿਸ ਕੀ ਇਹ ਰਹਤ॥*
*ਸਤਿ ਬਚਨ ਸਾਧੂ ਸਭਿ ਕਹਤ॥*
*ਜੋ ਜੋ ਹੋਇ ਸੋਈ ਸੁਖੁ ਮਾਨੈ॥*
*ਕਰਨ ਕਰਾਵਨਹਾਰੁ ਪ੍ਰਭੁ ਜਾਨੈ॥*
*ਅੰਤਰਿ ਬਸੇ ਬਾਹਰਿ ਭੀ ਓਹੀ॥*
*ਨਾਨਕ ਦਰਸਨੁ ਦੇਖਿ ਸਭ ਮੋਹੀ॥ ਪੰਨਾ - 294*

ਸੰਤ ਬਹੁਤ ਹੀ ਉਚੀ ਰਹਿਤ ਦੇ ਮਾਲਕ ਹੁੰਦੇ ਹਨ।

ਗੁਰੂ ਮਹਾਰਾਜ ਜੀ ਨੇ ਤਾਂ ਇਥੋਂ ਤਕ ਫੁਰਮਾਨ ਕੀਤਾ ਹੈ ਕਿ ਭਾਰਤ ਦੇ ਜੋ ਪ੍ਰਮ ਪਵਿੱਤਰ ਗ੍ਰੰਥ ਹਨ ਜਿਨ੍ਹਾਂ ਵਿਚ ਪੂਰਨ ਗਿਆਨ ਹੈ ਅਤੇ ਸੰਸਾਰ ਦੀ ਮਰਿਆਦਾ ਬਾਰੇ ਵੀ ਜ਼ਿਕਰ ਹਨ, ਉਹ ਚਾਰੇ ਵੇਦ ਹਨ। ਜਿਨ੍ਹਾਂ ਬਾਰੇ ਐਸਾ ਵਿਸ਼ਵਾਸ਼ ਹੈ ਕਿ ਉਨ੍ਹਾਂ ਦਾ ਗਿਆਨ ਵਾਹਿਗੁਰੂ ਜੀ ਵਲੋਂ ਰਿਸ਼ੀਆਂ-ਮੁਨੀਆਂ ਦੇ ਹਿਰਦੇ ਵਿਚ ਉਸ ਸਮੇਂ ਉਤਰਿਆ ਜਦੋਂ ਉਹ ਨਿਰੁੱਧ ਅਵਸਥਾ ਵਿਚ ਪੁੱਜੇ ਹੋਏ, ਸਹਿਜ ਸਮਾਧ ਵਿਚ ਲੀਨ ਸਨ, ਉਨ੍ਹਾਂ ਦੀ ਆਪਣੀ ਹੀ ਮਹਿਮਾ ਬਹੁਤ ਹੈ ਕਿਉਂਕਿ ਉਨ੍ਹਾਂ ਵਿਚ ਪ੍ਰਮੇਸ਼ਰ ਬਾਰੇ ਪੂਰਨ ਗਿਆਨ ਹੈ, ਨਾਮ ਦੀ ਮਹਿਮਾ ਹੈ, ਪਰ ਵੇਦ ਵੀ ਸੰਤਾਂ ਦੀ ਮਹਿਮਾ ਬਾਰੇ ਨਹੀਂ ਜਾਣਦੇ।

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥ ਪੰਨਾ - 272*

ਕਿਉਂਕਿ ਜਿਸ ਥਾਂ ਦੇ ਉਤੇ ਸੰਤ ਨਿਵਾਸ ਰਖਦੇ ਹਨ ਉਹ ਨਿਰਗੁਣ ਪਦ ਹੈ ਜਿਥੇ ਪੁੱਜ ਕੇ ਉਹ ਪਰਮ ਤੱਤ ਦਾ ਰੂਪ ਬਣ ਜਾਂਦੇ ਹਨ। ਉਸ ਨਿਰਾਕਾਰ ਅਵਸਥਾ ਬਾਰੇ ਦੁਨੀਆਂ ਦੀ ਕੋਈ ਪੁਸਤਕ, ਕੋਈ ਬੰਦਾ ਕੁਝ ਵੀ ਨਹੀਂ ਕਹਿ ਸਕਦਾ ਕਿਉਂਕਿ ਉਹ ਅਕਹਿ ਅਵਸਥਾ ਹੈ। ਜਿਸ ਥਾਂ ਤੇ ਅਸੀਂ ਵਸਦੇ ਹਾਂ, ਉਸ ਨੂੰ ਮਾਇਆ ਦਾ ਮੰਡਲ ਆਖਿਆ ਜਾਂਦਾ ਹੈ। ਇਥੋਂ ਤਕ ਹੈ ਕਿ ਅਸੀਂ ਤਾਂ ਮਾਇਆ ਦੇ ਮੰਡਲ ਵਿਚ ਆਪਣੀ ਜਾਗ੍ਰਤ ਅਵਸਥਾ ਹੀ ਖੋ ਬੈਠੇ ਹਾਂ, ਸਾਡੇ ਤੋਂ ਜਾਗ੍ਰਤ ਅਵਸਥਾ ਗੁਆਚ ਗਈ। ਅਸੀਂ ਮਾਇਆ ਦੇ ਤਿੰਨਾਂ ਗੁਣਾਂ ਦੀ ਨਸ਼ਿਆਲੀ ਨੀਂਦ ਵਿਚ ਘੂਕ ਸੁੱਤੇ ਪਏ ਹਾਂ। ਧਰਮ ਗ੍ਰੰਥ ਇਸ ਨੂੰ ਹਾਕਾਂ ਮਾਰ-ਮਾਰ ਕੇ ਜਗਾਉਂਦੇ ਹਨ ਪਰ ਸਾਡੀ ਨੀਂਦ ਐਨੀ ਗਾੜ੍ਹੀ ਹੈ ਕਿ ਸਾਨੂੰ ਜਾਗ ਹੀ ਨਹੀਂ ਆਉਂਦੀ। ਬੇਸੁਰਤੀ ਵਿਚ ਅਸੀਂ ਜੀਉਂਦੇ ਹਾਂ, ਬੇਸੁਰਤੀ ਵਿਚ ਹੀ ਮਰ ਜਾਂਦੇ ਹਾਂ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥*
*ਪੰਨਾ - 920*

ਰਜੋ ਗੁਣ, ਤਮੋ ਗੁਣ, ਸਤੋ ਗੁਣ ਮਾਇਆ ਦੇ ਤਿੰਨ ਗੁਣ ਸੰਸਾਰ ਦੇ ਅੰਦਰ ਆਪਣੇ ਨਿਯਮਾਂ ਦੇ ਮੁਤਾਬਿਕ ਖੇਲ੍ਹ ਕਰ ਰਹੇ ਹਨ। ਜੋ ਸ਼ੁੱਧ ਹੋਸ਼ ਹੈ, ਉਹ ਇਹ ਤਿੰਨਾਂ ਗੁਣਾਂ ਦੇ ਹੁੰਦਿਆਂ ਪ੍ਰਾਪਤ ਨਹੀਂ ਹੁੰਦੀ। ਅਸਾਡੇ ਅੰਦਰ ਜੋ ਹੋਸ਼ ਹੈ ਇਹ 'ਮੈਂ' ਭਾਵ ਤੋਂ ਪੈਦਾ ਹੋਈ ਹੋਸ਼ ਹੈ, ਜਿਸ ਨੂੰ ਮਹਾਰਾਜ ਜੀ ਹਉਮੈ ਦੀ ਸੁਰਤ ਆਖਦੇ ਹਨ। ਜਿਸ ਦੇ ਬਾਰੇ ਫੁਰਮਾਨ ਹੈ-

*ਭੋਲਿਆ ਹਉਮੈ ਸੁਰਤਿ ਵਿਸਾਰਿ॥*
*ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥*
*ਪੰਨਾ - 1168*

ਸੋ ਸੰਤਾਂ ਦੀ ਮਹਿਮਾ ਜੇ ਤਿੰਨਾਂ ਗੁਣਾਂ ਦੇ ਅੰਦਰ ਹੋਵੇ ਤਾਂ ਸਿਆਣੇ ਫਿਲਾਸਫਰ ਵਿਦਵਾਨ ਜ਼ਰੂਰ ਜਾਣਦੇ ਹੁੰਦੇ ਪਰ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਾਧ ਦੀ ਜੋ ਉਪਮਾ ਹੈ ਉਹ ਤਿੰਨਾਂ ਗੁਣਾਂ ਵਿਚ ਨਹੀਂ ਆਉਂਦੀ। ਇਸ ਨੂੰ ਜੇ ਕੋਈ ਜਾਣਦਾ ਹੈ ਤਾਂ ਉਹੀ ਜਾਣਦਾ ਹੈ ਜਿਸ ਨੇ ਆਪਣੇ ਸਰੂਪ ਨੂੰ ਸਾਖਸ਼ਾਤ ਕਰ ਲਿਆ ਹੋਵੇ। ਇਸ ਦੇ ਪਾਸ ਆਪਣੇ ਆਪ ਨੂੰ ਦੱਸਣ ਦੇ ਅਖਰ ਨਹੀਂ ਹੁੰਦੇ, ਇਸ ਕਰਕੇ ਇਸ ਨੂੰ ਅਕਥ ਕਥਾ ਆਖਿਆ ਜਾਂਦਾ ਹੈ। ਜਿਥੇ ਤਕ ਸਾਡੀ ਅਕਲ ਜਾਂਦੀ ਹੈ, ਸਾਧੂ ਦੀ ਮਹਿਮਾ ਉਸ ਤੋਂ ਹੋਰ ਉਚੀ ਹੈ। ਗੁਰੂ ਮਹਾਰਾਜ ਜੀ ਤਾਂ ਫੁਰਮਾਨ ਕਰਦੇ ਹਨ ਕਿ ਪਿਆਰਿਓ! ਵਾਹਿਗੁਰੂ ਜੀ ਦੀ ਮਹਿਮਾ ਨੂੰ ਕੋਈ ਨਹੀਂ ਕਥ ਸਕਦਾ ਕਿਉਂਕਿ ਉਹ ਅਗੰਮ ਅਗੋਚਰ ਹੈ। ਸਾਧੂ, ਸੰਤ, ਗੁਰਮੁਖ, ਬ੍ਰਹਮਗਿਆਨੀ ਵਾਹਿਗੁਰੂ

ਜੀ ਵਿਚ ਪੂਰੀ ਤਰ੍ਹਾਂ ਨਾਲ ਲੀਨ ਹੁੰਦੇ ਹਨ, ਜਿਵੇਂ ਪਾਣੀ ਵਿਚ ਪਾਣੀ ਰਲ ਜਾਂਦਾ ਹੈ, ਉਹ ਪਾਣੀ ਸਮੁੰਦਰ ਦਾ ਹੀ ਰੂਪ ਬਣ ਜਾਂਦਾ ਹੈ। ਨਦੀ, ਨਾਲੇ, ਖੂਹ ਜਾਂ ਹੋਰ ਪਾਣੀ ਜਦੋਂ ਸਾਗਰ ਵਿਚ ਰਲਦਾ ਹੈ ਉਸੇ ਦਾ ਰੂਪ ਬਣ ਜਾਂਦਾ ਹੈ। ਹੁਣ ਜੋ ਕੁਝ ਕਿਹਾ ਜਾਵੇਗਾ ਉਸ ਪਾਣੀ ਬਾਰੇ ਕਿਹਾ ਜਾਵੇਗਾ। ਜੋ ਵੱਖਰਾ ਆ ਕੇ ਰਲਦਾ ਹੈ ਉਸ ਬਾਰੇ ਕੁਝ ਨਹੀਂ ਕਿਹਾ ਜਾਂਦਾ। ਇਸ ਕਰਕੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਾਧੂ ਤੇ ਪ੍ਰਭੂ ਦਾ ਕੋਈ ਭੇਦ ਨਹੀਂ ਹੈ। ਹੁਣ ਨਾ ਤਾਂ ਵਾਹਿਗੁਰੂ ਜੀ ਦੀ ਮਹਿਮਾ ਨੂੰ ਕੋਈ ਕਥਨ ਕਰ ਸਕਦਾ ਹੈ ਜਿਵੇਂ ਕਿ ਫੁਰਮਾਨ ਹੈ –

*ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮੁ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥*
*ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥*
*ਅਪਨੈ ਰੰਗਿ ਕਰਤਾ ਕੇਲ॥ ਆਪਿ ਬਿਛੋਰੈ ਆਪੇ ਮੇਲ॥*
*ਇਕਿ ਭਰਮੇ ਇਕਿ ਭਗਤੀ ਲਾਏ॥ ਅਪਣਾ ਕੀਆ ਆਪਿ ਜਣਾਏ॥*
*ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥ ਨਾਨਕ ਕਾ ਪ੍ਰਭੁ ਆਪੇ ਆਪਿ॥*
*ਪੰਨਾ - 894*

ਸੋ ਇਸ ਕਰਕੇ ਪ੍ਰਭੂ ਦੀ ਮਹਿਮਾ ਨੂੰ ਕੋਈ ਕਥਨ ਨਹੀਂ ਕਰ ਸਕਦਾ। ਸੰਤ ਤੇ ਰਾਮ ਇਕਮਿਕ ਹੋਏ ਹੁੰਦੇ ਹਨ। ਜੇ ਪ੍ਰਭੂ ਦੇ ਦੀਦਾਰ ਕਰਨੇ ਹੋਣ ਤਾਂ ਸੰਤ ਦੇ ਦੀਦਾਰ ਕਰ ਲਵੇ। ਜੇ ਪ੍ਰਭੂ ਦੇ ਦੀਦਾਰ ਕਰ ਲਓ ਤਾਂ ਸੰਤ ਦੇ ਦੀਦਾਰ ਹੋ ਜਾਂਦੇ ਹਨ ਕਿਉਂਕਿ ਮਹਾਰਾਜ ਜੀ ਕਹਿੰਦੇ ਹਨ ਸਾਧੂ ਤੇ ਪ੍ਰਭੂ ਦਾ ਕੋਈ ਭੇਦ ਨਹੀਂ ਹੁੰਦਾ। ਆਪ ਦਾ ਫੁਰਮਾਨ ਇਸ ਤਰ੍ਹਾਂ ਹੈ ਕਿ ਬ੍ਰਹਮਗਿਆਨੀ ਨੂੰ ਸ਼ਿਵ ਜੀ ਮਹਾਰਾਜ ਵੀ ਦਰਸ਼ਨ ਕਰਨ ਲਈ ਖੋਜਦੇ ਹਨ। ਉਹ ਕਿਉਂ? ਕਿਉਂਕਿ ਉਹ ਆਪ ਹੀ ਪ੍ਰਮੇਸ਼ਰ ਹੋਇਆ ਕਰਦਾ ਹੈ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥ ਪੰਨਾ-273*

ਇਸ ਕਰਕੇ ਸੰਤਾਂ ਦੀ ਮਹਿਮਾ ਅਗਾਧ ਬੋਧ ਹੋਇਆ ਕਰਦੀ ਹੈ। ਉਸਦਾ ਬੋਧ ਪਾਉਣਾ ਬਹੁਤ ਮੁਸ਼ਕਲ ਹੁੰਦਾ ਹੈ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272*

ਸੋ ਇਸ ਪਦ ਤੇ ਪਹੁੰਚਣਾ ਗੱਲਾਂ ਬਾਤਾਂ ਦਾ ਕੰਮ ਨਹੀਂ ਹੈ, ਨਾ ਹੀ ਲੈਕਚਰ ਦੇਣ ਦੀ ਕਲਾ ਆ ਜਾਣ ਨਾਲ ਸੰਤ ਬਣਦਾ ਹੈ, ਨਾ ਹੀ ਸਾਧੂਆਂ ਵਾਲਾ ਭੇਖ ਧਾਰ ਕੇ ਸੰਤ ਬਣਦਾ ਹੈ, ਨਾ ਹੀ ਸਾਧੂਆਂ ਦੇ ਆਸ਼ਰਮ ਵਿਚ ਰਹਿਣ ਵਾਲਾ ਸੰਤ ਬਣਦਾ ਹੈ ਅਤੇ ਨਾ ਹੀ ਆਪਣੇ ਨਾਮ ਨਾਲ ਬ੍ਰਹਮਗਿਆਨੀ, ਮਹਾਂ ਸੰਤ, ਸੰਤ ਮਹਾਰਾਜ, 1008 ਸੰਤ ਮਹਾਰਾਜ, ਸਮਰੱਥ, ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮਸ੍ਰੋਤਰੀ ਲਗਾ ਕੇ ਕੋਈ ਸੰਤ ਬਣ ਸਕਦਾ ਹੈ। ਇਹ ਇਕ ਬੜਾ ਭਾਰੀ ਧੋਖਾ ਹੈ ਜੋ ਸੰਸਾਰ ਨਾਲ ਕੀਤਾ ਜਾ ਰਿਹਾ ਹੈ। ਗੁਰੂ ਮਹਾਰਾਜ ਜੀ ਇਸ ਨੂੰ ਭੇਖ ਦੀ ਬਰਕਤ ਆਖਦੇ ਹਨ ਕਿਉਂਕਿ ਅਸੀਂ ਭੇਖ ਵਿਚ ਭੁੱਲ ਜਾਂਦੇ ਹਾਂ, ਭੁੱਲ ਕੇ ਅਸੀਂ ਉਸ ਵਿਅਕਤੀ ਬਾਰੇ ਕੁਝ ਵੀ ਨਾ ਜਾਣਦੇ ਹੋਏ ਉਸ ਉਪਰ ਸੰਤ ਭਾਵਨਾ ਲੈ ਆਉਂਦੇ ਹਾਂ। ਗੁਰੂ ਦਸ਼ਮੇਸ ਪਿਤਾ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਇਸ ਤਰ੍ਹਾਂ ਲੋਕਾਂ ਨੂੰ ਭੁਲਾਉਣ ਵਾਲੇ ਕਰਤੱਵ ਦੀ ਜਦੋਂ ਦਰਗਾਹ ਵਿਚ ਸਜ਼ਾ ਮਿਲਣੀ ਹੈ ਉਸ ਵੇਲੇ ਬਹੁਤ ਪਛਤਾਉਣਾ ਪੈਣਾ ਹੈ –

*ਭੇਖ ਦਿਖਾਇਓ ਜਗਤ ਕੋ ਲੋਗਨ ਕੋ ਵਸ ਕੀਨ॥*
*ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮਹਿ ਲੀਨ॥*

ਅੱਜਕਲ੍ਹ ਮੀਡੀਏ ਦਾ ਜ਼ਮਾਨਾ ਹੈ, ਆਪਣੇ ਨਾਵਾਂ ਦੇ ਨਾਲ ਪੂਰਨ ਮਹਾਂਪੁਰਸ਼, ਬ੍ਰਹਮਗਿਆਨੀ ਲਿਖਾ ਲਿਖਾ ਕੇ ਆਪਣੇ ਆਪ ਨੂੰ ਵੀ ਧੋਖਾ ਦਿਤਾ ਜਾਂਦਾ ਹੈ। ਵਾਹਿਗੁਰੂ ਦੇ ਦਰ ਤੇ ਅਜਿਹੇ ਪੁਰਸ਼ਾਂ ਨੂੰ ਥਾਂ ਨਹੀਂ ਮਿਲਿਆ ਕਰਦਾ। ਸੋ ਇਸ ਕਰਕੇ ਜਿਸ ਦੀ ਮਹਿਮਾ ਨੂੰ ਵੇਦ ਨਹੀਂ ਜਾਣਦੇ ਜਿਸਦੀ ਮਹਿਮਾ ਅਕਾਲ ਪੁਰਖ ਵਰਗੀ ਹੀ ਹੈ ਉਸ ਦੇ ਬਾਰੇ ਫੁਰਮਾਨ ਆਉਂਦਾ ਹੈ –

*ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486*

ਹੁਣ ਸਾਡੇ ਕੋਲ ਕੀ ਨਾਪ ਤੋਲ ਹੈ ਜਿਸ ਨਾਲ ਅਸੀਂ ਸੰਤ ਦਾ ਕੋਈ ਥਾਹ ਪਾ ਸਕੀਏ? ਸਾਡੇ ਅੱਗੇ ਇਕ ਜ਼ਬਰਦਸਤ ਔਕੜ ਹੈ। ਜੇ ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਬਾਰੇ ਕੋਈ ਪੜਚੋਲ ਕਰਦੇ ਹਾਂ ਤਾਂ ਗੁਰਬਾਣੀ ਤੋਂ ਬਹੁਤ ਡਰ ਲਗਦਾ ਹੈ ਕਿ ਸਾਡਾ ਕਰਮ ਸੰਤਾਂ ਦਾ ਨਿਰਾਦਰ ਤਾਂ ਨਹੀਂ ਹੈ। ਇਸ ਕਰਕੇ ਸਾਨੂੰ ਪਰਖ ਕਰਨੀ ਬਹੁਤ ਹੀ ਔਖੀ ਹੈ। ਹਾਂ ਇਕ ਗੱਲ ਸਪਸ਼ਟ ਹੈ ਕਿ ਜੋ ਸੰਤ ਹਨ ਉਨ੍ਹਾਂ ਨੂੰ ਗੁਰਬਾਣੀ ਨੇ ਸ਼ੀਸ਼ਾ (looking glass) ਦਿਤਾ ਹੋਇਆ ਹੈ ਜਿਸ ਨੂੰ ਪ੍ਰਾਪਤ ਕਰਕੇ ਉਹ ਆਪਣਾ ਚਿਹਰਾ ਮੋਹਰਾ ਉਸ ਸ਼ੀਸ਼ੇ ਰਾਹੀਂ ਦੇਖ ਕੇ ਜਾਣ ਲੈਂਦੇ ਹਨ ਕਿ ਮੈਂ ਕਿਥੇ ਕੁ ਹਾਂ। ਮੇਰਾ ਤਾਂ ਹਰ ਰੋਜ਼ ਹੀ ਸੰਤਾਂ ਨਾਲ ਵਾਹ ਪੈਂਦਾ ਹੈ। ਇਸ ਵਾਹ ਪੈਣ ਨਾਲ ਮੈਨੂੰ ਵੀ ਬਹੁਤ ਪ੍ਰੇਮੀਆਂ ਨੇ ਸੰਤ ਦੀ ਉਪਾਧੀ ਲਾ ਦਿਤੀ ਹੈ। ਲੱਖ ਯਤਨ ਕਰਦਾ ਹਾਂ ਕਿ ਮੈਨੂੰ ਸੰਤ ਨਾ ਕਹਿਣ। ਮੈਂ ਤਾਂ ਕਿ ਸਾਧਾਰਣ ਬੰਦਾ ਹਾਂ, ਸੰਤਾਂ ਦੀ ਧੂੜ ਨੂੰ ਲੋਚਦਾ ਹਾਂ। ਮੈਨੂੰ ਇਕ ਸੰਤ ਸਾਰੇ ਜੀਵਨ ਵਿਚ ਮਿਲੇ ਸਨ ਜੋ ਹੁਣ ਵੀ ਮੈਨੂੰ ਛੱਡ ਕੇ ਨਹੀਂ ਜਾ ਰਹੇ। ਉਨ੍ਹਾਂ ਦੇ ਪ੍ਰਕਾਸ਼ ਵਿਚ ਮੈਨੂੰ ਕੋਈ ਉਹੋ ਜਿਹਾ ਹੋਰ ਅਜੇ ਤਕ ਨਜ਼ਰ ਨਹੀਂ ਆਇਆ। ਭੇਖਾਂ ਵਾਲੇ, ਆਸ਼ਰਮਾਂ ਵਾਲੇ, ਸਾਧਕ ਤਾਂ ਮੈਂ ਬਹੁਤ ਦੇਖੇ ਹਨ ਪਰ ਪਹੁੰਚਿਆ ਹੋਇਆ ਨਿਰਵਾਣ ਪਦ ਦੀ ਪ੍ਰਾਪਤੀ ਵਾਲਾ ਹਾਲੇ ਤਕ ਮੇਰੀ ਗਿਆਤ ਵਿਚ ਨਹੀਂ ਆਇਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸ ਦੇ ਅੰਦਰ ਸੰਤ ਰਹਿਤ ਹੈ, ਉਸ ਦੀ ਮਹਿਮਾ ਅਕਥ ਹੈ ਪਰ ਫੇਰ ਵੀ ਸਾਡੀ ਗਿਆਤ ਲਈ ਮਹਾਰਾਜ ਜੀ ਨੇ ਕ੍ਰਿਪਾ ਕੀਤੀ

ਹੋਈ ਹੈ। ਜੇ ਤਾਂ ਇਸ ਦੇ ਮੁਤਾਬਿਕ ਕੋਈ ਸਾਧੂ ਪ੍ਰਗਟ ਜਾਂ ਗੁਪਤ ਰੂਪ ਵਿਚ ਹੈ ਉਸ ਦੇ ਚਰਨਾਂ ਵਿਚ ਮੇਰੀ ਨਮਸਕਾਰ ਹੈ ਪਰ ਜੇ ਉਂਞ ਹੀ ਹੈ ਤਾਂ ਉਸ ਨੂੰ ਵੀ ਮੇਰੇ ਵਾਂਗੂੰ ਵਿਚਾਰ ਕਰਨੀ ਚਾਹੀਦੀ ਹੈ ਕਿ ਅਜੇ ਤਾਂ ਮੰਜ਼ਲ ਬਹੁਤ ਦੂਰ ਹੈ। ਉਹ ਸੁਭਾਅ ਸਾਡੇ ਅੰਦਰ ਨਹੀਂ ਜਾਗਿਆ ਜੋ ਸੰਤਾਂ ਦਾ ਹੋਣਾ ਚਾਹੀਦਾ ਹੈ, ਉਹ ਵਰਤਾਰਾ ਸਾਡੇ ਵਿਚ ਆਇਆ ਨਹੀਂ ਜਿਸ ਦੇ ਕਰਨ ਨਾਲ ਸੰਤ ਦੀ ਪਦਵੀ ਮਿਲਦੀ ਹੈ। ਉਹ ਮਿਹਰਾਮਤ ਸਾਡੇ ਵਿਚ ਨਹੀਂ ਆਈ ਜਿਸ ਨਾਲ ਕ੍ਰੋੜਾਂ ਪਾਪੀਆਂ ਦਾ ਉਧਾਰ ਹੋ ਜਾਂਦਾ ਹੈ। ਉਹ ਸ਼ਕਤੀ ਸਾਡੇ ਸਰੀਰ ਵਿਚ ਅਜੇ ਪ੍ਰਵੇਸ਼ ਨਹੀਂ ਕੀਤੀ ਜਿਸ ਨੇ ਕੰਢੇ ਢਾਹੁੰਦੇ ਦਰਿਆ ਨੂੰ ਕਹਿ ਦਿਤਾ ਹੋਵੇ ਕਿ 'ਥੰਮ ਜਾਹ, ਮੈਂ ਤੇ ਮੇਰੇ ਸਾਥੀਆਂ ਨੇ ਪਾਰ ਲੰਘਣਾ ਹੈ।' ਉਹ ਬਲ ਸਾਡੇ ਵਿਚ ਨਹੀਂ ਆਇਆ ਜਿਸ ਦੇ ਨਾਲ ਮਾਇਆ ਨਾਗਨੀ ਵਸ ਵਿਚ ਕਰ ਲਈ ਜਾਂਦੀ ਹੈ, ਅਜੇ ਉਹ ਅਵਸਥਾ ਸਾਡੇ ਵਿਚ ਪੈਦਾ ਨਹੀਂ ਹੋਈ ਜਿਸ ਦੇ ਪ੍ਰਤਾਪ ਕਰਕੇ ਸਵਰਗਾਂ ਦੇ ਦੇਵਤੇ ਦਰਸ਼ਨ ਕਰਨ ਲਈ ਲੋਚਦੇ ਹਨ ਅਤੇ ਪ੍ਰਚਵਨ ਸੁਣਨ ਲਈ, ਇੱਛਾ ਕਰਦੇ ਹਨ। ਇਸੇ ਗੁਣ ਉਪਰ ਇਕ ਵਾਰਤਾ ਮੈਂ ਇਥੇ ਦਸਣੀ ਚਾਹੁੰਦਾ ਹਾਂ।

ਫਤਹਿਗੜ੍ਹ ਸਾਹਿਬ ਸੰਤ ਮਹਾਰਾਜ ਜੀ ਦੇ ਦੀਵਾਨ ਲੱਗੇ ਹੋਏ ਸਨ, ਚੰਡੀਗੜ੍ਹ ਤੋਂ ਮੈਂ ਦੀਵਾਨ ਸਮੇਂ ਪਹੁੰਚਿਆ, ਮੇਰੇ ਨਾਲ ਕਈ ਪਤਵੰਤੇ ਸਨ, ਬੀਬੀਆਂ ਸਨ, ਸ. ਗੁਰਨਾਮ ਸਿੰਘ ਜੀ ਮੁਖ ਮੰਤਰੀ ਪੰਜਾਬ ਆਪਣੀ ਪਤਨੀ ਡਾਕਟਰ ਬੀਬੀ ਸੰਤ ਕੌਰ ਜੀ ਐਮ.ਬੀ.ਬੀ.ਐਸ ਨਾਲ ਸਨ। ਤੁਹਾਡੇ ਮਾਤਾ (ਪਤਨੀ ਬੀਬੀ ਰਣਜੀਤ ਕੌਰ ਜੀ) ਨਾਲ ਸਨ। ਸਾਰੇ ਬੈਠੇ ਸਾਂ, ਤੁਹਾਡੇ ਮਾਤਾ ਜੀ ਨੇ ਕੋਈ ਕੌਤਕ ਦੇਖਿਆ ਅਤੇ ਦੋ ਤਿੰਨ ਵਾਰੀ ਗੁਰੂ ਗ੍ਰੰਥ ਸਾਹਿਬ ਵਲ ਨਮਸਕਾਰ ਕਰਕੇ ਖਾਲੀ ਥਾਂ ਵੀ ਨਮਸਕਾਰ ਕੀਤੀ। ਦੀਵਾਨ ਦੀ ਸਮਾਪਤੀ ਉਪਰੰਤ ਮੈਂ ਪੁਛਿਆ ਕਿ ਗੁਰੂ ਮਹਾਰਾਜ ਨੂੰ ਨਮਸਕਾਰ ਕਰਨੀ ਤਾਂ ਸਾਡੀ ਸਮਝ ਵਿਚ ਆਉਂਦਾ ਸੀ ਪਰ ਤੁਸੀਂ ਚਿੱਟੀਆਂ ਚਾਦਰਾਂ ਜਿਨ੍ਹਾਂ ਉਪਰ ਕੋਈ ਨਹੀਂ ਸੀ ਬੈਠਾ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਵਿਛੀਆਂ ਸਨ, ਉਸ ਵਲ ਕਿਉਂ ਨਮਸਕਾਰ ਕਰ ਰਹੇ ਸੀ? ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਤੁਸੀਂ ਤਾਂ ਕੋਲ ਹੀ ਬੈਠੇ ਸੀ ਤੁਸੀਂ ਨਹੀਂ ਦੇਖਿਆ? ਮੈਂ ਕਿਹਾ, "ਮੈਨੂੰ ਤਾਂ ਕੁਝ ਨਜ਼ਰ ਨਹੀਂ ਆਇਆ।" ਉਨ੍ਹਾਂ ਨੇ ਕਿਹਾ ਕਿ ਪਹਿਲਾਂ ਕੋਈ ਅਜੀਬ ਕਿਸਮ ਦਾ ਵਿਅਕਤੀ ਆਇਆ, ਉਸ ਨੇ ਗੁਰਬਾਣੀ ਦਾ ਸਤਿਕਾਰ ਕੀਤਾ ਅਤੇ ਖਾਲੀ ਚਾਦਰ ਤੇ ਬੈਠ ਗਿਆ। ਥੋੜ੍ਹੀ ਦੇਰ ਪਿਛੋਂ ਉਹ ਨਮਸਕਾਰ ਕਰਕੇ ਹਟਿਆ ਅਤੇ ਇਕ ਹੋਰ ਵਿਅਕਤੀ ਆਏ ਉਹ ਵੀ ਨਮਸਕਾਰ ਕਰਕੇ ਉਨ੍ਹਾਂ ਦੇ ਬਰਾਬਰ ਬੈਠ ਗਏ। ਉਸ ਤੋਂ ਪਿਛੋਂ ਇਕ ਹੋਰ ਮਹਾਂਪੁਰਸ਼ ਆਏ ਉਹ ਵੀ ਬੈਠ ਗਏ। ਇਸ ਕਰਕੇ ਮੈਂ ਤਿੰਨ ਵਾਰੀ ਨਮਸਕਾਰ ਕੀਤੀ। ਇਹ ਸਮਝ ਕੇ ਕਿ ਕੋਈ ਮਹਾਂਪੁਰਸ਼ ਗੁਰੂ ਮਹਾਰਾਜ ਜੀ ਦੇ ਹਜ਼ੂਰ ਆਏ ਹਨ ਉਨ੍ਹਾਂ ਦਾ ਆਦਰ ਕਰਨਾ ਸਾਡਾ ਫਰਜ਼ ਹੁੰਦਾ ਹੈ। ਇਹ ਗੱਲ ਆਪਸ ਵਿਚ ਹੁੰਦੀ ਰਹੀ ਜਦੋਂ ਕੋਈ ਨਿਰਣਾ ਨਾ ਹੋ ਸਕਿਆ ਉਸ ਵੇਲੇ ਸੰਤ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕਰਕੇ ਪੁਛਿਆ ਕਿ ਮਹਾਰਾਜ! ਇਹ ਕੀ ਭੇਤ ਹੈ, ਸਾਡੀ ਸਮਝ ਵਿਚ ਨਹੀਂ ਆ ਰਿਹਾ? ਉਸ ਵੇਲੇ ਮਹਾਰਾਜ ਜੀ ਨੇ ਦਸਿਆ ਕਿ ਪਿਆਰਿਓ! ਇਹ ਤਿੰਨ ਸਵਰਗ ਲੋਕਾਂ ਦੇ ਦੇਵਤੇ ਸਨ ਜੋ ਸਭ ਤੋਂ ਵੱਡੇ ਹਨ, ਜਿਨ੍ਹਾਂ ਨੂੰ ਗੁਰਬਾਣੀ ਵਿਚ ਤਿੰਨ ਚੇਲੇ ਵੀ ਕਿਹਾ ਗਿਆ ਹੈ। ਉਹ ਬ੍ਰਹਮਾ ਜੀ, ਵਿਸ਼ਨੂੰ ਅਤੇ ਸ਼ਿਵ ਜੀ ਸਨ। ਸਵਰਗ ਲੋਕਾਂ ਦੇ ਵਿਚ ਸੁਖਾਂ ਦਾ ਕੋਈ ਅੰਤ ਨਹੀਂ ਹੈ ਪਰ ਇਕ ਚੀਜ਼ ਉਸ ਥਾਂ ਨਹੀਂ ਹੈ ਜਿਸ ਨੂੰ ਸਾਧੂਆਂ ਦੀ ਸੰਗਤ ਆਖਦੇ ਹਨ। ਕਿਉਂਕਿ ਸੰਤ ਨਿਰੰਕਾਰ ਦੇ ਮੰਡਲ ਵਿਚ ਜਾਂਦੇ ਹਨ ਅਤੇ ਉਹ ਸਵਰਗ ਲੋਕਾਂ ਵਿਚ ਨਹੀਂ ਜਾਇਆ ਕਰਦੇ। ਕੇਵਲ ਇਕੋ ਇਕ ਮਿਸਾਲ ਹੈ ਰਾਜੇ ਜਨਕ ਦੀ ਜੋ ਸਯੰਮਨੀ ਪੁਰੀ, ਧਰਮਰਾਜ ਦੀ ਪੁਰੀ ਵਿਚ ਗਏ ਸਨ ਅਤੇ ਸਾਰੇ ਨਰਕ ਨਾਮ ਦੇ ਪ੍ਰਤਾਪ ਕਰਕੇ ਖਾਲੀ ਕਰਾ ਦਿਤੇ ਸਨ। ਸਾਧੂ ਸਾਰੇ ਸਚਖੰਡ ਵਿਚ ਨਿਵਾਸ ਕਰਦੇ ਹਨ ਅਤੇ ਉਨ੍ਹਾਂ ਤੋਂ ਉਚੀਆਂ ਅਵਸਥਾ ਵਾਲੇ, ਨਿਰੰਕਾਰ ਜੀ ਵਿਚ ਹੀ ਲੀਨ ਹੋ ਜਾਂਦੇ ਹਨ। ਸਾਧੂ ਦੀ ਪਦਵੀ ਦੇਵਤਿਆਂ ਦੀ ਪਦਵੀ ਤੋਂ ਉਚੀ ਹੈ, ਇਸ ਕਰਕੇ ਬੈਕੁੰਠ ਪਤੀ ਜਦੋਂ ਸਤਿਸੰਗ ਵਿਚ ਆਉਂਦਾ ਹੈ ਤਾਂ ਉਸ ਨੂੰ ਬੈਕੁੰਠਪੁਰੀ ਆਖਿਆ ਜਾਂਦਾ ਹੈ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥*
*ਪੰਨਾ - 749*

*ਕਹਿ ਕਬੀਰ ਅਬ ਕਹੀਐ ਕਾਹਿ॥*
*ਸਾਧਸੰਗਤਿ ਬੈਕੁੰਠੈ ਆਹਿ॥* *ਪੰਨਾ - 1161*

ਮਹਾਂਪੁਰਸ਼ ਇਸ ਤਰ੍ਹਾਂ ਵੀ ਆਖਦੇ ਹਨ –

*ਹਰਿ ਕੀ ਕਥਾ ਹੋਤ ਹੈ ਜਹਾਂ ਗੰਗਾ ਬੀ ਚਲ ਆਵਤ ਤਹਾਂ।*

ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਓ! ਇਹ ਤਿੰਨੇ ਦੇਵਤੇ ਹੀ ਨਹੀਂ ਸਾਰੇ ਦੇਵ ਲੋਕਾਂ ਦੇ ਮੁਖੀ ਦੇਵਤੇ, ਮੁਕਤ ਆਤਮਾਵਾਂ, ਅਨੇਕ ਵਿਚਰ ਰਹੇ ਮਹਾਂਪੁਰਸ਼, ਸਾਧੂ ਦੀ ਸੰਗਤ ਵਿਚ ਪੂਜਿਆ ਕਰਦੇ ਹਨ। ਇਸੇ ਕਰਕੇ ਸਾਧੂ ਦੀ ਸੰਗਤ ਦੀ ਮਹਿਮਾ ਕਥਨ ਤੋਂ ਬਾਹਰ ਹੈ। ਗੁਰੂ ਮਹਾਰਾਜ ਜੀ ਸੰਤਾਂ ਦੀ ਰਹਿਤ ਦਸਦੇ ਹੋਏ ਫੁਰਮਾਨ ਕਰਦੇ ਹਨ –

*ਆਠ ਪਹਰ ਨਿਕਟਿ ਕਰਿ ਜਾਨੈ॥*
*ਪ੍ਰਭ ਕਾ ਕੀਆ ਮੀਠਾ ਮਾਨੈ॥*
*ਏਕੁ ਨਾਮੁ ਸੰਤਨ ਆਧਾਰੁ॥*
*ਹੋਇ ਰਹੇ ਸਭ ਕੀ ਪਗ ਛਾਰੁ॥*
*ਸੰਤ ਰਹਤ ਸੁਨਹੁ ਮੇਰੇ ਭਾਈ॥*
*ਉਆ ਕੀ ਮਹਿਮਾ ਕਥਨੁ ਨ ਜਾਈ॥*
*ਵਰਤਣਿ ਜਾ ਕੈ ਕੇਵਲ ਨਾਮ॥*
*ਅਨਦ ਰੂਪ ਕੀਰਤਨੁ ਬਿਸ੍ਰਾਮ॥*
*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥*
*ਕੋਟਿ ਕੋਟਿ ਅਘ ਕਾਟਨਹਾਰਾ॥*
*ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥*
*ਸੂਰਬੀਰ ਬਚਨ ਕੇ ਬਲੀ॥*
*ਕਉਲਾ ਬਪੁਰੀ ਸੰਤੀ ਛਲੀ॥*
*ਤਾ ਕਾ ਸੰਗੁ ਬਾਛਹਿ ਸੁਰਦੇਵ॥*
*ਅਮੋਘ ਦਰਸੁ ਸਫਲ ਜਾ ਕੀ ਸੇਵ॥*
*ਕਰ ਜੋੜਿ ਨਾਨਕੁ ਕਰੇ ਅਰਦਾਸਿ॥*
*ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥* *ਪੰਨਾ - 392*

*'ਚਲਦਾ'*

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਬਾਬਾਣੀਆਂ ਕਹਾਣੀਆਂ ਕਿਸ਼ਤ ਵਾਰ ਆਤਮ ਮਾਰਗ ਵਿਚ ਛਪਦੀਆਂ ਰਹੀਆਂ। 204 ਪੰਨੇ ਦੀ ਪੁਸਤਕ ਦੇ ਰੂਪ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਵਲੋਂ ਪ੍ਰਗਟ ਹੋਈਆਂ, ਜਿਸ ਵਿਚ 1920 ਤੋਂ 1930-31 ਤੱਕ ਦੇ ਉਹ ਸਾਰੇ ਬਚਨ ਹਨ ਜੋ ਮੇਰੇ ਅੱਜ ਤੀਕਰ ਯਾਦ ਹਨ। ਬਹੁਤ ਸਾਰੇ ਬਚਨ ਤਾਂ ਮੈਂ ਭੁੱਲ ਗਿਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਸਾਨੂੰ ਪਤਾ ਹੀ ਨਹੀਂ ਸੀ ਕਿ ਡਾਇਰੀ ਦੇ ਉਪਰ ਹਰ ਦਿਨ ਦੀ ਬਾਤਚੀਤ ਨੋਟ ਕਰ ਲਈਦੀ ਹੈ।

ਸੰਤ ਮਹਾਰਾਜ ਜੀ ਦੀ ਭਾਰੀ ਤਪਸਿਆ ਦਾ ਜ਼ਿਕਰ ਥਾਂ-ਥਾਂ ਤੇ ਕੀਤਾ ਜਾ ਰਿਹਾ ਸੀ। ਹੈਰਾਨੀ ਦੀ ਗੱਲ ਹੈ ਕਿ ਆਪ ਜੀ ਨੂੰ ਸਿਰਫ ਚਾਰ ਕੁ ਸਾਲ ਦਾ ਸਮਾਂ ਸੰਤ ਮਹਾਰਾਜ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਕਰਨ ਦਾ ਮਿਲਿਆ। ਜਿਵੇਂ ਕਿ ਗੁਰੂ ਅੰਗਦ ਸਾਹਿਬ ਮਹਾਰਾਜ ਨੂੰ ਵੀ ਗੁਰੂ ਨਾਨਕ ਪਾਤਸ਼ਾਹ ਦੀ ਸੰਗਤ ਦਾ ਬਹੁਤ ਥੋੜ੍ਹਾ ਸਮਾਂ ਮਿਲਿਆ। ਆਪ ਐਨੇ ਥੋੜ੍ਹੇ ਸਮੇਂ ਵਿਚ ਘਾਲ ਕਮਾਈ ਕਰਕੇ ਗੁਰੂ ਨਾਨਕ ਰੂਪ ਹੋ ਗਏ। ਇਸੇ ਤਰ੍ਹਾਂ ਨਾਲ ਸੰਤ ਮਹਾਰਾਜ ਜੀ ਨੇ ਮਹਾਨ ਉਚੀ ਪਦਵੀ ਪ੍ਰਾਪਤ ਕਰ ਲਈ। ਹੌਲੀ-ਹੌਲੀ ਆਸ਼ਰਮ ਵਿਚ ਦੀਵਾਨ ਲਗਣੇ ਸ਼ੁਰੂ ਹੋ ਗਏ। ਪੂਰਨਮਾਸ਼ੀ ਦਾ ਦੀਵਾਨ ਜਦੋਂ ਲਗਦਾ ਸੀ ਤਾਂ ਦੀਵਾਨ ਦੇ ਬਾਹਰ ਕੁਝ ਗੈਸ ਦੇ ਲੈਂਪ ਰੱਖ ਦਿਤੇ ਜਾਂਦੇ ਸਨ, ਉਸ ਸਮੇਂ ਬਿਜਲੀ ਨਹੀਂ ਸੀ ਹੋਇਆ ਕਰਦੀ। ਚੰਦ ਦੀ ਚਾਂਦਨੀ ਵਿਚ ਹੀ ਕੀਰਤਨ ਹੋਇਆ ਕਰਦਾ ਸੀ। ਉਹ ਸਮੇਂ ਜਦੋਂ ਯਾਦ ਆਉਂਦੇ ਹਨ ਤਾਂ ਇਉਂ ਲਗਦਾ ਹੈ ਜਿਵੇਂ ਕਿਸੇ ਬੈਕੁੰਠ ਵਿਚ ਰਹਿ ਕੇ ਉਸ ਦੀ ਯਾਦ ਹਿਰਦੇ ਵਿਚ ਕਾਇਮ ਹੈ। ਅਖੀਰ ਆਪ ਨੇ ਸੰਗਤਾਂ ਦੀ ਪ੍ਰੇਰਨਾ ਨਾਲ 9 ਮਾਘ ਦਾ ਸਾਲਾਨਾ ਜੋੜ ਮੇਲਾ ਸੰਤ ਮਹਾਰਾਜ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਬਰਸੀ ਦੇ ਰੂਪ ਵਿਚ ਮਨਾਉਣਾ ਸ਼ੁਰੂ ਕਰ ਦਿਤਾ। ਸੰਤ ਮਹਾਰਾਜ ਜੀ ਸਾਰੀ ਰਾਤ ਕੀਰਤਨ ਕਰਦੇ ਸਨ। ਸਾਰਾ ਦਿਨ ਹੋਰ ਜਥੇ, ਸਾਧੂ ਮਹਾਤਮਾ, ਕਥਾਕਾਰ ਕਥਾ ਕਰਿਆ ਕਰਦੇ ਸਨ। ਰਾਤ ਨੂੰ ਦੀਵਾਨ ਸਮਾਪਤ ਨਹੀਂ ਸੀ ਹੋਇਆ ਕਰਦਾ। ਸੂਰਜ ਛਿਪਦੇ ਹੀ ਰਹਿਰਾਸ ਸਾਹਿਬ ਦੇ ਪਾਠ ਪਿਛੋਂ ਆਪ ਨੇ ਖੜ੍ਹੇ ਹੋ ਕੇ ਉਚੇ ਟੇਬਲ ਤੇ ਵਾਜਾ ਰੱਖ ਕੇ ਕੀਰਤਨ ਸ਼ੁਰੂ ਕਰ ਦੇਣਾ ਜਦੋਂ ਦੋ ਵਜਣੇ ਉਸ ਸਮੇਂ ਆਪ ਨੇ ਥੋੜ੍ਹੇ ਸਮੇਂ ਲਈ ਜਾ ਕੇ ਇਸ਼ਨਾਨ ਕਰਕੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦੇਣਾ। ਇਸ ਸਮੇਂ ਵਿਚ ਜਦੋਂ ਥੋੜ੍ਹੀ ਦੇਰ ਲਈ ਸੰਤ ਮਹਾਰਾਜ ਜੀ ਨੇ ਇਸ਼ਨਾਨ ਕ੍ਰਿਆ ਕਰਨ ਜਾਣਾ, ਇਹ ਰਿਵਾਜ਼ ਸੀ ਕਿ ਸੰਗਤ ਧਾਰਨਾ ਲਾ ਕੇ ਬਿਨਾਂ ਸਾਜਾਂ ਤੋਂ ਕੀਰਤਨ ਕਰਿਆ ਕਰਦੀ ਸੀ ਅਤੇ ਬਾਣੀ ਦੀਆਂ ਤੁਕਾਂ ਵੈਸੇ ਪੜ੍ਹ ਲਈਆਂ ਜਾਂਦੀਆਂ ਸਨ। ਕਈ ਵਾਰੀ ਜੋਟੀਆਂ ਦੇ ਨਾਲ ਸਾਰਾ ਸ਼ਬਦ ਪੜ੍ਹਿਆ ਜਾਂਦਾ ਸੀ, ਕਿਸੇ ਉਤੇ ਕੋਈ ਪਾਬੰਦੀ ਨਹੀਂ ਸੀ ਜਿਥੋਂ ਕਿਸੇ ਨੇ ਬੈਠ ਕੇ ਉਚੀ ਅਵਾਜ਼ ਵਿਚ ਸ਼ਬਦ ਦਾ ਕੀਰਤਨ ਸ਼ੁਰੂ ਕਰ ਲਿਆ, ਉਥੋਂ ਹੀ ਉਹ ਬੋਲਦਾ ਸੀ। ਕਦੇ ਅਵਾਜ਼ ਬੀਬੀਆਂ ਵਲੋਂ ਆਇਆ ਕਰਦੀ ਸੀ ਅਤੇ ਕਦੇ ਭਾਈਆਂ ਵਲੋਂ ਆਇਆ ਕਰਦੀ ਸੀ। ਸ਼ੌਕ ਵਾਲੇ ਬੰਦੇ ਨਵੇਂ ਤੋਂ ਨਵੇਂ ਸ਼ਬਦ ਯਾਦ ਕਰਕੇ ਸੋਹਣੀਆਂ ਧਾਰਨਾ ਲਾ ਕੇ ਸੰਗਰਾਂਦ ਪੂਰਨਮਾਸ਼ੀ ਨੂੰ ਇਨ੍ਹਾਂ ਦੀਵਾਨਾਂ ਵਿਚ ਆਇਆ ਕਰਦੇ ਸਨ। ਸੰਗਤ ਉਸੇ ਤਰ੍ਹਾਂ ਇਕਾਗਰ ਚਿਤ ਕੀਰਤਨ ਕਰਦੀ ਰਹਿੰਦੀ ਸੀ। ਐਨੇ ਚਿਰ ਨੂੰ ਸੰਤ ਮਹਾਰਾਜ ਜੀ ਨੇ ਇਸ਼ਨਾਨ ਕਰਕੇ ਆ ਜਾਣਾ ਅਤੇ ਫੇਰ ਖੜ੍ਹੇ ਹੋ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਲੈਣਾ। ਉਹ ਉਸ ਸਮੇਂ ਤਕ ਜਾਰੀ ਰਹਿੰਦਾ ਸੀ ਜਦੋਂ ਤਕ ਪਹੁ ਫੁਟਾਲੇ ਦੀ ਰੋਸ਼ਨੀ ਹੋ ਕੇ ਇਕ ਦੂਜੇ ਦਾ ਚਿਹਰਾ ਨਾ ਦਿਸਣ ਲਗ ਜਾਵੇ। ਉਹ ਰਾਤਾਂ ਬੈਕੁੰਠ ਧਾਮ ਦੀਆਂ ਰਾਤਾਂ ਸਨ। ਜਿਨ੍ਹਾਂ ਪ੍ਰੇਮੀਆਂ ਨੇ ਉਨ੍ਹਾਂ ਕੀਰਤਨਾਂ ਦੀਆਂ ਹਾਜ਼ਰੀਆਂ ਭਰੀਆਂ ਹਨ ਉਹ ਫੇਰ ਇੰਤਜ਼ਾਰ ਕਰਦੇ ਅਤੇ ਉਡੀਕ ਵਿਚ ਹੀ ਸੰਸਾਰ ਤੋਂ ਚਲੇ ਗਏ। ਅਸਾਡੇ ਪਰਿਵਾਰ ਵਿਚੋਂ ਮੇਰੇ ਮਾਤਾ ਜੀ ਪੂਰਨਮਾਸ਼ੀ ਤੇ ਜ਼ਰੂਰ ਹੀ ਜਾਂਦੇ ਸਨ। ਮੈਂ ਕਿਉਂਕਿ ਸਕੂਲ ਵਿਚ ਪੜ੍ਹਦਾ ਸੀ, ਜਦੋਂ ਇਮਤਿਹਾਨ ਦੇ ਦੇਣੇ ਤਾਂ ਮੈਨੂੰ ਵੀ ਨਾਲ ਹੀ ਲੈ ਜਾਇਆ ਕਰਦੇ ਸਨ ਪਰ ਸੰਤ ਮਹਾਰਾਜ ਜੀ ਨੂੰ ਕਦੇ ਸਨਮੁਖ ਹੋ ਕੇ ਨਹੀਂ ਮਿਲ ਸਕੇ ਸੀ। ਇਹ ਜਿਸ ਥਾਂ ਦਾ ਜ਼ਿਕਰ ਹੋ ਰਿਹਾ ਹੈ ਇਹ ਉਹ ਥਾਂ ਹੈ ਜਿਥੇ ਸੰਤ ਮਹਾਰਾਜ ਜੀ ਨੇ ਪੰਚਵਟੀ ਬਣਾ ਕੇ ਆਪ ਵੀ ਘਾਲ ਕਮਾਈ ਕੀਤੀ ਅਤੇ ਆਪਣੇ ਨਾਲ ਦੇ ਸਿੰਘਾਂ ਤੋਂ ਵੀ ਕਰਾਈ। ਉਸ ਸਮੇਂ ਇਕ ਖੂਹ ਅਤੇ ਖੂਹੀ ਲੱਗ ਚੁਕੀ ਸੀ ਲੰਗਰ ਵਿਚ ਖੂਹੀ ਵਿਚ ਪੰਪ ਲਾ ਦਿਤਾ ਗਿਆ ਸੀ। ਜਿਥੇ ਸੰਤ ਮਹਾਰਾਜ ਜੀ ਦੀ ਕੁਟੀਆਂ ਸੀ ਉਥੇ ਭਾਵੇਂ ਉਡਾਰ ਜਿਹਾ ਰੇਤਾ ਹੀ ਸੀ ਪਰ ਫੇਰ ਵੀ ਕੰਡਿਆਂ ਦੀ ਵਾੜ ਕਰਕੇ ਸਾਫ ਜਗ੍ਹਾਂ ਵਿਚ ਅੰਬਾਂ ਦੇ ਬੂਟੇ ਅਤੇ ਫੁਲਵਾੜੀ ਲਾਈ ਗਈ ਸੀ। ਜਦੋਂ ਤੀਜਾ ਸਾਲਾਨਾ ਸਮਾਗਮ 9 ਮਾਘ ਦਾ ਹੋਇਆ ਉਸ ਸਮੇਂ ਤਕ ਬਹੁਤ ਇਕੱਠ ਹੋਣ ਲਗ ਗਿਆ। ਛੇ ਮਾਘ ਦੀ ਸ਼ਾਮ ਨੂੰ ਹੀ ਦੀਵਾਨ ਸਜ ਜਾਇਆ ਕਰਦਾ ਸੀ। 18 ਲੋਹਾਂ ਉਪਰ ਪ੍ਰਸ਼ਾਦੇ ਪਕਦੇ ਰਹਿੰਦੇ ਸਨ 40 ਬੋਰੀਆਂ ਆਟਾ ਲਗ ਜਾਇਆ ਕਰਦਾ ਸੀ। ਇਕ ਵਾਰੀ ਮਹਾਰਾਜ ਜੀ ਦਸਦੇ ਸਨ ਕਿ ਸਮਾਗਮ ਦੀ ਸਮਾਪਤੀ ਪਿਛੋਂ ਅਸੀਂ ਦੋਨੋਂ ਜਣੇ (ਸੰਤ ਕਿਸ਼ਨ ਸਿੰਘ ਜੀ) ਐਨੇ ਥੱਕ ਗਏ ਕਿ ਸਾਨੂੰ ਸਮੇਂ ਸਿਰ ਜਾਗ ਨਾ ਆਈ ਅਤੇ ਬਾਬੇ ਫਰੀਦ ਜੀ ਦੇ ਕਹਿਣ ਵਾਂਗੂ -

***ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥***
***ਪੰਨਾ - 1379***

ਹਾਲ ਹੋ ਗਿਆ। ਉਸ ਵੇਲੇ ਫੈਸਲਾ ਕੀਤਾ ਕਿ ਸਮਾਗਮ ਵਿਚ ਕੁਸ਼ਤੀਆਂ ਕਰਨ ਵਾਲੇ ਪਹਿਲਵਾਨ, ਗੱਡੀਆਂ 'ਚ ਨਠੌਣ ਵਾਲੇ, ਛਾਲਾਂ ਮਾਰਨ ਵਾਲੇ, ਉਠਾਂ ਦੀ ਦੌੜ ਕਰਨ ਵਾਲੇ ਆ ਜਾਂਦੇ ਹਨ। ਇਹ ਲੋਕ ਕੀਰਤਨ ਦੇ ਅਧਿਕਾਰੀ ਨਾ ਹੋਣ ਕਰਕੇ ਇਕ ਮੇਲੇ ਦੇ ਰੂਪ ਵਿਚ ਆਉਣੇ ਸ਼ੁਰੂ ਹੋ ਗਏ ਸਨ। ਇਸ ਲਈ ਇਸ ਮਹਾਨ ਸਮਾਗਮ ਦੀ ਕੇਵਲ 9 ਮਾਘ ਵਾਲੀ ਇਕੋ ਹੀ ਰਾਤ ਰਖ ਲਈ ਫੇਰ 8 ਮਾਘ ਵਾਲੇ ਦਿਨ ਸਾਰੀ ਰਾਤ ਦੀਵਾਨ ਲਗਦਾ ਸੀ, 9 ਮਾਘ ਭੋਗ ਪੈ

ਜਾਂਦਾ ਸੀ। ਇਸ ਤਰ੍ਹਾਂ ਕੇਵਲ ਨਾਮ ਰਸੀਏ ਜਗਿਆਸੂ ਹੀ 9 ਮਾਘ ਦੇ ਕੰਬਾਉਣ ਵਾਲੀ ਸਰਦੀ ਵਿਚ ਆਇਆ ਕਰਦੇ ਸਨ। ਉਨ੍ਹਾਂ ਹੀ ਦਿਨਾਂ ਵਿਚ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ ਯਾਦ ਰਾਮਪੁਰ ਰੇਰੂ ਸਾਹਿਬ ਗੁਰਦੁਆਰੇ ਵਿਚ ਸੰਤ ਭਗਵਾਨ ਸਿੰਘ ਜੀ ਮਨਾਇਆ ਕਰਦੇ ਸਨ। ਉਥੇ ਵੀ ਬਹੁਤ ਸੰਗਤ ਇਕੱਠੀ ਹੁੰਦੀ। ਇਲਾਕੇ ਦੇ ਮੁਖੀ-ਮੁਖੀ ਗੁਰਸਿੱਖ ਅਤੇ ਦੂਰ-ਦੂਰ ਤੋਂ ਬੁਲਾਰੇ ਆ ਕੇ ਦੀਵਾਨ ਦੀ ਸੋਭਾ ਵਧਾਇਆ ਕਰਦੇ ਸਨ। ਸਾਡੇ ਪਿੰਡ ਦੇ ਬਹੁਤ ਪ੍ਰੇਮੀ ਰੇਰੂ ਸਾਹਿਬ ਜਾਇਆ ਕਰਦੇ ਸਨ। ਉਨ੍ਹਾਂ ਹੀ ਦਿਨਾਂ ਵਿਚ ਕਈ ਪਿੰਡਾਂ ਵਿਚ ਅਸਾਡੇ ਨੇੜੇ ਸਾਲਾਨਾ ਦੀਵਾਨ ਲਗਿਆ ਕਰਦੇ ਸਨ ਜਿਥੇ ਸੰਗਤ ਹੁੰਮ ਹੁੰਮਾ ਕੇ ਪਹੁੰਚਿਆ ਕਰਦੀ ਸੀ।

ਜਿਸ ਸਮੇਂ ਦੀ ਮੈਂ ਗੱਲ ਕਰ ਰਿਹਾ ਹਾਂ ਉਸ ਸਮੇਂ ਪਿੰਡਾਂ ਵਿਚ ਚੋਣਵੇਂ ਗੁਰਸਿੱਖਾਂ ਦੇ ਪਰਿਵਾਰ ਹੁੰਦੇ ਸਨ ਅਤੇ ਲੋਕ ਆਪਣੇ ਆਪ ਨੂੰ ਸਿੱਖ ਨਹੀਂ ਸਮਝਿਆ ਕਰਦੇ ਸਨ। ਆਮ ਹੀ ਆਖਿਆ ਜਾਂਦਾ ਸੀ ਕਿ ਅਸੀਂ ਤਾਂ ਹਿੰਦੂ ਹਾਂ। ਜਿਵੇਂ ਧਮੋਟ ਵਿਚ ਪੰਜ-ਸੱਤ ਗੁਰਸਿੱਖਾਂ ਦੇ ਹੀ ਘਰ ਸਨ ਅਤੇ ਉਨ੍ਹਾਂ ਦੇ ਘਰਾਂ ਨੂੰ ਆਮ ਤੌਰ ਤੇ ਕੋਈ ਨਾ ਕੋਈ ਵਿਸ਼ੇਸ਼ ਨਾਮ ਦਿਤਾ ਜਾਂਦਾ ਸੀ। ਕਿਸੇ ਨੂੰ ਸਿੱਖਾਂ ਦਾ ਘਰ ਕਿਹਾ ਜਾਂਦਾ ਸੀ ਅਤੇ ਕਿਸੇ ਨੂੰ ਅਕਾਲੀਆਂ ਦਾ ਕਹਿ ਦਿੰਦੇ ਸਨ ਕਿਉਂਕਿ ਬੀਬੀਆਂ ਨੂੰ ਸਿਖਣੀਆਂ ਜਾਂ ਅਕਾਲਣਾ ਕਹਿ ਦਿਆ ਕਰਦੇ ਸਨ। ਸਿੱਖਾਂ ਨੂੰ ਆਮ ਤੌਰ ਤੇ ਭਾਈ ਜੀ ਕਹਿ ਕੇ ਦੂਸਰਿਆਂ ਨਾਲੋਂ ਵਖਰੇ ਕੀਤਾ ਜਾਂਦਾ ਸੀ। ਉਨ੍ਹਾਂ ਲਈ ਹਰਮਨ ਪਿਆਰੇ ਮੇਲੇ ਹੋਇਆ ਕਰਦੇ ਸਨ ਜਿਥੇ ਉਨ੍ਹਾਂ ਨੇ ਜ਼ਰੂਰ ਹੀ ਜਾਣਾ ਅਤੇ ਗਾਉਣ ਵਾਲਿਆਂ ਦੇ ਅਖਾੜੇ ਜ਼ਰੂਰ ਦੇਖਣੇ, ਗੰਦੇ ਗੀਤ ਸੁਣਨੇ, ਜਲਸਿਆਂ ਵਾਲੇ ਨਚਾਰ ਜੋ ਹੁੰਦੇ ਤਾਂ ਸੋਹਣੇ ਸੁਨੱਖੇ ਲੜਕੇ ਹੀ, ਪਰ ਉਹ ਬੀਬੀਆਂ ਵਾਲੇ ਬਸਤਰ ਪਾ ਕੇ, ਗਹਿਣੇ ਪਾ ਕੇ ਨਚਿਆ ਕਰਦੇ ਸਨ ਉਨ੍ਹਾਂ ਲੋਕਾਂ ਦੀ ਰੁਚੀ ਉਸ ਪਾਸੇ ਹੀ ਰਹਿੰਦੀ ਸੀ। ਕਿਤੇ ਕਿਤੇ ਸ੍ਰੀ ਆਸਾ ਰਾਮ ਸੁਹਾਣੇ ਵਾਲੇ ਵਰਗੇ ਵੀਚਾਰਵਾਨ ਕਵੀਸਰ ਹੋਇਆ ਕਰਦੇ ਸਨ, ਜੋ ਰੂਪ-ਬਸੰਤ, ਰਾਜਾ ਨਲ ਦਮਯੰਤੀ, ਪੂਰਨ ਭਗਤ ਅਤੇ ਰਾਜਿਆਂ ਦੇ ਕਿੱਸੇ ਸੁਣਾਇਆ ਕਰਦੇ ਸਨ। ਪਿੰਡਾਂ ਵਿਚ ਰਾਸ ਮੰਡਲੀਆਂ ਆਇਆ ਕਰਦੀਆਂ ਸਨ। ਲੋਕ ਸਾਰੀ-ਸਾਰੀ ਰਾਤ ਰਮਾਇਣ ਤੇ ਮਹਾਂਭਾਰਤ ਦੀਆਂ ਕਥਾਵਾਂ ਸੁਣਦੇ ਸਨ। ਪਿੰਡ ਦੇ ਪੜ੍ਹੇ ਲਿਖੇ ਬ੍ਰਾਹਮਣ, ਪਾਧੇ ਭੀ ਪੁਰਾਣਾਂ ਦੀਆਂ ਸਾਖੀਆਂ, ਸੁਣਾ ਕੇ ਪਿੰਡ ਵਿਚ ਸ਼ਰਾਬ, ਮਾਸ, ਗੁੰਡਾ ਗਰਦੀ ਨਹੀਂ ਵਧਣ ਦਿਆ ਕਰਦੇ ਸਨ। ਲੋਕ ਇਨ੍ਹਾਂ ਦੀ ਇਜ਼ਤ ਕਰਦੇ ਸਨ ਇਹ ਬ੍ਰਾਹਮਣ ਪੜ੍ਹੇ ਲਿਖੇ ਹੁੰਦੇ ਸਨ। ਬਾਹਰੋਂ ਆਈਆਂ ਚਿੱਠੀਆਂ ਇਨ੍ਹਾਂ ਤੋਂ ਪੜ੍ਹਾਉਂਦੇ, ਬੀਮਾਰ ਹੋਇਆਂ ਨੂੰ ਦਵਾਈਆਂ ਦੀਆਂ ਪੁੜੀਆਂ ਦੇ ਕੇ ਇਹ ਰਾਜੀ ਕਰ ਦਿਆ ਕਰਦੇ। ਹਸਪਤਾਲ ਭੀ ਟਾਂਵੇਂ-ਟਾਂਵੇਂ ਥਾਂ ਖੁਲ੍ਹ ਚੁਕੇ ਸਨ ਪਰ ਆਮ ਜਨਤਾ ਪਿੰਡ ਦੇ ਹਕੀਮ ਦੀ ਮਾਨਤਾ ਕਰਦੀ ਸੀ ਅਤੇ ਦਵਾਈ ਉਸ ਤੋਂ ਹੀ ਲੈਂਦੇ ਸਨ, ਉਹ ਲੋਕਾਂ ਨਾਲ ਪੂਰੀ ਹਮਦਰਦੀ ਰਖਦੇ ਸਨ ਉਨ੍ਹਾਂ ਦੀ ਇਜ਼ਤ ਸਾਧੂ ਸੰਤਾਂ ਵਾਂਗੂ ਕਰਿਆ ਕਰਦੇ ਸਨ. ਉਹ ਪਿੰਡ ਦੇ ਨੌਜਵਾਨਾਂ ਤੇ ਨਜ਼ਰ ਰਖਦੇ ਸਨ ਅਤੇ ਭੀਮ ਅਰਜਨ ਆਦਿ ਦੀਆਂ ਕਥਾਵਾਂ ਸੁਣਾ ਕੇ ਉਨ੍ਹਾਂ ਨੂੰ ਬੁਰਿਆਂ ਕੰਮਾਂ ਵਿਚ ਪ੍ਰਵਿਰਤ ਹੋਣ ਤੋਂ ਰੋਕਿਆ ਕਰਦੇ ਸਨ।

ਸਾਧਾਂ ਦੇ ਡੇਰੇ ਹਰ ਪਿੰਡ ਵਿਚ ਸਨ ਜਿਥੇ ਚੰਗੇ ਸੰਨਿਆਸੀ ਬੈਰਾਗੀ ਉਦਾਸ ਸੰਤ ਨਰਸਿੰਗੇ ਵਜਾ ਕੇ ਆਪਣੀ ਹੋਂਦ ਪਿੰਡ ਵਾਸੀਆਂ ਨੂੰ ਦਸਦੇ ਸਨ। ਪਿੰਡਾਂ ਵਿਚ ਗੁਰੂ ਗੋਰਖਨਾਥ ਦੇ ਚੇਲੇ ਰਸੀਆਂ ਵਲੇਟ ਕੇ ਅਲਖ ਨਿਰੰਜਨ ਦੇ ਅਵਾਜ਼ੇ ਦਿੰਦੇ, ਆਟਾ ਵਗੈਰਾ ਉਗਰਾਹਿਆ ਕਰਦੇ ਸਨ। ਉਹ ਗਲੀਆਂ ਵਿਚ ਠਹਿਰਿਆ ਨਹੀਂ ਕਰਦੇ ਸਨ ਅੱਗੇ ਪਿਛੋਂ ਤੁਰ ਕੇ ਹੀ ਭਿਖਿਆ ਲੈਂਦੇ ਸਨ। ਉਨ੍ਹਾਂ ਦੇ ਸਰਾਪ ਤੋਂ ਲੋਕ ਡਰਿਆ ਕਰਦੇ ਸਨ। ਕਦੇ-ਕਦੇ ਕਾਲ ਕਪੜਿਆਂ ਵਾਲੇ ਕਾਲੀ ਪੋਸ਼ ਅੰਮ੍ਰਿਤ ਵੇਲੇ ਅਨ੍ਹੇਰੇ ਹੀ ਬਾਬੇ ਫਰੀਦ ਤੇ ਹੋਰ ਸੂਫੀਆਂ ਦੀਆਂ ਕਲਾਮਾਂ ਗਲੀਆਂ ਵਿਚ ਤੁਰੇ ਜਾਂਦੇ ਪੜ੍ਹਿਆ ਕਰਦੇ ਸਨ। ਕਿਸੇ ਨੇ ਆਟਾ ਦਾਲ ਉਨ੍ਹਾਂ ਦੀ ਝੋਲੀ ਵਿਚ ਪਾ ਦਿਤੀ ਤਾਂ ਚੰਗਾ, ਨਾ ਪਾਈ ਤਾਂ ਵੀ ਚੰਗਾ, ਸਮ ਬ੍ਰਿਤੀ ਵਿਚ ਰਿਹਾ ਕਰਦੇ ਸਨ।

ਸਿਰਫ ਸਿੰਘਾਂ ਦੇ ਪਰਿਵਾਰ ਹੀ ਸਨ ਜਿਨ੍ਹਾਂ ਦੇ ਘਰਾਂ ਵਿਚ ਬਾਣੀ ਪੜ੍ਹੀ ਜਾਂਦੀ ਸੀ ਅਤੇ ਸੰਗਰਾਂਦ ਵਾਲੇ ਗੁਰਦਵਾਰੇ ਸੰਗਰਾਂਦ ਮਨਾਉਣ ਜਾਇਆ ਕਰਦੇ ਸੀ। ਸਿੰਘ ਦਾ ਆਚਰਨ ਬਹੁਤ ਸੁੱਚਾ ਅਤੇ ਉਚਾ ਦਿਲ ਖਿਚ ਹੋਇਆ ਕਰਦਾ ਸੀ। ਉਹ ਨਾ ਤਾਂ ਕਿਸੇ ਦੀ ਨਿੰਦਿਆ ਹੀ ਕਰਦੇ ਸਨ, ਨਾ ਕਿਸੇ ਨਾਲ ਬੁਰਿਆਈ ਕਰਦੇ ਸਨ ਪਰ ਆਮ ਲੋਕ ਸਿੱਖਾਂ ਦੇ ਬਹੁਤੇ ਨੇੜੇ ਨਹੀਂ ਆਉਂਦੇ ਸਨ ਕਿਉਂਕਿ ਇਹ ਨਾ ਤਾਂ ਮਾਤਾ ਰਾਣੀ ਦੇ ਥਾਨ, ਗੁੱਗੇ ਦੇ ਮੁਜਾਰ ਦੇ, ਸਖੀ ਸਰਵਰ ਦੇ ਮੁਕਾਮ ਤੇ ਨਾ ਹੀ ਛਪਾਰ ਤੇ ਜਰਗ ਵਰਗੇ ਮੇਲਿਆਂ ਤੇ ਗੁਲਗਲੇ ਭੇਟ ਕਰਨ ਜਾਇਆ ਕਰਦੇ ਸਨ। ਕਿਸੇ ਦੇਵੀ ਦੇਵਤੇ, ਪੀਰ ਦੀ ਸੁਖਣਾ ਦਾ ਪ੍ਰਸ਼ਾਦਿ ਭੀ ਅੰਗੀਕਾਰ ਨਹੀਂ ਕਰਿਆ ਕਰਦੇ ਸਨ। ਨਾ ਹੀ ਇਹ ਖੂਹ ਦਾ ਵਿਆਹ ਕਰਦੇ ਸੀ ਅਤੇ ਨਾ ਹੀ ਖੁਆਜਾ ਖਿਜਰ ਦਾ ਚੂਰਮਾ ਵੰਡਦੇ ਸਨ। ਇਹ ਗੁਰੂ ਤੇ ਭਰੋਸੇ ਵਾਲੇ ਮਰਜੀਵੜੇ ਅੰਮ੍ਰਿਤ ਵੇਲੇ ਉਠਣ ਵਾਲੇ ਗੁਰਮੁਖਿ ਸੱਜਣ ਸਨ ਪਰ 1927-28 ਵਿਚ ਤੇ ਪਿਛੋਂ ਇਹ ਰਾਜਨੀਤੀ ਦੀ ਖਾਤਰ ਜੇਲਾਂ ਕੱਟਣਾ ਆਪਣਾ ਫਰਜ਼ ਹੀ ਸਮਝਿਆ ਮੰਨਦੇ ਸਨ ਅਤੇ ਸਾਰੇ ਭਾਰਤ ਵਿਚ 80% ਫਾਂਸੀ ਦੇ ਰੱਸੇ ਆਪਣੇ ਗੁਰੂ ਦੇ ਭਰੋਸੇ ਤੇ ਆਪਣੇ ਗਲ ਪੁਆ ਲਿਆ ਕਰਦੇ ਸਨ। ਇਹ ਸਮਾਂ ਉਹ ਹੈ ਜਦੋਂ ਸੰਤ ਅਤਰ ਸਿੰਘ ਮਸਤੂਆਣੇ ਵਾਲੇ, ਭਾਈ ਰਣਧੀਰ ਸਿੰਘ ਨਾਰੰਗਵਾਲ ਦੇ ਸਾਥੀ ਪੰਜਾਬ ਦੇ ਰੰਗ ਮੰਚ ਉਪਰ ਆਪਣੀ ਹੋਂਦ ਦਰਸਾਅ ਰਹੇ ਸਨ। ਕੀਰਤਨ ਸਮਾਗਮਾਂ ਵਿਚ ਤਾਂ ਅੰਮ੍ਰਿਤਧਾਰੀ ਸਿੱਖਾਂ ਦੇ ਪਰਿਵਾਰ ਹੀ ਆਇਆ ਕਰਦੇ ਸੀ। ਇਸ ਸਮੇਂ ਦੇਸ਼ ਵਿਚ ਰਾਜਸੀ ਜਾਗ੍ਰਤ ਕਾਫੀ ਆ ਚੁਕੀ ਸੀ ਕਿਉਂਕਿ ਅਸਾਡੇ ਇਲਾਕੇ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਰਗੇ ਉਚ ਕੋਟੀ ਦੇ ਗੁਰਸਿੱਖ ਜੇਲਾਂ ਦੀਆਂ ਕੋਠੜੀਆਂ ਵਿਚ ਬੰਦ ਸਨ। ਅਸਾਡੀ ਅਜਿਹੇ ਸਾਰਿਆਂ ਦੀ ਅਜ਼ਾਦੀ ਨਾਲ ਘੋਲ ਕਰਨ ਵਾਲਿਆਂ ਨਾਲ ਹਮਦਰਦੀ ਹੋਣੀ ਕੁਦਰਤੀ ਸੀ। ਪੁਲਿਸ ਗੁਰਸਿੱਖਾਂ ਦੇ ਪਰਿਵਾਰਾਂ ਉਪਰ ਖਾਸ ਨਜ਼ਰ ਰੱਖਿਆ ਕਰਦੀ ਸੀ।

ਰਿਆਸਤ ਪਟਿਆਲਾ ਵਿਚ ਪਰਜਾ ਮੰਡਲ ਹੋਇਆ ਕਰਦਾ ਸੀ। ਉਸ ਦੇ ਰਾਜਸੀ ਇਕੱਠ ਪਿੰਡਾਂ ਦੇ ਗੁਰਦਵਾਰਿਆਂ ਵਿਚ ਹੋਇਆ ਕਰਦੇ ਸਨ। ਉਨ੍ਹਾਂ ਦੇ ਲੀਡਰ ਇਮਾਨਦਾਰ ਹੋਇਆ ਕਰਦੇ ਸਨ, ਉਹ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਸਨ, ਪੰਜ ਕਕਾਰਾਂ ਦੇ ਧਾਰਨੀ ਹੁੰਦੇ

ਸਨ, ਬਾਣੀ ਬਹੁਤ ਪ੍ਰੇਮ ਨਾਲ ਪੜ੍ਹਿਆ ਕਰਦੇ ਸਨ ਕਈ ਤਾਂ ਕੀਰਤਨ ਵੀ ਕਰਿਆ ਕਰਦੇ ਸਨ ਉਨ੍ਹਾਂ ਦੀ ਕਦਰ ਗੁਰਸਿੱਖਾਂ ਦੇ ਮਨ ਵਿਚ ਬਹੁਤ ਹੋਇਆ ਕਰਦੀ ਸੀ। ਉਹ ਸਮਾਂ ਅਜਿਹਾ ਸੀ ਜਦੋਂ ਅੰਮ੍ਰਿਤਧਾਰੀ ਪਰਿਵਾਰਾਂ ਦੇ ਸਿਰ ਤੇ ਹੀ ਦੇਸ਼ ਨੂੰ ਅਜ਼ਾਦ ਕਰਾਉਣ ਦੀ ਜ਼ਿੰਮੇਵਾਰੀ ਹੁੰਦੀ ਸੀ। ਸਮੇਂ ਬਹੁਤ ਹੀ ਕਠੋਰ ਸਨ, ਗੁਰੂ ਕੇ ਬਾਗ, ਜੈਤੋ ਗੰਗਸਰ ਦੇ ਮੋਰਚੇ ਬਹੁਤ ਹੀ ਮਾਰ ਕੁੱਟਾਂ, ਫਾਕੇ ਅਤੇ ਅਨੇਕਾਂ ਤਕਲੀਫਾਂ ਸਹਿ ਕੇ ਜਿਤ ਲਏ ਗਏ ਸਨ। ਇਸ ਤਰ੍ਹਾਂ ਨਾਲ ਦੇਸ਼ ਨੂੰ ਅਜ਼ਾਦ ਕਰਾਉਣ ਦੀ ਜ਼ਿੰਮੇਵਾਰੀ ਸਿੰਘ ਆਪਣੀ ਹੀ ਸਮਝਦੇ ਸਨ। ਆਮ ਜਨਤਾ ਇਨ੍ਹਾਂ ਗੱਲਾਂ ਵਿਚ ਘਟ ਹੀ ਧਿਆਨ ਦਿਆ ਕਰਦੀ ਸੀ। ਜੋ ਕੀਰਤਨ ਸਮਾਗਮਾਂ ਵਿਚ ਵੀ ਇਨ੍ਹਾਂ ਪਰਿਵਾਰਾਂ ਵਿਚੋਂ ਹੀ ਜਾਇਆ ਕਰਦੇ ਸਨ।

ਸੰਤ ਮਹਾਰਾਜ ਜੀ ਇਕ ਰਸ ਨਾਮ ਰੰਗ ਵਿਚ ਰਤੇ ਹੋਏ ਪ੍ਰਭੂ ਦੇ ਪਿਆਰ ਤੋਂ ਬਿਨਾਂ ਕੋਈ ਵੀ ਬਚਨ ਨਹੀਂ ਸੀ ਕਰਿਆ ਕਰਦੇ ਜਦੋਂ ਕਦੇ ਕੋਈ ਬਚਨ ਹੋਇਆ ਤਾਂ ਆਪ ਦੇ ਆਤਮ ਮਾਰਗ ਦੇ ਹੋਇਆ ਕਰਦੇ ਹਨ। ਉਨ੍ਹਾਂ ਦੀ ਅਵਸਥਾ ਉਸ ਸਮੇਂ ਇਸ ਤਰ੍ਹਾਂ ਦੀ ਸੀ –

***ਆਏ ਕੋ ਹਰਖ ਨਹੀ ਗਏ ਕੋ ਸ਼ੋਕ ਨਹੀ,***
***ਕੈਸੋ ਨਿਰਦ੍ਵੰਦ ਭਯੋ ਸਮਝਨੇ ਕੀ ਬਾਤ ਹੈ।***
***ਦੇਹ ਨੇਹੁ ਨੇਰੇ ਨਾਹੀ ਲਖਮੀ ਕੋ ਹੇਰੇ ਨਾਹੀ,***
***ਮਨ ਕਹੂੰ ਫੇਰੇ ਨਾਹੀ ਪਾਹਨ ਸਮ ਗਾਤ ਹੈ।***
***ਲੋਗਨ ਕੀ ਰੀਤ ਨਹੀ ਕਾਹੂੰ ਸੋ ਪ੍ਰੀਤਿ ਨਹੀ,***
***ਹਾਰ ਨਹੀ ਜੀਤ ਨਹੀ ਵਰਣ ਹੈ ਨ ਜਾਤ ਹੈ।***
***ਐਸੋ ਜਬ ਗਿਆਨ ਹੋਤ ਤਬਹਿ ਕੁਛ ਧਿਆਨ ਹੋਤ,***
***ਬ੍ਰਹਮ ਕੇ ਸਮਾਨ ਹੋਤ ਬ੍ਰਹਮ ਮੇ ਸਮਾਤ ਹੈ।***

ਸੰਤ ਮਹਾਰਾਜ ਜੀ ਨੇ ਹੁਕਮ ਦੇ ਦਿਤਾ ਸੀ ਕਿ ਗੁਰੂ ਕਾ ਲੰਗਰ 24 ਘੰਟੇ ਚਲਦਾ ਰਹਿਣਾ ਚਾਹੀਦਾ ਹੈ। ਆਗਿਆ ਦਾ ਪਾਲਣ ਹੋਣਾ ਸ਼ੁਰੂ ਹੋ ਗਿਆ ਸੀ ਇਕ ਦਿਨ ਕੋਈ ਪ੍ਰੇਮੀ 12 ਵਜੇ ਰਾਤ ਗਈ ਤੋਂ ਪਿਛੋਂ ਪਵਿੱਤਰ ਢੱਕੀ ਵਿਚ ਆ ਗਿਆ। ਸੰਤ ਮਹਾਰਾਜ ਜੀ ਦੀ ਨਜ਼ਰ ਪਿਆ ਤਾਂ ਆਪ ਨੇ ਪੁਛਿਆ ਕਿ ਪ੍ਰੇਮੀਆਂ! ਐਨੇ ਸਵੇਰੇ ਕਿਸ ਕਾਰਨ ਕਰਕੇ ਆਇਆ ਹੈ? ਉਸ ਨੇ ਕਿਹਾ ਕਿ ਮਹਾਰਾਜ! ਮੈਨੂੰ ਭੁੱਖ ਬਹੁਤ ਲੱਗੀ ਹੋਈ ਹੈ। ਗੁਰੂ ਕਾ ਲੰਗਰ ਲੱਭ ਨਹੀਂ ਰਿਹਾ। ਮਹਾਰਾਜ ਜੀ ਨੇ ਇਸ਼ਾਰਾ ਕਰਕੇ ਇਸਨੂੰ ਭੇਜ ਦਿਤਾ ਪਰ ਲੰਗਰ ਵਿਚ ਸਭ ਆਰਾਮ ਕਰ ਰਹੇ ਸਨ। ਉਹ ਫੇਰ ਮੁੜ ਆਇਆ ਅਤੇ ਆ ਕੇ ਕਿਹਾ ਕਿ ਮਹਾਰਾਜ! ਉਥੇ ਤਾਂ ਸਾਰੇ ਆਰਾਮ ਕਰ ਰਹੇ ਹਨ। ਮੈਂ ਅਵਾਜ਼ਾਂ ਵੀ ਦਿਤੀਆਂ ਪਰ ਕੋਈ ਬੋਲਿਆ ਨਹੀਂ। ਸੰਤ ਮਹਾਰਾਜ ਨੇ ਦੂਜੀ ਵਾਰੀ ਫੇਰ ਭੇਜਿਆ, ਉਹ ਫੇਰ ਵਾਪਸ ਆ ਗਿਆ। ਤੀਜੀ ਵਾਰੀ ਸੰਤ ਮਹਾਰਾਜ ਜੀ ਉਸ ਦੇ ਨਾਲ ਹੀ ਚਲ ਪਏ। ਲੰਗਰ ਦਾ ਦਰਵਾਜ਼ਾ ਖੋਲ੍ਹਿਆ ਜਿਥੇ ਮੱਧਮ ਜਿਹੀ ਲਾਲਟੈਨ ਚਾਨਣਾ ਦੇ ਰਹੀ ਸੀ, ਆਪ ਨੇ ਛੋਟੀ ਪਰਾਤ ਚੁਕੀ ਜਦੋਂ ਆਟਾ ਗੁੰਨ ਕੇ ਪ੍ਰਸ਼ਾਦਾ ਲਾਹੁੰਣ ਦੀ ਤਿਆਰੀ ਕਰਨ ਲੱਗੇ ਤਾਂ ਉਸੇ ਵੇਲੇ ਲਾਂਗਰੀ ਸਿੰਘਾਂ ਨੂੰ ਜਾਗ ਆ ਗਈ। ਸੰਤ ਮਹਾਰਾਜ ਜੀ ਨੇ ਕਾਫੀ ਨੀਵੀਂ ਪਾ ਲਈ ਕਿ ਇਹ ਪਛਾਣ ਨਾ ਲੈਣ ਪਰ ਉਹ ਹੈਰਾਨ ਹੋ ਗਏ ਕਿ ਇਹ ਤਾਂ ਆਪ ਹੀ ਆਟਾ ਗੁੰਨ ਕੇ ਪ੍ਰਸ਼ਾਦਾ ਤਿਆਰ ਕਰਨ ਲੱਗੇ ਹਨ। ਉਸ ਵੇਲੇ ਬਹੁਤ ਬੇਨਤੀਆਂ ਕਰਕੇ ਆਪ ਤੋਂ ਆਟੇ ਦੀ ਪਰਾਤ ਲੈ ਲਈ। ਮਹਾਰਾਜ ਜੀ ਨੇ ਉਸ ਸਮੇਂ ਕਿਹਾ ਕਿ ਪਿਆਰਿਓ! ਆਪਾਂ ਗੁਰੂ ਨਾਨਕ ਪਾਤਸ਼ਾਹ ਦੇ ਲੰਗਰ ਦੇ ਸੇਵਾਦਾਰ ਹਾਂ ਉਹ ਅਨੇਕਾਂ ਰੂਪਾਂ ਵਿਚ ਵਿਚਰ ਰਹੇ ਹਨ। ਉਹ ਸਾਡੀ ਸੇਵਾ ਨੂੰ ਪਰਖਣ ਲਈ ਅਜਿਹੇ ਕੁਵੇਲੇ ਆ ਜਾਂਦੇ ਹਨ। ਤੁਸੀਂ ਇਸ ਗੁਰੂ ਨਾਨਕ ਰੂਪ ਮੁਸਾਫਿਰ ਨੂੰ ਜਿਸਨੂੰ ਭੁੱਖ ਲੱਗੀ ਹੋਈ ਹੈ ਪ੍ਰਸ਼ਾਦਾ ਨਹੀਂ ਛਕਾਇਆ। ਕੀ ਪਤਾ ਹੈ ਕਿ ਸਤਿਗੁਰੂ ਜੀ ਹੀ ਇਸ ਰੂਪ ਵਿਚ ਆ ਕੇ ਆਪਣੇ ਲੰਗਰ ਦੀ ਸੇਵਾ ਨੂੰ ਤਕਦੇ ਹੋਣ। ਉਸ ਦਿਨ ਤੋਂ ਰਾੜੇ ਸਾਹਿਬ ਅਜਿਹੀ ਮਰਿਆਦਾ ਕਾਇਮ ਹੋਈ ਕਿ ਜਦੋਂ ਵੀ ਕੋਈ ਭੁੱਖਾ ਆ ਕੇ ਪ੍ਰਸ਼ਾਦਾ ਮੰਗਦਾ ਉਸੇ ਸਮੇਂ ਉਹਨੂੰ ਬੜੇ ਪਿਆਰ ਨਾਲ ਛਕਾਇਆ ਜਾਂਦਾ ਸੀ।

ਇਸੇ ਤਰ੍ਹਾਂ ਨਾਲ ਇਕ ਐਸੀ ਘਟਨਾ ਫੇਰ ਹੋਈ ਕਿ ਇਕ ਮਹਾਤਮਾ 1928 ਈ. ਮਾਰਚ ਦੇ ਮਹੀਨੇ ਬਾਬਾ ਨਰੈਣ ਸਿੰਘ ਦੇ ਪਾਸ ਆਏ। ਜਿਸ ਦੇ ਇਹ ਬਚਨ ਸਨ – ਪ੍ਰਸ਼ਾਦਾ, ਚਾਹ, ਲੱਸੀ ਹੈ ਤਾਂ ਦਿਓ, ਅਤੇ ਅਵਾਜ਼ਾਂ ਦਿੰਦੇ ਤੁਰੀ ਗਏ। ਉਸੇ ਤਰ੍ਹਾਂ ਬੋਲਦੇ ਬੋਲਦੇ ਜਿਥੇ ਪਸ਼ੂਆਂ ਵਾਸਤੇ ਦਾਣਾ ਭਿਉਂਇਆ ਹੁੰਦਾ ਜਿਸ ਵਿਚ ਭਾਂਡਿਆਂ ਦਾ ਧੋਣ ਤੇ ਜੂਠੇ ਟੁਕਰ ਪਏ ਹੁੰਦੇ, ਉਸ ਵਿਚੋਂ ਉਸ ਨੇ ਟੁਕੜੇ ਚੁਣ ਕੇ ਆਪਣੀ ਛੋਟੀ ਜਿਹੀ ਬਾਲਟੀ ਵਿਚ ਪਾ ਲੈਣੇ ਅਤੇ ਤੁਰੇ ਜਾਣਾ। ਕਈ ਦਿਨਾਂ ਪਿਛੋਂ ਫਿਰ ਆਇਆ ਤੇ ਕਹਿ ਰਿਹਾ ਸੀ ਕਿ ਕੱਲ ਦੀ ਰੋਟੀ, ਪਰਸੋਂ ਦੀ ਰੋਟੀ, ਲੱਸੀ ਚਾਹ ਜੋ ਕੁਝ ਹੈ ਦਿਓ। ਜਦੋਂ ਕੁਝ ਵੀ ਨਾ ਮਿਲਣਾ ਤਾਂ ਉਸੇ ਤਰ੍ਹਾਂ ਨਾਲ ਜੂਠੇ ਟੁਕਰ ਇਕੱਠੇ ਕਰਕੇ ਲੈ ਜਾਣਾ। ਤੀਜੀ ਵਾਰੀ ਆਉਣ ਤੋਂ ਪਹਿਲਾਂ ਹੀ ਬਾਬਾ ਨਰੈਣ ਸਿੰਘ ਜੀ ਨੇ ਸੰਤ ਮਹਾਰਾਜ ਜੀ ਪਾਸ ਗਏ ਅਤੇ ਬੇਨਤੀ ਕੀਤੀ ਕਿ ਪਾਤਸ਼ਾਹ! ਇਕ ਬੰਦਾ ਪੰਜ ਸੱਤ ਦਿਨਾਂ ਪਿਛੋਂ ਆਉਂਦਾ ਹੈ, ਸਿਰੋਂ ਨੰਗਾ ਹੈ, ਲੱਕ ਨੂੰ ਖਦਰ ਦਾ ਪਰਨਾ ਬੰਨ੍ਹਿਆ ਹੈ, ਗੱਲ ਵਿਚ ਕੋਈ ਕੱਪੜਾ ਨਹੀਂ ਪਾਇਆ ਹੁੰਦਾ, ਹੱਥ ਵਿਚ ਚਿਮਟਾ ਪਕੜੀਂ, ਨੰਗੇ ਪੈਰੀਂ ਆਉਂਦਾ ਹੈ ਅਤੇ ਬੋਲਦਾ ਹੀ ਤੁਰੀ ਜਾਂਦਾ ਹੈ। ਜੇ ਕਹੀਏ ਕਿ ਬਾਬਾ ਜੀ! ਠਹਿਰੋ, ਪ੍ਰਸ਼ਾਦਾ ਤਿਆਰ ਕਰਦੇ ਹਾਂ ਤਾਂ ਰੁਕਦਾ ਨਹੀਂ। ਪਸ਼ੂਆਂ ਦੇ ਦਾਣੇ ਵਿਚੋਂ ਟੁਕੜ ਲੈ ਕੇ ਤੁਰ ਜਾਂਦਾ ਹੈ। ਉਸ ਸਮੇਂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਇਹ ਲੰਗਰ ਗੁਰੂ ਦਾ ਹੈ। ਸਾਵਧਾਨ ਹੋਵੋ।

ਆਪਣੇ ਇਤਿਹਾਸ ਵਿਚ ਇਸ ਤਰ੍ਹਾਂ ਆਉਂਦਾ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ ਦੇ ਸਮੇਂ ਅਨੰਦਪੁਰ ਸਾਹਿਬ ਬਹੁਤ ਲੰਗਰ ਗੁਰਸਿੱਖਾਂ ਦੇ ਘਰਾਂ ਵਿਚ ਚਲਾਏ ਹੋਏ ਸਨ। ਇਕ ਦਿਨ ਗੁਰੂ ਮਹਾਰਾਜ ਜੀ ਲੰਗਰਾਂ ਦੀ ਪਰਖ ਕਰਨ ਲਈ ਭੇਸ ਬਦਲ ਕੇ ਪ੍ਰਸ਼ਾਦਾ ਲੈਣ ਲਈ ਚਲੇ ਗਏ। ਲੰਗਰ ਸਮੇਂ ਦੇ ਮੁਤਾਬਿਕ ਤਿਆਰ ਹੋਇਆ ਕਰਦਾ ਸੀ, ਹਰ ਸਮੇਂ ਲੰਗਰ ਨਹੀਂ ਸੀ ਮਿਲਿਆ ਕਰਦਾ। ਗੁਰੂ ਮਹਾਰਾਜ ਨੇ ਕਈ ਕਈ ਵਾਰੀ ਕਿਹਾ ਕਿ ਪਿਆਰਿਓ! ਭੁੱਖ ਬਹੁਤ ਲੱਗੀ ਹੋਈ ਹੈ ਜੋ ਕੁਝ ਵੀ ਲੰਗਰ ਵਿਚ ਤਿਆਰ ਹੈ ਭਾਵੇਂ ਦਾਲਾ ਹੈ, ਭਾਵੇਂ ਸੁੱਕੇ ਪ੍ਰਸ਼ਾਦੇ ਹਨ ਕੁਝ ਵੀ ਜੋ ਪੱਕਿਆ ਹੈ ਉਹ ਮੈਨੂੰ ਦੇ ਦੇਵੋ ਤਾਂ ਕਿ ਮੈਂ ਆਪਣੀ ਭੁੱਖ ਨਵਿਰਤ ਕਰ ਸਕਾਂ। ਕੋਈ ਇਹ ਕਹਿੰਦਾ ਸੀ ਕਿ ਦਾਲਾ ਹੁਣੇ ਹੀ ਧਰਿਆ ਹੈ, ਆਟਾ ਗੁੰਨ ਰਹੇ ਹਾਂ। ਥੋੜ੍ਹੀ ਦੇਰ ਬੈਠ ਜਾਵੋ ਜਾਂ ਫੇਰ ਆ ਜਾਣਾ ਲੰਗਰ ਤਿਆਰ ਹੋਣ ਵਿਚ ਥੋੜ੍ਹੀ ਦੇਰ ਹੈ। ਕਈਆਂ ਨੇ ਰੁਖੇ ਬਚਨ ਕਹੇ ਕਿ ਜੇ

ਲੰਗਰ ਵਿਚੋਂ ਪ੍ਰਸ਼ਾਦਾ ਛਕਣਾ ਹੈ ਤਾਂ ਸਮੇਂ ਸਿਰ ਆਓ।

ਮੇਰੇ ਇਕ ਗੱਲ ਯਾਦ ਆ ਗਈ ਕਿ ਹੁਣ ਵੀ ਜੋ ਲੰਗਰ ਗੁਰੂ ਅਸਥਾਨਾਂ ਵਿਚ ਕਮੇਟੀਆਂ ਵਲੋਂ ਚਲਾਏ ਜਾ ਰਹੇ ਹਨ ਉਥੇ ਬੜੀ ਪਾਬੰਦੀ ਹੋਇਆ ਕਰਦੀ ਹੈ। ਇਕ ਵਾਰੀ ਦੀ ਗੱਲ ਹੈ ਕਿ ਮੈਂ ਆਪਣੀ ਪਤਨੀ (ਬੀਬੀ ਰਣਜੀਤ ਕੌਰ ਜੀ) ਸਮੇਤ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਗਿਆ ਹੋਇਆ ਸੀ। ਅਸਾਡੀ ਜ਼ਮੀਨ ਯੂ.ਪੀ. ਵਿਚ ਤਹਿਸੀਲ ਬਿਲਾਸਪੁਰ ਜ਼ਿਲਾ ਰਾਮਪੁਰ ਵਿਚ ਅਨਵਰੀਆਂ ਵਿਚ ਸੀ, ਉਥੋਂ ਅਸੀਂ ਅਨੰਦਪੁਰ ਸਾਹਿਬ ਪਹੁੰਚੇ। ਸਾਨੂੰ ਰਹਿਣ ਵਾਸਤੇ ਕਮਰਾ ਮਿਲ ਗਿਆ। ਦੁਪਹਿਰ ਸਮੇਂ ਅਸੀਂ ਲੰਗਰ ਦਾ ਪਤਾ ਕੀਤਾ ਤੇ ਲੰਗਰ ਦੇ ਦਰਵਾਜ਼ੇ ਅੱਗੇ ਗਏ ਤਾਂ ਦਰਵਾਜ਼ਾ ਬੰਦ ਹੋ ਚੁਕਿਆ ਸੀ। ਅਸੀਂ ਖੜਕਾਇਆ ਅਵਾਜ਼ ਦਿਤੀ ਤਾਂ ਅੰਦਰੋਂ ਇਕ ਹੱਥ ਵਿਚ ਬਰਛਾ ਫੜੀਂ ਸਿੰਘ ਬੂਹਾ ਖੋਲ੍ਹ ਕੇ ਕਹਿਣ ਲੱਗਿਆ ਕਿ ਜੇ ਪ੍ਰਸ਼ਾਦਾ ਛਕਣਾ ਸੀ ਤਾਂ ਇਸ ਪੰਗਤ ਵਿਚ ਸ਼ਾਮਲ ਹੋਣ ਲਈ ਦੋ ਤਿੰਨ ਮਿੰਟ ਪਹਿਲਾਂ ਆਉਣਾ ਸੀ। ਹੁਣ ਤੁਸੀਂ ਪੰਗਤ ਵਿਚ ਨਹੀਂ ਜਾ ਸਕਦੇ। ਅਸੀਂ ਦੋਨੋਂ ਜਣੇ ਬਾਹਰ ਖੜ੍ਹੇ ਰਹੇ ਇਸ ਇੰਤਜ਼ਾਰ ਵਿਚ ਕਿ ਜਦੋਂ ਦੂਜੀ ਪੰਗਤ ਲਗੇਗੀ ਤਾਂ ਉਸ ਵਿਚ ਬੈਠ ਕੇ ਪ੍ਰਸ਼ਾਦਾ ਛਕਾਂਗੇ। ਪਰ ਅਸੀਂ ਹੈਰਾਨ ਹੋ ਗਏ ਜਦੋਂ ਲੰਗਰ ਪਹਿਲੀ ਲੱਗੀ ਹੋਈ ਪੰਗਤ ਵੇਲੇ ਹੀ ਮਸਤਾਨਾ ਹੋ ਗਿਆ। ਅਸਾਨੂੰ ਪਹਿਲਾਂ ਹੀ ਪਤਾ ਸੀ ਕਿ ਕਮੇਟੀਆਂ ਦੇ ਵਿਚ ਸੇਵਾ ਭਾਵ ਨਾ ਹੋਣ ਕਰਕੇ ਬੱਧੀ ਚੱਟੀ ਨਾਲ ਕਰਮਚਾਰੀਆਂ ਵਾਂਗੂੰ ਆਪਣੀ ਡਿਊਟੀ ਬੇਰੁਖੀ ਨਾਲ ਨਿਭਾਇਆ ਕਰਦੇ ਹਨ। ਅਸੀਂ ਉਥੋਂ ਚਲ ਕੇ ਅਨੰਦਗੜ੍ਹ ਪਹੁੰਚ ਗਏ। ਜਿਥੇ ਬਾਬਾ ਸੇਵਾ ਸਿੰਘ ਜੀ ਮਹਾਪੁਰਸ਼ ਕਾਰਸੇਵਾ ਰਾਹੀਂ ਸੇਵਾ ਕਰ ਰਹੇ ਸਨ। ਬਾਬਾ ਜੀ ਬਾਹਰ ਹੀ ਬੈਠੇ ਸਨ ਅਸੀਂ ਕਿਉਂਕਿ ਉਨ੍ਹਾਂ ਦੇ ਪਹਿਲਾਂ ਦਰਸ਼ਨ ਨਹੀਂ ਸੀ ਕੀਤੇ। ਅਸੀਂ ਉਨ੍ਹਾਂ ਨੂੰ ਜਾ ਕੇ ਫਤਹਿ ਬੁਲਾਈ। ਉਹ ਲੰਗਰ ਦੇ ਬਾਹਰ ਬੈਠੇ ਸਨ, ਉਨ੍ਹਾਂ ਕਿਹਾ ਕਿ ਇਥੇ ਬੈਠੋ, ਮੈਂ ਅੰਦਰੋਂ ਹੁਣੇ ਪ੍ਰਸ਼ਾਦਾ ਲੈ ਆਉਂਦਾ ਹਾਂ। ਥੋੜ੍ਹੇ ਹੀ ਸਮੇਂ ਵਿਚ ਆਪ ਦੋ ਥਾਲੀਆਂ ਲੈ ਆਏ ਜਿਸ ਵਿਚ ਸਾਗ ਅਤੇ ਮੱਕੀ ਦੇ ਪ੍ਰਸ਼ਾਦੇ ਸਨ। ਪ੍ਰਸ਼ਾਦੇ ਗਰਮ-ਗਰਮ ਸਨ ਜਿਵੇਂ ਹੁਣੇ ਹੀ ਲਾਹੇ ਹੋਣ, ਸਾਗ ਵੀ ਗਰਮ ਸੀ। ਅਸੀਂ ਹੈਰਾਨ ਹੋ ਗਏ ਕਿ ਅਸੀਂ ਕੋਈ ਖਾਸ ਬੰਦੇ ਨਹੀਂ ਹਾਂ, ਸਾਧਾਰਣ ਯਾਤਰੂ ਹਾਂ ਪਰ ਮਹਾਂਪੁਰਖ ਆਪਣੇ ਹੱਥ ਨਾਲ ਸਾਗ ਵਿਚ ਮੱਖਣ ਪਾ ਕੇ ਲਿਆਏ। ਮੈਂ ਹੈਰਾਨ ਹੋ ਗਿਆ ਕਿ ਦੇਖੋ ਇਹ ਵੀ ਗੁਰੂ ਕਾ ਲੰਗਰ ਹੈ ਉਹ ਵੀ ਗੁਰੂ ਕਾ ਲੰਗਰ ਹੈ। ਇਕ ਪਾਸੇ ਨੌਕਰੀ ਕਰਨ ਵਾਲੇ ਸੇਵਾ ਭਾਵ ਤੋਂ ਹੀਣੇ ਲਾਏ ਹੋਏ ਹਨ। ਦੂਜੇ ਪਾਸੇ ਗੁਰੂ ਨਾਨਕ ਨੂੰ ਆਪਣਾ ਤਨ ਮਨ ਦੇ ਕੇ ਉਨ੍ਹਾਂ ਦੇ ਪਿਆਰੇ ਸੇਵਾ ਕਰ ਰਹੇ ਹਨ। ਕਿੰਨਾ ਫਰਕ ਸੀ ਦੋਹਾਂ ਲੰਗਰਾਂ ਵਿਚ। ਅਸੀਂ ਗੁਰੂ ਦਸ਼ਮੇਸ਼ ਪਿਤਾ ਦੇ ਲੰਗਰ ਦੀਆਂ ਗੱਲਾਂ ਤਾਂ ਉਚੀਆਂ ਬਾਹਾਂ ਕਰ ਕਰ ਕੇ ਸੁਣਾਉਂਦੇ ਹਾਂ ਪਰ ਅਮਲ ਕਰਨ ਵੇਲੇ ਅਸੀਂ ਪਿੱਠ ਫੇਰ ਲੈਂਦੇ ਹਾਂ। ਫੇਰ ਅਸੀਂ ਚੰਗੇ ਦੇ ਚੰਗੇ ਰਹਿੰਦੇ ਹਾਂ। ਜੇ ਕੋਈ ਮਾੜਾ ਕਿਹਾ ਜਾਂਦਾ ਹੈ, ਉਹ ਸੰਤ ਹੀ ਹਨ ਉਨ੍ਹਾਂ ਦੀ ਨਿੰਦਿਆ ਹੁੰਦੀ ਰਹਿੰਦੀ ਹੈ ਜਿਨ੍ਹਾਂ ਨੇ ਆਪਣਾ ਸਭ ਕੁਝ ਗੁਰੂ ਅਰਪਣ ਕਰਕੇ ਗੁਰੂ ਮਰਿਆਦਾ ਅਨੁਸਾਰ ਸੇਵਾ ਸਿਰ ਚੁਕੀ ਹੋਈ ਹੈ। ਜਿਨ੍ਹਾਂ ਦੇ ਅਸਥਾਨਾਂ ਤੇ ਬਿਨਾਂ ਰੋਕ ਟੋਕ ਦੇ 24 ਘੰਟੇ ਲੰਗਰ ਚਲਦੇ ਹਨ, ਕਦੇ ਵੀ ਕੋਈ ਸਵਾਲ ਕਰ ਦੇਵੇ ਉਸੇ ਵੇਲੇ ਉਸਦੀ ਭੁੱਖ ਦੀ ਨਵਿਰਤੀ ਲਈ ਜੋ ਕੁਝ ਹੈ ਹਾਜ਼ਰ ਕਰ ਦਿੰਦੇ ਹਨ। ਉਹ ਸਮਝਦੇ ਹਨ ਕਿ ਇਹ ਘਰ ਗੁਰੂ ਨਾਨਕ ਪਾਤਸ਼ਾਹ ਦੇ ਹਨ, ਇਸ ਪਾਤਸ਼ਾਹ ਦੇ ਘਰੋਂ ਕੋਈ ਭੁੱਖਾ ਨਹੀਂ ਜਾ ਸਕਦਾ।

ਮੈਂ ਬੇਨਤੀ ਕਰ ਰਿਹਾ ਸੀ ਕਿ ਗੁਰੂ ਦਸ਼ਮੇਸ਼ ਪਿਤਾ ਜੀ ਅਨੰਦਪੁਰ ਸਾਹਿਬ ਦੇ ਸਾਰੇ ਲੰਗਰਾਂ ਵਿਚ ਭੇਸ ਵਟਾ ਕੇ ਗਏ ਪਰ ਕਿਸੇ ਲੰਗਰ ਵਿਚੋਂ ਵੀ ਕੁਝ ਵੀ ਖਾਣ ਨੂੰ ਨਾ ਮਿਲਿਆ। ਅਖੀਰ ਆਪ ਭਾਈ ਨੰਦ ਲਾਲ ਜੀ ਵਲੋਂ ਚਲਾਏ ਲੰਗਰ ਵਿਚ ਗਏ। ਉਸ ਵੇਲੇ ਦਾਲਾ ਬਣਨ ਵਾਸਤੇ ਧਰਿਆ ਹੋਇਆ ਸੀ ਅਤੇ ਆਟਾ ਗੁੰਨਿਆ ਜਾ ਚੁਕਿਆ ਸੀ। ਉਥੇ ਜਦੋਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜੋ ਕੁਝ ਤਿਆਰ ਹੈ ਲਿਆਓ ਭਾਈ ਭੁੱਖ ਲੱਗੀ ਹੋਈ ਹੈ। ਉਸ ਵੇਲੇ ਨੰਦ ਲਾਲ ਜੀ ਨੇ ਕਿਹਾ, "ਗੁਰਮੁਖ ਪਿਆਰੇ ਜੀ! ਥੋੜ੍ਹੀ ਦੇਰ ਬੈਠ ਜਾਓ ਤਾਂ ਦਾਲਾ ਬਣ ਰਿਹਾ ਹੈ, ਪ੍ਰਸ਼ਾਦੇ ਲੋਹ ਤਪਾ ਕੇ ਹੁਣ ਬਣਨ ਵਾਲੇ ਹਨ।" ਮਹਾਰਾਜ ਜੀ ਨੇ ਕਿਹਾ ਕਿ ਸਾਨੂੰ ਤਾਂ ਇਕ ਪਲ ਦਾ ਵੀ ਸਮਾਂ ਨਹੀਂ, ਅਸੀਂ ਜਾਣਾ ਹੈ ਉਸ ਸਮੇਂ ਉਸ ਨੇ ਗੁੰਨਿਆ ਹੋਇਆ ਆਟਾ, ਅੱਧ ਰਿਝੀ ਦਾਲ, ਇਕ ਪਾਤਰ ਵਿਚ ਪਾ ਦਿਤੀ। ਗੁਰੂ ਮਹਾਰਾਜ ਜੀ ਉਹ ਲੈ ਕੇ ਵਾਪਸ ਆ ਗਏ।

ਦੂਸਰੇ ਦਿਨ ਲੰਗਰ ਦੀ ਗੱਲ ਦੀਵਾਨ ਵਿਚ ਆਪ ਨੇ ਚਲਾ ਦਿਤੀ। ਹੁਣ ਉਸ ਸਮੇਂ ਸਾਰੇ ਲੰਗਰ ਚਲਾਉਣ ਵਾਲਿਆਂ ਨੇ ਕਿਹਾ ਕਿ ਮਹਾਰਾਜ! ਸਾਡੇ ਲੰਗਰ ਵਿਚ ਐਨੇ ਪਦਾਰਥ ਬਣਦੇ ਹਨ, ਕਿਸੇ ਨੇ ਦਸਿਆ ਕਿ ਅਸੀਂ ਸਬਜ਼ੀ ਦਾਲ ਬਣਾਉਂਦੇ ਹਾਂ, ਕਿਸੇ ਨੇ ਕਿਹਾ ਸਵੇਰੇ-ਸਵੇਰੇ ਅਸੀਂ ਪਰਾਉਂਠੇ ਬਣਾਉਂਦੇ ਹਾਂ ਪਰ ਭਾਈ ਨੰਦ ਲਾਲ ਜੀ ਨੇ ਕਿਹਾ ਕਿ ਪਾਤਸ਼ਾਹ! ਲੰਗਰ ਗੁਰੂ ਕਾ ਹੈ, ਗੁਰੂ ਜੋ ਪ੍ਰੇਰਨਾ ਦਿੰਦੇ ਹਨ ਉਸਦੇ ਮੁਤਾਬਿਕ ਲੰਗਰ ਬਣਦਾ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਪ੍ਰਗਟ ਕੀਤਾ ਕਿ ਪਿਆਰਿਓ! ਕੱਲ ਮੈਂ ਤੁਹਾਡੇ ਲੰਗਰਾਂ ਵਿਚ ਗਿਆ ਸਾਂ, ਕਿਸੇ ਲੰਗਰ ਵਿਚੋਂ ਭੁੱਖ ਦੀ ਨਵਿਰਤੀ ਵਾਸਤੇ ਸਾਨੂੰ ਕੁਝ ਨਹੀਂ ਮਿਲਿਆ। ਆਹ ਦੇਖੋ, ਇਸ ਪਾਤਰ ਵਿਚ ਭਾਈ ਨੰਦ ਲਾਲ ਜੀ ਵਲੋਂ ਦਿਤਾ ਲੰਗਰ ਹੈ। ਜੋ ਕੁਝ ਉਸ ਸਮੇਂ ਤਿਆਰ ਸੀ ਉਹੋ ਹੀ ਉਨ੍ਹਾਂ ਨੇ ਦੇ ਦਿਤਾ ਇਹ ਗੁੰਨਿਆ ਆਟਾ ਤੇ ਅੱਧ ਰਿਝੀ ਦਾਲ ਹੈ।

ਸੋ ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਓ! ਤੁਸੀਂ ਗੁਰੂ ਕਾ ਲੰਗਰ ਚਲਾ ਰਹੇ ਹੋ। ਗੁਰੂ ਨਾਨਕ ਪਾਤਸ਼ਾਹ ਆਪਣੇ ਲੰਗਰ ਨੂੰ ਦੇਖਣ ਲਈ ਪਤਾ ਨਹੀਂ ਕਦੋਂ ਕਿਸ ਰੂਪ ਵਿਚ ਆ ਜਾਣ। ਹਰ ਸਮੇਂ ਲੰਗਰ ਸਾਵਧਾਨੀ ਨਾਲ ਚਲਾਇਆ ਕਰੋ ਅਤੇ ਕੁਝ ਪ੍ਰਸ਼ਾਦੇ ਤਿਆਰ ਰੱਖਿਆ ਕਰੋ, ਦਾਲਾ ਵੀ ਤਿਆਰ ਰੱਖਿਆ ਕਰੋ, ਕਦੇ ਵੀ ਲੰਗਰ ਖਤਮ ਨਹੀਂ ਹੋਣ ਦੇਣਾ ਚਾਹੀਦਾ। ਸੋ ਭਾਈ ਨਰੈਣ ਸਿੰਘ ਜੀ ਲਾਂਗਰੀ ਸਿੰਘ ਨੂੰ ਕਿਹਾ ਕਿ ਪ੍ਰੇਮੀਆ! ਹੁਣ ਉਹ ਆਉਣ ਤਾਂ ਜੋ ਕੁਝ ਵੀ ਤਿਆਰ ਹੋਵੇ ਉਨ੍ਹਾਂ ਦੀ ਬਾਲਟੀ ਵਿਚ ਪਾ ਦੇਣਾ। ਤੁਲਸੀ ਦਾਸ ਜੀ ਕਹਿੰਦੇ ਹਨ –

***ਤੁਲਸੀ ਇਸ ਸੰਸਾਰ ਮੇ ਸਭ ਸੋਂ ਮਿਲਿਐ ਧਾਇ॥***
***ਨਾ ਜਾਣੇ ਕਿਸ ਰੂਪ ਮੇ ਨਾਰਾਇਣ ਮਿਲਿਹੈ ਆਇ॥***

ਲੰਗਰ ਤੇ ਯੱਗ ਦੀ ਸਫਲਤਾ ਤਾਂ ਹੋਇਆ ਕਰਦੀ ਹੈ ਕਿ ਕੋਈ ਵੀ ਕਿਸੇ ਸਮੇਂ ਭੁੱਖਾ ਨਾ ਮੁੜੇ। ਤੁਸੀਂ ਕੀਰਤਨ ਸੁਣਦੇ

ਹੋ, ਤੁਹਾਨੂੰ ਪਤਾ ਹੈ ਕਿ ਬਾਲਮੀਕ ਪਾਂਡਵਾਂ ਦੇ ਯੱਗ ਵਿਚ ਪ੍ਰਸ਼ਾਦਾ ਛਕਣ ਲਈ ਲਿਜਾਇਆ ਗਿਆ। ਜਦੋਂ ਉਸਨੇ ਪ੍ਰਸ਼ਾਦਾ ਛਕਿਆ ਤਾਂ ਯੱਗ ਦੀ ਸੰਪੂਰਨਤਾ ਵਾਸਤੇ ਘੰਟਾ ਵਜਿਆ-

***ਕੀਆ ਯੁਧਿਸ਼ਟਰ ਯੱਗ ਬਟੋਰਾ ਸਕਲ ਸਮਾਜਾ।***
***ਮਲਿਆ ਸਭ ਕਾ ਮਾਣ, ਸੁਪਚ ਬਿਨ ਘੰਟ ਨ ਬਾਜਾ।***

ਸੋ ਇਹ ਪਤਾ ਨਹੀਂ ਕਿ ਗੁਰੂ ਕਿਸ ਸਮੇਂ ਕਿਸ ਰੂਪ ਵਿਚ ਆਪਣੇ ਲੰਗਰ ਨੂੰ ਦੇਖਣ ਆ ਜਾਵੇ। ਇਸ ਤੋਂ ਦੋ ਤਿੰਨ ਦਿਨ ਪਿਛੋਂ ਉਹ ਸਾਧੂ ਫੇਰ ਆ ਗਿਆ ਤੇ ਉਚੀ ਅਵਾਜ਼ ਵਿਚ ਕਹਿੰਦਾ ਹੈ ਕਿ ਚਾਹ, ਲੱਸੀ, ਰੋਟੀ ਅੱਜ ਦੀ, ਕੱਲ੍ਹ ਦੀ, ਪਰਸੋਂ ਦੀ ਬੇਹੀ ਪਈ ਹੋਵੇ ਤਾਂ ਦੇ ਦਿਓ। ਕੁਦਰਤੀ ਉਸ ਵਕਤ ਵੀ ਪ੍ਰਸ਼ਾਦਾ ਤਿਆਰ ਨਹੀਂ ਸੀ। ਸ੍ਰੀ ਮਾਨ ਜੀ ਨੇ ਦੌੜ ਕੇ ਅੰਦਰੋਂ ਸੁੱਕੇ ਆਟੇ ਦੀ ਥਾਲੀ ਗੁੜ ਰੱਖ ਕੇ ਲਿਆਂਦੀ ਤੇ ਕਿਹਾ ਕਿ ਜੋ ਕੁਝ ਵੀ ਤਿਆਰ ਹੈ ਲੈ ਲਵੋ। ਉਸ ਸਾਧੂ ਨੇ ਬਾਲਟੀ ਅੱਗੇ ਕਰ ਦਿਤੀ ਅਤੇ ਆਟਾ ਅਤੇ ਗੁੜ ਉਸ ਵਿਚ ਪੁਆ ਕੇ ਉਸੇ ਸਮੇਂ ਉਥੇ ਖੜ੍ਹੇ ਨੇ ਹੀ ਪਾਣੀ ਲੈ ਕੇ ਆਟਾ ਤੇ ਗੁੜ ਘੋਲ ਕੇ ਪੀ ਲਿਆ। ਫੇਰ ਉਹ ਸਾਧੂ ਮੁੜ ਕੇ ਨਹੀਂ ਸੀ ਆਇਆ। ਸ੍ਰੀ ਮਾਨ ਜੀ ਨੂੰ ਤੇ ਲਾਂਗਰੀ ਸਿੰਘਾਂ ਨੂੰ ਆਪ ਨੇ ਫੁਰਮਾਇਆ ਕਿ ਇਹ (ਸੰਤ) ਈਸ਼ਰ ਸਿੰਘ ਦਾ ਲੰਗਰ ਨਹੀਂ ਹੈ ਇਹ ਗੁਰੂ ਦਾ ਲੰਗਰ ਹੈ। ਗੁਰੂ ਕਾ ਲੰਗਰ ਸਦਾ ਹੀ ਅਤੁੱਟ ਚਲਿਆ ਕਰਦਾ ਹੈ। ਜਦੋਂ ਤੁਸੀਂ ਇਸਨੂੰ ਗੁਰੂ ਕਾ ਲੰਗਰ ਸਮਝੋਂਗੇ ਤਾਂ ਥੋੜ੍ਹੇ ਤੋਂ ਥੋੜ੍ਹੇ ਲੰਗਰ ਦੇ ਪ੍ਰਸ਼ਾਦਿਆਂ ਨਾਲ ਸੈਂਕੜਿਆਂ ਦੀ ਤ੍ਰਿਪਤੀ ਹੋ ਜਾਇਆ ਕਰਦੀ ਹੈ। ਗੁਰੂ ਕੇ ਲੰਗਰ ਬਰਕਤਾਂ ਵਾਲੇ ਹੁੰਦੇ ਹਨ।

ਮਹਾਰਾਜ ਜੀ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਜੀ ਸਦਾ ਹੀ ਲੰਗਰ ਜਾਰੀ ਰੱਖਿਆ ਕਰਦੇ ਸਨ। ਇਕ ਵਾਰੀ ਝੜੀ ਲੱਗੀ ਹੋਈ ਸੀ। ਬਹੁਤ ਸੰਗਤ ਆ ਗਈ ਤਾਂ ਗੁਰੂ ਮਹਾਰਾਜ ਜੀ ਨੇ ਸੰਗਤ ਨੂੰ ਭੁੱਖੀ ਜਾਣ ਕੇ ਬ੍ਰਿਛਾਂ ਤੋਂ ਮਠਿਆਈਆਂ ਲਾਹ ਕੇ ਛਕਾਈਆਂ ਸਨ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬਾਬਾ ਸਾਹਿਬ ਸਿੰਘ ਜੀ ਨੇ ਝੜੀ ਲੱਗੀ ਵਿਚ ਬਾਲਣ ਭਿੱਜ ਜਾਣ ਕਰਕੇ ਆਪਣੇ ਘਰ ਦੇ ਦਰਵਾਜ਼ੇ, ਲੱਕੜੀ ਦੇ ਬਾਲੇ ਤੇ ਸ਼ਤੀਰ ਜਾਲ ਕੇ ਲੰਗਰ ਤਿਆਰ ਕਰਿਆ ਸੀ। ਤੁਸੀਂ ਗੁਰੂ ਕਾ ਲੰਗਰ ਚਲਾ ਰਹੇ ਹੋਂ। ਇਸ ਦਰ ਤੋਂ ਕਦੇ ਵੀ ਕੋਈ ਭੁੱਖਾ ਨਹੀਂ ਮੁੜਨਾ ਚਾਹੀਦਾ। ਦੇਗ ਤੇਗ ਖਾਲਸੇ ਨੂੰ ਦਾਤ ਵਿਚ ਮਿਲੀ ਹੈ ਜੋ ਬੜੀ ਭਾਰੀ ਬਖਸ਼ਿਸ਼ ਹੈ। ਰਾਜਿਆਂ ਤੋਂ ਐਨੇ ਲੰਗਰ ਨਹੀਂ ਚਲਾ ਹੁੰਦੇ ਜਿੰਨੇ ਸਾਧੂ ਆਪਣੇ ਅਸਥਾਨਾਂ ਤੇ ਸਹਿਜ ਸੁਭਾਅ ਚਲਾਈ ਜਾਂਦੇ ਹਨ ਅਤੇ ਨਾਮ ਦੀ ਤੇਗ ਸਦਾ ਹੀ ਖੜਕਦੀ ਰਹਿੰਦੀ ਹੈ ਅਤੇ ਦੁਸ਼ਮਨਾਂ ਨੂੰ ਹਰ ਰੋਜ਼ ਕੱਟ-ਕੱਟ ਕੇ ਸੁਟਦੀ ਹੈ। ਇਸ ਤਰ੍ਹਾਂ ਨਾਲ ਅਕਾਲ ਪੁਰਖ ਦੀ ਪ੍ਰਸੰਨਤਾ ਹੋਇਆ ਕਰਦੀ ਹੈ। ਦੇਖੋ ਆਪਣੇ ਮਨ ਵਿਚ ਧਾਰੋ ਕਿ ਇਹ ਗੁਰੂ ਕਾ ਲੰਗਰ ਹੈ ਹਰੇਕ ਨੂੰ ਜਲ, ਚਾਹ, ਪ੍ਰਸ਼ਾਦੇ ਦੁਆਰਾ ਪ੍ਰਸੰਨ ਕਰੋ। ਦੂਸਰੇ ਦੇ ਮਨ ਦੀ ਪ੍ਰਸੰਨਤਾ ਲੈਣੀ ਹੀ ਬੜਾ ਭਾਰੀ ਪੁੰਨ ਹੋਇਆ ਕਰਦਾ ਹੈ। ਇਕ ਮਹਾਤਮਾ ਕਹਿੰਦੇ ਹਨ ਕਿ ਕੁੱਤੇ ਦੀ ਸੇਵਾ ਕੀਤੀ ਵੀ ਪ੍ਰਮੇਸ਼ਰ ਗੁੰਮ ਨਹੀਂ ਕਰਦਾ ਫੇਰ ਮਹਾਤਮਾ ਜਨਾਂ ਦੀ ਸੇਵਾ ਕੀਤੀ ਕਿਵੇਂ ਗੁੰਮ ਕਰ ਸਕਦਾ ਹੈ। ਉਸ ਦਿਨ ਤੋਂ ਪਿਛੋਂ ਆਪ ਦੇ ਹੁਕਮ ਦੀ ਪੂਰੀ ਤਰ੍ਹਾਂ ਪਾਲਣਾ ਹੁੰਦੀ ਰਹੀ।

ਇਥੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਚ ਜਦੋਂ ਅਸਥਾਨ ਬਣਿਆ ਉਸ ਵੇਲੇ ਸ੍ਰੀ ਭਾਈ ਕਰਨੈਲ ਸਿੰਘ ਜੀ ਜੋ ਬੜੇ ਲੰਮੇ ਸਮੇਂ ਤੋਂ ਸ੍ਰੀ ਮਾਨ ਦੀ ਸੇਵਾ ਨਿਭਾ ਰਹੇ ਹਨ, ਨੂੰ ਮੈਂ ਕਿਹਾ ਸੀ ਕਿ ਇਕ ਤਾਂ ਲੰਗਰ ਲਈ ਕਦੇ ਵੀ ਅਪੀਲ ਨਹੀਂ ਕਰਨੀ। ਆਪਾਂ ਗੁਰੂ ਨਾਨਕ ਪਾਤਸ਼ਾਹ ਦੇ ਅੱਗੇ ਹੱਥ ਅੱਡਣਾ ਹੈ, ਹੋਰ ਦੁਨੀਆਦਾਰਾਂ ਅੱਗੇ ਨਹੀਂ ਅੱਡਣਾ, ਉਹ ਤਾਂ ਆਪ ਹੀ ਮੰਗਤੇ ਹਨ, ਹਰ ਸਮੇਂ ਦੇਹ-ਦੇਹ ਕਰਦੇ ਰਹਿੰਦੇ ਹਨ। ਉਹ ਕਹਿਣ ਲੱਗਿਆ ਕਿ ਲੰਗਰ ਵਿਚ ਪੱਕਣ ਦੇ ਰਾਸ਼ਨ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ, ਉਹ ਵੀ ਸਾਨੂੰ ਦਸ ਦੇਵੋ। ਮੈਂ ਕਿਹਾ, "ਕਰਨੈਲ ਸਿੰਘ! ਪ੍ਰਬੰਧ ਆਪਾਂ ਨਹੀਂ ਕਰਨਾ ਆਪਾਂ ਸੇਵਾ ਕਰਨੀ ਹੈ, ਪ੍ਰਬੰਧ ਸਾਰੇ ਗੁਰੂ ਨਾਨਕ ਪਾਤਸ਼ਾਹ ਨੇ ਕਰਨੇ ਹਨ। ਤੁਸੀਂ ਅੰਮ੍ਰਿਤ ਵੇਲੇ ਉਠ ਕੇ ਚੁੱਲ੍ਹੇ ਵਿਚ ਅੱਗ ਜਾਲੋ ਅਤੇ ਪਾਣੀ ਗਰਮ ਕਰਨ ਲਈ ਰੱਖ ਦੇਵੋ। ਜਿਨ੍ਹਾਂ ਨੇ ਆ ਕੇ ਉਸ ਦਿਨ ਪ੍ਰਸ਼ਾਦਾ ਛਕਣਾ ਹੈ ਉਨ੍ਹਾਂ ਦੀ ਪਰਾਲਬਧ ਵਾਹਿਗੁਰੂ ਜੀ ਨੇ ਤੁਹਾਡੇ ਪਾਸ ਪਹਿਲਾਂ ਹੀ ਭੇਜ ਦੇਣੀ ਹੈ। ਉਸੇ ਦਿਨ ਤੋਂ ਇਥੇ ਇਹੀ ਮਰਿਆਦਾ ਚਲਦੀ ਹੈ। ਲੰਗਰ, ਸਬਜ਼ੀਆਂ, ਦੁੱਧ, ਘਿਓ ਕਿਸੇ ਦਾ ਕਦੇ ਵੀ ਤੋਟਾ ਨਹੀਂ ਆਇਆ। ਡੇਢ ਕੁਇੰਟਲ ਦੁੱਧ ਹਰ ਰੋਜ਼ ਲੰਗਰ ਵਿਚ ਲਗਦਾ ਹੈ, ਪੰਜ ਸੇਰ ਦੇਸੀ ਘੀ ਹਰ ਰੋਜ਼ ਦੇਗਾਂ, ਜੋਤਾਂ ਅਤੇ ਲੰਗਰ ਵਿਚ ਲਗਦਾ ਹੈ। ਸੰਤ ਮਹਾਰਾਜ ਜੀ ਦਾ ਉਪਦੇਸ਼ ਕੇਵਲ ਉਸ ਸਮੇਂ ਲਈ ਹੀ ਨਹੀਂ ਸੀ ਇਹ ਤਾਂ -

***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥***
***ਪਰਗਟ ਪਾਹਾਰੈ ਜਾਪਦੈ ਸਭਿ ਲੋਕ ਸੁਣੰਦੇ॥***

*ਪੰਨਾ - 316*

ਵਾਲੀ ਗੱਲ ਹੈ।

ਗੁਰੂ ਮਹਾਰਾਜ ਸੱਚੇ ਪਾਤਸ਼ਾਹ ਗੁਰੂ ਨਾਨਕ ਜੀ ਨੇ ਲੰਗਰ ਨੂੰ ਬਹੁਤ ਹੀ ਮਹੱਤਤਾ ਦਿਤੀ। ਭੁੱਖੇ ਪੁਰਸ਼ ਦੀ ਭੁੱਖ ਨਵਿਰਤੀ ਕਰਕੇ ਉਸਦੇ ਪ੍ਰਾਣਾਂ ਨੂੰ ਸੁੱਖ ਦੇਣ ਵਰਗਾ ਕੋਈ ਪੁੰਨ ਨਹੀਂ ਹੈ। ਆਪ ਜੀ ਨੂੰ ਜਦੋਂ ਆਪ ਦੇ ਪਿਤਾ ਮਹਿਤਾ ਕਾਲੂ ਨੇ ਕਿਹਾ ਕਿ ਬੇਟਾ! ਤੂੰ ਵੀਹ ਰੁਪਏ ਲੈ ਜਾ। ਭਾਈ ਬਾਲੇ ਨੂੰ ਮੈਂ ਤੇਰੇ ਨਾਲ ਭੇਜਦਾ ਹਾਂ, ਤੂੰ ਸ਼ਹਿਰ ਤੋਂ ਸਮਾਨ ਲੈ ਆ। ਇਥੇ ਆ ਕੇ ਜਦੋਂ ਵੇਚੇਂਗਾ ਅੱਧੋ ਅੱਧ ਮੁਨਾਫਾ ਹੋ ਜਾਵੇਗਾ। ਪਰ ਇਕ ਗੱਲ ਦਾ ਧਿਆਨ ਰੱਖੀਂ ਕਿ ਖਰਾ ਸੌਦਾ ਕਰਨਾ ਹੈ। ਗੁਰੂ ਮਹਾਰਾਜ ਜੀ ਜਦੋਂ ਚੂਹੜਕਾਣੇ ਨੂੰ ਜਾ ਰਹੇ ਸਨ ਜੋ ਉਸ ਸਮੇਂ ਕਾਫੀ ਵੱਡਾ ਨਗਰ ਸੀ ਜਿਥੇ ਵਪਾਰੀ ਲੋਕ ਦੂਰ ਦੇਸ਼ਾਂ ਤੋਂ ਵਸਤੂਆਂ ਆਦਿ ਲਿਆ ਕੇ ਵੇਚਿਆ ਕਰਦੇ ਸਨ। ਉਥੇ ਮੰਡੀ ਹੋਣ ਕਰਕੇ ਖਰੀਦਦਾਰ ਵੀ ਬਹੁਤ ਆ ਜਾਇਆ ਕਰਦੇ ਸਨ। ਗੁਰੂ ਨਾਨਕ ਪਾਤਸ਼ਾਹ ਵੀ ਉਸੇ ਮੰਡੀ ਵਿਚੋਂ ਸੌਦਾ ਖਰੀਦਣ ਲਈ ਜਾ ਰਹੇ ਸਨ, ਆਪ ਦੀ ਦ੍ਰਿਸ਼ਟੀ ਵਿਚ ਸੈਂਕੜੇ ਹੀ ਸਾਧੂ ਨਜ਼ਰੀ ਆਏ ਆਪ ਨੇ ਰਸਤਾ ਛੱਡ ਕੇ ਵੱਡੇ ਮਹਾਤਮਾ ਦੇ ਪਾਸ ਜਾ ਕੇ ਪੁਛਿਆ ਕਿ ਆਪ ਨੂੰ ਪ੍ਰਭੂ ਨੇ ਪ੍ਰਸ਼ਾਦਾ ਭੇਜਿਆ ਹੈ ਕਿ ਨਹੀਂ? ਉਸ ਸਮੇਂ ਮਹਾਤਮਾ ਰੇਣ ਨੇ ਕਿਹਾ ਕਿ ਬਾਲਕਾ! ਤੂੰ ਮੈਨੂੰ ਬਹੁਤ ਵੱਡਾ ਪ੍ਰਤਾਪੀ ਲਗਦਾ ਹੈਂ ਕਾਕਾ! ਅਸਾਨੂੰ ਅੱਜ ਕਈ ਦਿਨ ਹੋ ਗਏ ਹਨ ਕਿ ਪ੍ਰਭੂ ਜੀ ਨੇ ਸਾਧੂਆਂ ਦੇ ਖਾਣ ਲਈ ਕੁਝ ਵੀ ਨਹੀਂ

ਭੇਜਿਆ। ਸਾਰੇ ਸਾਧੂ ਨਾਮ ਜਪ ਕੇ ਪ੍ਰਸੰਨ ਹਨ। ਉਸ ਸਮੇਂ ਗੁਰੂ ਮਹਾਰਾਜ ਕਈ ਕਿਸਮ ਦੇ ਪਦਾਰਥ ਮਠਿਆਈਆਂ, ਆਟਾ ਆਦਿ ਹੋਰ ਚੀਜ਼ਾਂ ਉਸ ਥਾਂ ਲੈ ਆਏ। ਉਹ ਵੀਹ ਰੁਪਏ ਜੋ ਪਿਤਾ ਜੀ ਨੇ ਖਰਾ ਸੌਦਾ ਕਰਨ ਲਈ ਦਿਤੇ ਸਨ ਉਹ ਸਭ ਖਰਚ ਦਿਤੇ। ਜੇ ਅੱਜ ਦੇ ਸਿੱਕੇ ਨਾਲ ਰਕਮ ਜੋੜੀ ਜਾਵੇ ਤਾਂ ਇਹ ਤਿੰਨ-ਚਾਰ ਹਜ਼ਾਰ ਤੋਂ ਘੱਟ ਨਹੀਂ ਸੀ। ਆਪ ਇਹ ਖਰਾ ਸੌਦਾ ਕਰਕੇ ਵਾਪਸ ਚਲੇ ਗਏ। ਭਾਈ ਬਾਲਾ ਜੀ ਨੇ ਸਾਰੀ ਵਾਰਤਾ ਮਹਿਤਾ ਕਾਲੂ ਜੀ ਨੂੰ ਦਸ ਦਿਤੀ। ਇਤਿਹਾਸਾਂ ਵਿਚ ਐਸਾ ਆਉਂਦਾ ਹੈ ਕਿ ਮਹਿਤਾ ਜੀ ਨੇ ਨਰਾਜ਼ਗੀ ਵਿਚ ਆ ਕੇ ਗੁਰੂ ਮਹਾਰਾਜ ਨੂੰ ਬਹੁਤ ਰੁੱਖਾ ਬੋਲਿਆ ਅਤੇ ਇਥੋਂ ਤਕ ਵੀ ਕਹਿੰਦੇ ਹਨ ਕਿ ਉਨ੍ਹਾਂ ਦੇ ਮੁਖ ਤੇ ਚਪੇੜ ਮਾਰੀ। ਇਹ ਸੀ ਪਹਿਲੀ ਬੁਨਿਆਦ ਜੋ ਗੁਰੂ ਕੇ ਲੰਗਰ ਤੋਂ ਸ਼ੁਰੂ ਹੁੰਦੀ ਹੈ। ਉਹ ਵੀਹ ਰੁਪਈਏ ਦਰਗਾਹ ਵਿਚ ਵੀਹ ਖਰਬ ਬਣ ਗਏ ਜਾਂ ਦੋ ਹਜ਼ਾਰ ਖਰਬ ਬਣ ਗਏ ਵਾਹਿਗੁਰੂ ਜਾਣੇ ਜਦੋਂ ਤਕ ਸੰਸਾਰ ਰਹੇਗਾ, ਗੁਰੂ ਕਾ ਲੰਗਰ ਚਲਦਾ ਹੀ ਰਹੇਗਾ।

ਸੰਤ ਮਹਾਰਾਜ ਨੇ ਕਿਹਾ ਆਪਾਂ ਉਸ ਗੁਰੂ ਦੇ ਚਾਕਰ ਹਾਂ ਲੰਗਰ ਹਰ ਸਮੇਂ ਚਲਦਾ ਰਹਿਣਾ ਚਾਹੀਦਾ ਹੈ। ਸੋ ਇਸ ਤਰ੍ਹਾਂ ਦੇ ਉਪਦੇਸ਼ ਆਪ ਸਦਾ ਹੀ ਦਿੰਦੇ ਰਹਿੰਦੇ ਸਨ।

ਸੰਤ ਮਹਾਰਾਜ ਜੀ ਦੀ ਸਰੀਰਕ ਆਯੂ ਭਾਵੇਂ ਅੱਜ ਤੀਹ ਸਾਲ ਤੋਂ ਘੱਟ ਹੀ ਸੀ ਪਰ ਆਪ ਨੇ ਘੋਰ ਤਪ ਕਰਕੇ ਪੂਰਨੇ ਪਾਏ।

ਸੰਤ ਮਹਾਰਾਜ ਜੀ ਨੇ ਇਕ ਸੁਘੜ ਉਸਤਾਦ ਵਾਂਗੂੰ ਘਾਲ ਕਮਾਈ ਕਰਨ ਦਾ ਨਮੂਨਾ ਦਿਤਾ। ਆਪ ਨੇ ਕਈ ਵਾਰੀ ਮੈਨੂੰ ਬਚਨ ਕਰਦਿਆਂ, ਸਹਿਜ ਸੁਭਾਅ ਹੀ ਦਸਿਆ ਕਿ ਅਸੀਂ ਅੰਮ੍ਰਿਤ ਵੇਲੇ ਉਠ ਕੇ ਗਰਮੀ ਦੇ ਮਹੀਨੇ ਟਿੱਬੇ ਉਤੇ ਬੈਠ ਜਾਣਾ। ਉਹ ਰਾਤ ਨੂੰ ਠੰਢਾ ਹੋਇਆ ਹੋਇਆ ਬਹੁਤ ਹੀ ਪਿਆਰਾ ਲਗਦਾ ਹੈ ਪਰ ਫੇਰ ਸੁਰਤ ਚੜ੍ਹ ਜਾਣੀ, ਦੇਸ਼ ਕਾਲ ਵਸਤੂ ਤਿੰਨੋਂ ਹੀ ਭੁੱਲ ਜਾਣੀਆਂ। ਸੂਰਜ ਨੇ ਹੌਲੀ-ਹੌਲੀ ਸਫਰ ਕਰਦੇ ਸਿਰ ਤੇ ਆ ਜਾਣਾ ਅਤੇ ਠੰਢੀ ਹਵਾ ਨੇ ਗਰਮ ਵਿਚ ਬਦਲ ਜਾਣਾ, ਫੇਰ ਆਪਣਾ ਜੋਬਨ ਦਿਖਾ ਕੇ ਸ਼ਾਮਾਂ ਪਈਆਂ ਤੇ ਦੂਰ ਧਰਤੀ ਦੇ ਓਹਲੇ ਹੋ ਜਾਣਾ ਅਤੇ ਦੂਸਰਾ ਦਿਨ ਆ ਜਾਣਾ। ਇਸ ਤਰ੍ਹਾਂ ਕਈ ਵਾਰੀ ਕਈ-ਕਈ ਦਿਨ ਲੰਘ ਜਾਣੇ, ਫੇਰ ਜਾ ਕੇ ਸਾਵਧਾਨ ਹੋਣਾ। ਇਸੇ ਤਰ੍ਹਾਂ ਕਈ ਵਾਰੀ ਆਪ ਨੇ ਕਿਹਾ ਕਿ ਅਸੀਂ ਭਾਦੋਂ ਦੇ ਮਹੀਨੇ ਅੰਦਰ ਬੈਠ ਕੇ ਅਤਿ ਦਾ ਵੱਟ ਪਿਆ ਸੀ ਪਰ ਅਸੀਂ ਸਰੀਰ ਦੀ ਸੁਧ ਤੋਂ ਉਪਰ ਲੰਘ ਗਏ ਜਿਥੇ ਠੰਢ ਹੀ ਠੰਢ. ਸ਼ਾਂਤੀ ਹੀ ਸ਼ਾਂਤੀ, ਦੁੱਖ ਦਾ ਲੇਸ ਹੀ ਨਹੀਂ ਹੁੰਦਾ, ਭੁੱਖ ਤੇ ਊਂਘ ਖਤਮ ਹੋ ਜਾਂਦੀ ਹੈ ਜਿਵੇਂ ਕਿ ਫੁਰਮਾਨ ਹੈ -

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ।।***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ।।***

***ਪੰਨਾ - 1414***

ਕਈ ਦਿਨ ਅੰਦਰ ਬੈਠਿਆਂ ਲੰਘ ਗਏ, ਗਿਆਨੀ ਮੋਹਨ ਸਿੰਘ ਜੀ ਨੇ ਸੰਤ ਮਹਾਰਾਜ ਜੀ ਦੀ ਤਪਸਿਆ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਆਪ ਜੀ ਉਨ੍ਹਾਂ ਦੇ ਲਿਖੇ ਹੋਏ ਪਤਰੇ ਪੜ੍ਹ ਕੇ ਬਹੁਤ ਉਤਸ਼ਾਹਤ ਹੋਵੋਂਗੇ। ਆਪ ਲਿਖਦੇ ਹਨ-

## ਸੰਤ ਜੀ ਮਹਾਰਾਜ ਦੀ ਤਪਸਿਆ

ਜਿਵੇਂ ਸਕੂਲ ਦਾ ਮਾਸਟਰ ਛੋਟੀਆਂ ਕਲਾਸਾਂ ਨੂੰ ਪੜ੍ਹਾਉਣ ਸਮੇਂ ਉਹ ਪਹਿਲਾਂ ਆਪ ਅੱਗੇ-ਅੱਗੇ ਉਰਦੂ ਦੀ ਅਲਫ, ਬੇ; ਪੰਜਾਬੀ ਦੀ ਮੁਹਾਰਨੀ ਤੇ ਏਕੇ ਦੂਏ ਦੇ ਹਿੰਦਸੇ ਬੋਲਦਾ ਹੈ ਉਸਦੇ ਮਗਰ ਸਾਰੀ ਜਮਾਤ ਦੇ ਮੁੰਡੇ ਬੋਲਦੇ ਹਨ। ਇਸੇ ਤਰ੍ਹਾਂ ਜੋ ਸੰਸਾਰ ਦੇ ਭਲੇ ਵਾਸਤੇ ਪ੍ਰਮੇਸ਼ਰ ਵਲੋਂ ਬਖਸ਼ੀਆਂ ਰੂਹਾਂ ਆਉਂਦੀਆਂ ਹਨ ਉਨ੍ਹਾਂ ਨੂੰ ਰੱਬੀ ਕਾਰਕ ਜਾਂ ਨਿਤ ਅਵਤਾਰ ਕਰਕੇ ਮੰਨਿਆਂ ਹੈ, ਉਹ ਆਪ ਤਾਂ ਹਰ ਪ੍ਰਕਾਰ ਮੁਕਤ ਰੂਪ ਹਨ, ਉਨ੍ਹਾਂ ਵਾਸਤੇ ਕੁਝ ਕਰਣ ਕਰਾਉਣ ਵਾਲਾ ਸਾਧਨ ਬਾਕੀ ਨਹੀਂ ਰਹਿ ਜਾਂਦਾ ਪਰ ਜਗਿਆਸੂ ਜਨਾਂ ਦੇ ਭਲੇ ਵਾਸਤੇ ਟੁੱਟੀਆਂ ਸੁਰਤਾਂ ਨੂੰ ਨਿਰੰਕਾਰ ਵਿਚ ਜੋੜਨ ਲਈ ਫੌਜੀ ਉਸਤਾਦਾਂ ਵਾਂਗੂੰ ਪਹਿਲਾਂ ਸੇਵਾ ਤੇ ਸਿਮਰਨ ਦਾ ਨਮੂਨਾ ਦਸਣਾ ਪੈਂਦਾ ਹੈ। ਜਿਸ ਕਰਕੇ ਪ੍ਰਮਾਰਥ ਦੇ ਪੰਧਾਊ ਇਸ ਗੁਰਮੁਖ ਗਾਡੀ ਰਾਹ ਤੇ ਸੌਖੇ ਚਲ ਸਕਣ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਤਪਸਿਆ ਨੂੰ ਭਾਈ ਗੁਰਦਾਸ ਜੀ ਇਉਂ ਕਥਨ ਕਰਦੇ ਹਨ -

***ਰੇਤੁ ਅਕੁ ਅਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ।***
***ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ।***

***ਭਾਈ ਗੁਰਦਾਸ ਜੀ, ਵਾਰ 1/24***

ਇਸੇ ਤਰ੍ਹਾਂ ਤੀਸਰੇ ਪਾਤਸ਼ਾਹ ਜੀ ਮਹਾਰਾਜ ਨੇ ਰੌਂਗਟੇ ਖੜੇ ਕਰਨ ਵਾਲੀ 12 ਸਾਲ ਕਠਨ ਸੇਵਾ ਕੀਤੀ ਅਤੇ ਕਲਗੀਆਂ ਵਾਲੇ ਪਾਤਸ਼ਾਹ ਜੀ ਤਾਂ ਆਪਣੀ ਤਪਸਿਆ ਨੂੰ ਇਉਂ ਵਰਣਨ ਕਰਦੇ ਹਨ -

***ਇਹ ਬਿਧਿ ਕਰਤ ਤਪਸਿਆ ਭਯੋ।***
***ਦ੍ਵੈ ਤੇ ਏਕ ਰੂਪ ਹ੍ਵੈ ਗਯੋ॥***

ਇਸੇ ਤਰ੍ਹਾਂ ਗੁਰ-ਇਤਿਹਾਸ ਵਿਚ ਹੋਰ ਵੀ ਬੇਅੰਤ ਭਾਈ ਮੰਝ ਵਰਗੇ ਗੁਰਸਿਖਾਂ ਦੀ ਘਾਲਣਾ ਤੇ ਭਾਈ ਗੋਂਦੇ ਵਰਗੇ ਮਹਾਂਪੁਰਸ਼ਾਂ ਦੀਆਂ ਨਿਰਵਿਕਲਪ ਸਮਾਧੀਆਂ ਦਾ ਜ਼ਿਕਰ ਆਉਂਦਾ ਹੈ। ਉਨ੍ਹਾਂ ਗੁਰਮੁਖਾਂ ਵਾਂਗ ਸੰਤ ਜੀ ਮਹਾਰਾਜ ਨੇ ਬੜੀ ਭਾਰੀ ਕਠਨ ਘਾਲਣਾ ਘਾਲ ਕੇ ਇਕ ਤਪਸਿਆ ਦਾ ਨਮੂਨਾ ਦਰਸਾਇਆ। ਹਾੜ ਹੈ ਚਾਹੇ ਸਿਆਲ, ਰਾਤ ਦੇ ਸਾਢੇ 12 ਵਜੇ ਸਾਵਧਾਨ ਹੋ ਜਾਣਾ ਅਤੇ ਫੇਰ ਦੂਸਰੀ ਰਾਤ ਗਿਆਰਾਂ ਤੋਂ ਪਹਿਲਾਂ ਕਦੀ ਆਰਾਮ ਨਹੀਂ ਸੀ ਕੀਤਾ। ਫੇਰ ਹਰੇਕ ਮੌਸਮ ਵਿਚ ਸਕੇਸੀ ਇਸ਼ਨਾਨ ਕਰਨਾ। ਉਪਰੰਤ ਬਾਰਾਂ ਮਹੀਨੇ ਇਕੋ ਹੀ ਖੱਦਰ ਦੀ ਚਾਦਰ ਰਖਣੀ ਅਤੇ ਪਹੁ ਫੁਟਾਲੇ ਤਕ ਨਹਿਰ ਦੇ ਕੰਢੇ ਤੇ ਸ਼ਬਦ ਸੁਰਤ ਦਾ ਮੇਲ ਕਰਕੇ ਸਿਮਰਨ ਵਿਚ ਜੁੜੇ ਰਹਿਣਾ। ਕਈ ਕਈ ਦਿਨ ਸਿਆਲੇ ਦੀ ਰੁੱਤ ਵਿਚ ਆਲਸ ਤੋਂ ਬਚਣ ਵਾਸਤੇ ਨਹਿਰ ਦੇ ਕੱਕਰ ਵਰਗੇ ਠੰਢੇ ਪਾਣੀ ਵਿਚ ਖੜ੍ਹੋ ਕੇ ਦਿਨ ਚੜ੍ਹੇ ਤਕ ਪੰਜੀ-ਪੰਜੀ ਜਪੁਜੀ ਸਾਹਿਬ ਦੇ ਪਾਠ ਕਰਨੇ। ਫੇਰ ਅਸਥਾਨ ਤੇ ਪੁੱਜ ਕੇ ਗੁਰੂ ਦਰਬਾਰ ਵਿਚ ਹਾਜ਼ਰੀ ਦੇਣੀ। ਲੰਗਰ ਦੀ ਘੰਟੀ ਸਮੇਂ ਜਲ ਪਾਣੀ ਛਕ ਕੇ ਮੁੜ ਦਿਨ ਦੇ ਗਿਆਰਾਂ ਵਜੇ ਤਕ ਨਹਿਰ ਦੇ ਕੰਢੇ ਸਰਕੜੇ ਵਿਚ ਆ ਬੈਠਣਾ। ਲੰਗਰ ਦੀ ਪੰਗਤ ਸਮੇਂ ਵਾਪਸ ਜਾ ਕੇ ਇਕ ਛਟਾਂਕ ਆਟੇ ਦੇ ਸਿਰਫ ਦੋ ਫੁਲਕੇ ਜਾਂ ਪਤਲੀ ਜਿਹੀ ਇਕੱਲੀ ਮੂੰਗੀ ਦੀ ਦਾਲ, ਲੂਣ, ਮਿਰਚਾਂ ਬਗੈਰ ਫਿਕੀ ਸਬਜ਼ੀ ਛਕ ਕੇ ਦਿਨੇ ਕੇਵਲ ਇਕੋ ਘੰਟਾ ਆਰਾਮ ਕਰਨਾ। ਇਕ ਜਾਂ ਡੇਢ ਵਜੇ ਉਠ ਕੇ ਇਸ਼ਨਾਨ ਕਰਕੇ ਦੋ

ਵਜੇ ਨਹਿਰ ਦੇ ਕੰਢੇ ਜਾਂ ਰੇਤ ਦੇ ਟਿਬਿਆਂ ਵਲ ਨਿਕਲ ਜਾਣਾ ਜਿਥੇ ਇਕੋ ਆਸਨ ਤੇ ਘੰਟਿਆਂ ਬੱਧੀ ਬੈਠੇ ਰਹਿਣਾ। ਕਦੀ ਸਮਾਧੀ ਉਥਾਨ ਹੋਣੀ ਤਾਂ ਰਹਿਰਾਸ ਦੇ ਸਮੇਂ ਵਾਪਸ ਮੁੜ ਆਉਣਾ, ਨਹੀਂ ਤਾਂ ਇਕੋ ਆਸਨ ਤੇ ਬੈਠਿਆਂ ਅੰਮ੍ਰਿਤ ਵੇਲੇ ਦੋ ਵਜੇ ਦੀ ਘੰਟੀ ਲਗ ਜਾਣੀ ਉਸ ਸਮੇਂ ਇਕ ਵਾਰੀ ਉਠ ਕੇ ਇਸ਼ਨਾਨ ਕਰ ਆਉਣਾ ਅਤੇ ਫੇਰ ਉਸ ਜਗ੍ਹਾ ਸਿਮਰਨ ਵਿਚ ਜੁੜ ਬੈਠਣਾ। ਇਉਂ ਅੱਠਾਂ ਪਹਿਰਾਂ ਬਾਅਦ ਸੂਖਮ ਜਿਹਾ ਆਹਾਰ ਅੰਗੀਕਾਰ ਕਰਦੇ ਰਹੇ। ਹੌਲੀ-ਹੌਲੀ ਫੇਰ ਉਹ ਵੀ ਘਟਾ ਦਿਤਾ, ਕੇਵਲ ਜਲ ਪਾਣੀ ਦੇ ਆਸਰੇ ਹੀ ਕਈ ਕਈ ਦਿਨ ਲੰਘ ਜਾਂਦੇ। ਮੋਨ ਧਾਰਨ ਕਰਕੇ ਹਰ ਸਮੇਂ ਸਿਮਰਨ ਵਿਚ ਜੁਟੇ ਰਹਿਣਾ। ਦਿਮਾਗ ਦੀ ਗਰਮੀ ਖੁਸ਼ਕੀ ਨਾਲ ਜੇਕਰ ਰਾਤ ਨੂੰ ਨੀਂਦ ਨਾ ਪੈਣੀ ਤਾਂ ਗਿਆਰਾਂ ਵਜੇ ਹੀ ਉਠ ਕੇ ਸਕੇਸੀ ਇਸ਼ਨਾਨ ਕਰ ਨਹਿਰ ਦੇ ਕੰਡੇ ਜਾ ਬੈਠਣਾ। ਇਉਂ ਕਈ ਕਈ ਰਾਤਾਂ ਤੇ ਕਈ ਕਈ ਦਿਨ ਬਿਨਾਂ ਆਰਾਮ ਕੀਤਿਆਂ ਹੀ ਬੀਤ ਜਾਂਦੇ। ਬਚਨ ਬਿਲਾਸ ਕਿਸੇ ਨਾਲ ਉਕਾ ਹੀ ਨਹੀਂ ਸੀ ਕਰਦੇ। ਜਿਉਂ-ਜਿਉਂ ਕਠਨ ਤਤਿਕਿਸ਼ਾ ਦੇ ਕਾਰਣ ਸਰੀਰ ਕ੍ਰਿਸ ਹੁੰਦਾ ਜਾਂਦਾ ਤਿਉਂ-ਤਿਉਂ ਮਨ ਦੀ ਸ਼ਾਂਤੀ, ਚਿਤ ਦੀ ਇਕਾਗਰਤਾ ਅਤੇ ਆਤਮਕ ਅਨੰਦ ਉਨਤੀ ਤੇ ਪੁਜਦਾ ਜਿਵੇਂ ਚੰਦਨ ਦੇ ਉਦਾਲੇ ਸਰਪ ਵੇੜਤ ਹੁੰਦੇ ਹਨ। ਉਸ ਸ਼ਾਂਤ ਰਸ ਨੂੰ ਮਾਨਣ ਲਈ ਮਨੁੱਖ ਦੇ ਮਾਰੂ ਦੁਸ਼ਮਨ ਤਾਮਸੀ ਸੁਭਾਅ ਵਾਲੇ ਜਾਨਵਰ ਵੀ ਰਾਤ ਨੂੰ ਗੁਫਾ ਦੇ ਉਦਾਲੇ ਪ੍ਰਕਰਮਾ ਕਰਦੇ ਦੇਖੀਦੇ ਪਰ ਬ੍ਰਿਹੋਂ ਪੀੜਾ ਦੀ ਚੋਟ ਨੂੰ ਨਾ ਜਾਨਣ ਵਾਲੇ ਲੋਕੀਂ ਐਸੇ ਮਹਾਂਪੁਰਸ਼ਾਂ ਦੀ ਜਵਾਨ ਉਮਰ ਉਤੇ ਤਰਕਾਂ ਕਰਨ ਲਗ ਪਏ ਸੀ। ਕਈ ਤਰਕ ਵਾਦੀਆਂ ਨੇ ਸਾਰੀ ਸਾਰੀ ਰਾਤ ਪਹਿਰਾ ਕਟਿਆ ਕਿ ਇਹ ਕਿਸੇ ਵੇਲੇ ਸੌਂਦੇ ਹੋਣਗੇ ਪਰ ਕੁਝ ਕੁ ਦਿਨਾਂ ਤੋਂ ਬਾਅਦ ਐਸੇ ਵਿਰੋਧੀ ਖੁਦ ਅੱਕ ਥੱਕ ਜਾਂਦੇ ਰਹੇ। ਪਰ ਰਾਤ ਦੇ ਸਮੇਂ ਸੰਤ ਜੀ ਮਹਾਰਾਜ ਨੂੰ ਸਦਾ ਤੁਰਦੇ ਫਿਰਦੇ ਜਾਂ ਸਿਮਰਨ ਵਿਚ ਬੈਠੇ ਹੀ ਦੇਖਿਆ। ਕਦੀ ਕੰਡ ਪਰਨੇ ਲੇਟੇ ਜਾਂ ਸੁਤੇ ਨਹੀਂ ਸੀ ਦੇਖੇ ਜਾਂਦੇ। ਜਦੋਂ ਕੀਰਤਨ ਕਰਨਾ ਤਾਂ ਸ਼ਬਦ ਪੜ੍ਹਨੇ ਮਾਰਕੰਡੇ ਦੀ ਤਪਸਿਆ ਦੇ (ਮਾਰਕੰਡੇ ਨੇ ਤਪਸਿਆ ਕੀਤੀ ਛਪਰੀ ਨੂੰ ਸੀਸ ਰਖਕੇ) ਜਾਂ ਫਰੀਦ ਦੀ ਤਤਿਖਸ਼ਾ ਦੇ।

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***
***ਪੰਨਾ - 1382***

ਸਖਤ ਤਪਸਿਆ ਵਾਲੇ ਮਹਾਤਮਾ, ਦ੍ਰਿੜ੍ਹ ਲਗਨ ਵਾਲੇ ਧ੍ਰੂ ਅਤੇ ਪ੍ਰਹਿਲਾਦ, ਨਾਮਦੇਵ ਜੀ, ਕਬੀਰ ਜੀ ਦੀ ਬੇਪ੍ਰਵਾਹੀ ਆਪਣੇ ਧੇਅ ਬਣਾਏ ਹੋਏ ਸਨ। ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਰਜ਼ਾ ਵਿਚ ਇਕ ਸੁਰ ਰਹਿਣ ਦੀ ਘਾਲਣਾ, ਗੁਰੂ ਅਮਰਦਾਸ ਜੀ ਮਹਾਰਾਜ ਦੀ ਅਖੰਡ ਅਣਥੱਕ ਸੇਵਾ ਨੂੰ ਆਪਣਾ ਧੇਅ ਬਣਾਇਆ ਹੋਇਆ ਸੀ। ਕੀਰਤਨ ਸਾਰੀ ਰਾਤ ਖੜ੍ਹੇ ਹੋ ਕੇ ਕਰਨਾ, ਲਾਈਟਾਂ ਬੁਝਾ ਦੇਣੀਆਂ। ਬੈਰਾਗ ਦੇ ਸ਼ਬਦ ਬਿਰਹੋਂ ਕੁੱਠੇ ਪ੍ਰਸੰਗ ਸੰਗਤਾਂ ਨੂੰ ਸੁਨਾਉਣੇ ਅਤੇ ਹੰਝੂਆਂ ਦੀ ਝੜੀ ਇਤਨੀ ਲਗਣੀ ਕਈ ਵਾਰੀ ਹੰਝੂ ਸਰੀਰ ਤੋਂ ਤਿਲਕਦੇ ਤਿਲਕਦੇ ਚਰਨਾਂ ਤੇ ਗਿਰਦੇ ਰਹਿੰਦੇ ਅਤੇ ਘੰਟਿਆਂ ਬਧੀ ਬ੍ਰਿਹੋਂ ਦੇ ਵਹਿਣਾਂ ਵਿਚੋਂ ਨਾ ਨਿਕਲਣਾ। ਜਦੋਂ ਬਿਰਹੋਂ ਦਾ ਵੇਗ ਵਧ ਜਾਣਾ ਤਾਂ ਫਿਰ ਪੜ੍ਹਨਾ -

***ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦਾ।***

***ਲਾਗੀ ਹੋਇ ਸੁ ਜਾਨੈ ਪੀਰ॥***
***ਰਾਮ ਭਗਤਿ ਅਨੀਆਲੇ ਤੀਰ॥ ਪੰਨਾ - 327***

ਪਪੀਹੇ ਨਾਲ ਗੱਲਾਂ ਕਰਨੀਆਂ ਆਖਣਾ ਪਪੀਹੇ! ਆਪਾਂ ਦੋਵੇਂ ਇਕੋ ਜਿਹੇ ਦਰਦ ਦੇ ਸ਼ਿਕਾਰ ਹੋਏ ਹਾਂ। ਤੂੰ ਬੂੰਦ ਲਈ ਤਰਸਦਾ ਹੈਂ ਮੈਂ ਆਪਣੇ ਪ੍ਰੀਤਮ ਦੇ ਦਰਸ਼ਨਾਂ ਨੂੰ ਲੋਚਦਾ ਹਾਂ। ਰਿਧੀਆਂ ਸਿਧੀਆਂ ਅਦ੍ਰਿਸ਼ ਵਿਚੋਂ ਬੇਨਤੀਆਂ ਕਰਨ ਅਤੇ ਅਵਾਜ਼ਾਂ ਦੇਣ ਸਾਨੂੰ ਅੰਗੀਕਾਰ ਕਰੋ ਤਾਂ ਮੈਂ ਹਜ਼ਾਰਾਂ ਮੀਲਾਂ ਦੀ ਦਿਬਜ ਦ੍ਰਿਸ਼ਟੀ ਦਿੰਦੀ ਹਾਂ। ਕੋਈ ਕਹੇ ਮੈਂ ਪ੍ਰੇਰਨਾ ਸ਼ਕਤੀ ਹਾਂ ਮੈਨੂੰ ਅੰਗੀਕਾਰ ਕਰੋ, ਮੈਂ ਰਾਜੇ ਮਹਾਰਾਜੇ ਚਰਨ ਸੇਵਕ ਬਣਾ ਦੇਵਾਂਗੀ। ਕੋਈ ਕਹੇ, ਮੈਂ ਅੰਤਰਯਾਤਮਤਾ ਹਾਂ, ਮੈਨੂੰ ਅੰਗੀਕਾਰ ਕਰੋ, ਤੁਹਾਡਾ ਯਸ਼ ਫੈਲੇਗਾ। ਮਹਾਂਪੁਰਸ਼ਾਂ ਨੇ ਅਵਰੇ ਸਾਦਾ ਵਲ ਨਿਗਾ ਕਰਕੇ ਭੀ ਨਾ ਤੱਕਿਆ -

***ਰਿਧਿ ਸਿਧਿ ਅਵਰਾ ਸਾਦ॥***

ਅੰਤ ਰਿਧੀਆਂ ਸਿੱਧੀਆਂ ਦਾਸੀਆਂ ਦਾ ਰੂਪ ਧਾਰਨ ਕਰਕੇ ਚਰਨੀ ਆ ਲੱਗੀਆਂ। ਨਾਮ ਦੇ ਬਲ ਕਰਕੇ ਸੁੱਤੇ ਸਿਧ ਸਫਰਨ ਹੋ ਗਈਆਂ। ਪਿਛੇ ਲੱਗੀਆਂ ਫਿਰਨ। ਬੇਨਤੀ ਕਰਨ ਕਿ ਅਸਾਂ ਨੂੰ ਪਰਉਪਕਾਰ ਹਿਤ ਵਰਤ ਕੇ ਸਫਲੀਆਂ ਕਰੋ। ਸਹੰਸਰਾਰ ਦਲ (ਜਿਥੇ ਸਿੱਧੀਆਂ ਨਿਵਾਸ ਰਖਦੀਆਂ ਹਨ) ਦੀਆਂ ਇਕ ਹਜ਼ਾਰ ਅਤੇ ਅਤੀ ਆਕਰਸ਼ਕ ਪੰਖੜੀਆਂ ਨੂੰ ਪਿਆਰ ਦੇ ਵਾਹਨ ਤੇ ਸਵਾਰ ਹੋ ਕੇ ਟੱਪ ਗਏ। ਤ੍ਰਿਕੁਟੀ ਬੇਧ ਲਈ ਅਤੇ ਦਸਵੇਂ ਦੁਆਰ ਦੀ ਘਾਟੀ ਨੂੰ ਬਿਰਤੀ ਪਾਰ ਕਰਕੇ ਧਰਮ ਖੰਡ, ਗਿਆਨ ਖੰਡ ਦੀਆਂ ਬ੍ਰਹਿਮੰਡੀ ਸੂਖਸ਼ਮ ਮੰਡਲਾਂ ਨੂੰ ਪਾਰ ਕਰਕੇ ਸੁੰਦਰਤਾ ਦੇ ਮੰਡਲ ਵਿਚ ਜਿਥੇ ਸੁੰਦਰਤਾ ਹੀ ਪ੍ਰਧਾਨ ਹੈ ਅਤੇ ਜਿਥੇ ਮਨ, ਚਿਤ, ਬੁੱਧ, ਸਿਧ ਅਤੇ ਸੁਧ ਵਰਗੇ ਨੇਤਰਾਂ ਦੀ ਘਾੜਤ ਘੜੀ ਜਾਂਦੀ ਹੈ ਨੂੰ ਪਾਰ ਕਰਕੇ ਸਚਖੰਡ ਦੇ ਦਰਵਾਜ਼ੇ ਪੁੱਜ ਕੇ ਬਖਸ਼ਿਸ਼ ਅਤੇ ਨਦਰ ਨਿਹਾਲ ਦੇ ਮੰਡਲ ਤੇ ਜਾ ਪਹੁੰਚੇ।

ਇਥੇ ਗੁਰੂ ਕਲਗੀਧਰ ਸਹਿਤ ਸਮੂੰਹ ਮੁਕਤ ਪ੍ਰਵਾਨ ਆਤਮਾਵਾਂ ਦੀ ਸਹਾਇਤਾ ਨਾਲ ਅਕਾਲ ਪੁਰਖ ਦੇ ਦਰ ਦੀ ਨਦਰ ਪ੍ਰਾਪਤ ਕੀਤੀ ਅਤੇ ਵੱਡੇ ਭਾਗਾਂ ਕਰਕੇ ਹਰੀ ਨਾਲ ਬਣ ਆਈ। -

***ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿ ਆਈ।***

ਸੱਚ ਖੰਡੀ ਮੰਡਲ ਦਾ ਦਰਵਾਜਾ ਖੁੱਲ੍ਹ ਗਿਆ, ਅਨੇਕ ਲੋਆਂ ਤੇ ਪਹੁੰਚੀਆਂ ਆਤਮਾਵਾਂ ਨਾਲ ਜੋ ਪਰਸਪਰ ਪਿਆਰ ਦੀਆਂ ਸਾਂਝੀਆਂ ਤਨਾਵਾਂ ਪਾਈਆਂ ਓਹਨਾਂ ਨੂੰ ਕਹਿਣਾ ਅਕਥਨੀਯ ਹੈ। ਵਾਹਿਗੁਰੂ ਜੀ ਦੀ ਮੇਹਰ ਹੋਈ ਅਤੇ ਅਤੇ ਅਗੰਮ ਅਗੋਚਰ ਮੰਡਲ ਦੇ ਵਾਸੀ ਬਣਾ ਲਿਆ। ਅਤੇ ਤੂੰਹੀ ਤੂੰਹੀ ਦਾ ਨਾਦ ਸੁਣਦੇ ਉਸ ਵਿਚ ਹੀ ਘੁਲ ਮਿਲ ਗਏ। ਨਿਰਾਕਾਰ ਵਿਚ ਸਦੀਵੀ ਜ਼ਿੰਦਗੀ, ਸੁੰਨ ਮਹਾ ਸੁੰਨ ਇਹ ਮਨ ਬੁੱਧੀ ਦੀ ਪਕੜ ਅਤੇ ਅਕਥ ਰਹਿਤ ਅਵਸਥਾਵਾਂ ਜੋ ਪਰਮਸਤ ਦੀਆਂ ਅਵਸਥਾ ਹਨ ਜਿਸਨੂੰ ਉਹੋ ਜਾਣਦਾ ਹੈ ਜਿਸਨੇ ਮਾਣੀਆਂ ਹਨ। ਸੰਤ ਮਹਾਰਾਜ ਜੀ ਤੇ ਬਖਸ਼ਿਸ਼ਾਂ ਹੋਈਆਂ ਪੂਰੇ ਨੌਂ ਸਾਲ ਮੰਜੇ ਤੇ ਨਹੀਂ ਬਿਰਾਜੇ, ਸਫ ਉਪਰ ਬਿਰਾਜਦੇ, ਪਲੰਘ ਵਿਛੇ ਵਿਛਾਏ ਰਹਿ ਜਾਂਦੇ, ਇਕ ਖਦਰ ਦੀ ਚਾਦਰ ਵਿਚ ਨਿਰਬਾਹ ਕੀਤਾ। ਸਰੀਰ ਸੁੱਕ ਗਿਆ। ਖੂਨ ਦਾ ਭੰਡਾਰ ਆਖਰੀ ਦਮਾ ਤੇ ਪੁੱਜ ਗਿਆ। ਮਹਾਂਪੁਰਸ਼ਾਂ ਨੂੰ ਸਰੀਰ ਦੀ ਲੋੜ ਨਹੀਂ ਸੀ ਪਰ ਉਚੇ ਦਰ ਨੇ ਗੁਰੂ ਨਾਨਕ ਦੇ ਦਰ ਦਾ ਢਾਡੀ ਥਾਪ ਕੇ ਸੰਸਾਰ ਦੇ ਤਪਦਿਆਂ ਹਿਰਦਿਆਂ ਨੂੰ ਸ਼ਾਂਤੀ

ਦੇਣ ਲਈ ਭੜਕਦੀਆਂ ਜਗਿਆਸੂ ਰੂਹਾਂ ਨੂੰ ਸੇਧ ਦੇਣ ਲਈ ਤਾਂਘ ਦੇ ਰਸੀਆਂ ਨੂੰ ਜੀਅ ਦਾਨ ਦੀ ਸ਼ਕਤੀ ਦੇ ਕੇ ਉਚੀਆਂ ਮੰਜ਼ਲਾਂ ਦੇ ਪਾਂਧੀ ਬਨਾਉਣ ਲਈ ਅਜ਼ਲੀ ਅਕਾਲੀ ਆਦੇਸ ਅਨੁਸਾਰ ਸਰੀਰ ਨੂੰ ਸੰਸਾਰ ਸੇਵਾ ਵਿਚ ਲਾਉਣ ਲਈ ਸੰਕੇਤ ਕੀਤਾ ਅਤੇ ਘੋਰ ਤਪਸਿਆ ਭਰੀ ਭਗਤੀ ਨੂੰ ਪ੍ਰਵਾਨ ਕਰ ਲਿਆ।

ਸੰਤ ਕਿਸ਼ਨ ਸਿੰਘ ਜੀ ਮਹਾਰਾਜ ਭੀ ਆਪਣੇ ਭਰਾ ਜੀ ਦੇ ਨਾਲ ਹੀ ਇਹ ਬਿਖਮ ਪੰਧ ਸੇਵਾ ਸਿਮਰਨ ਦੇ ਉਡਣ ਖਟੋਲੇ ਤੇ ਉਡਾਰੀਆਂ ਲਾ ਕੇ ਮੁਕਾਉਂਦੇ ਰਹੇ। ਦੋਹਾਂ ਆਤਮਾਵਾਂ ਤੇ ਬਖਸ਼ਿਸ਼ ਹੋ ਗਈ ਅਤੇ ਭਾਰੀ ਤਪਸਿਆ ਸਹਿਜ ਮਾਰਗੀ ਹੋ ਕੇ ਜੀਵਨ ਨਾਦ ਬਣ ਗਈ। ਜਿਸ ਨੇ ਭਵਿਖਤ ਵਿਚ ਸੇਵਾ ਸਿਮਰਨ ਦਾ ਮਾਰਗ ਉਲੀਕਿਆ। ਆਪ ਨਮੂਨਾ ਦੇ ਕੇ ਸਮੁੱਚੀ ਮਾਨਵਤਾ ਨੂੰ ਇਨ੍ਹਾਂ ਪੂਰਨਿਆਂ ਉਪਰ ਚਲਣ ਦੀ ਪ੍ਰੇਰਨਾ ਦਿਤੀ, ਇਹ ਸੀ ਸੰਖੇਪ ਜਿਹਾ ਯਤਨ, ਮਹਾਨ ਆਤਮਾਵਾਂ ਦੀਆਂ ਤਪਸਿਆ ਦੀਆਂ ਝਾਕੀਆਂ ਨੂੰ ਅੱਖਰਾਂ ਵਿਚ ਉਲੀਕਣ ਦੀ ਇਕ ਅਪੂਰਨ ਕੋਸ਼ਿਸ਼।

ਮਹਾਰਾਜ ਦੀ ਹਜ਼ੂਰੀ ਵਿਚ ਰਹਿਣ ਵਾਲੇ ਸੇਵਾਦਾਰ ਸੱਜਣ ਦਸਦੇ ਹਨ ਕਿ ਕਈ ਵਾਰ ਹਨ੍ਹੇਰੀ ਰਾਤ ਵਿਚ ਜੇ ਕਿਸੇ ਪਹਿਰੇ ਵਾਲੇ ਪ੍ਰੇਮੀ ਨੇ ਹਜ਼ੂਰ ਦੇ (ਭੋਰੇ) ਗੁਫਾ ਵਲ ਜਾਣਾ ਤਾਂ ਉਚੇ ਫਣ ਵਾਲਾ ਜ਼ਹਿਰੀਲਾ ਨਾਗ ਅੱਗੇ ਨਿਰਤਕਾਰੀ ਕਰਦਾ ਨਜ਼ਰ ਆਉਣਾ ਜਿਸਨੂੰ ਦੇਖ ਕੇ ਉਹ ਭੈ ਭੀਤ ਹੋਇਆ ਪਿਛੇ ਮੁੜ ਆਉਂਦਾ ਅਤੇ ਹੋਰ ਸੱਜਣਾਂ ਨੂੰ ਜਗਾ ਕੇ ਜਦੋਂ ਲਾਇਟ ਨਾਲ ਦੇਖਦੇ ਤਾਂ ਨਾਗ ਦੇਵਤਾ ਕਿਸੇ ਢੱਕ ਦੇ ਮੁਢ ਨੀਚੇ ਛਪਨ ਹੋ ਜਾਂਦਾ ਜੋ ਫੇਰ ਖੋਜਿਆਂ ਵੀ ਨਹੀਂ ਸੀ ਲੱਭਦਾ। ਇਹੋ ਜਿਹੇ ਹੋਰ ਵੀ ਬੇਅੰਤ ਦ੍ਰਿਸ਼ ਦੇਖਣ ਵਿਚ ਆਉਂਦੇ।

ਜਿਨ੍ਹਾਂ ਸਮਿਆਂ ਵਿਚ ਸੰਤ ਮਹਾਰਾਜ ਜੀ ਮਹਾਨ ਘਾਲਣਾ ਘਾਲ ਰਹੇ ਸਨ ਉਸ ਸਮੇਂ ਬੜੇ ਨਾਮੀ ਜੀਵਨ ਵਾਲੇ ਸੰਸਾਰ ਮੰਚ ਉਤੇ ਹੁਣੇ ਹੁਣੇ ਹੀ ਹੋ ਚੁਕੇ ਸਨ ਜਾਂ ਵਿਚਰ ਰਹੇ ਸਨ। ਜਿਵੇਂ ਸ੍ਰੀ 108 ਸੰਤ ਬਾਬਾ ਖੇਮ ਸਿੰਘ ਜੀ ਬੇਦੀ ਇਨ੍ਹਾਂ ਨੇ ਇਸਤ੍ਰੀ ਵਿਦਿਆ ਤੇ ਗਿਆਨੀ ਗਿਆਨ ਸਿੰਘ ਜੀ ਪਟਿਆਲੇ ਵਾਲੇ ਉਨ੍ਹਾਂ ਨੇ ਸਿੱਖ ਇਤਿਹਾਸ ਦੂਰ-ਦੂਰ ਜਾ ਕੇ ਖੋਜ ਕੇ ਲਿਖੇ। ਉਸੇ ਵੇਲੇ ਬਾਬਾ ਸੁਮੇਰ ਸਿੰਘ ਜੀ ਪਟਨੇ ਵਾਲੇ ਪ੍ਰਸਿੱਧ ਕਵੀ ਹੋ ਚੁੱਕੇ ਸਨ, ਉਹ ਵਿਦਵਾਨ ਵੀ ਸਨ ਅਤੇ ਉਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਵੀ ਲਿਖੀਆਂ। ਚੀਫ ਖਾਲਸਾ ਦੀਵਾਨ ਵੀ ਪੂਰੇ ਜ਼ੋਰ ਤੇ ਸੀ ਜਿਸ ਨੇ ਵਿਦਿਆਕ ਕਾਨਫਰੰਸਾਂ ਕਰਨ ਦਾ ਕੰਮ ਚਾਲੂ ਕੀਤਾ। ਬਹੁਤ ਸਾਰੇ ਨਵੇਂ ਅਖਬਾਰ ਚਾਲੂ ਹੋਏ, ਪੁਸਤਕਾਂ ਲਿਖੀਆਂ ਜਾਣ ਲੱਗੀਆਂ, ਜਿਨ੍ਹਾਂ ਵਿਚੋਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਲਿਖਤ ਬਹੁਤ ਉਚੀ ਸੀ ਉਨ੍ਹਾਂ ਨੇ ਗੁਰੂ ਨਾਨਕ ਚਮਤਕਾਰ, ਦਸ਼ਮੇਸ ਚਮਤਕਾਰ, ਰਾਣਾ ਸੂਰਤ ਸਿੰਘ ਅਤੇ ਭਾਈ ਬਿਜੈ ਸਿੰਘ ਤੇ ਬੀਬੀ ਸੁੰਦਰੀ ਵਰਗੀਆਂ ਪੁਸਤਕਾਂ ਐਨੇ ਪ੍ਰਭਾਵ ਵਾਲੀਆਂ ਲਿਖੀਆਂ ਕਿ ਇਨ੍ਹਾਂ ਨੂੰ ਪੜ੍ਹ ਕੇ ਸ਼ੁਧ ਜੀਵਨ ਦੀ ਗਿਆਤ ਹੁੰਦੀ ਸੀ ਅਤੇ ਮਨ ਨਾਮ ਨਾਲ ਜੁੜ ਜਾਇਆ ਕਰਦਾ ਸੀ। ਅੰਮ੍ਰਿਤਸਰ ਅਤੇ ਲਾਹੌਰ ਤੋਂ ਬਹੁਤ ਸਾਰੇ ਅਖਬਾਰ ਨਿਕਲਣੇ ਸ਼ੁਰੂ ਹੋ ਗਏ। ਆਮ ਲੋਕ ਪੰਜਾਬੀ ਵੀ ਘੱਟ ਪੜ੍ਹੇ ਹੋਏ ਸੀ ਕਿਉਂਕਿ ਸਕੂਲਾਂ ਵਿਚ ਇਹ ਪੜ੍ਹਾਈ ਨਹੀਂ ਸੀ ਜਾਂਦੀ। ਲੋਕ ਉਰਦੂ ਅਖਬਾਰ ਪੜ੍ਹਨਾ ਸੁਖਾਲਾ ਸਮਝਦੇ ਸੀ। ਪੰਜਾਬੀ ਦੇ ਅਖਬਾਰ ਨੂੰ ਕੋਈ ਮਹਾਨਤਾ ਨਹੀਂ ਸੀ ਦਿੰਦਾ। ਉਨ੍ਹਾਂ ਹੀ ਦਿਨ੍ਹਾਂ ਵਿਚ ਭਸੌੜ ਤੋਂ ਬਾਬੂ ਤੇਜਾ ਸਿੰਘ ਜੀ ਜੋ ਓਵਰਸੀਅਰ ਤੋਂ ਐਸ.ਡੀ.ਓ. ਸਨ, ਭਸੌੜ ਵਿਚ ਉਹ ਪੰਚ ਖਾਲਸਾ ਦੀਵਾਨ ਦੇ ਰੂਪ ਵਿਚ ਪ੍ਰਸਿੱਧ ਹੋਏ। ਇਨ੍ਹਾਂ ਨਾਲ ਬਹੁਤ ਸਾਰੇ ਪ੍ਰੇਮੀ ਰਲ ਗਏ ਕਿਉਂਕਿ ਇਨ੍ਹਾਂ ਵਿਚ ਆਰੀਆ ਸਮਾਜੀਆਂ ਵਰਗੀ ਕਟੜਤਾ ਸੀ ਇਹ ਨਵੀਆਂ ਰੀਤਾਂ ਤੋਰਨ ਦੇ ਇਛੁੱਕ ਸਨ। ਸਾਧੂ ਸੰਤਾਂ ਦੀ ਨਿੰਦਾ ਕਰਨਾ ਆਪਣਾ ਧਰਮ ਹੀ ਸਮਝਦੇ ਸਨ। ਪੰਡਤ ਕਰਤਾਰ ਸਿੰਘ ਦਾਖਾ ਪ੍ਰਸਿੱਧ ਵਿਦਵਾਨ ਸਨ ਜੋ ਮਹਾਨ ਆਦਰ ਦੇ ਪਾਤਰ ਸਨ।

ਸੰਤ ਮਹਾਰਾਜ ਜੀ ਦੀ ਮਹਿਮਾ ਦੂਰ ਤਕ ਫੈਲ ਗਈ ਸੀ। ਪਿੰਡਾਂ ਵਿਚ ਸੰਤ ਮਹਾਰਾਜ ਜੀ ਦੇ ਜੀਵਨ ਤੋਂ ਪ੍ਰੇਰਿਤ ਹੋਏ ਹੋਏ ਜਗਿਆਸੂ ਅੰਮ੍ਰਿਤ ਵੇਲੇ ਉਠ ਕੇ ਖੂਹਾਂ ਤੋਂ ਪਾਣੀ ਕੱਢ ਕੇ ਇਸ਼ਨਾਨ ਕਰਿਆ ਕਰਦੇ ਸਨ ਅਤੇ ਸੰਗਤਾਂ ਸ਼ਾਮ ਨੂੰ ਹਰ ਰੋਜ਼ ਕਥਾ ਕੀਰਤਨ ਦੇ ਸਮੇਂ ਆ ਕੇ ਹਾਜ਼ਰੀ ਭਰਦੀਆਂ ਸਨ। ਕਟਾਰੀ ਤੇ ਘਨਗਸਾਂ ਵਿਚ ਬਹੁਤ ਪ੍ਰੇਮ ਫੈਲਿਆ ਹੋਇਆ ਸੀ।

1930 ਈਸਵੀ ਵਿਚ ਮੇਜਰ ਪੂਰਨ ਸਿੰਘ ਜੋ ਉਸ ਸਮੇਂ ਭਰ ਜਵਾਨੀ ਵਿਚ ਸਨ। ਮਹਾਰਾਜ ਜੀ ਦੇ ਨਾਲ ਹੀ ਪੜ੍ਹਿਆ ਕਰਦੇ ਸਨ। ਇਨ੍ਹਾਂ ਦੇ ਪਰਿਵਾਰ ਵਿਚ ਬੀਬੀ ਬੇਅੰਤ ਕੌਰ ਦਾ 1930 ਬਸੰਤ ਪੰਚਮੀ ਨੂੰ ਅਨੰਦ ਕਾਰਜ ਰੱਖਿਆ ਹੋਇਆ ਸੀ। ਬਰਾਤ ਦਾਖੇ ਤੋਂ ਆਉਣੀ ਸੀ। ਉਸ ਬਰਾਤ ਨਾਲ ਪੰਥ ਦੇ ਪ੍ਰਸਿੱਧ ਵਿਦਵਾਨ ਪੰਡਤ ਕਰਤਾਰ ਸਿੰਘ ਦਾਖਾ ਵੀ ਘਨਗਸਾਂ ਪਹੁੰਚ ਗਏ। ਉਥੇ ਗੱਲਬਾਤ ਵਿਚ ਸੰਤ ਮਹਾਰਾਜ ਜੀ ਦੀ ਮਹਿਮਾ ਸੁਣੀ। ਵਿਦਵਾਨ ਸਨ ਇਸ ਕਰਕੇ ਖਿਆਲ ਹੋਇਆ ਕਿ ਇਸ ਛੋਟੀ ਉਮਰ ਦੇ ਤਪਸਵੀ ਨੂੰ ਦੇਖਣਾ ਚਾਹੀਦਾ ਹੈ।

ਪੰਜ ਸੱਤ ਸਰੀਰ ਨਾਲ ਲੈ ਕੇ ਸਵੇਰੇ ਸੂਰਜ ਚੜ੍ਹਦੇ ਹੀ ਢੱਕੀ ਵਿਚ ਆ ਗਏ। ਉਸ ਸਮੇਂ ਸੰਤ ਮਹਾਰਾਜ ਜੀ ਆਪਣੇ ਸਾਥੀਆਂ ਸਮੇਤ ਨਹਿਰ ਦੇ ਕੰਢੇ ਰਾੜੇ ਵਾਲੇ ਪਾਸੇ ਟਿੱਬੇ ਦੀ ਢਾਲ ਤੇ ਢੱਕਾਂ ਓਹਲੇ ਰੱਬੀ ਲਿਵ ਜੋੜੀ ਸਮਾਧਿਸ਼ਟ ਸਨ। ਉਸ ਸਮੇਂ ਬਾਬਾ ਨਾਹਰ ਸਿੰਘ ਜੀ ਭੂਟੇ ਵਾਲੇ ਮਹਾਰਾਜ ਜੀ ਦੇ ਗੜਵਈ ਸਨ। ਪੰਡਤ ਜੀ ਨੇ ਦਰਸ਼ਨਾਂ ਵਾਸਤੇ ਪੁਛਿਆ ਉਨ੍ਹਾਂ ਨੇ ਕਿਹਾ ਕਿ ਅਜੇ ਸੰਤ ਮਹਾਰਾਜ ਜੀ ਸਮਾਧੀ ਸਥਿਤ ਹਨ ਸਾਨੂੰ ਹੁਕਮ ਨਹੀਂ ਕਿ ਉਨ੍ਹਾਂ ਨੂੰ ਬੁਲਾਇਆ ਜਾਵੇ। ਜਦੋਂ ਆਪ ਸਮਾਧੀ ਤੋਂ ਉਥਾਨ ਹੋਣਗੇ ਫੇਰ ਹੀ ਅਸੀਂ ਜਾਂਦੇ ਹਾਂ, ਤੁਸੀਂ ਥੋੜ੍ਹੀ ਦੇਰ ਇੰਤਜ਼ਾਰ ਕਰੋ। ਅੱਧੇ ਘੰਟੇ ਬਾਦ ਸੰਤ ਮਹਾਰਾਜ ਜੀ ਸਾਵਧਾਨ ਹੋਏ ਅਤੇ ਬਾਬਾ ਨਾਹਰ ਸਿੰਘ ਜੀ ਨੇ ਦਸਿਆ ਕਿ ਪੰਡਤ ਜੀ ਦਰਸ਼ਨ ਕਰਨਾ ਚਾਹੁੰਦੇ ਹਨ। ਮਹਾਰਾਜ ਜੀ ਨੇ ਹੁਕਮ ਦੇ ਦਿਤਾ। ਉਸ ਵੇਲੇ ਪੰਡਤ ਜੀ ਨੇ ਆਪਣੇ ਸਾਥੀਆਂ ਸਮੇਤ ਸ਼ਰਧਾ ਭਾਵਨਾ ਨਾਲ ਮਹਾਰਾਜ ਜੀ ਨੂੰ ਨਮਸ਼ਕਾਰ ਕੀਤੀ। ਇਕ ਦੋ ਪ੍ਰੇਮੀਆਂ ਨੇ ਅਰਜ਼ ਕੀਤੀ ਕਿ ਮਹਾਰਾਜ! ਇਹ ਸੰਸਕ੍ਰਿਤ ਦੇ ਮਹਾਨ ਵਿਦਵਾਨ ਪੰਡਤ ਹਨ। ਉਸ ਵੇਲੇ ਆਪ ਨੇ ਇਹ ਤੁਕ ਕਹੀ -

***ਪੜ੍ਹਿਆ ਪੰਡਤ ਆਪ ਥੀਆ॥***

ਕਹਿੰਦੇ ਬੜੀ ਚੰਗੀ ਗੱਲ ਹੈ। ਜੇ ਵਿਦਿਆ ਪੜ੍ਹ ਕੇ ਜੀਵਨ ਲਕਸ਼ ਦੀ ਸੋਝੀ ਹੋ ਜਾਵੇ ਤਾਂ ਜੀਵਨ ਸਫਲਾ ਹੋ ਜਾਂਦਾ ਹੈ। ਪਰ ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਹੈ -

***ਸੋ ਪੰਡਤ ਜੋ ਤਿਹਾਂ ਗੁਣ ਕੀ ਪੰਡ ਉਤਾਰੈ॥***

***ਪੰਨਾ - 1261***

ਪੰਡਤ ਜੀ ਨੇ ਕਿਹਾ ਕਿ ਮਹਾਰਾਜ ਜੀ! ਅਸੀਂ ਤਾਂ ਪੜ੍ਹੇ ਹੋਏ ਹੀ ਹਾਂ, ਜੋ ਪੜ੍ਹਿਆ ਹੈ ਉਹ ਬੁਝ ਨਹੀਂ ਸਕੇ। ਮਹਾਰਾਜ ਜੀ ਨੇ ਕਿਹਾ, "ਪੜ੍ਹਨ ਨਾਲ ਮਨੁੱਖ ਨੂੰ ਦੁਨਿਆਵੀ ਕਾਰਜਾਂ ਅਤੇ ਰੂਹਾਨੀ ਖੋਜ ਲਈ ਤੀਸਰਾ ਨੇਤਰ ਪ੍ਰਾਪਤ ਹੋ ਜਾਂਦਾ ਹੈ। ਉਹ ਤਾਂ ਜੇਕਰ ਸ਼ਬਦ ਦੀ ਕਮਾਈ ਕੀਤੀ ਜਾਵੇ ਫੇਰ ਸੋਨੇ ਤੇ ਸਹਾਂਗੇ ਵਾਲੀ ਗੱਲ ਬਣ ਜਾਂਦੀ ਹੈ।"

ਸੰਤ ਮਹਾਰਾਜ ਜੀ ਨੇ ਕਿਹਾ ਕਿ ਉਂਞ ਸੰਸਕ੍ਰਿਤ ਨੂੰ ਦੇਵ ਬਾਣੀ ਮੰਨਿਆ ਜਾਂਦਾ ਹੈ ਪਰ ਕਲਜੁਗ ਦੇ ਬੰਦੇ ਵਿਚ ਨਾ ਬਲ ਹੈ, ਨਾ ਸਮਾਂ ਹੈ ਕਿ ਇਸ ਵਿਦਿਆ ਨੂੰ ਪੜ੍ਹ ਕੇ ਪੂਰਾ-ਪੂਰਾ ਲਾਭ ਪ੍ਰਾਪਤ ਕਰ ਸਕੇ। 30-40 ਸਾਲ ਦੀ ਮਿਹਨਤ ਨਾਲ ਚੰਗੇ ਦਿਮਾਗ ਵਾਲਾ ਕੁਝ ਹਾਸਲ ਕਰ ਸਕਦਾ ਹੈ ਉਹ ਕੇਵਲ ਆਪਣੇ ਵਾਸਤੇ ਹੀ। ਇਸੇ ਗੱਲ ਨੂੰ ਮੁੱਖ ਰੱਖ ਕੇ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਸੁਖੈਨ ਅਤੇ ਮਹਾਂ ਪੁੰਨ ਰੂਪ ਗੁਰਬਾਣੀ ਦੀ ਬਖਸ਼ਿਸ਼ ਕਰ ਦਿਤੀ ਕਿ ਵੇਦਾਂ ਦੇ ਅਤਿ ਕਠਨ ਸਿਧਾਂਤ ਨੂੰ ਆਪ ਜੀ ਨੇ ਦੋ-ਦੋ ਲਾਇਨਾਂ ਵਿਚ ਕਰਕੇ ਸੁਖੈਨ ਮਾਰਗ 'ਨਾਨਕ ਨਾਮੁ ਸੁਖਾਲਾ' ਪ੍ਰਗਟ ਕਰ ਦਿਤਾ। ਪੰਡਤ ਜੀ ਉਪਰ ਬਹੁਤ ਅਸਰ ਹੋਇਆ। ਆਪ ਦੇ ਕਮਜ਼ੋਰ ਹੋਏ-ਹੋਏ ਸਰੀਰ ਨੂੰ ਦੇਖਿਆ ਪਰ ਨੇਤਰਾਂ ਦੇ ਤੇਜ ਨੂੰ ਦੇਖ ਕੇ ਨੇਤਰ ਸਾਮ੍ਹਣੇ ਕਰਨੇ ਔਖੇ ਹੋ ਗਏ। ਮਹਾਂ ਸ਼ਾਂਤੀ ਦੇ ਕੋਲ ਬੈਠ ਕੇ ਸ਼ਾਂਤੀ ਦੀ ਫੁਹਾਰ ਆਪਣੇ ਹਿਰਦੇ ਵਿਚ ਝਰਦੀ ਪ੍ਰਤੀਤੀ ਦਿੰਦੀ ਹੈ ਚੰਦਨ ਦੀ ਸੁਗੰਧੀ ਨਾਲ ਦੇ ਬੂਟਿਆਂ ਵਿਚ ਭੀ ਪ੍ਰਵੇਸ਼ ਕਰ ਜਾਂਦੀ ਹੈ ਉਹ ਭੀ ਚੰਦਨ ਹੀ ਹੋ ਜਾਂਦੇ ਹਨ। ਇਸ ਤਰ੍ਹਾਂ ਮਹਾਂਪੁਰਸ਼ਾਂ ਦੇ ਸ਼ਾਂਤੀ ਦੇ ਓਰੇ ਵਿਚ ਬੈਠਣ ਵਾਲਿਆਂ ਨੂੰ ਵੀ ਸ਼ਾਂਤੀ ਮਿਲਦੀ ਹੈ। ਕਹਿਣ ਲੱਗੇ, "ਮਹਾਰਾਜ ਜੀ! ਵਿਦਿਆ ਦੇ ਅਧਿਐਨ ਵਿਚ ਮੈਂ ਬਹੁਤ ਸਮਾਂ ਖਰਚ ਕਰ ਦਿਤਾ ਹੈ। ਮੈਂ ਨਿਯਾਏ ਸਾਸ਼ਤਰ, ਵਿਸ਼ੇਸ਼ਕ, ਵੇਦਾਂਤ ਦਰਸ਼ਨਾਂ ਤੋਂ ਇਲਾਵਾ ਜੋਤਸ਼ ਗ੍ਰੰਥਾਂ ਦਾ ਵੀ ਨਾਲ ਨਾਲ ਅਧਿਐਨ ਕੀਤਾ ਹੈ ਪਰ ਮੈਨੂੰ ਆਪ ਦੇ ਪਾਸ ਬੈਠ ਕੇ ਬਹੁਤ ਸ਼ਾਂਤੀ ਆਈ ਹੈ। ਮੈਂ ਆਪ ਦੇ ਚਰਨਾਂ ਦੀਆਂ ਰੇਖਾਂ ਵੀ ਪੜ੍ਹੀਆਂ ਹਨ, ਆਪ ਦੇ ਮਸਤਕ ਨੂੰ ਵੀ ਪੜ੍ਹ ਲਿਆ ਹੈ ਕਿਉਂਕਿ ਮੈਂ ਇਸ ਵਿਦਿਆ ਦਾ ਅਧਿਐਨ ਕਰਿਆ ਹੋਇਆ ਹੈ। ਮੈਂ ਆਪ ਨੂੰ ਬੇਨਤੀ ਕਰ ਰਿਹਾ ਹਾਂ ਕਿ ਹੁਣ ਆਪ ਦੇ ਬੈਠਣ ਦਾ ਸਮਾਂ ਨਹੀਂ, ਤੁਸੀਂ ਸੰਸਾਰ ਦੇ ਅੰਧਕਾਰ ਨੂੰ ਦੂਰ ਕਰਨ ਲਈ ਗਗਨ ਮੰਡਲ ਵਿਚ ਇਕ ਮਹਾਨ ਚਮਕਦਾ ਸੂਰਜ ਹੋ। ਮੈਂ ਦੇਖ ਰਿਹਾ ਹਾਂ ਕਿ ਆਪ ਹਵਾਈ ਜਹਾਜ਼ਾਂ ਤੇ ਚੜ੍ਹ ਕੇ ਗੁਰੂ ਨਾਨਕ ਦਾ ਸੰਦੇਸ਼ ਦੇਸ਼ ਵਿਦੇਸ਼ ਵਿਚ ਦਿਓਂਗੇ, ਵੱਡੀ ਤੋਂ ਵੱਡੀ ਸਵਾਰੀ ਆਪ ਦੀ ਸੇਵਾ ਲਈ ਹਾਜ਼ਰ ਰਹੇਗੀ। ਰਾਜੇ ਮਹਾਰਾਜ ਆਪ ਤੋਂ ਸਮਾਂ ਮੰਗ ਕੇ ਮਿਲਿਆ ਕਰਨਗੇ।

ਮਹਾਰਾਜ ਜੀ ਨੇ ਕਿਹਾ ਕਿ ਪੰਡਤ ਜੀ! ਅਸੀਂ ਤਾਂ ਪ੍ਰਵਿਰਤੀ ਵਾਲੇ ਜੀਵਨ ਵਿਚ ਪ੍ਰਵਿਰਤ ਹੋਣਾ ਨਹੀਂ ਚਾਹੁੰਦੇ ਕਿਉਂਕਿ ਇਹ ਨਾਮ ਵਿਚ ਪ੍ਰਤਿਬੰਧਕ ਹੈ। ਪੰਡਤ ਜੀ ਨੇ ਕਿਹਾ ਕਿ ਮਹਾਰਾਜ ਜੀ! ਮੈਂ ਆਪਣੇ ਵਲੋਂ ਕੋਈ ਗੱਲ ਨਹੀਂ ਕਹਿ ਰਿਹਾ ਜੋਤਸ਼ ਦੇ ਗ੍ਰੰਥਾਂ ਅਨੁਸਾਰ ਆਪ ਦੇ ਚਿਹਨ ਚੱਕਰ ਦੇਖ ਕੇ ਦਸ ਰਿਹਾਂ ਹਾਂ। ਸਕੂਲ, ਕਾਲਜ, ਲਾਇਬ੍ਰੇਰੀਆਂ ਤੇ ਹੋਰ ਬੇਅੰਤ ਗੁਰ ਅਸਥਾਨਾਂ ਦੀ ਸੇਵਾ ਤੁਹਾਡੇ ਹੱਥਾਂ ਦੀਆਂ ਇਹ ਉਚੀਆਂ ਤਲੀਆਂ ਦਰਸਾਅ ਰਹੀਆਂ ਹਨ ਕਿ ਮਾਇਆ ਦੇ ਚੱਕਰ ਵਿਚ ਤੁਸੀਂ ਨਹੀਂ ਪੈਣਾ, ਪਰ ਉਦਾਰਤਾ ਐਨੀ ਹੋਵੇਗੀ ਕਿ ਚੀਜ਼ਾਂ ਵਸਤਾਂ ਤਾਂ ਆਪ ਦੇਵੋਂਗੇ ਹੀ ਪਰ ਉਹ ਗੁਪਤ ਵਸਤੂਆਂ ਜੋ ਕਿਸੇ ਤਰ੍ਹਾਂ ਵੀ ਪ੍ਰਾਪਤ ਨਹੀਂ ਹੁੰਦੀਆਂ ਜਿਵੇਂ ਬੇਔਲਾਦਿਆਂ ਨੂੰ ਔਲਾਦ, ਗਰੀਬਾਂ ਨੂੰ ਰਿਜ਼ਕ, ਬਿਮਾਰਾਂ ਨੂੰ ਸਿਹਤ ਅਤੇ ਅਸ਼ਾਂਤ ਪੁਰਸ਼ਾਂ ਨੂੰ ਸ਼ਾਂਤੀ, ਨਿਆਸਰਿਆਂ ਨੂੰ ਆਸਰਾ ਦੇਣ ਦੀ ਸਮਰਥਾ ਰਖਦੇ ਹੋਂ। ਮੈਂ ਦੇਖ ਰਿਹਾ ਹਾਂ ਕਿ ਆਪ ਜੀ ਨੇ ਗੁਰਮਤਿ ਦਾ ਪ੍ਰਚਾਰ ਕਰਕੇ ਜਨਮਾਂ ਜਨਮਾਂਤਰਾਂ ਦੀਆਂ ਤੇ ਟੁਟੀਆਂ ਰੂਹਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰਨਾ ਹੈ। ਆਪ ਨੂੰ ਐਡੀ ਤਤਿਕਸ਼ਾ ਦੀ ਲੋੜ ਨਹੀਂ ਸੀ ਕਿਉਂਕਿ ਆਪ ਧੁਰ ਤੋਂ ਆਏ ਹੋਏ ਹੋ, ਇਹ ਤੁਹਾਡੀ ਹਸਤ ਰੇਖਾ ਦਸ ਰਹੀ ਹੈ। ਤੁਸੀਂ ਭਾਰੀ ਤਪਸਿਆ ਦੂਸਰਿਆਂ ਨੂੰ ਸੁਮੱਤ ਦੇਣ ਲਈ ਕਰ ਰਹੇ ਹੋ। ਉਨ੍ਹਾਂ ਨੇ ਕਿਹਾ ਕਿ ਮੈਂ ਦੇਖ ਰਿਹਾ ਹਾਂ ਕਿ ਇਸ ਅਸਥਾਨ ਨੂੰ ਦੂਰ-ਦੂਰ ਤਕ ਭਾਗ ਲਗਣੇ ਹਨ। ਇਕ ਦਿਨ ਇਥੇ ਸੁੰਦਰ ਇਮਾਰਤਾਂ, ਸਕੂਲ, ਕਾਲਜ ਨਜ਼ਰੀਂ ਪੈਣਗੇ। ਮਹਾਰਾਜ ਨੇ ਕਿਹਾ ਜੋ ਲਿਖਿਆ ਹੋਇਆ ਹੈ ਉਹ ਹੋਣਾ ਹੀ ਹੈ। ਕੁਝ ਸਮੇਂ ਬਾਅਦ ਪੰਡਿਤ ਜੀ ਨਮਸ਼ਕਾਰ ਕਰਕੇ ਘਨਗਸਾਂ ਵਿਆਹ ਵਿਚ ਸ਼ਾਮਲ ਹੋਣ ਲਈ ਚਲੇ ਗਏ।

          

---

(ਪੰਨਾ 4 ਦੀ ਬਾਕੀ)

ਦੋ ਮੈਂਬਰ ਆਤਮ ਮਾਰਗ ਦੇ ਪਰਿਵਾਰ ਦਾ ਹੋਰ ਬਣਾਵੋ ਤਾਂ ਕਿ ਇਸ ਇਕੋ-ਇਕ ਅਧਿਆਤਮਵਾਦ ਦੇ ਮੈਗਜ਼ੀਨ ਦੀ ਗਿਣਤੀ ਇਕ ਲੱਖ ਤਕ ਪਹੁੰਚਾ ਦੇਈਏ। ਜਿਸ ਤਰ੍ਹਾਂ ਤੁਸੀਂ ਪ੍ਰਚਾਰ ਵਿਚ ਹੰਭਲਾ ਮਾਰਿਆ ਇਸ ਤਰ੍ਹਾਂ ਹੋਰ ਹੰਭਲਾ ਮਾਰੋ ਕਿ ਮੈਂ ਇਸ ਸਾਲ ਵਿਚ ਦੋ ਮੈਂਬਰ ਹੋਰ ਬਣਾਉਣੇ ਹਨ। ਸਿਰਫ ਉਦਮ ਦੀ ਲੋੜ ਹੈ। ਪਿਆਰ ਤਾਂ ਤੁਹਾਡਾ ਦੇਖ ਹੀ ਲਿਆ ਹੈ, ਕਿਵੇਂ ਠਾਠਾਂ ਮਾਰਦਾ ਸੀ। ਬਾਬਾ ਜੀ ਵੀ ਦਸਦੇ ਸਨ ਕਿ ਸਾਨਫਰਾਂਸਿਸਕੋ ਤੋਂ ਵਿਦਾਇਗੀ ਵੇਲੇ ਸੰਗਤਾਂ ਦੇ ਮਨਾਂ ਵਿਚ ਬਹੁਤ ਬੈਰਾਗ ਸੀ ਅਤੇ ਉਨ੍ਹਾਂ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਸਨ। ਇਹ ਜਿਉਂਦੀਆਂ ਜਾਗਦੀਆਂ ਮਿਸਾਲਾਂ ਹਨ। ਖੂਬਸੂਰਤ ਨੂੰ, ਵੱਡੇ ਧਨੀ ਨੂੰ, ਵਿਚਾਰਵਾਨ ਨੂੰ ਜਿਉਂਦਾ ਨਹੀਂ ਕਿਹਾ ਜਾਂਦਾ, ਜਿਉਂਦਾ ਪਿਆਰ ਵਾਲੇ ਨੂੰ ਕਿਹਾ ਗਿਆ ਹੈ ਜਿਵੇਂ ਕਿ ਗੁਰੂ ਮਹਾਰਾਜ ਦਾ ਵੀ ਫੁਰਮਾਨ ਹੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

***ਪੰਨਾ - 253***

ਅੰਤ ਵਿਚ ਅਸੀਂ ਅਕਾਲ ਪੁਰਖ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਬਾਬਾ ਜੀ ਨੂੰ ਸਹੀ ਸਲਾਮਤ ਮੁੜ ਸੰਗਤਾਂ ਦੀ ਸੇਵਾ ਕਰਨ ਲਈ ਦੇਸ਼ ਵਾਪਸ ਲਿਆਂਦਾ। ਏਵੇਂ ਆਸ ਕਰਦੇ ਹਾਂ ਕਿ ਅਸਾਡੇ ਬੀਜੀ ਭੀ ਬਹੁਤ ਛੇਤੀ ਸਿਹਤਯਾਬ ਹੋ ਕੇ ਸੰਗਤਾਂ ਵਿਚ ਆ ਕੇ ਆਪਣਾ ਮਾਤਰ ਪਿਆਰ ਦੇਣਗੇ।

ਵਾਹਿਗੁਰੂ ਜੀ ਸਭ ਨੂੰ ਆਪਣੇ ਪਿਆਰ ਵਿਚ ਰੱਖਣ ਸ਼ਾਂਤੀ ਬਖਸ਼ਣ ਅਸੀਂ ਦਿਲੋਂ ਕਾਮਨਾ ਕਰਦੇ ਹਾਂ।

          

# ਉਚੇ ਵਲਵਲੇ ਰਾਹੀਂ ਸਮਾਧੀ ਸਥਿਰ ਹੋਣਾ

*ਡਾ. ਵੇਦ ਭਾਰਤੀ ਜੀ, ਡੀ. ਲਿਟ*

ਆਪਣਾ ਮਨ ਸਭ ਕੁਝ ਤੋਂ ਸਮੇਟ ਲਓ, ਪਿਛਲੀਆਂ ਯਾਦਾਂ ਤੋਂ, ਆਉਣ ਵਾਲੇ ਸਮੇਂ ਦੀਆਂ ਤਾਘਾਂ ਤੋਂ, ਕੇਵਲ ਵਰਤਮਾਨ ਲਈ ਹੀ ਸੁਚੇਤ ਹੋਵੋ, ਇਸ ਸਮੇਂ ਲਈ, ਇਸ ਥਾਂ ਲਈ ਸਤਰਕ ਹੋ ਕੇ ਆਪਣੇ ਸੁਆਸਾਂ ਨੂੰ ਜਾਚੋਂ ਤੇ ਦੇਖੋ। ਤੁਹਾਡਾ ਸੁਆਸ ਕਿਵੇਂ ਸ਼ੁਰੂ ਹੁੰਦਾ ਹੈ, ਕਿਵੇਂ ਚਲਦਾ ਹੈ, ਕਿਵੇਂ ਤੇ ਕਿਥੇ ਜਾ ਕੇ ਖਤਮ ਹੁੰਦਾ ਹੈ, ਇਸ ਤਰ੍ਹਾਂ ਸਾਹ ਲਓ ਜਿਵੇਂ ਤੁਹਾਡਾ ਸਾਰਾ ਸਰੀਰ ਸਾਹ ਲੈ ਰਿਹਾ ਹੁੰਦਾ ਹੈ, ਪੈਰਾਂ ਤੋਂ ਸਿਰ ਤਕ, ਸਿਰ ਤੋਂ ਪੈਰਾਂ ਤਕ, ਸਾਹ ਅੰਦਰ ਲਓ, ਬਾਹਰ ਕੱਢੋ ਹੌਲੀ-ਹੌਲੀ? ਪੇਟ ਨੂੰ ਹੌਲੀ-ਹੌਲੀ ਉਪਰ ਜਾਂਦਾ ਦੇਖੋ ਹੌਲੀ-ਹੌਲੀ ਥੱਲੇ ਆਉਂਦਾ ਦੇਖੋ, ਧੁਨੀ ਦੇ ਹਿੱਸੇ ਨੂੰ ਦੇਖੋ, ਦੇਖੋ ਜਦੋਂ ਤੁਸੀਂ ਸਾਹ ਅੰਦਰ ਕਰਦੇ ਹੋ ਤੇ ਕਿਵੇਂ ਫੇਫੜੇ ਤੇ ਪੇਟ ਫੈਲਦਾ ਹੈ ਤੇ ਜਦੋਂ ਤੁਸੀਂ ਸਾਹ ਬਾਹਰ ਕਢਦੇ ਹੋ ਤਾਂ ਕਿਵੇਂ ਸਭ ਕੁਝ ਸੁੰਗੜਦਾ ਹੈ। ਸਾਹ ਦੀ ਚਾਲ ਦੇਖੋ, ਕਿਵੇਂ ਉਹ ਹੌਲੀ-ਹੌਲੀ ਚਲ ਰਿਹਾ, ਇਕ ਗਤੀ ਵਿਚ ਚਲ ਰਿਹਾ ਹੈ। ਆਪਣਾ ਮੱਥਾ ਨਿਸਲ ਕਰੋ, ਭਰਵੱਟੇ ਨਿਸਲ ਕਰੋ, ਨਾਸਿਕਾ ਨਿਸਲ ਕਰੋ, ਹੌਲੀ-ਹੌਲੀ ਸਾਹ ਲਵੋ, ਗੱਲ੍ਹਾਂ ਨਿਸਲ ਕਰੋ, ਜਬਾੜਾ ਨਿਸਲ ਕਰੋ, ਠੋਡੀ ਨਿਸਲ ਕਰੋ, ਗਰਦਨ ਨਿਸਲ ਕਰੋ, ਗੋਡਿਆਂ ਦੇ ਜੋੜ ਨਿਸਲ ਕਰੋ, ਉਪਰਲੀ ਬਾਂਹ ਨਿਸਲ ਕਰੋ, ਥੱਲੇ ਦੀ ਬਾਂਹ ਨਿਸਲ ਕਰੋ, ਵੀਣੀ ਨਿਸਲ ਕਰੋ ਹੱਥ ਦੇ ਪਿਛਲੇ ਪਾਸੇ ਨੂੰ ਨਿਸਲ ਕਰੋ, ਹਥੇਲੀ ਨਿਸਲ ਕਰੋ ਅੰਗੂਠੇ ਨੂੰ ਨਿਸਲ ਕਰੋ, ਅੰਗੂਠੇ ਦੇ ਨਾਲ ਦੀ ਉਂਗਲੀ ਨਿਸਲ ਕਰੋ ਫੇਰ ਵਿਚ ਵਾਲੀ ਉਂਗਲੀ ਨਿਸਲ ਕਰੋ ਫੇਰ ਤੀਸਰੀ, ਚੌਥੀ, ਪੋਟੇ ਨਿਸਲ ਕਰੋ ਇਸ ਤਰ੍ਹਾਂ ਸਾਹ ਲਓ ਜਿਵੇਂ ਉਂਗਲੀਆਂ ਦੇ ਪੋਟਿਆਂ ਤੋਂ ਸਾਹ ਲੈ ਰਹੇ ਹੋਵੋ, ਉਂਗਲੀਆਂ, ਹੱਥ, ਵੀਣੀ ਸਭ ਨੂੰ ਨਿਸਲ ਕਰੋ, ਬਾਹਵਾਂ ਮੋਢੇ, ਮੋਢਿਆਂ ਦੇ ਜੋੜ, ਮੋਢਿਆਂ ਦੇ ਥੱਲੇ ਦਾ ਹਿੱਸਾ, ਛਾਤੀ, ਹਿਰਦੇ ਵਾਲਾ ਭਾਗ, ਹੌਲੀ-ਹੌਲੀ ਸਾਹ ਅੰਦਰ ਲਓ, ਹੌਲੀ-ਹੌਲੀ ਬਾਹਰ ਕੱਢੋ। ਪੇਟ, ਹਿਰਦੇ ਦਾ ਹਿੱਸਾ, ਉਪਰ ਦੀਆਂ ਲੱਤਾਂ, ਥੱਲੇ ਦੀਆਂ ਲੱਤਾਂ ਸਭ ਨੂੰ ਨਿਸਲ ਕਰੋ, ਗਿੱਟੇ ਪੈਰ ਸਭ ਕੁਝ ਨਿਸਲ ਕਰੋ, ਇਸ ਤਰ੍ਹਾਂ ਸਾਹ ਲਓ ਕਿ ਸਾਰਾ ਸਰੀਰ ਸਾਹ ਲੈ ਰਿਹਾ ਹੈ, ਪੈਰਾਂ ਤੋਂ ਸਿਰ ਤਕ ਸਿਰ ਤੋਂ ਪੈਰਾਂ ਤਕ, ਕੋਈ ਵਿਘਨ ਨਾ ਪਵੇ ਕੋਈ ਰੁਕਾਵਟ ਨਾ ਆਵੇ, ਕੋਈ ਅਵਾਜ਼ ਨਾ ਆਵੇ, ਕੋਈ ਝਟਕਾ ਨਾ ਲੱਗੇ, ਸਾਹ ਅੰਦਰ ਲੈਂਦੇ 'ਵਾਹਿ' ਕਹੋ, ਸਾਹ ਬਾਹਰ ਕਢਦੇ ਸਮੇਂ ਗੁਰੂ ਕਹੋ। ਇਸ ਤਰ੍ਹਾਂ ਮਹਿਸੂਸ ਕਰੋ ਕਿ ਸਾਰਾ ਸਰੀਰ ਸਾਹ ਲੈ ਰਿਹਾ ਹੈ, ਜਿਨ੍ਹਾਂ ਕੋਲ ਕੋਈ ਆਪਣਾ ਹੋਰ ਮੰਤਰ ਹੈ, ਉਹ ਉਸਦਾ ਜਾਪ ਸੁਆਸ ਅੰਦਰ ਲੈਂਦੇ ਤੇ ਬਾਹਰ ਕੱਢਦੇ ਕਰ ਸਕਦੇ ਹਨ, ਗਿਟਿਆਂ ਤੋਂ ਲੈ ਕੇ ਸਿਰ ਤਕ ਇਹ ਮਹਿਸੂਸ ਕਰੋ ਕਿ ਤੁਸੀਂ ਸਾਹ ਲੈ ਰਹੇ ਹੋ, ਹਿਰਦੇ ਤੇ ਧੁਨੀ ਵਿਚ ਤੇ ਸਿਰ ਦੇ ਵਿਚ ਦੇ ਹਿੱਸੇ ਨੂੰ ਦੇਖੋ, ਇਸ ਦੀ ਗਤੀ ਨੂੰ ਦੇਖੋ, ਆਪਣਾ ਮਨ ਦੇਖੋ, ਆਪਣੇ ਸ਼ਬਦ ਤੇ ਸੁਆਸਾਂ ਨੂੰ ਇਕੱਠਿਆਂ ਦੇਖੋ ਕੋਈ ਰੁਕਾਵਟ ਨਾ ਆਵੇ, ਤੁਹਾਡੀ ਸੁਆਸ ਬਾਰੇ ਚੇਤਨਤਾ ਭੰਗ ਨਾ ਹੋਵੇ, ਨਿਸਲ ਰਹੋ, ਸ਼ਾਂਤ ਰਹੋ, ਮਨ ਨੂੰ ਦੇਖਦੇ ਰਹੋ, ਅੰਦਰ ਦੇ ਨੇਤਰਾਂ ਨਾਲ ਦੇਖੋ, ਹੌਲੀ-ਹੌਲੀ ਆਪਣੀਆਂ ਉਂਗਲੀਆਂ ਦੇ ਪੋਟੇ ਨੇਤਰਾਂ ਤਕ ਲਿਆਓ, ਸੁਆਸਾਂ ਤੇ ਸ਼ਬਦਾਂ ਦਾ ਮੇਲ ਰੱਖੋ ਤੇ ਹੌਲੀ-ਹੌਲੀ ਨੇਤਰ ਆਪਣੀ ਹਥੇਲੀ ਵਿਚ ਖੋਲ੍ਹੋ।

ਇਸ ਚਿੰਤਨ ਅਨੁਭਵ ਤੇ ਬਹੁਤ ਸਾਰੀਆਂ ਪੁਸਤਕਾਂ ਉਪਲਬਧ ਹਨ, ਦੋ ਕਿਤਾਬਾਂ ਤਾਂ ਮੇਰੀਆਂ ਹੀ ਲਿਖੀਆਂ ਹੋਈਆਂ ਹਨ, ਮਨੁੱਖ ਆਪਣਾ ਜੀਵਨ ਬਹੁਤ ਵਾਰੀ ਦੁੰਦ ਵਿਚ ਬਿਤਾਉਂਦਾ ਹੈ। ਇਕ ਪਾਸੇ ਸੁਤੰਤਰਤਾ ਦੀ ਇੱਛਾ ਦੂਸਰੇ ਪਾਸੇ ਸੰਵੇਗ, ਸੰਸਾਰਕ ਇਛਾਵਾਂ ਲਾਲਸਾ। ਜੇ ਅਸੀਂ ਆਪਣੀਆਂ ਚਿਤ ਬਿਰਤੀਆਂ ਨੂੰ ਖੁਲ੍ਹਾ ਛੱਡ ਦਿਆਂਗੇ, ਆਪਣੀਆਂ ਜ਼ਰੂਰਤਾਂ ਤੇ ਕਾਬੂ ਨਹੀਂ ਪਾਵਾਂਗੇ ਤਾਂ ਸਾਡਾ ਸਥਾਨ, ਹਾਲ ਜਾਨਵਰਾਂ ਵਾਲਾ ਹੀ ਹੋਵੇਗਾ। ਵਾਸਤਵ ਵਿਚ ਅਸੀਂ ਅੱਧ ਵਿਚਾਲੇ ਹੀ ਹਾਂ, ਜਦੋਂ ਤਾਂ ਸੁਤੰਤਰ ਹੋਣ ਦੀ ਇੱਛਾ ਦਾ ਪ੍ਰਵਾਹ ਪ੍ਰਬਲ ਹੁੰਦਾ ਹੈ ਤੇ ਲੋਭ ਲਾਲਚ ਤੇ ਹਾਵੀ ਹੋ ਜਾਂਦਾ ਹੈ ਅਸੀਂ ਚਮਕ ਉਠਦੇ ਹਾਂ। ਮਹਾਂਪੁਰਖਾਂ ਦੀਆਂ ਲਾਲਸਾ ਵਾਹਿਗੁਰੂ ਦੀ ਕ੍ਰਿਪਾ ਨਾਲ ਥੱਲੇ ਹੀ ਥੱਲੇ ਆਉਂਦੀਆਂ ਰਹਿੰਦੀਆਂ ਹਨ, ਉਹ ਉਨ੍ਹਾਂ ਤੇ ਪੂਰਾ ਕਾਬੂ ਪਾ ਚੁੱਕੇ ਹਨ, ਰੂਹਾਨੀਅਤ ਦੇ ਉਚੇ ਪਹਾੜਾਂ ਤੇ ਚੜ੍ਹਨਾ, ਲੋਭ, ਮੋਹ, ਅਹੰਕਾਰ ਤੇ ਕਾਬੂ ਪਾਉਣਾ, ਰੂਹਾਨੀਅਤ ਦੀ ਉਚਾਈ ਦਾ ਦ੍ਰਿਸ਼ ਦੇਖਣਾ ਉਚੀ ਬੁੱਧ, ਉਚੇ ਵਲਵਲੇ, ਉਚੀ ਨਿਸ਼ਠਾ, ਬਹੁਤ ਔਖੀ ਗੱਲ ਹੈ ਪਰ ਐਨੀ ਮਨਮੋਹਕ ਸੁਹਾਣੀ, ਜਿੰਨੀ ਸੋਹਣੀ ਕਿਸੇ ਪਰਬਤ ਦੀ ਚੜ੍ਹਾਈ ਹੋ ਸਕਦੀ ਹੈ ਜਾਂ ਡੂੰਘੀ ਸਾਗਰ ਦੀ ਉਹ ਚੁੱਭੀ ਜਿਸ ਨਾਲ ਤੁਸੀਂ ਆਪਣੇ ਗੋਲ ਤੇ ਪਹੁੰਚਦੇ ਹੋ, ਜਿਸ ਲਈ ਤੁਸੀਂ ਮਿਹਨਤ ਕਰ ਰਹੇ ਹੁੰਦੇ ਹੋ। ਮਨੁੱਖ ਲਈ ਉਚੀਆਂ ਸੋਹਣੀਆਂ ਉਨਤ ਵਸਤੂਆਂ ਦੀ ਕੋਈ ਮਹੱਤਤਾ ਨਹੀਂ, ਜੇ ਉਹ ਇਕ ਸਾਧਕ ਨਹੀਂ ਹੈ। ਜੇ ਉਹ ਵਾਹਿਗੁਰੂ ਦੇ ਮਿਲਾਪ ਲਈ ਉਤਸ਼ਾਹਤ ਨਹੀਂ ਹੈ, ਪ੍ਰੇਰਿਤ ਨਹੀਂ ਹੈ ਜੇ ਉਹ ਜਗਿਆਸੂ ਨਹੀਂ ਹੈ ਜੇ ਉਸ ਅਨੁਭਵ ਅਤੀਤ ਦੀ ਖੋਜ ਵਿਚ ਨਹੀਂ ਹੈ। ਅਸੀਂ ਸਦਾ ਹੀ ਚਿਤ ਬਿਰਤੀਆਂ ਦੇ ਪਿਛੇ ਦੌੜਦੇ ਰਹਿੰਦੇ ਹਾਂ ਸਦਾ ਹੀ ਲਾਲਸਾ ਪੂਰੀਆਂ ਕਰਨ ਵਿਚ ਲੱਗੇ ਰਹਿੰਦੇ ਹਾਂ, ਅਸੀਂ ਇਹ ਨਹੀਂ ਜਾਣਦੇ ਕਿ ਇਨ੍ਹਾਂ ਇਛਾਵਾਂ ਤੇ ਕਿਵੇਂ ਕਾਬੂ ਪਾਇਆ ਜਾਵੇ। ਦੋ ਤਰੀਕਿਆਂ ਨਾਲ ਅਸੀਂ ਇਛਾਵਾਂ ਤੇ ਕਾਬੂ ਪਾ ਸਕਦੇ ਹਾਂ ਇਕ ਤਰੀਕਾ ਹੈ ਜਗਿਆਸੂ ਬਣ ਜਾਓ, ਵਾਹਿਗੁਰੂ ਦੇ ਮਿਲਾਪ ਦਾ ਉਤਸ਼ਾਹ ਪੈਦਾ ਕਰੋ, ਸੁਤੰਤਰਤਾ ਦੀ ਇੱਛਾ ਰੱਖੋ, ਗਿਆਨ ਪ੍ਰਕਾਸ਼ ਦੀ ਇੱਛਾ ਰੱਖੋ, ਇਹ ਇੱਛਾ ਰੱਖਣ ਲਈ ਵੀ ਮਨ ਦੀ ਰੁਚੀ ਹੋਣੀ ਜ਼ਰੂਰੀ ਹੈ, ਬਹੁਤ ਸਾਰੇ ਮਨ ਇਹੋ ਜਿਹੀ ਰੁਚੀ ਰੱਖਣ ਦੀ ਜਗਿਆਸਾ ਹੀ ਨਹੀਂ ਰਖਦੇ। ਸਭ ਤੋਂ ਵੱਧ ਭਾਵਕ ਅਸ਼ਾਂਤੀ ਤੇ ਕਾਬੂ ਪਾਉਣ ਦੀ ਲੋੜ ਹੈ ਉਹ ਅਸੀਮ ਤਕ ਪਹੁੰਚਣ ਦਾ ਇਕ ਤਰੀਕਾ ਹੈ। ਮਹਾਂਪੁਰਖਾਂ ਦੀਆਂ ਜੀਵਨੀਆਂ ਪੜ੍ਹਨੀਆਂ, ਉਨ੍ਹਾਂ ਦੀਆਂ ਲਿਖਤਾਂ ਪੜ੍ਹਨੀਆਂ, ਜੇ ਤੁਹਾਨੂੰ ਪੜ੍ਹਨ ਦਾ ਅਭਿਆਸ ਨਹੀਂ ਹੈ, ਤੁਸੀਂ ਮਹਾਂਪੁਰਸ਼ਾਂ ਦੀਆਂ ਰਚਨਾਵਾਂ ਨਹੀਂ ਪੜ੍ਹ ਸਕਦੇ। ਸੁਭਾਵਿਕ ਹੈ ਤੁਹਾਡਾ ਮਨ ਹੋਰ ਤਰ੍ਹਾਂ ਦੀਆਂ ਗੱਲ੍ਹਾਂ ਨਾਲ ਘਿਰਿਆ ਰਹੇਗਾ। ਇਹ ਚੰਗਾ ਹੀ ਹੋਵੇਗਾ ਜੇ ਤੁਸੀਂ ਪੜ੍ਹਨ ਦਾ ਅਭਿਆਸ ਬਣਾਓ, ਥੋੜ੍ਹਾ ਪੜ੍ਹੋ, ਦੋ ਲਾਈਨਾਂ ਪੜ੍ਹੋ ਪਰ ਪੜ੍ਹੋ ਜ਼ਰੂਰ। ਜੇ ਤੁਸੀਂ ਮਹਾਂਪੁਰਸ਼ਾਂ ਦੀ

'ਆਤਮ ਮਾਰਗ', ਜੁਲਾਈ, 1998

ਜੀਵਨੀ ਪੜ੍ਹੀ ਹੈ, ਉਸ ਨੂੰ ਪੜ੍ਹ ਕੇ ਇਕ ਪਾਸੇ ਰਖ ਨਾ ਦਿਓ, ਉਸ ਨੂੰ ਬਾਰ-ਬਾਰ ਪੜ੍ਹੋ, ਦੇਖੋ ਤਾਂ ਜੋ ਤੁਹਾਡਾ ਮਨ ਉਤਸ਼ਾਹਤ ਹੋ ਸਕੇ ਤੁਸੀਂ ਆਪਣੇ ਆਪ ਨੂੰ ਰੂਹਾਨੀ ਪੱਖੋਂ ਤਰੱਕੀ ਦੇ ਪੱਖ ਤੇ ਮਹਿਸੂਸ ਕਰੋ। ਜਿਵੇਂ ਹੀ ਇਹ ਉਤਸ਼ਾਹਤ ਕਰਨ ਵਾਲੇ ਗੁਣ ਤੁਹਾਨੂੰ ਲੱਭਣਗੇ, ਤੁਹਾਡੇ ਸਾਰੇ ਵਲਵਲੇ ਜਿਹੜੇ ਕਾਬੂ ਕਰਨੇ ਔਖੇ ਲਗਦੇ ਹਨ ਉਨ੍ਹਾਂ ਨੂੰ ਇਕ ਦਮ ਰਾਹ ਮਿਲ ਜਾਂਦਾ ਹੈ ਤੇ ਉਹ ਇਕ ਨਦੀ ਦੀ ਤਰ੍ਹਾਂ ਵਹਿ ਤੁਰਦੇ ਹਨ, ਇਹ ਠੀਕ ਹੈ ਕਦੀ ਅੱਗੇ ਕਦੀ ਇਕ ਪਾਸੇ, ਪਰ ਬਹਾਅ ਤੁਰਦਾ ਰਹਿੰਦਾ ਹੈ। ਇਹ ਰਾਹ ਉਪਰ ਚੜ੍ਹਨ ਦਾ ਹੈ, ਚੜ੍ਹਾਈ ਚੜ੍ਹਨ ਦਾ, ਉਚਾਈਆਂ ਛੋਹਣ ਦਾ, ਉਹ ਉਚਾਈਆਂ ਜਿਹੜੀਆਂ ਇਕ ਡੂੰਘੀ ਗੁਫਾ ਨੂੰ ਜਾਂਦੀਆਂ ਹਨ, ਰਹੱਸਮਈ ਮਨ ਦੀਆਂ ਰਹੱਸਮਈ ਗੁਫਾ ਵਿਚ ਜਾਂਦੀਆਂ ਹਨ। ਜਦੋਂ ਤੁਸੀਂ ਮਹਾਂਪੁਰਖਾਂ ਦੀਆਂ ਜੀਵਨੀਆਂ ਪੜ੍ਹੋ ਤੁਸੀਂ ਦੇਖੋਗੇ ਕਿ ਉਨ੍ਹਾਂ ਨੂੰ ਕਿੰਨੇ ਦਵੰਦ ਵਿਚੋਂ ਲੰਘਣਾ ਪੈਂਦਾ ਹੈ, ਤੁਸੀਂ ਦੇਖੋਗੇ ਉਨ੍ਹਾਂ ਨੂੰ ਦਵੰਦ ਵਿਚੋਂ ਹੀ ਰਾਹ ਲੱਭਿਆ ਹੈ ਜੇ ਉਨ੍ਹਾਂ ਨੂੰ ਰਾਹ ਲੱਭਿਆ ਹੈ ਤੇ ਤੁਹਾਨੂੰ ਕਿਉਂ ਨਾ ਲੱਭੇਗਾ? ਆਪਣੇ ਵਲਵਲਿਆਂ ਦੇ ਸੰਵੇਗਾਂ ਦੀ ਜੜ੍ਹ ਤਕ ਪਹੁੰਚੋ। ਉਨ੍ਹਾਂ ਅਨੁਭਵਾਂ ਨੂੰ ਜਾਣੋ ਜਿਹੜੇ ਇਕ ਆਮ ਮਨੁੱਖ ਅਨੁਭਵ ਕਰਦਾ ਹੈ, ਇਹੋ ਅਨੁਭਵ ਹੀ ਸਾਡੇ ਹੇਠਲੇ ਕੇਂਦਰਾਂ ਵਿਚ ਸ਼ਕਤੀ ਪੈਦਾ ਕਰਦੇ ਹਨ ਅਤੇ ਫੇਰ ਉਹ ਸ਼ਕਤੀ ਉਪਰ ਦੇ ਕੇਂਦਰਾਂ ਵਲ ਰਾਹ ਲੱਭ ਲੈਂਦੀ ਹੈ ਅਤੇ ਸਾਰੇ ਉਪਰ ਦੇ ਕੇਂਦਰ ਭਰਪੂਰ ਹੋ ਜਾਂਦੇ ਹਨ। ਜਿਥੋਂ ਤਕ ਇਕ ਯੋਗੀ ਦੀ ਗੱਲ ਹੈ ਉਨ੍ਹਾਂ ਨੂੰ ਤਾਂ ਸਾਰੇ ਸੰਵੇਗ ਸਾਰੇ ਵਲਵਲੇ ਤਿਆਗ ਦੇਣੇ ਪੈਂਦੇ ਹਨ, ਵਾਹਿਗੁਰੂ ਅੱਗੇ ਸਾਰੇ ਵਲਵਲੇ ਹੌਲੀ-ਹੌਲੀ ਸਮਰਪਣ ਕਰਨੇ ਪੈਂਦੇ ਹਨ ਤੇ ਵਾਹਿਗੁਰੂ ਚਾਹੇ ਤੁਸੀਂ ਆਪਣਾ ਮਿਤ੍ਰ ਜਾਣੋ, ਚਾਹੇ ਮਾਤਾ ਪਿਤਾ, ਗੁਰੂ; ਚਾਹੇ ਪੱਥ ਪਰਦਰਸ਼ਕ, ਉਸ ਵਿਸਮਾਦ ਵਿਚ ਜਦੋਂ ਤੁਸੀਂ ਗੁਆਚ ਜਾਓਗੇ ਤੁਹਾਨੂੰ ਕਿੰਨਾਂ ਅਨੰਦ ਆਏਗਾ, ਤੁਸੀਂ ਅਨੰਦ ਮਹਿਸੂ ਕਰੋਗੇ ਕਿਉਂਕਿ ਉਹ ਅਨੰਦ ਤੁਹਾਡਾ ਆਪਣਾ ਹੈ ਉਹ ਕਿਸੇ ਦਾ ਦਸਿਆ ਹੋਇਆ ਨਹੀਂ, ਇਸ ਤਰ੍ਹਾਂ ਨਾਲ ਸਾਰੇ ਸੰਵੇਗ, ਸਾਰੇ ਵਲਵਲੇ ਉਧਰ ਨੂੰ ਹੀ ਵਹਿ ਤੁਰਦੇ ਹਨ। ਤੁਸੀਂ ਫੇਰ ਆਪਣਾ ਛੋਟਾ ਸੰਸਾਰ ਹੀ ਨਹੀਂ ਸਮੁੱਚਾ ਸੰਸਾਰ ਛੱਡ ਦਿੰਦੇ ਹੋ ਜਾਂ ਸਾਰਾ ਹੀ ਅਪਣਾ ਲੈਂਦੇ ਹੋ, ਸਾਰਾ ਸੰਸਾਰ ਹੀ ਆਪਣਾ ਲੱਗਣ ਲਗ ਪੈਂਦਾ ਹੈ ਤੁਸੀਂ ਹਰੇਕ ਨੂੰ ਦਇਆ ਦ੍ਰਿਸ਼ਟੀ ਰਹਿਮ ਨਾਲ ਦੇਖਣ ਲਗ ਪੈਂਦੇ ਹੋ, ਦੂਸਰੇ ਲੋਕੀ ਜਿਹੜੇ ਦੁਨੀਆਵੀ ਦਰਜੇ ਦੇ ਸੰਵੇਗਾਂ ਵਿਚ ਲਿਪਟ ਕੇ ਰਹਿ ਜਾਂਦੇ ਹਨ ਉਨ੍ਹਾਂ ਲਈ ਸਿਰਫ ਰਿਸ਼ਤੇ, ਪੈਸਾ ਇਨ੍ਹਾਂ ਦੀ ਹੀ ਮਹੱਤਤਾ ਜੀਵਨ ਵਿਚ ਰਹਿ ਜਾਂਦੀ ਹੈ। ਪਰ ਜਿਸ ਨੇ ਸੰਸਾਰ ਛੱਡ ਕੇ ਆਪਣੀ ਛੋਹ, ਆਪਣਾ ਸਮੁੱਚਾ ਰਿਸ਼ਤਾ ਇਕ ਤੇ ਕੇਵਲ ਇਕ ਉਸ ਨਾਲ ਹੀ ਰੱਖਿਆ ਹੋਵੇ ਜਿਸਦਾ ਸਭ ਕੁਝ ਮਾਤਾ ਪਿਤਾ ਮਿਤ੍ਰ ਸਾਰਾ ਕੁਝ ਉਹ ਹੀ ਹੋਵੇ ਉਹ ਇਕ ਥਾਂ ਤੇ ਸਿਮਟ ਕੇ ਕਿਵੇਂ ਰਹਿ ਸਕਦਾ ਹੈ, ਇਕ ਸਮੇਂ ਵਿਚ ਸੀਮਤ ਕਿਵੇਂ ਰਹਿ ਸਕਦਾ ਹੈ। ਉਸਦਾ ਭੈ ਕੇਵਲ ਇਸ ਜੀਵਨ ਦਾ ਭੈ ਨਹੀਂ ਹੁੰਦਾ, ਉਸ ਦਾ ਭੈ ਤਾਂ ਇਸ ਆਵਾਗਉਣ ਦੇ ਚੱਕਰ ਦਾ ਹੀ ਹੁੰਦਾ ਹੈ, ਉਸ ਨੂੰ ਮੌਤ ਦਾ ਡਰ ਨਹੀਂ ਹੈ। ਪਰ ਬਾਰ-ਬਾਰ ਜਨਮ ਲੈ ਕੇ ਮਰਨ ਦੇ ਚੱਕਰ ਦਾ ਡਰ ਹੈ, ਨਹੀਂ ਇਹ ਵੀ ਨਹੀਂ ਉਸ ਨੂੰ ਤਾਂ ਸਾਰੇ ਸੰਸਾਰਕ ਚੱਕਰ ਦਾ ਡਰ ਹੈ। ਉਸ ਨੂੰ ਪਿਆਰੇ ਦੇ ਵਿਛੜਨ ਦਾ ਡਰ ਹੈ। ਉਸ ਦਾ ਪਿਆਰੇ ਨਾਲ ਪਿਆਰ ਉਛਾਲੇ ਮਾਰ ਰਿਹਾ ਹੈ, ਸਮੋਇਆ ਨਹੀਂ ਜਾਂਦਾ। ਉਸਦੀ ਅਵਾਜ਼ ਕੰਬਦੀ ਹੈ, ਉਹ ਆਪਣੇ ਪਿਆਰੇ ਦੀ ਗੱਲ ਕਰਦਿਆਂ ਰੋ ਪੈਂਦਾ ਹੈ, ਜਦੋਂ ਵੀ ਉਹ ਵਿਛੋੜੇ ਦਾ ਸੋਚਦਾ ਹੈ ਉਸਦੇ ਨੇਤਰ ਵਹਿ ਤੁਰਦੇ ਹਨ। ਜੇ ਉਸ ਨੂੰ ਪਿਆਰੇ ਦਾ ਪਰਛਾਵਾਂ ਵੀ ਨਜ਼ਰ ਆ ਜਾਏ, ਉਹ ਵਿਸਮਾਦ ਵਿਚ ਆ ਜਾਂਦਾ ਹੈ। ਆਪਣੇ ਆਪ ਨੂੰ ਉਚਾ ਚੁਕਣ ਤੋਂ ਭਾਵ ਹੈ ਹਰ ਵਲਵਲੇ ਨੂੰ ਉਚੇ ਲੈ ਜਾਣਾ ਹਰ ਸੰਵੇਗ ਨੂੰ, ਹਰ ਮਨੋਭਾਵ ਨੂੰ। ਇਹ ਮਿਲਾਪ ਪਿਆਰੇ ਦੇ ਪਿਆਰ ਨਾਲ ਉਸ ਤਰ੍ਹਾਂ ਹੀ ਮਿਲੇ ਜਿਵੇਂ ਦੋ ਸਰੀਰਾਂ ਦਾ ਮੇਲ ਹੋਵੇ ਪਰ ਉਸ ਤੋਂ ਕਿਤੇ ਵੱਧ ਉਤਮ ਪਵਿੱਤਰ ਅਨੰਦਮਈ, ਇਹ ਉਸ ਪਿਆਰੇ ਨਾਲ ਮਿਲਾਪ ਹੈ ਜੋ ਕਦੇ ਨਹੀਂ ਵਿਛੜਦਾ ਜਿਸਦੀ ਹਾਜ਼ਰੀ ਤੁਸੀਂ ਸਦਾ-ਸਦਾ ਮਾਣਦੇ ਹੋ। ਜੇ ਉਹ ਗੁੱਸੇ ਵੀ ਹੁੰਦਾ ਹੈ ਉਹ ਵਾਹਿਗੁਰੂ ਨਾਲ ਹੀ ਗੁੱਸੇ ਹੁੰਦਾ ਹੈ, ਕਿ ਮੈਨੂੰ ਆਪਣੇ ਵਿਚ ਸਮਾਅ ਲੈ ਜਾਂ ਮੇਰੇ ਅੰਦਰ ਵਸ ਜਾ। ਉਸ ਸਮੇਂ ਉਸ ਇਕ ਭੋਲੇ ਨਿਰਛਲ ਬੱਚੇ ਦੀ ਭਾਂਤੀ ਕਹਿ ਰਿਹਾ ਹੁੰਦਾ ਹੈ, ਉਸ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਸ ਨੂੰ ਕਿਹੋ ਜਿਹੀ ਸ਼ਬਦਾਵਲੀ ਵਰਤਣੀ ਚਾਹੀਦੀ ਹੈ, ਉਸਦੇ ਅੰਦਰ ਜੋ ਵੀ ਵਲਵਲੇ ਉਠਦੇ ਹਨ ਉਹ ਉਨ੍ਹਾਂ ਨੂੰ ਪ੍ਰਗਟ ਕਰੀ ਜਾਂਦਾ ਹੈ, ਉਸਦੇ ਪਿਆਰ ਦੇ ਵਲਵਲੇ ਬਿਲਕੁਲ St. Johan ਦੀ ਤਰ੍ਹਾਂ ਹਨ ਬਿਲਕੁਲ ਜੈਦੇਵ ਦੀ ਤਰ੍ਹਾਂ ਹੀ ਹਨ ਉਸ ਨੂੰ ਲਗਦਾ ਹੈ ਕਿ ਹਰ ਨਾੜੀ ਵਿਚ ਉਸ ਦੀ ਪ੍ਰੇਮਿਕਾ ਦਾ ਪਿਆਰ ਵਹਿ ਰਿਹਾ ਹੈ, ਆਤਮਾ ਰੂਪੀ ਪ੍ਰੇਮਿਕਾ ਜਦੋਂ ਪਛਾਣ ਵਿਚ ਆ ਜਾਵੇ, ਸਾਰੇ ਭੈ, ਸਾਰਾ ਗੁੱਸਾ, ਸਾਰੀਆਂ ਸਮੱਸਿਆਵਾਂ ਕਾਬੂ ਆ ਜਾਂਦੀਆਂ ਹਨ ਉਸ ਦੇ ਮੂੰਹ 'ਚੋਂ ਕੇਵਲ ਇਹ ਸ਼ਬਦ ਹੀ ਨਿਕਲਦੇ ਹਨ, "ਤੂੰ ਹੀ ਤੂੰ ਹੀ ਮੋਹੇ ਨਾ।" ਤੂੰ ਮੇਰਾ ਪਿਆਰਾ ਪ੍ਰਾਣ ਅਧਾਰ। ਉਹ ਇਹ ਸ਼ਬਦ ਹੀ ਦੁਹਰਾਈ ਜਾਂਦਾ ਹੈ ਉਸ ਨੂੰ ਕੋਈ ਸ਼ਰਮ ਨਹੀਂ ਜਦੋਂ ਛੋਟੀਆਂ-ਛੋਟੀਆਂ ਨਦੀਆਂ ਨਾਲੇ ਇਕੱਠੇ ਹੋ ਜਾਂਦੇ ਹਨ ਤਾਂ ਉਹ ਇਕ ਵੱਡੀ ਨਦੀ ਬਣ ਜਾਂਦੀ ਹੈ ਤੇ ਨਦੀਆਂ ਮਿਲ ਕੇ ਇਕ ਸਾਗਰ ਬਣ ਜਾਂਦਾ ਹੈ। ਜਦੋਂ ਤੁਸੀਂ ਉਤਕ੍ਰਿਸ਼ਟਤਾ ਨਾਲ ਉਸ ਨੂੰ ਪੁਕਾਰਦੇ ਹੋ, ਉਹ ਪ੍ਰਮਾਤਮਾ ਸੁਣਦਾ ਹੈ। ਇਹ ਗੱਲ ਵਖਰੀ ਹੈ ਸਾਨੂੰ ਉਸ ਦੀ ਅਵਾਜ਼ ਨਹੀਂ ਸੁਣਦੀ। ਕਿਉਂ ਨਹੀਂ ਸੁਣਦੀ ਕਿਉਂਕਿ ਹਉਮੈ ਦਾ ਪੜ੍ਹਦਾ ਸਾਡੇ ਤੇ ਉਸ ਦੇ ਵਿਚਕਾਰ ਪਿਆ ਹੋਇਆ ਹੈ। ਜਦੋਂ ਇਹ ਹਉਮੈ ਦਾ ਪੜਦਾ ਟੁਟ ਜਾਂਦਾ ਹੈ ਅਸੀਂ ਉਸ ਨਾਲ ਇਕ ਹੋ ਜਾਂਦੇ ਹਾਂ, ਅਸੀਂ ਉਸ ਵਿਚ ਲਪੇਟੇ ਜਾਂਦੇ ਹਾਂ, ਉਸਦੀ ਰੋਸ਼ਨੀ ਵਿਚ ਉਸ ਦੇ ਪਿਆਰ ਵਿਚ, ਤਾਂ ਅਰਦਾਸ ਵਿਚ ਜੁੜਦੇ ਹਾਂ, ਹੇ ਦਿਆਲੂ, ਕ੍ਰਿਪਾਲੂ ਮੇਰੇ ਅਵਗੁਣ ਕੱਢ ਕੇ ਮੈਨੂੰ ਆਪਣਾ ਬਣਾ ਲੈ। ਮੈਨੂੰ ਉਹ ਦਿਸਣ ਲਗ ਪੈਂਦਾ ਹੈ, ਉਸਦੀ ਸ਼ਕਤੀ ਦਿਸਣ ਲਗ ਪੈਂਦੀ ਹੈ, ਉਹ ਸ਼ਕਤੀ ਜਿਥੋਂ ਸਾਰਾ ਜੀਵਨ ਨਿਕਲ ਤੁਰਦਾ ਹੈ ਜਿਥੋਂ ਸਾਰੀ ਚੇਤਨਤਾ ਨਿਕਲ ਤੁਰਦੀ ਹੈ ਮੈਨੂੰ ਉਥੇ ਸ਼ਕਤੀ ਮਾਂ ਦੇ ਰੂਪ ਵਿਚ ਦਿਸਦੀ ਹੈ, ਸਵੇਰੇ ਜਦੋਂ ਮੈਂ ਪੂਜਾ ਕਰਦਾ ਹਾਂ ਤਾਂ ਮੈਨੂੰ ਚਿੱਟੇ ਕਪੜਿਆਂ ਵਿਚ ਦਿਸਦੀ ਹੈ ਤੇ ਬੱਤਕ ਦੀ ਸਵਾਰੀ ਕਰਦੇ ਮੈਂ ਉਸਦੇ ਦਰਸ਼ਨ ਕਰਦਾ ਹਾਂ, ਦੁਪਹਿਰ ਨੂੰ ਮੈਨੂੰ ਉਹ ਲਾਲ ਵਸਤਰਾਂ ਵਿਚ ਦਰਸ਼ਨ ਦਿੰਦੀ ਹੈ। ਲਾਲਗੀ ਹੀ ਚਿਹਰੇ ਤੇ ਟਪਕ ਰਹੀ ਹੁੰਦੀ ਹੈ, ਸ਼ਾਮ ਨੂੰ ਉਹ ਮੈਨੂੰ ਸ਼ਾਮ ਰੰਗ ਵਿਚ ਹੀ ਦਰਸ਼ਨ ਦਿੰਦੀ ਹੈ, ਮੈਂ ਉਸ ਨੂੰ

ਆਪਣੇ ਥਾਵਾਂ ਆਪਣੇ ਵਲਵਲਿਆਂ ਨਾਲ ਹੀ ਜੋੜ ਲਿਆ ਹੈ, ਇਹ ਮੇਰੇ ਹੀ ਵਲਵਲੇ ਹਨ ਪਰ ਇਸ ਸਭ ਤੋਂ ਪਰ੍ਹੇ ਮੈਂ ਉਸ ਨੂੰ ਇਕ ਦੈਵੀ ਇਲਾਹੀ ਮੂਰਤ ਦੇਖਦਾ ਹਾਂ ਜੋ ਕਿ ਧਰਤੀ ਤੋਂ ਬਹੁਤ ਉਪਰ ਹੈ, ਚਿੱਟਾ ਦੁੱਧ ਉਸਦਾ ਰੰਗ ਹੈ, ਉਹ ਕੇਵਲ ਇਕ ਸ਼ਕਤੀ ਹੈ ਜੇ ਤੁਸੀਂ ਉਸ ਨੂੰ ਛੂਹਣਾ ਚਾਹੋ ਹੱਥ ਅੱਗੇ ਕਰੋ, ਹੱਥ ਮੁੜ ਕੇ ਬਿਨ ਛੋਹੇ ਹੀ ਵਾਪਸ ਆ ਜਾਂਦਾ ਹੈ, ਮੈਂ ਉਸ ਨੂੰ ਦੁੱਧ ਚਿੱਟੇ ਵਸਤਰਾਂ ਵਿਚ ਵੀ ਦੇਖਦਾ ਹਾਂ, ਉਹ ਵਿਆਹ ਦਾ ਚਿੱਟਾ ਜੋੜਾ ਨਹੀਂ, ਉਹ ਤਾਂ ਸਾਧੂਆਂ ਵਾਲਾ ਚਿੱਟਾ ਜੋੜਾ ਹੁੰਦਾ ਹੈ, ਚਾਨਣੀ ਦਾ ਚਿੱਟਾ ਜੋੜਾ ਹੁੰਦਾ ਹੈ, ਉਹ ਚਾਨਣੀ ਵਿਚ ਹੀ ਲਪੇਟੀ ਹੁੰਦੀ ਹੈ ਤੇ ਚਮਕ ਰਹੀ ਹੁੰਦੀ ਹੈ, ਮੈਂ ਉਸ ਨੂੰ ਮਾਂ-ਮਾਂ-ਮਾਂ ਬੁਲਾਉਂਦਾ ਹੀ ਤੁਰਿਆ ਜਾਂਦਾ ਹਾਂ, ਮੈਨੂੰ ਉਹ ਚੁੱਕ ਲੈਂਦੀ ਹੈ, ਮੈਂ ਉਚੇ ਉਠ ਜਾਂਦਾ ਹਾਂ, ਉਤਸ਼ਾਹਿਆ ਜਾਂਦਾ ਹਾਂ। ਹੁਣ ਮੇਰੀ ਉਸ ਅੱਗੇ ਇਕੋ ਹੀ ਅਰਦਾਸ ਹੈ, ਮੈਨੂੰ ਪੈਸਾ ਨਹੀਂ ਚਾਹੀਦਾ ਦੌਲਤ ਨਹੀਂ ਚਾਹੀਦੀ, ਰਾਜ ਪਾਠ ਨਹੀਂ ਚਾਹੀਦਾ, ਗਿਆਨ ਵਿਗਿਆਨ ਨਹੀਂ ਚਾਹੀਦਾ, ਸਾਥ ਨਹੀਂ ਚਾਹੀਦਾ। ਹੇ ਮਾਂ! ਮੈਨੂੰ ਸ਼ਰਧਾ ਨਾਲ ਭਰ ਦੇ, ਐਨੀ ਸ਼ਰਧਾ, ਐਨਾ ਪਿਆਰ ਦੇ ਦੇ ਮਾਂ ਮੈਂ ਪਿਆਰ ਨਾਲ ਛਲਕਦਾ ਰਹਾਂ, ਮਾਂ ਮੈਂ ਜਦੋਂ ਤੇਰਾ ਚਿਹਰਾ ਦੇਖਦਾ ਹਾਂ, ਮੈਨੂੰ ਕਿਸੇ ਹੋਰ ਦੀ ਇੱਛਾ ਹੀ ਨਹੀਂ ਹੁੰਦੀ, ਮੈਨੂੰ ਕਿਸੇ ਤੋਂ ਕੋਈ ਇੱਛਾ ਨਹੀਂ, ਮੈਨੂੰ ਕੇਵਲ ਤੇ ਕੇਵਲ ਤੇਰੇ ਹੀ ਸੰਗ ਦੀ ਲੋੜ ਹੈ।

ਜਿਵੇਂ ਤੁਹਾਡੇ ਸੁਆਸ ਚੇਤਨਤਾ ਦੇ ਵੱਖ-ਵੱਖ ਕੇਂਦਰਾਂ ਤੋਂ ਉਪਰ ਵਲ ਆਉਣ ਨਾਲ, ਨਾਲ ਹੀ ਉਸ ਕੇਂਦਰ ਦੇ ਵਲਵਲੇ ਵੀ ਆਉਣਗੇ ਤੁਸੀਂ ਉਨ੍ਹਾਂ ਨਾਲ ਉਨਤ ਹੋਵੋ, ਉਚੇ ਉਠੋ ਤੇ ਉਨ੍ਹਾਂ ਵਲਵਲਿਆਂ ਨੂੰ ਰੂਹਾਨੀ ਰੂਪ ਰੇਖਾ ਦਿਓ, ਉਨ੍ਹਾਂ ਸੰਸਾਰਕ ਭਾਵਨਾਵਾਂ ਨੂੰ ਅਧਿਆਤਮਵਾਦ ਦਾ ਜਾਮਾ ਪੁਆਉਂਦੇ ਉਸ ਦੇ ਬਰਾਬਰ ਦਾ ਰੂਹਾਨੀਅਤ ਦੀ ਭਾਵਨਾ ਢੂੰਡ ਲਓ। ਇਹ ਕਦੀ ਨਾ ਸੋਚੋ ਕਿ ਵਾਹਿਗੁਰੂ ਕੇਵਲ ਤੁਹਾਡਾ ਹੈ। ਜਦੋਂ ਰਾਧਾ ਸੋਚਦੀ ਸੀ ਕਿ ਕ੍ਰਿਸ਼ਨ ਕੇਵਲ ਉਸ ਲਈ ਹੀ ਬੰਸਰੀ ਵਜਾਉਂਦੇ ਹਨ, ਕੇਵਲ ਉਸ ਦੇ ਹੀ ਹਨ, ਕ੍ਰਿਸ਼ਨ ਜੀ ਉਸੇ ਵੇਲੇ ਹੀ ਅਲੋਪ ਹੋ ਜਾਂਦੇ ਸੀ ਤੇ ਕੇਵਲ ਉਨ੍ਹਾਂ ਦੇ ਪਦ ਚਿੰਨ ਹੀ ਦਿਸਦੇ ਰਹਿ ਜਾਂਦੇ ਸੀ। ਉਸ ਪਿਆਰ ਦੀ ਚੇਸ਼ਟਾ ਕਰੋ, ਲੋਚਾ ਰੱਖੋ, ਅਰਦਾਸ ਕਰੋ ਤੇ ਜਿਹੜੀਆਂ ਭਾਵਨਾਵਾਂ ਤੁਹਾਡੇ ਮਨ ਅੰਦਰ ਉਠਦੀਆਂ ਹਨ ਉਨ੍ਹਾਂ ਦੇ ਸਮ ਰੂਹਾਨੀਅਤ ਦੀਆਂ ਭਾਵਨਾਵਾਂ ਲੱਭੋ, ਜੇ ਤੁਸੀਂ ਮਿਤਰ ਦੀ ਭਾਲ ਵਿਚ ਹੋ ਤਾਂ ਉਸ ਪ੍ਰਮਾਤਮਾ ਵਿਚ ਹੀ ਮਿਤਰ ਲੱਭੋ ਜੋ ਸਦਾ ਤੁਹਾਡੇ ਅੰਗ ਸੰਗ ਹੈ, ਜੇ ਤੁਹਾਨੂੰ ਇਸਤ੍ਰੀ ਦੇ ਸਾਥ ਦੀ ਭਾਲ ਹੈ ਤਾਂ ਉਸ ਪ੍ਰਮਾਤਮਾ ਦੀ ਸ਼ਕਤੀ ਨੂੰ ਚਾਹੋ ਉਸ ਨੂੰ ਦੇਖੋ, ਉਸ ਜੋਤ ਨੂੰ ਦੇਖੋ ਜੋ ਆਪਣੇ ਆਪ ਵਿਚ ਸ਼ਕਤੀ ਹੈ, ਬਲ ਹੈ।

ਇਸ ਨੂੰ ਸ਼ਕਤੀ ਪਥ ਕਹਿੰਦੇ ਹਨ ਸ਼ਰਧਾ ਦਾ ਪਥ। ਪੁਰਾਣੇ ਸਮਿਆਂ ਦੇ ਭਗਤ ਕਦੀ ਵੀ ਉਸ ਪਿਆਰੇ ਦੀਆਂ ਗੱਲਾਂ ਕਰਦੇ ਨਹੀਂ ਥਕਦੇ ਸੀ। ਉਹ ਸਤਿਸੰਗ ਕਰਦੇ ਸੀ ਜਿਸ ਵਿਚ ਆਪਣੇ ਪਿਆਰੇ ਦਾ ਹੀ ਜ਼ਿਕਰ ਕਰਦੇ ਸੀ। ਤੁਸੀਂ ਵੀ ਸਤਿਸੰਗ ਕਰੋ, ਆਪਣੇ ਪਿਆਰੇ ਦੀਆਂ ਗੱਲਾਂ ਕਰੋ, ਇਹ ਸਤਿਸੰਗ ਕੋਈ ਬੁੱਧੀਜੀਵੀਆਂ ਦੀ ਗੋਸ਼ਟੀ ਨਹੀਂ, ਕੇਵਲ ਸਤਿਸੰਗ, ਕੋਈ ਵਿਸ਼ਲੇਸ਼ਨ ਨਹੀਂ, ਸਤਿਸੰਗ ਉਸਦੀ ਸਿਫਤ ਸਲਾਹ, ਉਸ ਦੇ ਗੁਣ ਗਾਣ ਉਸ ਦਾ ਸਿਮਰਨ, ਧਿਆਨ, ਚਿੰਤਨ ਉਨ੍ਹਾਂ ਗੱਲਾਂ ਦਾ ਜ਼ਿਕਰ ਜੋ ਹੋ ਬੀਤੀਆਂ ਹਨ। ਅਰਜਨ ਨੂੰ ਕ੍ਰਿਸ਼ਨ ਜੀ ਨੇ ਕਿਵੇਂ ਦਰਸ਼ਨ ਦਿਤੇ, ਕਿਵੇਂ ਕ੍ਰਿਸ਼ਨ ਜੀ ਨੇ ਅਰਜਨ ਨੂੰ ਜਲਦਾ ਬਲਦਾ ਸੰਸਾਰ ਦਿਖਾਇਆ ਤੇ ਫੇਰ ਆਪਣਾ ਵਾਸਤਵਿਕ ਰੂਪ ਦਿਖਾਇਆ, ਅਸੀਂ ਅੱਜ ਵੀ ਇਹ ਗੱਲਾਂ ਕਰਕੇ ਅਨੰਦ ਮਾਣਦੇ ਹਾਂ, ਅਨੰਦ ਆਉਂਦਾ ਹੈ ਕਿ ਤੁਸੀਂ ਜਾਣਦੇ ਹੋ ਤੁਸੀਂ ਉਨ੍ਹਾਂ ਨੂੰ ਸੁਣਦੇ ਤੇ ਮਾਣਦੇ ਹੋ। ਮੇਰੇ ਪਿਆਰਿਓ! ਮੈਂ ਕਿਤੇ ਅਸਮਾਨ ਤੇ ਨਹੀਂ ਰਹਿੰਦਾ, ਮੇਰਾ ਕੋਈ ਆਕਾਰ ਨਹੀਂ ਹੈ, ਨਾ ਹੀ ਮੈਂ ਯੋਗੀਆਂ ਦੇ ਮਨਾਂ ਵਿਚ ਵਸਦਾ ਹਾਂ, ਮੈਂ ਤਾਂ ਉਥੇ ਹੀ ਵਸਦਾ ਹਾਂ ਜਿਥੇ ਪਿਆਰੇ ਰਲ ਮਿਲ ਕੇ ਬੈਠਦੇ ਹਨ ਤੇ ਮੇਰੇ ਗੁਣ ਗਾਣ ਕਰਦੇ ਹਨ, ਅਨੰਦ ਮਾਣਦੇ ਹਨ, ਮੈਂ ਉਥੇ ਹੀ ਹੁੰਦਾ ਹਾਂ, ਪਰ ਮੇਰੀ ਹੋਂਦ ਉਹ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਨੇ ਲਭ, ਲੋਭ ਲਾਲਚ ਤੇ ਕਾਬੂ ਪਾ ਲਿਆ ਹੈ, ਜਿਥੇ ਸੰਸਾਰਕ ਭਾਵਨਾਵਾਂ ਨੂੰ ਉਚੇ ਚੁਕਿਆ ਜਾਂਦਾ ਹੈ, ਪਵਿੱਤਰ ਕੀਤਾ ਜਾਂਦਾ ਹੈ, ਪਵਿੱਤਰ ਭਾਵਨਾ ਪੂਰਨ ਸ਼ਰਧਾ ਹੈ, ਸਤਿ ਹੈ, ਇਸ ਵਿਚ ਸ਼ਰਧਾਲੂ ਰੋਣ ਤੋਂ ਨਹੀਂ ਡਰਦਾ, ਗਾਉਣ ਤੋਂ ਨਹੀਂ ਝਿਜਕਦਾ। ਜਦੋਂ ਸ਼ਰਧਾਲੂ ਕਿਸੇ ਨੂੰ ਬੋਲਦਿਆਂ ਸੁਣਦਾ ਹੈ, ਆਪਣੇ ਪਿਆਰੇ ਦੀਆਂ ਗੱਲਾਂ ਸੁਣਦਾ ਹੈ ਉਹ ਰੋਣ ਲਗ ਪੈਂਦਾ ਹੈ ਉਹ ਥੋੜ੍ਹਾ ਜਿਹਾ ਹੀ ਵਿਸਮਾਦ ਵਿਚ ਆਉਂਦਾ ਹੈ ਤਾਂ ਉਹ ਹਸਣ ਲਗ ਪੈਂਦਾ ਹੈ, ਉਹ ਸਤਿਸੰਗ ਕਰਕੇ ਅਨੰਦ ਵਿਚ ਆਉਂਦਾ ਹੈ, ਸਤਿਸੰਗ ਵਿਚ ਸਾਰੇ ਹੀ ਪਿਆਰੇ ਦੇ ਪਿਆਰ ਵਿਚ ਹੀ ਰਤੇ ਹੁੰਦੇ ਹਨ। ਜਦੋਂ ਵੀ ਭਗਤ ਕਿਤਾਬ ਪੜ੍ਹ ਰਿਹਾ ਹੁੰਦਾ ਹੈ ਉਹ ਪਿਆਰੇ ਤਕ ਪਹੁੰਚਣ ਦੇ ਰਾਹ ਲੱਭ ਰਿਹਾ ਹੁੰਦਾ ਹੈ, ਉਹ ਉਨ੍ਹਾਂ ਰਹੱਸਮਈ ਰਾਹਾਂ ਦੀ ਖੋਜ ਕਰ ਰਿਹਾ ਹੁੰਦਾ ਹੈ ਜਿਹੜੇ ਪਿਆਰੇ ਨੂੰ ਮੇਲ ਦੇਣ। ਇਹ ਸਾਰੀ ਖੇਡ ਕਿਸੇ ਤਰਕ ਤੇ ਨਹੀਂ ਹੋ ਰਹੀ ਹੁੰਦੀ ਹੈ, ਅੰਦਰੋਂ ਵਲਵਲੇ ਉਠਦੇ ਹਨ, ਪਿਆਰੇ ਜੀਓ! ਮੈਂ ਤੇਰੇ ਲਈ ਇਹ ਕਰਾਂ, ਉਹ ਕਰਾਂ, ਤੈਨੂੰ ਰੀਝਾਵਾਂ, ਤੇਰੇ ਤੇ ਵਾਰੀ ਵੰਞਾ, ਘੋਲੀ ਵੰਞਾ, ਤੂੰ ਰੀਝ ਜਾਵੇਂ, ਤੂੰ ਦਿਆਲ ਹੋ ਜਾਵੇਂ, ਪ੍ਰਸੰਨ ਹੋ ਜਾਵੇਂ ਕਿਸੇ ਵੀ ਤਰ੍ਹਾਂ ਤੂੰ ਮੇਰਾ ਤੇ ਮੈਂ ਤੇਰਾ ਹੋ ਜਾਵਾਂ। ਤੁਸੀਂ ਦੇਖੋਗੇ ਇਸ ਤਰ੍ਹਾਂ ਕੋਈ ਵੀ ਪ੍ਰਮਾਤਮਾ ਦੇ ਪਿਆਰ ਵਿਚ ਉਤਸ਼ਾਹਿਤ ਹੋ ਸਕਦਾ ਹੈ। ਤੁਹਾਡੀ ਆਪਣੀ ਭਾਵਨਾ ਦੀ ਗੱਲ ਹੈ, ਪਹਿਲਾਂ ਤੁਸੀਂ ਆਪਣੀ ਭਾਵਨਾ ਬਣਾਓ। ਜੇ ਤੁਸੀਂ ਕ੍ਰਿਸ਼ਨ ਜੀ ਨੂੰ ਬਾਲ ਰੂਪ ਵਿਚ ਦੇਖਣਾ ਚਾਹੁੰਦੇ ਹੋ, ਯਸ਼ੋਧਾ ਦੀ ਤਰ੍ਹਾਂ ਉਨ੍ਹਾਂ ਨੂੰ ਆਪਣੀਆਂ ਬਾਹਾਂ ਵਿਚ ਲਵੋ, ਉਨ੍ਹਾਂ ਨੂੰ ਧਰਤੀ ਤੇ ਰਿੜ੍ਹਦਿਆਂ ਦੇਖੋ, ਦੌੜਦਿਆਂ ਦੇਖੋ, ਦੇਖੋ ਜਿਵੇਂ ਉਨ੍ਹਾਂ ਨੂੰ ਆਪਣਾ ਮੂੰਹ ਖੋਲ੍ਹ ਕੇ ਯਸ਼ੋਧਾ ਨੂੰ ਬ੍ਰਹਿਮੰਡ ਦੇ ਦਰਸ਼ਨ ਕਰਾਏ ਸੀ, ਉਸ ਨਾਲ ਖੇਡੋ, ਪਕੜੋ, ਕਲੋਲ ਕਰੋ, ਮਿੱਟੀ ਦਾ ਢੇਲਾ ਉਸ ਨੂੰ ਆਪਣੇ ਮੂੰਹ ਵਿਚ ਪਾਉਂਦਿਆਂ ਦੇਖੋ ਤੇ ਕਹੋ। ਮੈਂ ਤੈਨੂੰ ਕਿੰਨੀ ਵਾਰੀ ਮਨ੍ਹਾਂ ਕੀਤਾ ਹੈ, ਮਿੱਟੀ ਮੂੰਹ ਵਿਚ ਨਹੀਂ ਪਾਉਣੀ, ਉਹ ਕਹਿ ਰਹੇ ਹਨ ਮੈਂ ਨਹੀਂ ਮਿੱਟੀ ਖਾਧੀ, ਮੈਂ ਨਹੀਂ ਖਾਧੀ, ਉਹ ਮੂੰਹ ਖੋਲ੍ਹਦੇ ਹਨ। ਯਸ਼ੋਧਾ ਹੈਰਾਨ ਹੋ ਜਾਂਦੀ ਹੈ ਇਹ ਤਾਂ ਸਾਰਾ ਬ੍ਰਹਿਮੰਡ ਹੀ ਲਈ ਬੈਠੇ ਹਨ। ਸਾਰਾ ਪਿੰਡ, ਪਿੰਡ ਦੀਆਂ ਬੀਬੀਆਂ ਦੁੱਧ ਰਿੜਕਦੀਆਂ ਪਿੰਡ ਦੀਆਂ ਗਊਆਂ ਸਾਰੇ ਨਗਰ, ਪੁਲਾੜ, ਸਾਰਾ ਬ੍ਰਹਿਮੰਡ ਚੰਦ ਤਾਰੇ ਤੇ ਨਾਲ

ਹੀ ਉਹ ਕਹਿੰਦੇ ਹਨ ਮੈਂ ਤਾਂ ਮੂੰਹ ਵਿਚ ਕੁਛ ਨਹੀਂ ਪਾਇਆ। ਸੋ ਬੱਚੇ ਦਾ ਪਿਆਰ ਤੁਸੀਂ ਆਪਣੇ ਪਿਆਰੇ ਦੇ ਪਿਆਰ ਵਿਚ ਢਾਲ ਸਕਦੇ ਹੋ, ਉਸ ਨੂੰ ਝੂਲਾ ਝੁਲਾ ਸਕਦੇ ਹੋ, ਰੂਹਾਨੀ ਪਿਆਰ ਨਾਲ ਉਸ ਤੇ ਘੋਲ ਘੁਮਾਈ ਜਾ ਸਕਦੇ ਹੋ, ਇਸ ਤਰ੍ਹਾਂ ਆਪਣੀਆਂ ਸੰਸਾਰਕ ਭਾਵਨਾਵਾਂ ਨੂੰ ਤੁਸੀਂ ਰੂਹਾਨੀ ਜਾਮਾ ਪੁਆ ਸਕਦੇ ਹੋ, ਉਚਾ ਲੈ ਜਾ ਸਕਦੇ ਹੋ, ਹੌਲੀ-ਹੌਲੀ ਭਾਵਨਾਵਾਂ ਪਵਿੱਤਰ ਹੁੰਦੀਆਂ ਚਲੀਆਂ ਜਾਣਦੀਆਂ। ਇਸ ਤਰ੍ਹਾਂ ਕਰਦਿਆਂ ਹੀ ਅਸੀਂ ਬਾਈਬਲ ਵਾਲੇ St. John ਦੀ ਸਥਿਤੀ ਤੇ ਪਹੁੰਚ ਜਾਵਾਂਗੇ, ਅਸੀਂ ਬਾਈਬਲ ਵਿਚ ਪੜ੍ਹਦੇ ਹਾਂ ਜਿਸ ਨੂੰ ਪ੍ਰਮਾਤਮਾ ਦੇ ਗੁਣ ਗਾਣ ਕਿਹਾ ਗਿਆ ਹੈ। ਸਾਡੇ ਗ੍ਰੰਥਾਂ ਵਿਚ ਵੀ ਲਿਖਿਆ ਹੋਇਆ ਹੈ, ਅਸੀਂ ਪੜ੍ਹਦੇ ਹਾਂ, ਉਹ ਕਿੰਨੀ ਦੇਰ ਤੋਂ ਪਿਆਰ ਦੀ ਵਰਖਾ ਕਰ ਰਹੇ ਹਨ। ਫੇਰ ਇਕ ਉਹ ਸਮਾਂ ਆ ਜਾਂਦਾ ਹੈ ਜਦੋਂ ਅਸੀਂ ਇਕ ਵਾਕ ਵੀ ਉਸ ਦੇ ਨਾਮ ਤੋਂ ਬਿਨਾਂ ਨਹੀਂ ਬੋਲ ਸਕਦੇ, ਕਈਆਂ ਦੀ ਤੁਸੀਂ ਫੇਰ ਇਹ ਦਸ਼ਾ ਦੇਖੋਗੇ ਕਿ ਜਦੋਂ ਉਹ ਗੱਲ ਕਰਦੇ ਹਨ ਤਾਂ ਕਹਿੰਦੇ ਹਨ ਮੇਰਾ ਕ੍ਰਿਸ਼ਨ ਮੈਨੂੰ ਮਿਲਿਆ ਸੀ, ਮੈਂ ਉਸ ਨੂੰ ਕਿਹਾ ਸੀ, ਫੇਰ ਉਹ ਕ੍ਰਿਸ਼ਨ ਨਾਲ ਗੱਲਾਂ ਵੀ ਕਰਦੇ ਹਨ। ਕ੍ਰਿਸ਼ਨ ਐਸ ਤਰ੍ਹਾਂ ਹੋ ਗਿਆ, ਮੈਂ ਇਹ ਕੀਤਾ, ਉਹ ਕੀਤਾ। ਮੇਰੀ ਤੁਹਾਨੂੰ ਇਹ ਬੇਨਤੀ ਹੈ, ਗੱਲ ਇਹ ਹੈ ਕਿ ਉਹ ਇਕ ਵੀ ਵਾਕ ਆਪਣੇ ਪਿਆਰੇ ਦੇ ਨਾ ਤੋਂ ਬਿਨਾਂ ਨਹੀਂ ਪੂਰਾ ਕਰ ਸਕਦੇ। ਉਨ੍ਹਾਂ ਦਾ ਆਪਣਾ ਸਰੀਰ ਵੀ ਆਪਣਾ ਨਹੀਂ ਰਹਿੰਦਾ, ਉਹ ਆਪਣੇ ਪਿਆਰੇ ਦੇ ਪਿਆਰ ਵਿਚ ਇਹ ਹੀ ਕਹਿੰਦੇ ਹਨ ਕਿ ਇਹ ਤਾਂ ਸ਼ੀਸ਼ਾ ਹੈ, ਆਈਨਾ ਹੈ, ਇਹ ਤਾਂ ਕ੍ਰਿਸ਼ਨ ਦਾ ਹੀ ਆਈਨਾ ਹੈ ਫੇਰ ਇਸ ਤਰ੍ਹਾਂ ਹੀ ਕਰਦਿਆਂ ਉਹ ਪਿਆਰੇ ਵਿਚ ਰੱਤੇ ਜਾਂਦੇ ਹਨ ਤੇ ਉਹ ਹੀ ਬਣ ਜਾਂਦੇ ਹਨ ਜਿਵੇਂ ਕਬੀਰ ਜੀ ਕਹਿੰਦੇ ਹਨ -

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

*ਪੰਨਾ - 1375*

ਉਹ ਪਿਆਰੇ ਦਾ ਤੇ ਪਿਆਰਾ ਉਸ ਦਾ ਹੋ ਕੇ ਰਹਿ ਜਾਂਦਾ ਹੈ।

ਫੇਰ ਮੁੜ ਕੇ ਤੁਸੀਂ ਉਸੇ ਥਾਂ ਤੇ ਆ ਜਾਓ ਜਿਥੇ ਤੁਸੀਂ ਲੇਟੇ ਹੋਏ ਹੋ, ਆਪਣੀ ਸੁਰਤੀ ਸਭ ਥਾਂ ਤੋਂ ਸਮੇਟ ਲਵੋ ਕੇਵਲ ਉਸ ਥਾਂ ਲਈ ਹੀ ਸੁਚੇਤ ਹੋਵੋ ਜਿਥੇ ਤੁਸੀਂ ਲੇਟੇ ਹੋਏ ਹੋ, ਸਿਰ ਤੋਂ ਪੈਰਾਂ ਤਕ, ਸਰੀਰ ਨੇ ਜੋ ਜਗ੍ਹਾ ਲਈ ਹੋਈ ਹੈ ਆਪਣੇ ਸਰੀਰ ਦੇ ਅੰਗਾਂ ਨੂੰ ਸ਼ਾਂਤ ਕਰੋ, ਮਨ ਨੂੰ ਸ਼ਾਂਤ ਕਰੋ। ਇਹ ਸ਼ਾਂਤੀ ਉਹ ਸ਼ਾਂਤੀ ਹੈ ਜੋ ਸਾਰੇ ਸਰੀਰ ਵਿਚ ਤੁਸੀਂ ਮਹਿਸੂਸ ਕਰਦੇ ਹੋ, ਆਪਣੀਆਂ ਚਿਤ ਬਿਰਤੀਆਂ ਨੂੰ ਸ਼ਾਂਤ ਕਰੋ, ਆਪਣੀ ਧੜਕਣ ਨੂੰ ਸ਼ਾਂਤ ਕਰੋ, ਸਥਿਰ ਰਹੋ, ਸਥਿਰ ਰਹਿਣ ਲਈ ਸੰਕਲਪ ਕਰੋ। ਸਾਰੀ ਅਸ਼ਾਂਤੀ ਦੂਰ ਕਰੋ, ਉਸ ਸ਼ਾਂਤੀ ਨੂੰ ਸਥਿਰ ਰਖਦਿਆਂ ਆਪਣੇ ਨੇਤਰ ਖੋਲ੍ਹੋ, ਹਰ ਸਮੇਂ ਆਪਣਾ ਧਿਆਨ ਮੋੜ ਕੇ ਲਿਆਓ, ਵਾਹਿਗੁਰੂ ਸਦਾ ਤੁਹਾਡੇ ਸੰਗ ਹੈ।

□ □ □ □ □ □ □ □

ਮਾਤਾ ਰਣਜੀਤ ਕੌਰ ਜੀ ਬਾਬਾ ਜੀ ਨਾਲ ਵਿਦੇਸ਼ ਗਏ ਸਨ ਪਰ ਆਪ ਬੀਮਾਰੀ ਦੀ ਹਾਲਤ ਵਿਚ ਸਨ ਆਪ ਇੰਗਲੈਂਡ ਠਹਿਰ ਗਏ ਅਤੇ ਇਲਾਜ ਕਰਾਉਣ ਲੱਗੇ। ਡਾਕਟਰਾਂ ਨੇ ਬਹੁਤ ਮਿਹਨਤ ਕਰਕੇ ਰੋਗ ਲੱਭ ਕੇ ਇਲਾਜ ਕਰਨਾ ਸ਼ੁਰੂ ਕਰ ਦਿਤਾ। ਬਾਬਾ ਜੀ 12 ਮਈ ਨੂੰ ਵਾਪਸ ਮੁਹਾਲੀ ਆ ਗਏ ਹਨ ਪਰ ਬੀਜੀ ਉਥੇ ਹੀ ਹਨ। ਇਹ ਕਵਿਤਾ ਉਨ੍ਹਾਂ ਦੀ ਯਾਦ ਵਿਚ ਬੀਬੀ ਚਰਨਜੀਤ ਕੌਰ ਨੇ ਆਪਣੇ ਭਾਵ ਪ੍ਰਗਟ ਕਰਦਿਆਂ ਲਿਖੀ ਹੈ -

## ਬੀਜੀ ਦੀ ਯਾਦ

ਆਜਾ ਅੰਮੀਏ ਨੀ ਤੈਨੂੰ ਸੰਗਤ ਪੁਕਾਰ ਦੀ,
ਸੰਗਤ ਪੁਕਾਰੇ ਤੈਨੂੰ ਪਿਆਸੀ ਤੇਰੇ ਪਿਆਰ ਦੀ,
ਆਜਾ ਅੰਮੀਏ ਨੀ.........................।
ਵਾਇਦੇ ਕਰਕੇ ਗਏ ਸੀ ਤੁਸੀਂ ਜਾਂਦੇ ਪ੍ਰਦੇਸ ਨੂੰ,
ਛੇਤੀ ਮੁੜਾਂਗੇ ਅਸੀਂ ਆਪਣੇ ਇਸ ਦੇਸ਼ ਨੂੰ,
ਪਿਤਾ ਜੀ ਤੇ ਆ ਗਏ, ਅੰਮੀ ਦੁਖੜੇ ਸਹਾਰਦੀ,
ਆਜਾ ਅੰਮੀਏ ਨੀ..........................।
ਪਿਤਾ ਜੀ ਦੇ ਦਿਲ ਵਿਚ ਦੁੱਖ ਸੰਸਾਰ ਦਾ,
ਵੰਡਦੇ ਨੇ ਗਿਆਨ ਜਾ ਕੇ ਨਾਨਕ ਨਿਰੰਕਾਰ ਦਾ,
ਬੀਜੀ ਲੋਈ ਬਣ ਨਾਲ ਸੰਗਤਾਂ ਨੂੰ ਤਾਰਦੀ,
ਆਜਾ ਅੰਮੀਏ ਨੀ............................।
ਕੋਠੀ 'ਚ ਪਿਤਾ ਜੀ ਜਦੋਂ ਕੁਰਸੀ ਤੇ ਸਜਦੇ,
ਇਕੱਲਿਆਂ ਨੂੰ ਵੇਖ ਹੰਝੂ ਅੱਖੀਆਂ 'ਚੋਂ ਵਗਦੇ,
ਦਿਸਦੀ ਨਾ ਮਾਂ ਪਿਆਰ ਕਰਦੀ ਨਾ ਝਾੜ੍ਹਦੀ,
ਆਜਾ ਅੰਮੀਏ ਨੀ...............................।
ਅਰਦਾਸ ਕਰੇ ਸੰਗਤ ਸਾਰੀ ਰਤਵਾੜਾ ਸਾਹਿਬ ਦੀ,
ਛੇਤੀ ਛੇਤੀ ਆਉਣ ਬੀਜੀ, ਸਿਹਤ ਹੋਵੇ ਕਾਮਯਾਬ ਜੀ,
ਚਰਨਜੀਤ ਵੀ ਨਿਮਾਣੀ ਤੁਹਾਨੂੰ ਰੋ ਰੋ ਵਾਜਾਂ ਮਾਰਦੀ
ਆਜਾ ਅੰਮੀਏ ਨੀ ਤੈਨੂੰ ਸੰਗਤ ਪੁਕਾਰਦੀ।

***ਚਰਨਜੀਤ ਕੌਰ***
***ਸੈਕਟਰ 20***

# ਸੁਚੱਜੀ ਚੋਣ

*ਮਨਜੀਤ ਸਿੰਘ ਗਿੱਲ*

ਕਈ ਦਿਨ ਪਹਿਲਾਂ ਮੈਂ ਇਕ ਬਜ਼ੁਰਗ (ਜਿਸਦੀ ਦਿਮਾਗੀ ਸਥਿਤੀ ਕਿਸੇ ਘਟਨਾ ਕਰਕੇ ਅੱਧੀ ਨਾਲੋਂ ਵੀ ਘੱਟ ਰਹਿ ਗਈ ਹੈ।) ਨਾਲ ਇਸ ਜਗਤ ਵਿਚ ਆਏ ਹੋਏ ਜੀਵਨ ਦੀ ਸਮਾਪਤੀ ਬਾਰੇ ਗੱਲਬਾਤ ਕਰ ਰਿਹਾ ਸੀ। ਗੱਲਬਾਤ ਵਿਚ ਸੁੱਤੇ ਸਿਧ ਮੇਰੇ ਮੂੰਹੋਂ ਨਿਕਲ ਗਿਆ, ਹੁਣ ਤਾਂ ਹਰ ਸਾਹ ਨਾਲ ਵਾਹਿਗੁਰੂ ਜੀ ਦਾ ਜਪ ਕਰਿਆ ਕਰੋ, ਜੀਵਨ ਦੀਆਂ ਘੜੀਆਂ ਬਹੁਤ ਘੱਟ ਰਹਿ ਗਈਆਂ ਨੇ (ਇਹ ਤਾਂ ਮੇਰਾ ਅਨੁਮਾਨ ਹੈ ਵਾਹਿਗੁਰੂ ਨੂੰ ਕੀ ਮਨਜ਼ੂਰ ਉਹ ਓਹੀ ਜਾਣੇ) ਮੇਰੀ ਹੈਰਾਨੀ ਸਗੋਂ ਵਧ ਗਈ ਜਦੋਂ ਮੈਂ ਜੁਆਬ ਸੁਣਿਆ, ਮੈਂ ਕਿਉਂ ਮਰਾਂ ਤੂੰ ਮਰ ਜਾ। ਮੈਂ ਜੁਆਬ ਵਿਚ ਕਿਹਾ ਤੁਸੀਂ ਆਪਣਾ ਆਪ ਦੇਖੋ, ਕੋਈ ਖਾਣਾ ਨਹੀਂ ਬਣਾ ਸਕਦੇ, ਕੋਈ ਚੀਜ਼ ਯਾਦ ਨਹੀਂ ਰਹਿੰਦੀ, ਸਰੀਰਕ ਸੇਵਾਵਾਂ ਵੀ ਕਰਾਉਣੀਆਂ ਪੈਂਦੀਆਂ ਹਨ, ਕੋਈ ਬਾਲ ਬੱਚੇ ਨਾਲ ਰੱਖ ਕੇ ਬਾਹਲੀ ਖੁਸ਼ੀ ਨਹੀਂ ਮਹਿਸੂਸ ਕਰਦੇ ਸਗੋਂ ਭਾਰ ਸਮਝਦੇ ਨੇ। ਕੋਈ ਤੁਹਾਡੇ ਨਾਲ ਗੱਲਬਾਤ ਨਹੀਂ ਕਰਦਾ, ਨਾ ਹੀ ਤੁਹਾਡੇ ਖਿਆਲ ਦੀ ਕੋਈ ਕਦਰ ਹੈ, ਕਿਤੇ ਤੁਰ ਫਿਰ ਨਹੀਂ ਸਕਦੇ ਫਿਰ ਵੀ ਇਸ ਜੀਵਨ ਦੇ 80 ਸਾਲਾਂ ਬਾਦ ਉਨਾਂ ਹੀ ਪਿਆਰ ਜਿੰਨਾਂ ਬਚਪਨ, ਜਵਾਨੀ ਵਿਚ ਸੀ? 'ਕਾਕਾ! ਆਪਣਾ ਕੰਮ ਕਰ ਮੈਨੂੰ ਇਹੋ ਜਿਹੀਆਂ ਗੱਲਾਂ ਚੰਗੀਆਂ ਨਹੀਂ ਲਗਦੀਆਂ', ਮੈਨੂੰ ਜੁਆਬ ਮਿਲਿਆ।

ਮੈਂ ਕਈ ਦਿਨ ਸੋਚਦਾ ਰਿਹਾ ਕਿ ਇਸ ਸਰੀਰ ਨਾਲ ਕੀ ਐਡਾ ਪਿਆਰ ਪੈ ਜਾਂਦਾ ਹੈ ਕਿ ਕਦੇ ਵੀ ਨਾ ਛੱਡਣ ਦਾ ਮਨ ਬਣ ਜਾਵੇ। ਕੀ ਇਹ ਦੁਨੀਆਂ ਐਨੀ ਸੋਹਣੀ ਹੈ ਕਿ ਹਮੇਸ਼ਾ ਇਸ ਦੁਨੀਆਂ ਵਿਚ ਹੀ ਰਹਿਣ ਨੂੰ ਜੀਅ ਕਰਦਾ ਰਹੇ। ਭਾਵੇਂ ਸਰੀਰ ਤਕਰੀਬਨ ਜੁਆਬ ਹੀ ਦੇ ਜਾਵੇ ਫਿਰ ਵੀ ਕਿਸੇ ਨਾ ਕਿਸੇ ਤਰੀਕੇ ਸਰੀਰ ਵਿਚ ਰਹੀ ਜਾਣ ਨੂੰ ਜੀਅ ਕਰਦਾ ਰਹੇ? ਉਹ ਕੀ ਚੀਜ਼ ਹੈ ਇਸ ਸੰਸਾਰ ਵਿਚ ਜਿਸ ਲਈ ਮਨ ਅੰਤਮ ਸਮੇਂ ਤਕ ਇਹੋ ਯਾਚਨਾ ਕਰਦਾ ਰਹੇ ਕਿ ਥੋੜ੍ਹਾ ਚਿਰ ਹੋਰ ਰਹਿ ਸਕਾਂ ਇਸ ਦੁਨੀਆਂ ਤੇ। ਜ਼ਰਾ ਸੋਚੋ ਕਿ ਜਿਸਦਾ ਸਰੀਰ ਪੂਰਾ ਠੀਕ ਠਾਕ ਹੈ ਜਿਸਨੂੰ ਚਾਰੇ ਪਾਸੇ ਦੋਸਤਾਂ, ਰਿਸ਼ਤੇਦਾਰਾਂ, ਧੀਆਂ, ਪੁਤਰਾਂ ਤੋਂ ਪੂਰਾ ਪਿਆਰ ਮਿਲ ਰਿਹਾ ਹੋਵੇ, ਚਾਰੇ ਪਾਸੇ ਦੁਨੀਆਂ ਵਿਚ ਉਸਦਾ ਸਤਿਕਾਰ ਤੇ ਮਾਣ ਹੋਵੇ, ਜ਼ਿੰਦਗੀ ਦੀ ਖੁਸ਼ਬੂ ਜੀਵਨ ਨੂੰ ਮਹਿਕਾਅ ਰਹੀ ਹੋਵੇ, ਧਨ ਦੌਲਤ ਉਸਦੇ ਪੈਰ ਚੁੰਮਦੀ ਹੋਵੇ, ਐਸੇ ਵਿਅਕਤੀ ਦੀ ਆਖਰੀ ਦਮ ਤੇ ਕੀ ਹਾਲਤ ਹੋਵੇਗੀ। ਕੀ ਉਹ ਚਾਂਈ-ਚਾਂਈ ਇਸ ਦੁਨੀਆਂ ਤੋਂ ਵਿਦਾਇਗੀ ਲੈਣ ਲਈ ਤਿਆਰ ਹੋਵੇਗਾ ਜਾਂ ਉਸਦਾ ਅੰਦਰ ਕੁਰਲਾ ਰਿਹਾ ਹੋਵੇਗਾ।

ਇਸੇ ਤਸਵੀਰ ਦੇ ਦੂਸਰੇ ਪੱਖ ਵਲ ਧਿਆਨ ਮਾਰੋ। ਕੁਝ ਲੋਕ ਉਹ ਨੇ ਜੋ ਇਸ ਜੀਵਨ ਨੂੰ ਪੂਰੀ ਚਾਹਤ ਨਾਲ ਕਿਸੇ ਲਈ ਸਮਰਪਣ ਕਰ ਦਿੰਦੇ ਨੇ, ਕੌਮ ਲਈ, ਦੇਸ਼ ਲਈ ਕੁਰਬਾਨੀਆਂ ਪਾ ਜਾਂਦੇ ਨੇ। ਸਾਮ੍ਹਣੇ ਆਉਂਦੀ ਹੋਈ ਮੌਤ ਨਾਲ ਕਲੋਲਾਂ ਕਰਦੇ ਨੇ। ਦੂਸਰੇ ਦੀ ਜਾਨ ਬਚਾਉਣ ਲਈ ਆਪਣੀ ਜਾਨ ਖਤਰੇ ਵਿਚ ਪਾ ਲੈਂਦੇ ਨੇ ਜਾਂ ਵਾਰ ਵੀ ਦਿੰਦੇ ਨੇ। ਕਰਤਵ ਨੂੰ ਮੁੱਖ ਰੱਖ ਕੇ ਦੇਸ਼ ਦੇ ਲੀਡਰਾਂ ਦੇ ਰਖਿਅਕ ਬਣ ਕੇ ਆਪਣੇ ਸਰੀਰ ਦੀ ਢਾਲ ਬਣਾ ਕੇ ਉਨ੍ਹਾਂ ਦੇ ਸਰੀਰ ਤੇ ਹੋਣ ਵਾਲੇ ਵਾਰ ਆਪਣੇ ਉਤੇ ਝੱਲ ਲੈਂਦੇ ਨੇ। ਕੁਝ ਸਾਲ ਪਹਿਲਾਂ President Ranold Regan ਤੇ ਕਿਸੇ ਨੇ ਗੋਲੀਆਂ ਚਲਾ ਦਿਤੀਆਂ ਜਿਸ ਵਿਚ ਕਈ ਗੋਲੀਆਂ ਉਸਦੇ body guards ਨੇ ਖੁਦ ਸਾਮ੍ਹਣੇ ਆ ਕੇ ਖਾ ਕੇ ਉਸ ਨੂੰ ਬਚਾਇਆ ਭਾਵੇਂ ਇਕ ਗੋਲੀ deflect ਹੋ ਕੇ ਲਗ ਗਈ ਸੀ। ਇਹ 7✡ Security guard ਨੇ ਆਪਣੀ ਡਿਊਟੀ ਸਮਝੀ ਸੀ। ਕਈ ਸਾਲ ਪਹਿਲਾਂ Detront ਵਿਖੇ ਇਕ ਜਹਾਜ਼ ਉਡਣ ਲੱਗੇ ਪੁਲ ਨਾਲ ਵਜ ਕੇ ਠੰਢੇ ਸ਼ੀਤ ਜੰਮੇ ਹੋਏ ਦਰਿਆ ਵਿਚ ਗਿਰ ਗਿਆ। ਜਹਾਜ਼ ਦਾ ਮੂਹਰਲਾ ਹਿੱਸਾ ਜਮੇ ਹੋਏ ਪਾਣੀ ਵਿਚ ਗੱਡ ਹੋ ਗਿਆ ਅਤੇ ਠੰਡੇ ਪਾਣੀ ਨਾਲ ਜਲਦੀ ਹੀ ਭਰ ਗਿਆ ਅਤੇ ਪਾਣੀ ਹੋਰ ਵਧਦਾ ਚਲਿਆ ਜਾ ਰਿਹਾ ਸੀ। ਜਦੋਂ ਹੈਲੀਕੋਪਟਰ ਰਾਹੀਂ, ਬਚਾਉਣ ਦੇ ਲਈ ਪਿਛਲੇ ਦਰਵਾਜ਼ੇ ਵਿਚੋਂ ਇਕ ਇਕ ਕਰਕੇ ਕੁਝ ਜਿਉਂਦੇ ਲੋਕਾਂ ਨੂੰ ਕੱਢ ਰਹੇ ਸੀ ਤੇ Air hostess ਵਾਰੀ-ਵਾਰੀ ਇਕ ਬੰਦੇ ਨੂੰ ਖੁਦ ਹੈਲੀਕੋਪਟਰ ਦੀ life safety belt ਵਿਚ ਬੰਨਦੀ ਰਹੀ। ਅੱਠ ਇਨਸਾਨਾਂ ਨੂੰ ਬਚਾਉਣ ਬਾਅਦ ਜਦੋਂ ਕਈ ਵਾਰੀ ਹੈਲੀਕੋਪਟਰ ਪਹੁੰਚਿਆ ਤਾਂ ਉਦੋਂ ਤਕ ਉਹ ਖੁਦ ਆਪਣੀ ਜਾਨ ਗਵਾ ਬੈਠੀ ਸੀ ਅਤੇ ਜਮੇ ਹੋਏ ਸ਼ੀਤਲ ਪਾਣੀ ਵਿਚ ਖੁਦ ਬਰਫ ਬਣ ਗਈ ਜਦੋਂ ਕਿ ਉਹ ਖੁਦ ਆਪਣੀ ਵਾਰੀ ਜਾ ਸਕਦੀ ਸੀ। ਸੰਸਾਰ ਦੇ ਹਰ ਮਤ, ਹਰ ਭੇਦ, ਹਰ ਧਰਮ, ਹਰ ਕੋਨੇ ਵਿਚ ਇਹੋ ਜਿਹੇ ਕੁਰਬਾਨੀਆਂ ਦੇਣ ਵਾਲੇ ਇਨਸਾਨਾਂ ਦੀਆਂ ਉਦਾਹਰਣਾਂ ਮਿਲਦੀਆਂ ਨੇ ਜੋ ਬਿਨਾਂ ਕਿਸੇ ਲਾਲਚ, ਚਾਹਤ ਤੇ ਆਪਣੇ ਜੀਵਨ ਦੀ ਕੁਰਬਾਨੀ ਬਿਨਾਂ ਝਿਝਕ, ਉਤਸ਼ਾਹ ਨਾਲ ਦੇ ਦਿੰਦੇ ਨੇ। ਸਿੱਖ ਧਰਮ ਦਾ ਇਤਿਹਾਸ ਤਾਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ।

ਪਰ ਮੈਂ ਕੁਰਬਾਨੀ ਬਾਰੇ ਨਹੀਂ ਸੋਚ ਰਿਹਾ ਸਗੋਂ ਸੋਚ ਰਿਹਾ ਹਾਂ ਇਨਸਾਨ ਦੀ ਮਾਨਸਿਕ ਸਥਿਤੀ ਬਾਰੇ। ਦੋ ਤਰ੍ਹਾਂ ਦੇ ਇਨਸਾਨ ਨੇ ਇਕ ਉਹ ਹਨ ਜੋ ਕਿਸੇ ਵੀ ਹਾਲਤ ਵਿਚ ਇਹ ਜਹਾਨ ਨਹੀਂ ਛੱਡ ਸਕਦੇ। ਦੂਸਰੇ ਉਹ ਜੋ ਖੁਸ਼ੀ-ਖੁਸ਼ੀ ਪੂਰੀ ਚਾਹਤ ਨਾਲ ਪੂਰੀ ਜਾਣਕਾਰੀ ਤੇ ਸੂਝ ਨਾਲ ਕੁਰਬਾਨ ਹੁੰਦੇ ਨੇ।

ਇਕ ਤੀਸਰੇ ਲੋਕ ਉਹ ਵੀ ਨੇ ਜੋ ਜਾਣ ਬੁੱਝ ਕੇ ਆਪਣਾ ਜੀਵਨ ਆਪ ਖੁਦਕੁਸ਼ੀ ਕਰਕੇ ਲੈ ਲੈਂਦੇ ਹਨ। ਪਰ ਮਾਨਸਿਕ ਖੋਜ ਤੇ ਜਾਂਚ ਕਰਨ ਵਾਲੇ research scientist ਇਸ ਤਰ੍ਹਾਂ ਦੇ ਲੋਕਾਂ ਦੀ ਸ਼੍ਰੇਣੀ ਹੋਰ ਹੀ ਰਖਦੇ ਹਨ। ਉਹ ਹਨ Mentally unstable, lonely, depressed ਅਤੇ ਆਪਣੇ ਜੀਵਨ ਤੋਂ ਤੰਗ। ਖੁਦਕੁਸ਼ੀ ਕਰਨ ਵਾਲੇ ਤੇ ਹਮੇਸ਼ਾ ਤਰਸ ਕਰਨਾ ਚਾਹੀਦਾ ਹੈ ਜਿਵੇਂ ਕਿ ਬਹੁਤ ਬੁਰੀ ਤਰ੍ਹਾਂ ਕਿਸੇ ਬਿਮਾਰੀ ਦੇ ਮਾਰੇ ਹੋਏ ਮਰੀਜ਼ ਨਾਲ। ਖੁਦਕੁਸ਼ੀ ਕਰਨ ਵਾਲੇ ਲੋਕਾਂ ਦਾ ਮਾਨਸਿਕ ਸੰਤੁਲਨ ਠੀਕ ਨਹੀਂ ਹੁੰਦਾ। ਇਸਦਾ

ਇਲਾਜ ਹੁਣ Psychologist ਕਰ ਸਕਦੇ ਹਨ, ਕਈ ਦਵਾਈਆਂ ਹਨ ਇਸ ਤਰ੍ਹਾਂ ਦੇ ਬਿਮਾਰਾਂ ਲਈ।

ਪਰ ਮੈਂ ਫਿਰ ਵਾਪਿਸ ਉਸੇ ਮਜ਼ਬੂਨ ਵਲ ਆਉਂਦਾ ਹਾਂ 'ਜੀਵਨ ਦੇ ਅੰਤ, ਭੈ ਜਾਂ ਖੁਸ਼ੀ'। ਕਈ ਲੋਕਾਂ ਦੇ ਜੀਵਨ ਦਾ ਅੰਤ ਕੁਝ ਇਸ ਤਰ੍ਹਾਂ ਦੇ ਹਾਦਸੇ ਨਾਲ ਹੁੰਦਾ ਹੈ ਜਿਸ ਵਿਚ ਇਨਸਾਨ ਕੁਝ ਸੋਚ ਨਹੀਂ ਸਕਦਾ ਕਿਉਂਕਿ ਜਾਂ ਤਾਂ ਵਕਤ ਹੀ ਨਹੀਂ ਹੁੰਦਾ ਜਿਵੇਂ ਕਿ ਭਾਰੀ ਐਕਸੀਡੈਂਟ ਜਿਸ ਨਾਲ ਦਿਮਾਗ ਝਟਪਟ ਵਿਚ ਖਤਮ ਹੋ ਜਾਂਦਾ ਹੈ, ਜਾਂ ਦਿਮਾਗ ਤੇ ਸੱਟ, ਦਿਮਾਗ ਵਿਚ ਨਾੜਾਂ ਦਾ ਫਟ ਜਾਣਾ ਜਿਸ ਨਾਲ ਪਹਿਲਾਂ coma ਹੋ ਜਾਂਦਾ ਹੈ ਫਿਰ ਮੌਤ। ਸੁਤਿਆਂ ਪਿਆਂ heart attack ਹੋ ਕੇ ਮੌਤ ਹੋ ਜਾਂਦੀ ਹੈ ਵਗੈਰਾ ਵਗੈਰਾ। ਇਹੋ ਜਿਹੇ ਸਰੀਰ ਛੱਡਣ ਲੱਗਿਆਂ ਕੋਈ ਚਾਹਤ ਕੋਈ ਖਿਆਲ ਕਿ ਮੈਂ ਹਾਲੇ ਇਸ ਜਹਾਨ ਤੋਂ ਨਹੀਂ ਜਾਣਾ ਚਾਹੁੰਦਾ, ਨਹੀਂ ਆਉਂਦੇ ਕਿਉਂਕਿ ਅਚਾਨਕ ਪਤਾ ਹੀ ਨਹੀਂ ਲੱਗਿਆ। ਇਕ ਉਹ ਲੋਕ ਨੇ ਜਿਨ੍ਹਾਂ ਨੇ ਬੁਰੇ ਕੰਮਾਂ ਦੀ ਸਜ਼ਾ ਪਾਈ ਹੁੰਦੀ ਹੈ ਜਿਵੇਂ ਕਤਲ ਵਗੈਰਾ ਦੇ cases ਅਤੇ ਮਿਥੇ ਸਮੇਂ ਮੁਤਾਬਿਕ ਉਨ੍ਹਾਂ ਨੂੰ ਫਾਂਸੀ ਜਾਂ ਗੋਲੀ ਨਾਲ ਮਾਰ ਦਿਤੀ ਜਾਂਦੀ ਹੈ। ਜਦੋਂ ਵੀ ਇਹੋ ਜਿਹੇ ਇਨਸਾਨਾਂ ਦੀ ਇੰਟਰਵਿਊ ਲਈਆਂ ਗਈਆਂ ਨੇ ਤਾਂ ਉਨ੍ਹਾਂ ਕਦੇ ਇਹ ਪ੍ਰਗਟਾਓ ਨਹੀਂ ਕੀਤਾ ਕਿ ਉਹ ਹੋਰ ਜ਼ਿੰਦਾ ਰਹਿਣਾ ਚਾਹੁੰਦੇ ਨੇ।

ਭਗਤ ਕਬੀਰ ਦਾ ਵਿਚਾਰ ਹੈ 'ਜਿਸ ਮਰਨੈ ਤੇ ਜਗ ਡਰੈ ਮੇਰੇ ਮਨ ਆਨੰਦ।' ਇਹ ਗੱਲ ਅਸੀਂ ਕੁਝ ਉਦਾਹਰਣਾਂ ਨਾਲ ਸਮਝ ਸਕਦੇ ਹਾਂ। ਮੈਨੂੰ ਯਾਦ ਹੈ ਜਦੋਂ ਸਾਡੇ final exam ਹੁੰਦੇ ਸੀ ਤਾਂ ਜਿਸ ਇਮਤਿਹਾਨ ਵਿਚ ਮਜ਼ਬੂਨਾਂ ਦੀ ਤਿਆਰੀ ਚੰਗੀ ਤਰ੍ਹਾਂ ਕੀਤੀ ਹੁੰਦੀ ਸੀ, ਸਾਰੇ ਸਵਾਲਾਂ ਦੇ ਜਵਾਬ ਪਹਿਲਾਂ ਰਟੇ ਹੁੰਦੇ ਸੀ, ਹਰ chapter ਦੀ ਸੂਝ ਪੂਰੀ ਹੁੰਦੀ ਸੀ ਕਿ ਸਵਾਲ ਕਿਵੇਂ ਵੀ ਮੋੜ ਘੋੜ ਕੇ ਆ ਜਾਵੇ ਜਵਾਬ ਪਤਾ ਹੈ। ਪੂਰਾ ਯਕੀਨ ਹੁੰਦਾ ਸੀ 100% ਨੰਬਰ ਆਉਣਗੇ। ਉਥੇ ਪ੍ਰੀਖਿਆ ਤੋਂ ਕਦੇ ਘਬਰਾਹਟ ਨਹੀਂ ਹੁੰਦੀ ਸੀ ਸਗੋਂ ਖੁਸ਼ੀ-ਖੁਸ਼ੀ ਪੇਪਰ ਦੇਣ ਜਾਈਦਾ ਸੀ ਅਤੇ ਹਸਦੇ ਟਪਦੇ ਘਰ ਮੁੜੀਦਾ ਸੀ। ਚਲੋ ਹੁਣ ਅਗਲੀ ਸ਼੍ਰੇਣੀ ਵਿਚ ਹੋ ਗਏ ਹਾਂ। ਇਸ ਤੋਂ ਉਲਟ ਜਿਨ੍ਹਾਂ ਇਮਤਿਹਾਨਾਂ ਵਿਚ ਪੇਪਰਾਂ ਦੀ ਤਿਆਰੀ ਘੱਟ ਹੁੰਦੀ ਸੀ, ਪਤਾ ਨਹੀਂ ਕਿਹੋ ਜਿਹਾ ਸਵਾਲ ਆਵੇ, ਪਤਾ ਨਹੀਂ ਪਾਸ ਹੋਈਏ ਵੀ ਕਿ ਨਹੀਂ। ਤਾਂ ਸਾਰੀ-ਸਾਰੀ ਰਾਤ ਨੀਂਦ ਨਹੀਂ ਸੀ ਆਉਂਦੀ, ਘਬਰਾਹਟ ਰਹਿੰਦੀ ਸੀ ਅਤੇ ਹਰ ਵੇਲੇ ਅਰਦਾਸ ਕਰਨੀ ਕਿ ਇਮਤਿਹਾਨ postpone ਹੋ ਜਾਣ ਜਾਂ ਰੱਬਾਂ ਤੂੰ ਆਪੇ ਹੀ ਪਾਸ ਕਰਾ ਦੇਵੀਂ। ਪੜ੍ਹਾਈ ਆਪ ਨਹੀਂ ਕੀਤੀ ਫੇਰ ਅਰਦਾਸਾਂ ਕਰਨੀਆਂ, ਸੁਖਾਂ ਸੁਖਣੀਆਂ ਪਾਸ ਹੋਣ ਦੀਆਂ। ਪ੍ਰੀਖਿਆ ਵਿਚ ਬੈਠੇ ਪਸੀਨੇ ਆਉਣੇ ਜੇ ਪੇਪਰ ਚੰਗਾ ਨਾ ਹੋਵੇ ਤਾਂ ਉਦਾਸੇ ਉਦਾਸੇ ਘਰ ਨੂੰ ਆਉਣਾ।

ਇਸੇ ਉਦਾਹਰਣ ਨੂੰ ਜੇ ਅਸੀਂ ਆਪਣੇ ਜੀਵਨ ਨਾਲ ਜੋੜੀਏ ਤਾਂ ਤਕਰੀਬਨ ਤਕਰੀਬਨ ਠੀਕ ਬਹਿੰਦੀ ਹੈ। ਇਸ ਜੀਵਨ ਦੇ ਇਮਤਿਹਾਨ ਦਾ ਆਖਰੀ ਪਰਚਾ ਹੈ 'ਮੌਤ' ਅਤੇ ਇਸ ਪਰਚੇ, ਇਸ ਮਜ਼ਬੂਨ ਇਸ challenge ਲਈ ਅਸੀਂ ਕਿੰਨੇ ਕੁ ਤਿਆਰ ਹਾਂ। ਕਿੰਨੀ ਕੁ ਪੜ੍ਹਾਈ ਕੀਤੀ ਹੈ ਇਸ ਪ੍ਰੀਖਿਆ ਵਾਸਤੇ, ਕਿੰਨੇ ਕੁ ਪ੍ਰਯੋਗ ਕੀਤੇ ਨੇ ਸਮਝ ਵਾਸਤੇ, ਕਿੰਨੀ ਕੁ ਮੁਹਾਰਤ ਕੀਤੀ ਹੈ ਜੀਵਨ ਵਿਚ ਇਸ ਪ੍ਰੀਖਿਆ ਪ੍ਰਤੀ, ਕਿੱਡੇ ਬੇਝਿਜਕ ਹੋ ਚੁੱਕੇ ਹੋ।

ਕਿੰਨੀ ਕੁ ਖੁਸ਼ੀ ਹੈ ਕਿ ਹੁਣ ਆਖਰੀ ਪ੍ਰੀਖਿਆ ਹੈ ਅਤੇ ਫਿਰ ਛੁਟੀਆਂ ਹੀ ਛੁਟੀਆਂ, ਅਨੰਦ ਹੀ ਅਨੰਦ ਹੋਰ ਕੋਈ ਇਮਤਿਹਾਨ ਨਹੀਂ ਇਸ ਤੋਂ ਬਾਅਦ ਅਤੇ ਇਸ ਇਮਤਿਹਾਨ ਵਿਚ ਨੰਬਰ ਆਉਣਗੇ 100%। ਫਿਰ ਤੁਸੀਂ ਬਿਨਾਂ ਝਿਜਕ ਮਰ ਸਕੋਗੇ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

*ਪੰਨਾ - 1365*

ਕਿਉਂਕਿ ਆਖਰੀ ਪ੍ਰੀਖਿਆ ਜ਼ਿੰਦਗੀ ਦਾ ਤੁਸੀਂ ਪੂਰੇ ਨੰਬਰ ਲੈ ਕੇ ਪਾਸ ਹੋਏ। ਸਾਰੀ ਸ਼੍ਰੇਣੀ ਵਿਚ ਜੈ ਜੈ ਕਾਰ ਹੋਈ। ਅਗਾਹਾਂ ਲੈਣ ਵਾਲੇ ਇਸ ਜੀਵ ਆਤਮਾ ਨੂੰ ਪੂਰੇ ਸਤਿਕਾਰ ਨਾਲ ਲੈਣ ਆਏ, ਪਿਛੇ ਜਹਾਨ ਵਿਚ ਤੁਹਾਡੀ ਸੋਭਾ ਹੋਈ, ਮਨ ਵਿਚ ਅਨੰਦ, ਮਹਾਂ ਅਨੰਦ, ਤੁਸੀਂ ਜਿਸਦੇ ਵੀ ਨਜ਼ਦੀਕ ਆਏ ਉਹ ਵੀ ਪਰਮਅਨੰਦ ਵਿਚ ਭਰ ਗਿਆ। ਤੁਸੀਂ ਡਰ ਤੋਂ ਰਹਿਤ ਹੋ ਗਏ ਜੋ ਕਿ 'ਨਿਰਭਉ' ਦੀ ਸਥਿਤੀ ਹੈ। ਉਸ ਪਰਮਅਨੰਦ ਵਿਚ 'ਨਿਰਵੈਰ' ਹੋ ਗਏ ਕਿਉਂਕਿ ਦੂਸਰਾ ਕੋਈ ਰਿਹਾ ਹੀ ਨਹੀਂ। ਡਰ ਤੇ ਵੈਰ ਉਥੇ ਹੀ ਹੁੰਦਾ ਹੈ ਜਿਥੇ ਕੋਈ ਦੂਸਰਾ ਹੋਵੇ ਪਰ ਤੁਸੀਂ ਤਾਂ ਜੀਵਨ ਪ੍ਰੀਖਿਆ ਅਵਲ ਨੰਬਰ ਲੈ ਕੇ ਪਾਸ ਕੀਤੀ ਹੈ। ਸਾਰੇ ਅਖਬਾਰਾਂ ਵਿਚ ਆਪ ਦੇ Gold medlist ਹੋਣ ਦੇ ਚਰਚੇ ਹੋ ਰਹੇ ਨੇ। ਤੁਹਾਨੂੰ ਉਹ ਪੁਰਸਕਾਰ ਮਿਲਿਆ ਜੋ ਗੁਰੂ ਦੀ ਸਿਖਿਆ ਦੁਆਰਾ 'ਗੁਰਪ੍ਰਸਾਦਿ' ਰਾਹੀਂ ਪ੍ਰਾਪਤ ਹੋਇਆ ਅਤੇ ਤੁਸੀਂ ਉਸ ਪ੍ਰਮਾਤਮਾ ਦੇ ਅਟੁੱਟ ਹਿੱਸੇ ਬਣ ਕੇ ਇਸ ਪਰਮਜੋਤਿ ਵਿਚ ਸਮਾਅ ਗਏ। ਖੁਦ 'ਅਕਾਲ ਮੂਰਤਿ' ਨਾਲ ਜੁੜ ਗਏ।

ਇਸ ਦੇ ਵਿਪਰੀਤ ਜੇ ਇਸ ਪ੍ਰੀਖਿਆ ਦੀ ਤਿਆਰੀ ਪੂਰੀ ਨਹੀਂ, ਥੋੜ੍ਹਾ ਜਿਹਾ ਵੀ ਖਤਰਾ ਹੈ। ਸਾਰੇ ਮਜ਼ਬੂਨਾਂ ਦੀ ਚੰਗੀ ਤਰ੍ਹਾਂ ਸਮਝ ਨਹੀਂ ਪਈ, practical ਖਾਸ ਨਹੀਂ ਕੀਤੇ, ਕੋਈ ਮਜ਼ਬੂਨਾਂ ਨੂੰ ਪਰੈਕਟਿਸ ਵਿਚ ਨਹੀਂ ਲਿਆਂਦਾ ਅਤੇ ਜੀਵਨ ਦੇ ਮੰਤਵ ਦੀ ਜਾਣਕਾਰੀ ਪੂਰੀ ਤਰ੍ਹਾਂ ਨਹੀਂ ਹੋਈ ਤਾਂ ਫਿਰ ਜੀਵਨ ਦੀ ਆਖਰੀ ਪ੍ਰੀਖਿਆ ਦੇ ਪਰਚੇ ਵਿਚ ਡਰ ਲੱਗੇਗਾ, ਪਸੀਨੇ ਛੁਟਣਗੇ ਕੁਝ ਦਿਨਾਂ ਦੀ ਹੋਰ ਮੋਹਲਤ ਵਾਸਤੇ ਭੀਖ ਮੰਗਣ ਦੀ ਜਾਚਨਾ ਹੋਵੇਗੀ, ਆਉਣ ਵਾਲੇ ਜੀਵਨ ਦੇ ਅੰਧੇਰ ਤੋਂ ਡਰ ਲਗੇਗਾ। ਪਤਾ ਨਹੀਂ ਅੱਗੇ ਕੀ ਹੋਣਾ ਹੈ ਦੇ ਖਿਆਲ ਭੈ ਭੀਤ ਕਰਨਗੇ।

Khalid Gibran ਨੇ ਲਿਖਿਆ ਹੈ, 'The Reality of life is itself, whose begining is not in the womb, and whose ending is not in the grave. For the years that pass are naught but moment in eternal life ; and the world of matter and all in it is but a dream compared to the awaken-

(ਬਾਕੀ ਪੰਨਾ 50 ਤੇ)

# ਸਿਹਤ ਵਿਗਿਆਨ

## ਸਿਰ ਦਰਦ

ਸਿਰ ਦਰਦ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ, ਪਰ ਹੇਠਾਂ ਉਹ ਹੀ ਨੁਸਖੇ ਦਿਤੇ ਜਾਂਦੇ ਹਨ, ਜੋ ਹਰ ਕਿਸਮ ਦੇ ਸਿਰ ਦਰਦ ਲਈ ਗੁਣਕਾਰੀ ਹੈ –

### ਅੰਗਰੇਜ਼ੀ ਨੁਸਖਾ

1. ਐਸਪਰੀਨ (ਹਾਵਰਡਜ਼ ਯਾ ਬਾਇਰ) 1 ਤੋਲਾ, ਕੈਫੀਨ ਸਾਈਟਰਾਸ 1 ਤੋਲਾ ਮਿਲਾ ਲਵੋ। ਲੋੜ ਵੇਲੇ ਤਿੰਨ ਰੱਤੀ ਪਾਣੀ ਯਾ ਦੁਧ ਨਾਲ ਦੇਵੋ, ਉਸੀ ਵੇਲੇ ਦਰਦ ਬੰਦ ਹੋ ਜਾਵੇਗਾ ਅਗਰ ਦਰਦ ਬੰਦ ਨਾ ਹੋਵੇ ਤਾਂ ਘੰਟੇ ਬਾਦ ਇਕ ਖੁਰਾਕ ਹੋਰ ਦੇ ਦਿਉ। ਇਸ ਨਾਲ ਉਸ ਵੇਲੇ ਤਾਂ ਆਰਾਮ ਆ ਜਾਂਦਾ ਹੈ ਪਰ ਪੁਰਾਣੇ ਸਿਰ ਦਰਦ ਲਈ ਕੋਈ ਹੋਰ ਲਗਾਤਾਰ ਇਲਾਜ ਕਰੋ।

2. ਕਾਫੂਰ 2 ਤੋਲੇ, ਸਤ ਪੂਦਨਾ 1 ਤੋਲਾ, ਸਤ ਅਜਵਾਇਣ 6 ਮਾਸੇ ਇਕ ਸ਼ੀਸ਼ੀ ਵਿਚ ਬੰਦ ਕਰਕੇ ਧੁਪੇ ਰਖ ਦਿਉ ਤੇਲ ਹੋ ਜਾਵੇਗਾ। ਘਿਓ 5 ਤੋਲੇ ਅੱਗ ਤੇ ਗਰਮ ਕਰੋ ਤੇ ਅੰਗਰੇਜ਼ੀ ਮੋਮ 2 ਤੋਲੇ ਮਿਲਾ ਦੇਵੋ। ਜਦੋਂ ਪਿਘਲ ਜਾਵੇ ਤਾਂ ਹੇਠਾਂ ਲਾਹ ਕੇ ਉਪਰ ਵਾਲਾ ਤੇਲ ਮਿਲਾ ਦੇਵੋ, ਤੇ ਠੰਡਾ ਹੋਣ ਤੇ ਖੁਲੇ ਪੇਚਾਂ ਵਾਲੀਆਂ ਸ਼ੀਸ਼ੀਆਂ ਵਿਚ ਪਾ ਲਵੋ ਸਿਰ ਦਰਦ ਦੀ ਮਰ੍ਹਮ ਤਿਆਰ ਹੈ ਲੋੜ ਵੇਲੇ ਥੋੜੀ ਜੇਹੀ ਮੱਥੇ ਤੇ ਪੁੜਪੁੜੀਆਂ ਤੇ ਮਲ ਦਿਓ, ਸਿਰ ਦਰਦ ਨੂੰ ਅਰਾਮ ਆ ਜਾਵੇਗਾ।

3. ਪੁਰਾਣੇ ਸਿਰ ਦਰਦ ਲਈ ਨੁਸਖਾ– ਮਹਾ ਮੈਦਾ ਨਿੰਬੂ ਵਰਗੀ, ਇਕ ਹਲਕੀ ਜੇਹੀ ਚੀਜ਼ ਹੈ; ਜੋ ਜੰਡ, ਕਰੀਰ, ਕਿੱਕਰ ਆਦਿ ਦਰਖਤਾਂ ਤੇ ਮਿਲਦੀ ਹੈ, ਕਿਸੇ ਜਨੌਰ ਦਾ ਘਰ ਹੈ, ਇਸਨੂੰ ਸ਼ੈਤਾਨੀ ਫੋਤਾ ਭੀ ਆਖਦੇ ਹਨ, ਇਹ ਇਕ ਲੈ ਕੇ 3–4 ਤੋਲੇ ਗੋ ਕੇ ਘਿਉ ਵਿਚ ਭੁੰਨ ਲਵੋ ਤੇ ਲਾਲ ਹੋਣ ਤੇ ਘਿਓ ਲਾਹ ਲਵੋ ਤੇ ਨਿਚੋੜ ਕੇ ਸੁਟ ਦਿਓ। ਉਸ ਵਿਚ ਖੰਡ ਪਾ ਕੇ ਖਿਲਾਵੋ। ਸਤ ਦਿਨਾਂ ਵਿਚ ਪੁਰਾਣੇ ਸਿਰ ਦਰਦ ਨੂੰ ਆਰਾਮ ਆ ਜਾਵੇਗਾ।

## ਨਜ਼ਲਾ ਜ਼ੁਕਾਮ

ਜੇ ਬਲਗਮ ਨੱਕ ਦੇ ਰਾਹ ਨਿਕਲੇ ਤਾਂ ਜ਼ੁਕਾਮ, ਜੇ ਅੰਦਰ ਡਿਗੇ ਤਾਂ ਨਜ਼ਲਾ ਕਹਾਉਂਦਾ ਹੈ।

1. ਫਟਕੜੀ ਚਿੱਟੀ 1 ਤੋਲਾ ਲੈ ਕੇ ਪੂਰੇ ਚਾਰ ਪਹਿਰ ਅੱਕ ਦੇ ਦੁੱਧ ਵਿਚ ਖਰਲ ਕਰਕੇ ਖੁਸ਼ਕ ਕਰੋ, ਫੇਰ ਦੂਜੇ ਦਿਨ ਚਾਰ ਪਹਿਰ ਅੱਕ ਦੇ ਦੁੱਧ ਵਿਚ ਖਰਲ ਕਰਕੇ ਖੁਸ਼ਕ ਕਰੋ, ਫੇਰ ਦੂਜੇ ਦਿਨ ਚਾਰ ਪਹਿਰ ਧਤੂਰੇ ਦੇ ਪੱਤਰਾਂ ਦੇ ਪਾਣੀ ਵਿਚ ਖਰਲ ਕਰਕੇ ਟਿਕੀ ਬਣਾ ਕੇ ਖੁਸ਼ਕ ਕਰੋ। ਕੁਜ਼ੇ ਵਿਚ ਬੰਦ ਕਰਕੇ ਕਪੜ ਮਿੱਟੀ ਕਰੋ ਤੇ ਦਸ ਸੇਰ ਪਾਥੀਆਂ ਦੀ ਹਵਾ ਤੋਂ ਬਚਾ ਕੇ ਅੱਗ ਦੇਵੇ ਚਿੱਟੀ ਖਿੱਲ ਹੋ ਜਾਵੇਗੀ। ਬਰੀਕ ਪੀਹ ਲਵੋ। 1–2 ਰੱਤੀ ਮਲਾਈ ਯਾ ਕੜਾਹ ਵਿਚ ਦੇਵੋ ਫੇਰ ਪਾਣੀ ਨਾ ਪੀਵੋ। ਨਵਾਂ ਜ਼ੁਕਾਮ ਤਾਂ ਦੋ ਤਿੰਨਾਂ ਖੁਰਾਕਾਂ ਨਾਲ ਹੀ ਹਟ ਜਾਂਦਾ ਹੈ, ਪਰ ਪੁਰਾਣੇ ਜ਼ੁਕਾਮ ਲਈ 7 ਦਿਨ ਵਰਤੋ। ਇਹ ਕੁਸ਼ਤਾ ਵਾਰੀ ਦੇ ਬੁਖਾਰ ਤੇ ਹਰ ਕਿਸਮ ਦੀਆਂ ਦਰਦਾਂ ਲਈ ਗੁਣਕਾਰੀ ਹੈ।

2. ਗੂੰਦ ਕਿੱਕਰ 1 ਤੋਲਾ, ਮੁਲੱਠੀ ਦਾ ਆਟਾ 1 ਤੋਲਾ, ਨਿਸ਼ਾਸਤਾ 1 ਤੋਲਾ, ਮਿਸਰੀ 1 ਤੋਲਾ। ਪਹਿਲੇ ਨਿਸ਼ਾਸਤੇ ਨੂੰ ਅੱਗ ਤੇ ਭੁੰਨ ਕੇ ਲਾਲ ਕਰ ਲਵੋ ਤੇ ਪਾਣੀ ਨਾਲ ਮਾਸੇ ਮਾਸੇ ਦੀਆਂ ਟਿਕੀਆਂ ਬਣਾ ਲਵੋ। ਘੰਟੇ ਘੰਟੇ ਬਾਅਦ ਇਕ ਇਕ ਟਿਕੀ ਮੂੰਹ ਵਿਚ ਰਖ ਕੇ ਚੂਸੋ। ਨਜ਼ਲਾ, ਜ਼ੁਕਾਮ ਤੇ ਖੰਘ ਨੂੰ ਛੇਤੀ ਅਰਾਮ ਆ ਜਾਵੇਗਾ।

3. ਸੁਹਾਗਾ ਖਿਲ ਕਰ ਕੇ ਬਰੀਕ ਪੀਹ ਲਵੋ। 1–2 ਰਤੀ ਦਿਨ ਵਿਚ ਤਿੰਨ ਵਾਰ ਪਾਣੀ ਜਾਂ ਚਾਹ ਨਾਲ ਦੇਵੋ।

4. ਚੀਨੀ ਇਕ ਤੋਲਾ, ਮੁਲੱਠੀ ਦਾ ਆਟਾ 1 ਤੋਲਾ, ਵਡੀ ਇਲਾਚੀ ਦੇ ਬੀਜ ਇਕ ਇਕ ਤੋਲਾ, ਬਰੀਕ ਕਰਕੇ ਮਿਲਾ ਲਵੋ। 2 ਮਾਸੇ ਦਿਨ ਵਿਚ ਦੋ ਯਾ ਤਿਨ ਵਾਰ ਪਾਣੀ ਨਾਲ ਵਰਤੋ। ਜ਼ੁਕਾਮ, ਖੰਘ ਤੇ ਗਲਾ ਬੈਠਣ ਲਈ ਗੁਣਕਾਰੀ ਹੈ।

5. ਨੁਸ਼ਾਦਰ 1 ਤੋਲਾ, ਮੁਸ਼ਕ ਕਾਫੂਰ 1 ਮਾਸਾ, ਬਾਰੀਕ ਪੀਹ ਕੇ ਨਸਵਾਰ ਬਣਾ ਲਵੋ ਤੇ ਸ਼ੀਸ਼ੀ ਵਿਚ ਬੰਦ ਰਖੋ। ਲੋੜ ਵੇਲੇ ਥੋੜ੍ਹੀ ਜੇਹੀ ਨਸਵਾਰ ਸੁੰਘੋ। ਮੂੰਹ, ਅੱਖ ਤੇ ਨੱਕ ਤੋਂ ਪਾਣੀ ਨਿਕਲ ਕੇ ਜੁਕਾਮ ਤੇ ਸਿਰ ਦਰਦ ਨੂੰ ਆਰਾਮ ਜਾਂਦਾ ਹੈ।

## ਦਿਮਾਗ ਦੀ ਕਮਜ਼ੋਰੀ

ਦਿਮਾਗੀ ਮਿਹਨਤ ਜ਼ਿਆਦਾ ਕਰਨ ਨਾਲ ਖੂਨ ਦੀ ਕਮੀ, ਇਸਤਰੀ ਸੰਗ ਜ਼ਿਆਦਾ ਕਰਨ ਨਾਲ ਦਿਮਾਗ ਕਮਜ਼ੋਰ ਹੋ ਜਾਂਦਾ ਹੈ। ਸਿਰ ਦੇ ਪਿਛਲੇ ਹਿਸੇ ਵਿਚ ਦਰਦ ਰਹਿੰਦੀ ਹੈ, ਨਜ਼ਰ ਕਮਜ਼ੋਰ ਹੋ ਜਾਂਦੀ ਹੈ, ਕੰਨਾਂ ਵਿਚ ਵਾਜੇ ਜੇਹੇ ਵਜਦੇ ਹਨ ਸਭ ਕੁਝ ਭੁਲ ਜਾਂਦਾ ਹੈ।

1. ਰਾਤ ਨੂੰ ਇਕ ਪਾਉ ਖਸ਼ਖਾਸ਼ ਦੁਧ ਵਿਚ ਭਿਉਂ ਦਿਓ, ਸਵੇਰੇ ਚੰਗੀ ਤਰ੍ਹਾਂ ਘੋਟ ਕੇ ਘਿਉ ਵਿਚ ਭੁੰਨ ਲਵੋ। ਗਿਰੀ ਬਦਾਮ 4 ਤੋਲੇ ਚਾਰੇ ਮਗਜ਼ 2 ਤੋਲੇ, ਛੋਟੀ ਇਲੈਚੀ 3 ਮਾਸੇ, ਤਵਾਸੀਰ 6 ਮਾਸੇ, ਕਾਲੀ ਮਿਰਚ ਇਕ ਤੋਲਾ ਬਰੀਕ ਪੀਹ ਕੇ ਮਿਲਾ ਦੇਵੋ ਤੇ ਲੋੜ ਅਨੁਸਾਰ ਖੰਡ ਪਾ ਲਵੋ 1 ਛਟਾਂਕ ਤਕ ਸਵੇਰ ਵੇਲੇ ਰੋਜ਼ ਵਰਤਣ ਨਾਲ ਦਿਮਾਗ ਦੀ ਕਮਜ਼ੋਰੀ, ਨਜ਼ਲਾ ਜ਼ੁਕਾਮ, ਦਾਇਮੀ, ਦਰਦ ਸਿਰ, ਨਜ਼ਰ ਦੀ ਕਮਜ਼ੋਰੀ ਦੂਰ ਹੋ ਜਾਂਦੀ ਹੈ, ਖਾਣ ਨੂੰ ਸਵਾਦੀ ਹੈ।

2. ਸੌਂਫ 6 ਮਾਸੇ, ਗਿਰੀ ਬਦਾਮ 7 ਦਾਣੇ, ਮਿਸ਼ਰੀ 6 ਮਾਸੇ ਕੁਟ ਮਿਲਾ ਕੇ ਰਾਤ ਨੂੰ ਸੌਣ ਵੇਲੇ ਦੁਧ ਨਾਲ ਖਾਵੋ; ਇਸ ਤੋਂ ਬਾਦ ਪਾਣੀ ਨਾ ਪੀਵੋ। 40 ਦਿਨਾਂ ਵਿਚ ਦਿਮਾਗ ਤਾਕਤਵਰ ਹੋ ਕੇ ਨਜ਼ਰ ਇਤਨੀ ਤੇਜ਼ ਹੋ ਜਾਵੇਗੀ ਕਿ ਐਨਕ ਲਾਉਣ ਦੀ ਲੋੜ ਨਹੀਂ ਰਹੇਗੀ।

# ਕਿਵ ਸਚਿਆਰਾ ਹੋਈਐ?

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 51)*

ਬਾਬਾ ਫਰੀਦ ਜੀ ਅੱਲਾ ਤਾਲਾ ਦੀ ਖੋਜ ਵਿਚ ਆਪਣੇ ਸਰੀਰ ਦੇ ਸੁਖ ਦੁਖ ਸਭ ਭੁੱਲੇ ਹੋਏ ਹਨ, ਹਰ ਸਮੇਂ ਅੱਲਾ ਦੀ ਉਡੀਕ ਵਿਚ ਰਹਿੰਦੇ ਹਨ, ਖਾਣਾ ਪੀਣਾ ਪਹਿਨਣਾ ਸਭ ਭੁੱਲ ਗਏ, ਜਿਥੇ ਪਏ ਹਨ ਉਥੇ ਹੀ ਪਏ ਰਹਿੰਦੇ ਹਨ। ਕਿਤੇ ਖੂਹ ਵਿਚ ਲਮਕੇ ਹੋਏ ਉਡੀਕ ਵਿਚ ਰਹਿੰਦੇ ਹਨ ਕਿ ਮੇਰਾ ਪਿਆਰਾ ਮੈਨੂੰ ਆ ਕੇ ਕੱਢੇ। ਤਨ ਸੁਕ ਗਿਆ, ਹੱਡੀਆਂ ਨਿਕਲ ਆਈਆਂ, ਤਲੀਆਂ ਵਿਚੋਂ ਕਾਵਾਂ ਨੇ ਆ ਕੇ ਮਾਸ ਕੱਢ ਲਿਆ ਪਰ ਪ੍ਰਮੇਸ਼ਰ ਦੇ ਦੀਦਾਰ ਦੀ ਆਸ ਮਨ ਵਿਚ ਲੱਗ ਹੋਈ ਹੈ। ਇਕ ਦਿਨ ਆਪ ਦੀ ਨਜ਼ਰ ਕੋਇਲ ਆਈ। ਆਪ ਨੇ ਕਿਹਾ ਕਿ ਕੋਇਲ! ਮੈਂ ਤੇਰੇ ਤੋਂ ਇਕ ਭੇਤ ਦੀ ਗੱਲ ਪੁਛਣੀ ਚਾਹੁੰਦਾ ਹਾਂ। ਕਿਸੇ ਸਮੇਂ ਮੈਂ ਬਹੁਤ ਸੁੰਦਰ ਜਵਾਨ ਹੁੰਦਾ ਸੀ, ਮੇਰੀ ਸੁੰਦਰਤਾ ਅਤੇ ਮੇਰੇ ਗੋਰੇ ਸ਼ੋਹ ਰੰਗ ਨੂੰ ਦੇਖ ਕੇ ਕਈ ਪ੍ਰੇਮੀ ਮਸਤ ਹੁੰਦੇ ਸਨ। ਅੱਜ ਮੈਂ ਤੇਰੇ ਵਰਗਾ ਹੀ ਕਾਲਾ ਹੋ ਗਿਆ ਹਾਂ, ਮੇਰੇ ਜਬਾੜੇ ਅੰਦਰ ਨੂੰ ਵੜ ਗਏ ਹਨ, ਅੱਖਾਂ ਅੰਦਰ ਨੂੰ ਧਸ ਗਈਆਂ ਹਨ, ਪੁੜਪੁੜੀਆਂ ਵੀ ਅੰਦਰ ਨੂੰ ਹੋ ਗਈਆਂ, ਹੱਥਾਂ ਪੈਰਾਂ ਦੀ ਸ਼ਕਤੀ ਬਿਲਕੁਲ ਘੱਟ ਗਈ ਹੈ। ਮੈਂ ਤੈਨੂੰ ਦੇਖਦਾ ਹਾਂ ਤੇਰਾ ਵੀ ਰੰਗ ਬਹੁਤ ਕਾਲਾ ਹੈ। ਤੇਰੀ ਬੋਲੀ ਵਿਚ ਹੂਕ ਹੈ, ਤੂੰ ਪਿਆਰ ਦੀ ਕੂਕ ਮਾਰਦੀ ਹੈਂ ਜਿਸ ਨੂੰ ਸੁਣ ਕੇ ਮੇਰਾ ਮਨ ਦ੍ਰਵ ਜਾਂਦਾ ਹੈ। ਮੈਨੂੰ ਲਗਦਾ ਹੈ ਕਿ ਤੈਨੂੰ ਵੀ ਕੋਈ ਵਿਛੋੜਾ ਹੈ, ਕੀ ਤੂੰ ਮੈਨੂੰ ਦਸ ਸਕਦੀ ਹੈਂ ਮੈਂ ਇਹ ਭੇਤ ਜਾਨਣਾ ਚਾਹੁੰਦਾ ਹਾਂ? ਉਸ ਵੇਲੇ ਕੋਇਲ ਨੇ ਕਿਹਾ ਕਿ ਫਰੀਦ! ਸੰਸਾਰ ਵਿਚ ਸਭ ਪੰਛੀਆਂ ਦੇ ਪ੍ਰਭੂ ਨੇ ਜੋੜੇ ਬਣਾਏ ਹਨ। ਉਹ ਕਾਲ ਦੇ ਡਰ ਤੋਂ ਵੱਖਰੇ-ਵੱਖਰੇ ਥਾਵਾਂ ਤੇ ਰਾਤ ਨੂੰ ਨਿਵਾਸ ਰਖਦੇ ਹਨ। ਇਸ ਖਿਆਲ ਨਾਲ ਕਿ ਜੇ ਦੋਹਾਂ 'ਚੋਂ ਇਕ ਮਰ ਜਾਵੇ ਤਾਂ ਦੂਜਾ ਬੱਚਿਆਂ ਦਾ ਖਿਆਲ ਰਖ ਸਕੇ। ਪਰ ਉਹ ਰੋਜ਼ ਹੀ ਸਵੇਰ ਦੀ ਪਹਿਲੀ ਕਿਰਨ ਨਾਲ ਹੀ ਆ ਕੇ ਇੱਕਠੇ ਹੋ ਜਾਂਦੇ ਹਨ ਅਤੇ ਖੁਸ਼ੀ ਨਾਲ ਆ ਕੇ ਗਾਉਣ ਲਗ ਜਾਂਦੇ ਹਨ। ਮਾਨੋ ਪ੍ਰਭੂ ਦੀ ਯਾਦ ਵਿਚ ਕੋਈ ਸੰਗੀਤ ਹੁੰਦਾ ਪ੍ਰਤੀਤ ਦਿੰਦਾ ਹੈ ਪਰ ਮੈਂ ਸਦਾ ਹੀ ਇਕੱਲੀ ਰਹਿੰਦੀ ਹਾਂ ਕਿਉਂਕਿ ਮੇਰਾ ਭਰਤਾ ਤੇ ਮੈਂ ਕਦੇ ਵੀ ਇਕੱਠੇ ਹੋ ਕੇ ਨਹੀਂ ਬੈਠੇ। ਇਹ ਕੁਦਰਤ ਵਲੋਂ ਹੀ ਸਾਡੇ ਨਾਲ ਹੋਇਆ ਹੋਇਆ ਹੈ। ਇਸ ਕਰਕੇ ਫਰੀਦ! ਤੈਨੂੰ ਤਾਂ ਆਸ ਹੈ ਕਿ ਤੂੰ ਕਦੇ ਤਾਂ ਆਪਣੇ ਪਿਆਰੇ ਪ੍ਰਭੂ ਨੂੰ ਮਿਲ ਲਵੇਂਗਾ ਪਰ ਮੈਨੂੰ ਤਾਂ ਆਸ ਹੀ ਨਹੀਂ ਹੈ ਕਿ ਮੈਂ ਤੇ ਮੇਰਾ ਪਿਆਰਾ ਇਕੱਠੇ ਹੋ ਕੇ ਕਦੇ ਬੈਠਾਂਗੇ।

***ਕਾਲੀ ਕੋਇਲ ਤੂ ਕਿਤ ਗੁਨ ਕਾਲੀ॥***
***ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥ ਪੰਨਾ - 794***

ਗੁਰੂ ਮਹਾਰਾਜ ਜੀ ਇਕ ਤਲਾਬ ਕੋਲੋਂ ਲੰਘ ਰਹੇ ਹਨ ਉਸ ਤਲਾਬ ਵਿਚ ਕਮਲ ਦੇ ਫੁਲ ਖਿੜੇ ਹੋਏ ਹਨ, ਤਲਾਬ ਦੇ ਦੁਆਲੇ ਫੁਲਾਂ ਦੀਆਂ ਕਿਆਰੀਆਂ ਹਨ, ਪੰਛੀ ਖੁਸ਼ੀ ਨਾਲ ਚਹਿਚਹਾ ਰਹੇ ਹਨ। ਜਦੋਂ ਦੁਬਾਰਾ ਆਪ ਉਥੋਂ ਲੰਘੇ ਤਾਂ ਕੀ ਦੇਖਿਆ ਕਿ ਉਥੇ ਨਾ ਕੋਈ ਫੁੱਲ ਹਨ ਅਤੇ ਨਾ ਪੰਛੀ ਚਹਿਚਹਾ ਰਹੇ ਹਨ। ਉਹ ਕਮਲ ਫੁੱਲ ਰੂਪੋਂ ਕਰੂਪ ਹੋ ਕੇ ਸਾਰੇ ਕਾਲੇ ਸਿਆਹ ਹੋਏ ਗਿਰੇ ਪਏ ਹਨ। ਉਸ ਵੇਲੇ ਆਪ ਨੇ ਪੁਛਿਆ ਕਿ ਐ ਫੁਲੋ! ਤੁਹਾਨੂੰ ਕੀ ਹੋ ਗਿਆ? ਉਤਰ ਆਉਂਦਾ ਹੈ ਕਿ ਹੇ ਸਤਿਗੁਰੂ! ਅਸੀਂ ਪਿਆਰੇ ਨਾਲੋਂ ਵਿਛੜ ਗਏ ਹਾਂ। ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਤੁਹਾਡਾ ਤਾਂ ਕੰਚਨ ਵਰਗਾ ਰੰਗ ਹੁੰਦਾ ਸੀ, ਤੁਹਾਡੀ ਸੁੰਦਰਤਾ ਉਪਰ ਭਉਰੇ ਗੁੰਜ਼ਾਰਾਂ ਪਾਉਂਦੇ ਸਨ, ਤੁਹਾਨੂੰ ਕੀ ਦੁੱਖ ਲੱਗਿਆ ਹੈ ਜਿਸ ਕਰਕੇ ਤੁਸੀਂ ਇਹ ਹਾਲਤ ਬਣਾ ਲਈ?" ਉਸ ਵੇਲੇ ਅਵਾਜ਼ ਆਈ ਕਿ ਸਾਡਾ ਮਿਤਰ ਸਾਥੋਂ ਵਿਛੜ ਗਿਆ ਹੈ ਜਿਸ ਨੂੰ ਅਸੀਂ ਪਿਆਰ ਕਰਦੇ ਸੀ, ਉਹ ਸਾਡਾ ਜੀਵਨ ਸੀ, ਉਸ ਤੋਂ ਬਿਨਾਂ ਸਾਡਾ ਰੰਗ ਕਾਲਾ ਹੋ ਗਿਆ ਹੈ -

***ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥***
***ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ॥***
***ਜਾਣਾ ਪਾਣੀ ਨ ਲਹਾਂ ਜੈ ਸੇਤੀ ਮੇਰਾ ਸੰਗੁ॥***
***ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥***
***ਪੰਨਾ - 1412***

ਅੱਕ ਦੀ ਖਖੜੀ ਜਿੰਨੀ ਦੇਰ ਤਕ ਅੱਕ ਦੇ ਮਿਲਾਪ ਵਿਚ ਰਹਿੰਦੀ ਹੈ ਓਨੀ ਦੇਰ ਤਕ ਦੇਖਣ ਨੂੰ ਬਹੁਤ ਸੋਹਣੀ ਲਗਦੀ ਹੈ ਪਰ ਜਦੋਂ ਆਪਣੇ ਪ੍ਰੀਤਮ ਨਾਲੋਂ ਵਿਛੜ ਜਾਂਦੀ ਹੈ ਉਸ ਵੇਲੇ ਉਹ ਇਕ-ਇਕ ਰੂੰ ਦਾ ਫੰਭਾ ਹੋ ਕੇ ਉਡ ਜਾਂਦੀ ਹੈ -

***ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥***
***ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥***
***ਪੰਨਾ - 319***

ਗੁਰੂ ਮਹਾਰਾਜ ਜੀ ਇਸ ਪ੍ਰੇਮ ਦੀ ਹੋਰ ਘਟਨਾ ਦੇ ਕੇ ਫੁਰਮਾਨ ਕਰਦੇ ਹਨ, ਪ੍ਰੇਮ ਐਡਾ ਪ੍ਰਬਲ ਹੈ ਕਿ ਵਾਹਿਗੁਰੂ ਜੀ ਨੂੰ ਡੋਰੀਆਂ ਪਾ ਕੇ ਬੰਨ੍ਹ ਲੈਂਦਾ ਹੈ ਜਿਵੇਂ ਕਿ -

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***
***ਪੰਨਾ - 962***

ਸੰਮਨ ਤੇ ਮੂਸਨ ਦੋ ਪ੍ਰੇਮੀ ਸਾਹਬਾਜ਼ਪੁਰ ਦੇ ਵਸਨੀਕ ਸਨ, ਪਰ ਚੋਟੀ ਦੇ ਕਾਰੀਗਰ ਹੋਣ ਕਰਕੇ ਲਾਹੌਰ ਵਿਚ ਕੰਮ ਕਰਦੇ ਸਨ। ਪੂਰੀ ਤਰ੍ਹਾਂ ਸਿਦਕੀ ਸਨ, ਨਾਮ ਦਾਨ ਇਸ਼ਨਾਨ ਇਨ੍ਹਾਂ ਦਾ ਨਿਤਨੇਮ ਸੀ। ਇਹ ਗੁਰੂ ਪੰਜਵੇਂ ਪਾਤਸ਼ਾਹ ਦੇ ਨਾਲ ਬਹੁਤ ਪਿਆਰ ਕਰਦੇ ਸਨ। ਗੁਰੂ ਸਾਹਿਬ ਇਕ ਵਾਰੀ ਲਾਹੌਰ ਗਏ ਤਾਂ ਮੂਸਨ ਨੇ ਕਿਹਾ ਕਿ ਪੁੱਤਰ ਸਮਨ! ਗੁਰੂ ਮਹਾਰਾਜ ਜੀ ਆਏ ਹੋਏ ਹਨ, ਆਪਾਂ ਸੰਗਤਾਂ ਸਮੇਤ ਗੁਰੂ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਣ ਦਾ ਨਿਮੰਤਰਣ ਦੇਣਾ ਹੈ, ਪਰ ਅਸਾਡੇ ਪਾਸ ਧਨ ਦੀ ਬਹੁਤ ਘਾਟ ਹੈ। ਜੇ ਧਨ ਮਿਲ ਜਾਵੇ, ਭਾਵੇਂ ਉਸ ਲਈ ਆਪਣਾ ਆਪ ਵੇਚਣਾ ਹੀ ਕਿਉਂ ਨਾ ਪਵੇ, ਆਪਾਂ ਗੁਰੂ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਾ ਕੇ

ਉਨ੍ਹਾਂ ਦੇ ਪਿਆਰ ਦੇ ਪਾਤਰ ਬਣੀਏ। ਪੁੱਤਰ! ਉਨ੍ਹਾਂ ਦਾ ਪਿਆਰ ਅਮੁੱਲ ਹੈ। ਗਰੀਬ ਹੋਣ ਕਰਕੇ ਅਸੀਂ ਵਾਂਝੇ ਰਹਿ ਰਹੇ ਹਾਂ, ਉਸ ਵੇਲੇ ਆਪ ਨੇ ਪੈਸਾ ਲਿਆਉਣ ਦੀਆਂ ਕਈ ਵਿਉਂਤਾਂ ਬਣਾਈਆਂ। 500 ਰੁਪਿਆ ਚਾਹੀਦਾ ਸੀ, ਉਹ ਇਕ ਸ਼ਾਹੂਕਾਰ ਕੋਲ ਗਏ। ਉਸ ਨੂੰ ਸਾਰੀ ਗੱਲ ਦੱਸੀ ਕਿ ਗੁਰੂ ਮਹਾਰਾਜ ਜੀ ਆ ਰਹੇ ਹਨ, ਸਾਨੂੰ ਤੂੰ 500 ਰੁਪਿਆ ਫਲਾਣੇ ਦਿਨ ਦੇਹ ਅਸੀਂ ਸੰਗਤਾਂ ਨੂੰ ਪ੍ਰਸ਼ਾਦਾ ਛਕਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਇਸ ਸਬੰਧ ਉਪਰ ਕਈ ਤਰ੍ਹਾਂ ਦੀਆਂ ਸਾਖੀਆਂ ਹਨ ਕਿ ਸੇਠ ਨੇ ਨਿਯਤ ਦਿਨ ਤੋਂ ਪੈਸਾ ਦੇਣ ਤੋਂ ਇਨਕਾਰ ਕਰ ਦਿਤਾ ਤੇ ਓਧਰ ਇਹ ਗੁਰੂ ਮਹਾਰਾਜ ਨੂੰ ਨਿਮੰਤਰਣ ਦੇ ਆਏ ਸਨ। ਇਹ ਸੁਣ ਕੇ ਦੋਵੇਂ ਪਿਉ ਪੁੱਤਰ ਬੜੇ ਪਰੇਸ਼ਾਨ ਸਨ। ਸੇਠ ਨੇ ਥੈਲੀ ਵਿਚ ਪੈਸੇ ਪਾ ਕੇ ਰੱਖੇ ਹੋਏ ਸੀ ਪਰ ਕਿਸੇ ਨੇ ਭਾਨੀ ਮਾਰ ਦਿਤੀ ਤੇ ਉਹ ਬਿਲਕੁਲ ਮੁਕਰ ਗਿਆ। ਇਥੇ ਕਈ ਵਿਦਵਾਨ ਕਹਿੰਦੇ ਹਨ ਕਿ ਦੋਹਾਂ ਨੇ ਚੋਰੀ ਦੀ ਸਲਾਹ ਬਣਾਈ ਕਿ ਸੇਠ ਦੇ ਘਰ ਪਾੜ ਲਾ ਕੇ ਪੈਸੇ ਚੁੱਕ ਲਿਆਈਏ। ਪਰ ਇਹ ਗੱਲ ਗੁਰੂ ਦੇ ਸਿਧਾਂਤ ਦੇ ਅਨੁਕੂਲ ਨਹੀਂ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਚੋਰ ਕੀ ਹਾਮਾ ਭਰੇ ਨ ਕੋਇ॥***
***ਚੋਰੁ ਕੀਆ ਚੰਗਾ ਕਿਉ ਹੋਇ॥ ਪੰਨਾ - 662***

ਪਰ ਇਕ ਹੋਰ ਕਥਾ ਹੈ ਜੋ ਮਨ ਨੂੰ ਲਗਦੀ ਹੈ ਕਿ ਇਨ੍ਹਾਂ ਨੂੰ ਜਦੋਂ ਪੈਸਾ ਨਾ ਮਿਲਿਆ ਤਾਂ ਸ਼ਹਿਰ ਵਿਚ ਢਿੰਡੋਰਾ ਫਿਰ ਰਿਹਾ ਸੀ ਕਿ ਲਾਹੌਰ ਦੇ ਕਿਲੇ ਦੀ ਇਕ ਬਾਹੀਂ ਮੀਂਹ ਪੈਣ ਕਰਕੇ ਗਿਰ ਗਈ ਹੈ, ਉਹ ਬਾਹੀਂ ਦਾ ਬੁਰਜ ਸੁਰਖਸ਼ਿਤ ਸੀ ਪਰ ਗਿਰਨ ਲਈ ਤਿਆਰ ਸੀ, ਉਸ ਵਿਚ ਬਾਦਸ਼ਾਹ ਦੀਆਂ ਅਤਿ ਕੀਮਤੀ ਵਸਤਾਂ ਪਈਆਂ ਸਨ। ਢਿੰਡੋਰਚੀ ਕਹਿ ਰਿਹਾ ਸੀ ਕਿ ਜੇ ਕੋਈ ਸੂਰਮਾ ਇਸ ਗਿਰਦੀ ਕੰਧ ਦੇ ਉਪਰ ਚੜ੍ਹ ਕੇ ਸ਼ਾਹੀ ਚੀਜ਼ਾਂ ਸੁਰਖਸ਼ਿਤ ਲੈ ਆਵੇ ਤਾਂ ਉਸ ਨੂੰ 500 ਰੁਪਿਆ ਇਨਾਮ ਮਿਲੇਗਾ। ਜਦੋਂ ਮੂਸਨ ਤੇ ਸੰਮਨ ਨੇ ਸੁਣਿਆ ਤਾਂ ਉਸ ਵੇਲੇ ਸੰਮਨ ਨੇ ਕਿਹਾ ਕਿ ਪਿਤਾ ਜੀ ਮੈਨੂੰ ਆਗਿਆ ਦੇਵੋ। ਮੈਂ ਉਹ ਵਸਤਾਂ ਸੁਰਖਸ਼ਤ ਲਾਹ ਲਿਆਵਾਂਗਾ। ਮੈਨੂੰ ਗੁਰੂ ਦੇ ਚਰਨਾਂ ਤੇ ਪੂਰਨ ਭਰੋਸਾ ਹੈ। ਪਿਤਾ ਜੀ! ਆਪਣੀ ਜੋ ਪ੍ਰਤਗਿਆ ਹੈ ਉਹ ਵੀ ਪੂਰੀ ਹੋ ਜਾਵੇਗੀ ਅਤੇ ਗੁਰੂ ਦੀਆਂ ਖੁਸ਼ੀਆਂ ਵੀ ਆਪਾਂ ਪ੍ਰਾਪਤ ਕਰ ਲਵਾਂਗੇ। ਜੇ ਮੈਂ ਸ਼ਹੀਦ ਹੋ ਗਿਆ ਤਾਂ ਤੁਸੀਂ ਗੁਰੂ ਮਹਾਰਾਜ ਜੀ ਨੂੰ ਇਨ੍ਹਾਂ ਪੈਸਿਆਂ ਦਾ ਪ੍ਰਸ਼ਾਦ ਛਕਾਉਣ ਉਪਰੰਤ ਮੇਰਾ ਸਸਕਾਰ ਕਰ ਦੇਣਾ। ਪਿਤਾ ਨੇ ਕਿਹਾ ਕਿ ਬੇਟਾ! ਇਹ ਕੰਮ ਖਤਰਨਾਕ ਹੈ। ਉਸ ਵੇਲੇ ਸੰਮਨ ਨੇ ਕਿਹਾ ਕਿ ਪਿਤਾ ਜੀ! ਗੁਰੂ ਦਾ ਪਿਆਰ ਸਿਰ ਬਦਲੇ ਮਿਲਦਾ ਹੈ।

***ਤਨ ਗੰਦਗੀ ਕੀ ਕੋਠੜੀ ਹਰਿ ਹੀਰਿਆ ਕੀ ਖਾਣ।***
***ਸਿਰ ਦਿਤਿਆਂ ਜੇ ਹਰਿ ਮਿਲੇ ਤਾਂ ਭੀ ਸਸਤਾ ਜਾਣ।***

ਗੁਰਬਾਣੀ ਵਿਚ ਆਉਂਦਾ ਹੈ –

***ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ॥***
***ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥***
***ਪੰਨਾ - 1363***

ਇਸੇ ਸਲਾਹ ਨਾਲ ਸੰਮਨ ਕੰਧ ਉਤੇ ਚੜ੍ਹ ਗਿਆ ਅਤੇ ਸਾਰੀਆਂ ਚੀਜ਼ਾਂ ਰੱਸੀ ਰਾਹੀਂ ਸੁਰਖਸ਼ਿਤ ਲਾਹ ਦਿਤੀਆਂ। ਜਦੋਂ ਆਪ ਉਤਰਨ ਲੱਗਿਆ ਤਾਂ ਕੰਧ ਫਟ ਜਾਂਦੀ ਹੈ ਅਤੇ ਇਹ ਗਿਰ ਕੇ ਚੜ੍ਹਾਈ ਕਰ ਜਾਂਦਾ ਹੈ। ਉਹ ਪੁਤਰ ਦੀ ਲਾਸ਼ ਘਰ ਇਕ ਕਮਰੇ ਵਿਚ ਰੱਖ ਕੇ ਕਪੜਾ ਪਾ ਦਿੰਦਾ ਹੈ। ਮੂਸਨ ਗੁਰੂ ਮਹਾਰਾਜ ਜੀ ਦਾ ਭਾਣਾ ਮੰਨ ਕੇ ਪ੍ਰਸ਼ਾਦਾ ਤਿਆਰ ਕਰਦਾ ਹੈ। ਸੰਗਤ ਆ ਗਈ ਅਤੇ ਪਿਆਰ ਨਾਲ ਸ਼ਬਦ ਪੜ੍ਹੀ ਰਹੀ ਸੀ। ਗੁਰੂ ਮਹਾਰਾਜ ਜੀ ਮੂਸਨ ਦੀ ਕੁਟੀਆ ਨੂੰ ਭਾਗ ਲਾਉਣ ਲਈ ਆ ਗਏ। ਗੁਰੂ ਮਹਾਰਾਜ ਜੀ ਜਦੋਂ ਇਨ੍ਹਾਂ ਦੇ ਘਰ ਆਏ ਤਾਂ ਮੂਸਨ ਨੂੰ ਦੇਖਿਆ ਕਿ ਇਹ ਆਪੇ ਹੀ ਲਕੜੀਆਂ ਪਾੜ ਰਿਹਾ ਸੀ, ਬਰਤਨ ਮਾਂਜ ਰਿਹਾ ਸੀ, ਸੰਗਤਾਂ ਦੇ ਚਰਨ ਧੋ ਰਿਹਾ ਸੀ। ਤਾਂ ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਮੂਸਨ! ਮੇਰਾ ਪਿਆਰਾ ਸਿੱਖ ਪੁੱਤਰ ਸੰਮਨ ਕਿਥੇ ਹੈ? ਉਸ ਨੂੰ ਅਵਾਜ਼ ਮਾਰ ਕੇ ਬੁਲਾ। ਉਸ ਵੇਲੇ ਮੂਸਨ ਨੇ ਕਿਹਾ –

***ਧਾਰਨਾ - ਓਥੇ ਹਾਕ ਨਾ ਪਹੁੰਚਦੀ ਮੇਰੀ,***
***ਜਿਥੇ ਜਾ ਕੇ ਲਾਲ ਸੌਂ ਗਿਆ।***
***ਸਤਿਗੁਰ ਜੀ, ਜਿਥੇ ਜਾ ਕੇ ਲਾਲ ਸੌਂ ਗਿਆ।***
***ਓਥੇ ਹਾਕ ਨਾ ਪਹੁੰਚਦੀ ਮੇਰੀ..........।***

ਸਿਦਕ ਦੇਖ ਕੇ ਸਤਿਗੁਰੂ ਜੀ ਪੂਰੇ ਜਲਾਲ ਵਿਚ ਆ ਕੇ ਕਹਿਣ ਲੱਗੇ ਕਿ ਫੇਰ ਸਾਡੀ ਆਵਾਜ਼ ਪਹੁੰਚੇਗੀ? ਉਸ ਵੇਲੇ ਗੁਰੂ ਮਹਾਰਾਜ ਜੀ ਨੇ ਅਵਾਜ਼ ਦਿਤੀ ਕਿ ਸੰਮਨ ਪੁੱਤਰ! ਛੇਤੀ ਆ, ਸੰਗਤਾਂ ਉਡੀਕ ਰਹੀਆਂ ਹਨ, ਸਾਡੇ ਹੱਥ ਸੁੱਚੇ ਕਰਾ, ਅਸੀਂ ਪ੍ਰਸ਼ਾਦਾ ਛਕਣਾ ਹੈ ਤਾਂ ਫੇਰ ਸੰਗਤਾਂ ਨੇ ਛਕਣਾ ਹੈ। ਬੇਟਾ! ਦੇਰੀ ਨਾ ਕਰ, ਛੇਤੀ ਆ। ਮੂਸਨ ਕੀ ਦੇਖਦਾ ਹੈ ਅਤੇ ਸੰਗਤਾਂ ਕੀ ਦੇਖਦੀਆਂ ਹਨ ਕਿ ਸੰਮਨ ਗੰਗਾ ਸਾਗਰ ਲੈ ਕੇ ਗੁਰੂ ਮਹਾਰਾਜ ਜੀ ਕੋਲ ਪਹੁੰਚ ਜਾਂਦਾ ਹੈ, ਚਰਨਾਂ ਤੇ ਨਮਸ਼ਕਾਰ ਕਰਕੇ, ਮਹਾਰਾਜ ਜੀ ਦੇ ਹੱਥ ਸੁੱਚੇ ਕਰਾ ਕੇ ਸੰਗਤਾਂ ਦੇ ਹੱਥ ਧੁਆ ਰਿਹਾ ਹੈ।

ਅੱਜ ਪੰਜਵੇਂ ਪਾਤਸ਼ਾਹ ਇਥੇ ਹੀ ਬਿਰਾਜ ਗਏ ਅਤੇ ਲੰਗਰ ਦੇ ਕੰਮ ਤੋਂ ਵਿਹਲੇ ਹੋ ਕੇ ਪਿਉ ਪੁਤਰ ਗੁਰੂ ਮਹਾਰਾਜ ਜੀ ਦੇ ਇਕਾਂਤ ਕਮਰੇ ਜਾਂਦੇ ਹਨ।

ਸੋ ਇਸ ਤਰ੍ਹਾਂ ਦੇ ਨਾਲ ਭਾਉ ਦੇ ਭਾਂਡੇ ਦਾ ਜ਼ਿਕਰ ਕਰ ਰਹੇ ਹਾਂ। ਮਹਾਰਾਜ ਜੀ ਪਿਆਰ ਦੀਆਂ ਮਿਸਾਲਾਂ ਦਿੰਦੇ ਹੋਏ ਹੋਰ ਫੁਰਮਾਨ ਕਰਦੇ ਹਨ –

***ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥***
***ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥***
***ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥***
***ਪੰਨਾ - 59***

ਸੋ ਪਿਆਰ ਦਾ ਭਾਂਡਾ ਬਣਾ ਕੇ ਬ੍ਰਹਮਗਿਆਨ ਰੂਪੀ ਅੰਮ੍ਰਿਤ ਪ੍ਰਾਪਤ ਹੁੰਦਾ ਹੈ।

ਹਿਰਦੇ ਦਾ ਜਿਹੜਾ ਭਾਂਡਾ ਹੈ ਉਹ ਨਫਰਤ ਦਾ ਭਾਂਡਾ ਨਾ ਹੋਵੇ, ਦ੍ਵੈਤ ਦਾ ਭਾਂਡਾ ਨਾ ਹੋਵੇ, ਉਹ ਪਾਪਾਂ ਦੀ ਮੈਲ ਨਾਲ ਜੰਗਾਲਿਆ ਹੋਇਆ ਬਰਤਨ ਹੋਵੇ, ਉਹ ਸ਼ੁਧ ਚਮਕਦਾਰ ਮਨ ਨੂੰ ਮੋਹਣ ਵਾਲਾ ਨਾ ਹੋਵੇ, ਉਸ ਵਿਚ ਹੈ ਪਿਆਰ ਦਾ

ਭਾਂਡਾ। ਇਸ ਭਾਂਡੇ ਵਿਚ ਅੰਮ੍ਰਿਤ ਟਿਕ ਸਕਦਾ ਹੈ, ਉਹ ਬ੍ਰਹਮਗਿਆਨ ਦੀ ਸਮਾਈ ਹੋ ਸਕਦੀ ਹੈ ਜਿਸ ਨੂੰ ਪ੍ਰਾਪਤ ਕਰਕੇ ਸਾਰੇ ਬੰਧਨ ਟੁੱਟ ਜਾਇਆ ਕਰਦੇ ਹਨ, ਗਹਿਣੇ ਬਣਾਉਣ ਵਾਲੇ ਦੀ ਟਕਸਾਲ ਤਾਂ ਬਾਹਰ ਹੋਇਆ ਕਰਦੀ ਹੈ ਪਰ ਸੱਚੇ ਸ਼ਬਦ ਦੀ ਟਕਸਾਲ ਹਰੇਕ ਪ੍ਰਾਣੀ ਦੇ ਅੰਦਰ ਸਥਾਪਤ ਹੈ ਜੇ ਇਸ ਨੂੰ ਨਹੀਂ ਵਰਤਿਆ ਜਾਂਦਾ ਤਾਂ ਪ੍ਰਭੂ ਦਾ ਤਾਂ ਕੋਈ ਕਸੂਰ ਨਹੀਂ, ਇਹ ਆਪਣੇ ਆਪ ਹੀ ਆਪਣੀਆਂ ਗਲਤ ਕਰਨੀਆਂ ਅਤੇ ਸੋਚਾਂ ਕਰਕੇ ਸੱਚੇ ਸਬਦ ਦੀ ਘਾੜਤ ਘੜਨ ਤੋਂ ਵਾਝਾਂ ਰਹਿ ਜਾਂਦਾ ਹੈ। ਪਿਛਲੇ ਦੀਵਾਨਾਂ ਵਿਚ ਮੈਂ ਬੇਨਤੀ ਕੀਤੀ ਸੀ ਕਿ ਇਸ ਘਾੜਤ ਕਰਨ ਵਿਚ ਵੱਡੀਆਂ ਰੁਕਾਵਟਾਂ ਹਨ, ਕੁਝ ਬੰਧਨ ਪਏ ਹੋਏ ਨੇ, ਸੰਗਲ ਪਏ ਹੋਏ ਨੇ ਜਿਵੇਂ ਸੰਗਲ ਨਾਲ ਪਸ਼ੂਆਂ ਨੂੰ ਬੰਨ੍ਹ ਦੇਈਦਾ ਹੈ ਇਸ ਤਰ੍ਹਾਂ ਬੰਧਨ ਰੂਪੀ ਸੰਗਲਾਂ ਨੇ ਇਸ ਜੀਵ ਨੂੰ ਬੰਨ੍ਹਿਆ ਹੋਇਆ ਹੈ। ਪਿਛਲੇ ਦੀਵਾਨ ਵਿਚ ਅਵਿਦਿਆ ਰੂਪੀ ਬੰਧਨ ਦੇ ਬਚਨ ਬਹੁਤ ਵਿਸਥਾਰ ਨਾਲ ਦੱਸੇ ਗਏ ਸਨ।

ਹੁਣ ਮੈਂ ਦੂਸਰੇ ਸੰਗਲ ਦੀ ਗੱਲ ਕਰਦਾਂ ਹਾਂ ਦੂਜਾ ਜੋ ਬੰਧਨ ਹੈ ਉਹ ਇਹ ਹੈ ਕਿ ਅਸੀਂ ਨਿਸ਼ਚੇਪੂਰਵਕ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਸਮਝਦੇ ਹਾਂ। ਇਸ ਕਰਕੇ ਬ੍ਰਹਮ ਚਿੰਤਨ, ਬ੍ਰਹਮ ਕਥਨ, ਬ੍ਰਹਮ ਵਿਚਾਰ, ਅਸਾਡੇ ਹਿਰਦੇ ਵਿਚ ਪੈਦਾ ਨਹੀਂ ਹੁੰਦੀ, ਜਦੋਂ ਪਿਆਰ ਦਾ ਭਾਂਡਾ ਹਿਰਦੇ ਨੂੰ ਬਣਾ ਲਿਆ ਉਸ ਵਿਚ ਇਹ ਆਤਮ ਰੂਪੀ ਵਿਚਾਰ ਟਿਕ ਸਕਦੀ ਹੈ, ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਬ੍ਰਹਮ ਵਿਚਾਰ ਦੀ ਘਾੜਤ ਘੜੀ ਜਾਂਦੀ ਹੈ ਪਰ ਇਹ ਸਾਰੀ ਪ੍ਰਾਪਤੀ ਕਿਸੇ ਮਰਿਆਦਾ ਅਨੁਸਾਰ ਹੀ ਹੁੰਦੀ ਹੈ। ਸੋ ਅਸੀਂ ਅਜੇ ਇਸ ਅੰਮ੍ਰਿਤ ਦੀ ਪ੍ਰਾਪਤੀ ਵਾਸਤੇ ਆਪਣੇ ਆਪ ਨੂੰ ਤਿਆਰ ਹੀ ਨਹੀਂ ਕੀਤਾ, ਅਸੀਂ ਮਾਇਆ ਦੇ ਮੰਡਲ ਵਿਚ ਆਪਣਾ ਜੀਵਨ ਗੁਜ਼ਾਰ ਕੇ ਖੁਸ਼ ਹਾਂ ਅਤੇ ਅਸਾਨੂੰ ਆਤਮ ਮੰਡਲ ਦੀ ਸੋਝੀ ਹੀ ਨਹੀਂ ਹੈ, ਬੰਦੇ ਅਨੇਕ ਸੰਪਰਦਾਵਾਂ ਨੂੰ ਧਾਰਨ ਕਰ ਲੈਂਦੇ ਹਨ, ਗੁਰੂ ਤੋਂ ਮੰਤਰ ਵੀ ਲੈ ਲੈਂਦੇ ਹਨ। ਜਾਣੇ ਅਣਜਾਣੇ ਉਸ ਮੰਤਰ ਦਾ ਜਾਪ ਵੀ ਕਰਦੇ ਹਨ ਪਰ ਆਪਣੇ ਨਿਸ਼ਚਿਆਂ ਨੂੰ ਕਿਸੇ ਤਰੀਕੇ ਨਾਲ ਬਦਲਣ ਲਈ ਤਿਆਰ ਨਹੀਂ ਹੁੰਦੇ। ਆਪਣੇ ਆਪ ਨੂੰ ਪੰਜਾਂ ਤੱਤਾਂ ਦਾ ਸਰੀਰ ਨਾ ਮੰਨਣਾ, ਕਿਸੇ ਵਿਰਲੇ-ਵਿਰਲੇ ਸੁਜਾਨ ਪੁਰਖ ਦੇ ਹਿੱਸੇ ਹੀ ਆਇਆ ਕਰਦਾ ਹੈ ਨਹੀਂ ਤਾਂ ਅਸੀਂ ਸੁਤ-ਨਿੰਦਰੇ ਸਮਾਂ ਲੰਘਾ ਰਹੇ ਹਾਂ, ਕਦੇ ਵੀ ਨਹੀਂ ਦੇਖਦੇ ਕਿ ਅਸੀਂ ਹੇਠਾਂ ਨੂੰ ਜਾ ਰਹੇ ਹਾਂ ਅਤੇ ਪਹਿਲੀ ਮੰਜ਼ਲ ਤੋਂ ਹੀ ਹੇਠਾਂ ਗਿਰ ਰਹੇ ਹਾਂ, ਕਦੇ ਵੀ ਇਹ ਖਿਆਲ ਨਹੀਂ ਆਉਂਦਾ ਕਿ ਮੈਂ ਇਕ ਬਹੁਤ ਲੰਮੇਰੇ ਪੰਧ ਦਾ ਰਾਹੀਂ ਹਾਂ, ਤੁਰਦਿਆਂ-ਤੁਰਦਿਆਂ ਮੈਨੂੰ ਜੁਗ ਹੋ ਗਏ, ਕੋਈ ਮੰਜ਼ਲ ਨਹੀਂ ਮਿਲੀ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਪੰਨਾ - 632*

ਹਰੀ ਜਸ ਸ੍ਰਵਣ ਕਰਦੇ ਹਾਂ, ਸਾਜਾਂ ਦੀ ਗੂੰਜ਼ਾਰ ਤੇ ਗਵਈਏ ਦੀ ਸੁਰ ਤਾਲ ਤੇ ਮਿੱਠੀ ਅਵਾਜ਼ ਵਿਚ ਹੀ ਮਸਤ ਹੋ ਕੇ ਸਮਝਦੇ ਹਾਂ ਕਿ ਅਸਾਨੂੰ ਕੁਝ ਪ੍ਰਾਪਤ ਹੋ ਰਿਹਾ ਹੈ। ਇਹ ਦਸ਼ਾ ਇਕ ਪ੍ਰਾਰੰਭਤਾ ਹੁੰਦੀ ਹੈ ਪਰ ਇਥੋਂ ਮੰਜ਼ਲ ਬਹੁਤ ਹੀ ਦੂਰ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਤਕ ਸੰਜਮ ਧਾਰ ਕੇ ਰੂਹਾਨੀ ਸਫਰ ਨੂੰ ਤਹਿ ਨਹੀਂ ਕੀਤਾ ਜਾਂਦਾ ਅਤੇ ਆਪਣੀ ਉੱਨਤੀ ਅਤੇ ਰੁਕਾਵਟ ਨੂੰ ਨਹੀਂ ਵਿਚਾਰਿਆ ਜਾਂਦਾ, ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਕੀਤੀ ਜਾਂਦੀ, ਇਹ ਅਭੋਲ ਰਾਹੀ ਆਪਣੀ ਮੰਜ਼ਲ ਤੇ ਕਿਵੇਂ ਪਹੁੰਚੇਗਾ?

*ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗਿ*
*ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ।*
*ਪੂਛਤ ਹੈ ਬੈਦ ਖਾਤ ਔਖਧਿ ਨ ਸੰਜਮ ਸੈ*
*ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ।*
*ਪੂਛਤਿ ਸੁਹਾਗਨਿ ਹੈ ਕਰਮਿ ਦੁਹਾਗਨਿ ਕੈ*
*ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ।*
*ਗਾਇ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ*
*ਗੁਰੁ ਉਪਦੇਸ ਗਹਿ ਜੌ ਲੌ ਨ ਕਮਾਈਐ॥*
*ਕਬਿੱਤ ਭਾਈ ਗੁਰਦਾਸ ਜੀ*

ਗੁਰ ਉਪਦੇਸ਼ ਵਿਚਾਰਨ ਵਾਲੀ ਸਿਧਾਂਤ ਰੂਪ ਵਿਚ ਇਕ ਅਮੁੱਲ ਵਸਤੂ ਹੈ ਜਿਸ ਦੀ ਕਮਾਈ ਹਿਰਦੇ ਵਿਚ ਹੁੰਦੀ ਹੈ। ਜਦੋਂ ਤਕ ਅਸਾਨੂੰ ਇਸ ਕਮਾਈ ਨੂੰ ਕਰਨ ਦੀ ਜਾਂਚ ਪ੍ਰਾਪਤ ਨਹੀਂ ਹੁੰਦੀ ਅਸੀਂ ਕਿਸ ਤਰ੍ਹਾਂ ਆਪਣੀ ਮੰਜ਼ਲ ਤੇ ਪਹੁੰਚਾਂਗੇ। ਮਹਾਰਾਜ ਜੀ ਫਿਰਤ-ਫਿਰਤ ਬਹੁਤੇ ਜੁਗਾਂ ਦੀ ਗੱਲ ਸਾਨੂੰ ਕਰ ਰਹੇ ਹਨ। ਜੇ ਥੋੜ੍ਹੀ ਜਿਹੀ ਵਿਚਾਰ ਕਰੀਏ, ਕਲਜੁਗ, ਤ੍ਰੇਤਾ, ਦੁਆਪਰ, ਸਤਿਜੁਗ ਦੀ ਆਯੂ 43 ਲੱਖ 20 ਹਜ਼ਾਰ ਸਾਲ ਮਿਥੀ ਹੈ, ਇਸ ਨੂੰ ਇਕ ਚੌਂਕੜੀ ਆਖਦੇ ਹਨ। ਸੈਂਕੜੇ-ਸੈਂਕੜੇ ਚੌਂਕੜੀਆਂ ਵਿਚ ਅਸੀਂ ਘੁੰਮਦੇ ਫਿਰਦੇ ਹਾਂ, ਕਿਸੇ ਨੂੰ ਵੀ ਪਤਾ ਨਹੀਂ ਕਿ ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ। ਕਿਸੇ ਨੂੰ ਵੀ ਪਤਾ ਨਹੀਂ ਕਿ ਸ੍ਰਿਸ਼ਟੀ ਦੀ ਰਚਨਾ ਕ੍ਰੋੜਾਂ ਸਾਲ ਪਹਿਲਾਂ ਹੋਈ ਜਾਂ ਅਰਬਾਂ ਖਰਬਾਂ ਸਾਲ ਪਹਿਲਾਂ ਹੋਈ। ਉਸੇ ਵੇਲੇ ਤੋਂ ਅਸੀਂ ਕਿਸੇ ਨਾ ਕਿਸੇ ਹਾਲਤ ਵਿਚ ਘੁੰਮਦੇ ਰਹੇ ਹਾਂ-

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਪੰਨਾ - 176*

ਸੋ ਕਿਸੇ ਮੰਜ਼ਲ ਤੇ ਪਹੁੰਚਣ ਵਾਸਤੇ ਜਿਸ ਤਰ੍ਹਾਂ ਕੋਈ ਸਾਇੰਸਦਾਨ ਲੈਬੋਟਰੀ ਵਿਚ ਕੰਮ ਕਰ ਰਿਹਾ ਹੁੰਦਾ ਹੈ ਅਤੇ ਆਪਣੇ ਤਜਰਬਿਆਂ ਦੇ ਅਧਾਰ ਤੇ ਨਵੇਂ ਤੱਥ ਦੁਨੀਆਂ ਵਿਚ ਪੇਸ਼ ਕਰਦਾ ਹੈ ਉਸ ਨੂੰ ਪਤਾ ਹੈ ਕਿ ਮੈਂ ਪ੍ਰਗਤੀ ਵਲ ਜਾ ਰਿਹਾ ਹਾਂ, ਤਜਨਲੀ (ਘਾਟੇ) ਵਿਚ ਨਹੀਂ ਜਾ ਰਿਹਾ। ਇਸੇ ਤਰ੍ਹਾਂ ਨਾਲ ਆਤਮ ਮਾਰਗ ਦੇ ਪਾਂਧੀ ਨੂੰ ਹਰ ਰੋਜ਼ ਵਿਚਾਰ ਕਰਨੀ ਪੈਂਦੀ ਹੈ। ਜੇ ਭਲਾ ਇਹ ਵੀ ਮੰਨ ਲਿਆ ਜਾਵੇ ਕਿ ਮੈਂ ਪਿਛਲੇ ਸੌ ਜਨਮ ਤੋਂ ਮਨੁੱਖ ਹੀ ਬਣ ਰਿਹਾ ਹਾਂ ਪਰ ਇਸ ਨੂੰ ਇਹ ਗਿਆਨ ਤਾਂ ਨਹੀਂ ਹੋ ਸਕਿਆ ਨਾ! ਕਿ ਮੈਂ ਘੁੰਮੇਟਣੀਆਂ ਖਾਣ ਵਾਲੀ ਜੀਵ ਆਤਮਾ ਹਾਂ, ਮੈਂ ਸਰੀਰ ਨਹੀਂ ਹਾਂ। ਸੋ ਦੇਹ ਅਧਿਆਸ ਕਰਕੇ ਆਪਣੇ ਆਪ ਨੂੰ ਪੰਜਾਂ ਤੱਤਾਂ

ਦੀ ਦੇਹ ਸਮਝਣਾ ਇਹ ਬਹੁਤ ਵੱਡੀ ਰੁਕਾਵਟ ਹੈ। ਜੋ ਸੈਂਕੜੇ ਜਨਮ ਮਨੁੱਖ ਦੇ ਲੈਣ ਉਪਰੰਤ ਵੀ ਆਤਮ ਮਾਰਗ ਤੇ ਚੱਲਣ ਤੋਂ ਬਗੈਰ ਕਿਸੇ ਤਰ੍ਹਾਂ ਵੀ ਦੂਰ ਨਹੀਂ ਹੋ ਸਕੀ ਕਿਉਂਕਿ ਇਹ intellectual ਬੁੱਧੀ ਦਾ ਵਿਸ਼ਾ ਨਹੀਂ ਹੈ। ਇਹ ਤਾਂ ਅੰਦਰਲੀ ਸੋਝੀ ਨਾਲ ਸਬੰਧ ਰਖਦਾ ਹੈ ਜਦੋਂ ਅਸੀਂ ਆਪਣੇ ਆਪ ਨੂੰ ਦੇਹ ਮੰਨਦੇ ਹਾਂ ਤਾਂ ਦੇਹ ਦੇ ਦੁਖ ਸੁਖ ਵੀ ਅਸੀਂ ਆਪਣੇ ਆਪ ਨੂੰ ਲੱਗੇ ਹੋਏ ਹੀ ਮੰਨਦੇ ਹਾਂ। ਦੇਹ ਦੇ ਨਾਲ ਸਬੰਧ ਹੁੰਦੇ ਹਨ, ਪੁਤਰਾਂ ਦੇ, ਧੀਆਂ ਦੇ, ਪਰਿਵਾਰ ਦੇ, ਰਿਸ਼ਤੇਦਾਰਾਂ ਦੇ, ਜ਼ਾਤ ਬਰਾਦਰੀਆਂ ਦੇ, ਦੇਸ਼ਾਂ ਦੇ, ਕਾਲੀਆਂ ਗੋਰੀਆਂ ਨਸਲਾਂ ਦੇ ਜੀਵ, ਇਨ੍ਹਾਂ ਵਿਚ ਹੀ ਉਲਝ ਕੇ ਉਮਰ ਗੁਜ਼ਾਰ ਦਿੰਦਾ ਹੈ ਅਤੇ ਦੇਹ ਦੀ ਕ੍ਰਿਆ ਨੂੰ ਹੀ ਰੂਹਾਨੀ ਕ੍ਰਿਆ ਮੰਨਣ ਦੀ ਭੁੱਲ ਕਰ ਲੈਂਦਾ ਹੈ। ਆਤਮ ਮੰਡਲ ਦਾ ਚਲਣ ਹੋਰ ਹੈ ਪਰ ਮ੍ਰਿਤੂ ਮੰਡਲ ਦਾ ਚਲਣ ਅਸੀਂ ਹਰ ਰੋਜ਼ ਦੇਖ ਹੀ ਰਹੇ ਹਾਂ। ਸੋ ਇਹ ਬੰਧਨ ਤੋੜਨਾ ਬਹੁਤ ਹੀ ਮੁਸ਼ਕਲ ਹੈ। ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਹੋਵੇ ਤਾਂ ਇਸ ਗੱਲ ਦੀ ਸੋਝੀ ਹੁੰਦੀ ਹੈ, ਮਹਾਂਪੁਰਸ਼ਾਂ ਦੀਆਂ ਅਨੇਕ ਸਾਖੀਆਂ ਹਨ ਜੋ ਇਸ ਗੰਭੀਰ ਵਿਸ਼ੇ ਉਪਰ ਪ੍ਰਕਾਸ਼ ਪਾਉਂਦੀਆਂ ਹਨ।

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਉਤਮ ਜਗਿਆਸਾ ਪ੍ਰਾਪਤ ਹੋਣ ਕਰਕੇ ਪ੍ਰਮ ਸੰਤ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਦੀ ਸੇਵਾ ਵਿਚ ਆਏ, ਜਾ ਕੇ ਨਮਸਕਾਰ ਕੀਤੀ, ਬਹੁਤ ਸ਼ਰਧਾ ਨਾਲ ਡੰਡਉਤ ਬੰਦਨਾ ਕਰਕੇ ਬੈਠ ਗਏ। ਬਾਬਾ ਜੀ ਨੇ ਖਾਸ ਧਿਆਨ ਦਿਤਾ ਅਤੇ ਰਮਜ਼ ਭਰੀ ਬੋਲੀ ਵਿਚ ਪੁਛਿਆ ਕਿ ਪ੍ਰੇਮੀਆ! ਤੇਰਾ ਐਨੀ ਦੂਰ ਆਉਣਾ ਕਿਸ ਤਰ੍ਹਾਂ ਹੋਇਆ, ਤੂੰ ਕਿਥੋਂ ਆਇਆ ਹੈ ਅਤੇ ਤੇਰਾ ਮਨੋਰਥ ਕੀ ਹੈ। ਮਹਾਂਪੁਰਸ਼ਾਂ ਦੇ ਪੂਰਬਲੇ ਸੰਸਕਾਰ ਬਹੁਤ ਹੀ ਉਤਮ ਸਨ। ਕਹਿਣ ਲੱਗੇ, "ਬਾਬਾ ਜੀ! ਮੈਂ ਆਪ ਜੀ ਦੀ ਸੇਵਾ ਵਿਚ ਇਸੇ ਕਰਕੇ ਹਾਜ਼ਰ ਹੋਇਆ ਹਾਂ ਕਿ ਮੈਨੂੰ ਪਤਾ ਲੱਗ ਜਾਵੇ ਕਿ ਮੈਂ ਕਿਥੋਂ ਆਇਆ ਹਾਂ ਅਤੇ ਇਹ ਵੀ ਪਤਾ ਲੱਗ ਜਾਵੇ ਕਿ ਮੈਂ ਕੌਣ ਹਾਂ, ਮੈਂ ਕਿਥੇ ਜਾਣਾ ਹੈ, ਇਹੀ ਜਾਨਣ ਵਾਸਤੇ ਆਪ ਜੀ ਦੀ ਪਵਿੱਤਰ ਸੇਵਾ ਵਿਚ ਹਾਜ਼ਰ ਹੋਇਆ ਹਾਂ। ਜੇ ਇਹੀ ਸਵਾਲ ਕਿਸੇ ਹੋਰ ਨੂੰ ਕੀਤਾ ਹੁੰਦਾ ਤਾਂ ਉਸ ਨੇ ਝੱਟ ਕਹਿ ਦੇਣਾ ਸੀ ਕਿ ਮੈਂ ਨੌਰੰਗਾਬਾਦ ਤੋਂ ਆਇਆ ਹਾਂ। ਜਾਣਾ ਤੂੰ ਕਿਥੇ ਸੀ? ਤਾਂ ਕਹਿ ਦਿੰਦਾ ਕਿ ਬਾਬਾ ਜੀ! ਮੈਂ ਤਾਂ ਆਪ ਜੀ ਪਾਸ ਹੀ ਆਇਆ ਸੀ, ਇਥੇ ਹੀ ਮੈਂ ਆਉਣਾ ਸੀ। ਕੌਣ ਹੈ ਦਾ ਉਤਰ ਅਸੀਂ ਦੇਣਾ ਸੀ ਮੈਂ ਫੌਜੀ ਹਾਂ, ਮਿਲਟਰੀ ਦੀ ਵਰਦੀ ਮੇਰੀ ਪਹਿਨੀ ਹੋਈ ਹੈ, ਮੈਂ ਫਲਾਣਾ ਸਿੰਘ ਹਾਂ। ਪਰ ਬਾਬਾ ਜੀ ਦੀ ਪੁਛ ਆਤਮ ਮੰਡਲ 'ਚੋਂ ਕੀਤੀ ਪੁਛ ਸੀ ਜਿਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥***
***ਪੰਨਾ - 999***

ਜਦੋਂ ਇਹ ਤੁਹਾਡਾ ਦਾਸ ਤਕਰੀਬਨ 17 ਸਾਲ ਦੀ ਉਮਰ ਵਿਚ ਸੀ, ਇਕ ਦਿਨ ਮਾਤਾ ਜੀ ਨੇ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲਿਆਂ ਦੇ ਦਰਸ਼ਨ ਕਰਾਉਣ ਲਈ ਮੈਨੂੰ ਨਾਲ ਲੈ ਗਏ। ਮਹਾਂਪੁਰਸ਼ਾਂ ਨੂੰ ਜਦੋਂ ਨਮਸਕਾਰ ਕੀਤੀ ਉਸ ਵੇਲੇ ਉਨ੍ਹਾਂ ਨੇ ਵੀ ਇਹੋ ਪ੍ਰਸ਼ਨ ਮੇਰੇ ਤੇ ਕੀਤਾ ਸੀ ਕਿ ਤੂੰ ਕੌਣ ਹੈ? ਕਿਥੋਂ ਆਇਆ ਹੈਂ? ਇਹਦਾ ਸਿੱਧਾ ਉਤਰ ਸੀ ਕਿ ਮੈਂ ਵਰਿਆਮ ਸਿੰਘ ਹਾਂ, ਧਮੋਟ ਤੋਂ ਆਇਆ ਹਾਂ। ਪਰ ਇਹ ਪ੍ਰਸ਼ਨ ਸੁਣ ਕੇ ਮੈਂ ਚੁਪ ਕਰ ਗਿਆ, ਇਕ ਮਿੰਟ ਉਤਰ ਨਾ ਦਿਤਾ, ਤਾਂ ਉਸ ਵੇਲੇ ਸਾਰੀ ਬੈਠੀ ਸੰਗਤ ਨੇ ਬੋਲ ਕੇ ਕਿਹਾ ਕਿ ਭਾਈ! ਤੇਰੇ ਤੋਂ ਮਹਾਂਪੁਰਸ਼ ਪੁਛ ਰਹੇ ਹਨ, ਤੂੰ ਉਨ੍ਹਾਂ ਦੀ ਪੁੱਛ ਦਾ ਉਤਰ ਕਿਉਂ ਨਹੀਂ ਦਿੰਦਾ? ਸੰਤ ਮਹਾਰਾਜ ਜੀ ਨੇ ਵੀ ਆਪਣਾ ਪ੍ਰਸ਼ਨ ਦੁਹਰਾਇਆ। ਤਾਂ ਮੈਂ ਕਿਹਾ ਕਿ ਮਹਾਰਾਜ! ਮੈਂ ਦਸਦਾ ਹਾਂ। ਇਸੇ ਤਰ੍ਹਾਂ ਆਪ ਨੇ ਤੀਜੀ ਵਾਰੀ ਪੁਛਿਆ ਤਾਂ ਮੈਂ ਉਤਰ ਦਿਤਾ ਕਿ ਮਹਾਰਾਜ ਜੀ! ਨਾ ਮੈਨੂੰ ਇਹ ਪਤਾ ਲਗਦਾ ਹੈ ਕਿ ਮੈਂ ਕਿਥੋਂ ਆਇਆ ਹਾਂ ਤੇ ਨਾ ਪਤਾ ਲਗਦਾ ਹੈ ਕਿ ਮੈਂ ਕੌਣ ਹਾਂ। ਇਹ ਸੁਣ ਕੇ ਸਾਰੀ ਸੰਗਤ ਖਿੜਖਿੜਾ ਕੇ ਹੱਸ ਪਈ ਤਾਂ ਮਹਾਰਾਜ ਜੀ ਨੇ ਤਾੜਨਾ ਦੇ ਲਹਿਜੇ ਵਿਚ ਕਿਹਾ ਕਿ 'ਖਾਮੋਸ਼'। ਤੁਹਾਡੇ ਵਿਚੋਂ ਕੋਈ ਵੀ ਇਸ ਪ੍ਰਸ਼ਨ ਨੂੰ ਨਹੀਂ ਸਮਝ ਸਕਿਆ। ਤਿੰਨ ਮਿੰਟ ਪਿਛੋਂ ਮੈਂ ਬੋਲਿਆ ਕਿ ਮੈਂ ਕਿਤੋਂ ਨਾ ਕਿਤੋਂ, ਜ਼ਰੂਰ ਕਿਸੇ ਥਾਂ ਤੋਂ ਆਇਆ ਹਾਂ ਪਰ ਉਸ ਦਾ ਪਤਾ ਨਹੀਂ ਮੈਨੂੰ ਲਗ ਰਿਹਾ ਤੇ ਮੈਂ ਕੌਣ ਹਾਂ। ਜਿਥੋਂ ਤਕ ਪਤਾ ਲਗ ਰਿਹਾ ਹੈ ਮੈਂ ਉਹ ਹਾਂ ਜੋ ਸੰਸਾਰ ਦੀ ਰਚਨਾ ਤੋਂ ਪਹਿਲਾਂ ਇਸ ਜਨਮਾਂ ਦੇ ਸਿਰੇ ਤੋਂ ਹੋਂਦ ਵਿਚ ਆਇਆ। ਸੰਤ ਮਹਾਰਾਜ ਜੀ ਨੇ ਆਪਣੇ ਨੇਤਰ ਬੰਦ ਕਰ ਲਏ 45 ਮਿੰਟ ਸਮਾਧੀ ਸਥਿਤ ਬੈਠੇ ਰਹੇ, ਮੈਂ ਵੀ ਉਥੇ ਖੜ੍ਹਾ ਰਿਹਾ ਜਿਥੋਂ ਮੇਰਾ ਆਦਿ ਹੋਇਆ ਸੀ, ਜਿਥੋਂ ਮੈਂ ਆਇਆ ਸੀ, ਜਿਥੋਂ ਮੇਰਾ ਸਭ ਤੋਂ ਪਹਿਲੇ ਦਿਨ ਸਫਰ ਸ਼ੁਰੂ ਹੋਇਆ ਸੀ, ਮੇਰਾ ਆਦਿ ਹੋਇਆ ਸੀ। 45 ਮਿੰਟ ਪਿਛੋਂ ਮਹਾਂਪੁਰਸ਼ਾਂ ਨੇ ਨੇਤਰ ਖੋਲ੍ਹੇ ਕਿਹਾ ਕਿ ਸਾਧਸੰਗਤ ਜੀ! ਅੱਜ ਇਕ ਸੁਹਾਗਣ ਨੂੰ ਸੁਹਾਗਣ ਮਿਲੀ ਹੈ, ਅੱਗੇ ਰੰਡੀਆਂ ਨਾਲ ਹੀ ਮਿਲਾਪ ਹੋਇਆ ਹੈ। ਮੈਨੂੰ ਕਹਿਣ ਲੱਗੇ, "ਕਾਕਾ! ਜੇ ਇਹ ਗੱਲ ਬੁੱਝ ਲਵੇਂ ਤਾਂ ਇਉਂ ਸਮਝ ਕਿ ਤੇਰਾ ਸਿਰਫ ਇਕ ਕਦਮ ਰਹਿੰਦਾ ਹੈ ਤਾਂ ਇਹ ਸਫਰ ਖਤਮ ਹੋ ਜਾਵੇਗਾ, ਇਸ ਨੂੰ ਬੁਝਣ ਲਈ ਇਕ ਜਨਮ ਵੀ ਲਗ ਸਕਦਾ ਹੈ, ਕਈ ਜਨਮ ਵੀ ਲਗ ਸਕਦੇ ਹਨ ਕਿਉਂਕਿ ਇਸ ਨੂੰ ਬੁੱਝਣ ਲਈ ਪੂਰਨ ਤੱਤ ਬੇਤੇ ਮਹਾਂਪੁਰਸ਼ ਦੇ ਪ੍ਰਕਾਸ਼ ਵਿਚ ਜੀਵਨ ਬਤੀਤ ਕਰਨਾ ਪੈਂਦਾ ਹੈ ਅਤੇ ਉਸਦੇ ਪ੍ਰਮ ਅਤਿ ਕੀਮਤੀ ਉਪਦੇਸ਼ ਨੂੰ ਕਮਾਉਣ ਲਈ ਕਈ ਕਈ ਜਨਮ ਲਗ ਜਾਂਦੇ ਹਨ ਪਰ ਮੈਂ ਹੁਣ ਤੈਨੂੰ ਦਸਦਾ ਹਾਂ ਕਿ ਐਸੇ ਵੇਲੇ ਤੂੰ ਜੀਵ ਆਤਮਾ ਹੈਂ। ਤੂੰ ਪ੍ਰਮੇਸ਼ਰ ਵਿਚ ਸੀ, ਉਸ ਵੇਲੇ ਤੇਰੀ ਹੋਂਦ ਨਹੀਂ ਸੀ ਉਥੋਂ ਹੀ ਚੇਤਨ ਕਿਰਨ ਹੋ ਕੇ ਪ੍ਰਕ੍ਰਿਤੀ ਨਾਲ ਰਲ ਕੇ ਤੂੰ ਖੇਲ੍ਹ ਕਰਦਾ ਰਿਹਾ ਹੈਂ। ਜੇ ਆਪਣੀ ਸੋਚ ਦੇ ਆਖਰੀ ਸਿਰੇ ਪਹੁੰਚ ਕੇ ਉਹ ਹੱਦ ਉਲੰਘ ਜਾਵੇ ਜਿਥੇ ਤੂੰ ਆਪਣੇ ਆਪ ਨੂੰ ਵੱਖਰਾ ਵੇਖ ਰਿਹਾ ਹੈਂ ਤਾਂ ਉਸ ਨੂੰ ਆਤਮਾ ਆਖਦੇ ਹਨ ਪਰ ਮਾਇਆ ਦੇ ਨਾਲ ਮਿਲਣ ਕਰਕੇ ਉਸੇ ਆਤਮਾ ਦੀ ਸ਼ਕਤੀ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ। ਜੇ ਆਪਣੇ ਆਪ ਨੂੰ ਆਤਮਾ ਸਮਝ ਲਵੇਂ ਅਤੇ ਆਤਮ ਚਿੰਤਨ ਦਾ ਅਭਿਆਸ ਕਰਕੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਉਨਤੀ ਕਰ ਲਵੇਂ ਤਾਂ ਤੂੰ ਆਤਮਾ ਹੀ ਹੈਂ। ਆਤਮਾ ਤੇ ਪ੍ਰਮਾਤਮਾ ਵਿਚ ਕੋਈ ਵੀ ਭੇਦ ਨਹੀਂ ਹੋਇਆ ਕਰਦਾ। ਸਾਰੇ ਬ੍ਰਹਮ ਹੀ ਹੋਇਆ ਕਰਦਾ ਹੈ, ਓਅੰਕਾਰ ਅਤੇ ਏਕੰਕਾਰ ਵਿਚ ਕੋਈ ਭੇਦ ਨਹੀਂ ਹੁੰਦਾ। ਇਸ ਮੇਰੀ ਗੱਲ ਨੂੰ ਤੂੰ ਜੀਵਨ ਵਿਚ ਘਾਲ ਕਮਾਈ ਕਰਕੇ ਸਮਝਣ ਦਾ ਯਤਨ ਕਰੀਂ, ਇਸ਼ਾਰੇ ਮੁਤਾਬਿਕ ਕਹਿ ਦਿਤਾ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੁਝ

ਵੀ ਨਹੀਂ ਇਸ ਟੀਚੇ ਤੇ ਪਹੁੰਚਣ ਦਾ ਯਤਨ ਕਰ।

ਸੋ ਮੈਂ ਗੱਲ ਕਰ ਰਿਹਾ ਸੀ ਕਿ ਅਸੀਂ ਆਪਣੇ ਆਪ ਨੂੰ ਦੇਹ ਹੀ ਸਮਝਦੇ ਹਾਂ ਪਰ ਜੋ ਇਥੋਂ ਥੋੜ੍ਹੀ ਤਰੱਕੀ ਕਰ ਗਿਆ, ਲਗਾਤਾਰ ਸੰਗਤ ਕਰਦਿਆਂ ਸੋਝੀ ਪੈ ਗਈ ਕਿ ਮੈਂ ਜੀਵ ਹਾਂ, ਮੇਰੀ ਹੋਂਦ ਹੈ, ਬੰਦਾ ਜਨਮਾਤਰਾਂ ਵਿਚ ਘੁੰਮਦਾ ਰਹਿੰਦਾ ਹੈ ਜਦੋਂ ਬਾਰ-ਬਾਰ ਚਿੰਤਨ ਕਰਨ ਨਾਲ ਇਹ ਅੰਦਰ ਪੱਕ ਜਾਵੇ ਅਤੇ ਨਿਸ਼ਚੇ ਵਿਚ ਸਮਾਅ ਜਾਵੇ ਅਤੇ ਪੂਰੀ ਤਰ੍ਹਾਂ ਜਾਣ ਜਾਵੇ ਕਿ ਮੈਂ ਸਰੀਰ ਨਹੀਂ ਹਾਂ। ਸਰੀਰ ਤਾਂ ਮੈਨੂੰ ਕੰਮ ਕਰਨ ਵਾਸਤੇ ਮਿਲਿਆ ਹੋਇਆ ਹੈ ਇਹ ਤਾਂ ਮੇਰਾ ਵਸਤਰ ਹੈ ਸਰੀਰ ਮੈਂ ਨਹੀਂ ਹਾਂ। ਇਸ ਵਿਚ ਬਹੁਤ ਹੀ ਸੁੰਦਰ ਬਚਿਤਰ ਵਸਤਾਂ ਹਨ। ਇਹ ਜੀਵ ਭਾਵਨਾ ਵੀ ਬਹੁਤ ਸਿਮਰਨ ਕਰਨ ਉਪਰੰਤ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਉਪਰੰਤ ਅਤੇ ਤੱਤ ਸਾਸ਼ਤਰ ਜਿਸ ਵਿਚ ਕੇਵਲ ਸਤਿ ਦੀ ਹੀ ਜਾਣ ਪਛਾਣ ਹੋਵੇ, ਉਸ ਦੀ ਸੰਗਤ ਕਰਨ ਨਾਲ ਨਿਸ਼ਚੇ ਵਿਚ ਆਉਂਦੀ ਹੈ। ਫੇਰ ਪਤਾ ਲਗਦਾ ਹੈ ਕਿ ਸਰੀਰ ਤਾਂ ਮੈਨੂੰ ਮਿਲਿਆ ਸੀ ਪਰ ਮੈਂ ਇਸ ਨੂੰ ਛੱਡ ਜਾਣਾ ਹੈ, ਮੈਂ ਤਾਂ ਇਸ ਵਿਚ ਵਸਣ ਵਾਲਾ ਪੰਛੀ ਹਾਂ। ਮੈਂ ਜੀਵ ਆਤਮਾ ਹਾਂ। ਗੁਰੂ ਮਹਾਰਾਜ ਬਾਰ-ਬਾਰ ਇਸ ਬਚਨ ਉਪਰ ਜ਼ੋਰ ਦੇ ਕੇ ਕਹਿੰਦੇ ਹਨ ਕਿ ਪਿਆਰਿਆ! ਤੂੰ ਗੁਰੂ ਦੀ ਬਾਣੀ ਸੁਣ ਫੇਰ ਉਸ ਨੂੰ ਮੰਨ, ਫੇਰ ਨਿਧਿਆਸਣ ਕਰ, ਫੇਰ ਤੇਰਾ ਦੇਹ ਅਧਿਆਸ ਟੁੱਟ ਜਾਵੇਗਾ ਅਤੇ ਜੀਵ ਭਾਵ ਵਿਚ ਨਿਸ਼ਚਾ ਪਰਪੱਕ ਹੋ ਜਾਵੇਗਾ। ਹੌਲੀ-ਹੌਲੀ ਤੂੰ ਆਪਣੇ ਆਪ ਨੂੰ ਆਤਮਾਂ ਜਾਣ ਜਾਵੇਂਗਾ - ਆਤਮਾ ਪ੍ਰਮਾਤਮਾ ਇਕ ਹੀ ਹੈ।

ਸਾਧਸੰਗਤ ਜੀ! ਇਥੇ ਸਫਰ ਨਹੀਂ ਮੁਕਦਾ ਇਹ ਤਾਂ ਦੋ ਕਰੜੇ ਸੰਗਲ ਤੋੜੇ ਹਨ। ਪਹਿਲਾ ਅਵਿਦਿਆ ਦਾ, ਦੂਸਰਾ ਦੇਹ ਦਾ। ਇਹ ਜੀਵ ਭਾਵ ਵੀ ਕੂੜ ਹੈ ਇਹ ਸਤਿ ਅਵਸਥਾ ਨਹੀਂ ਹੈ, ਇਹ ਅਵਿਦਿਆ ਦੇ ਸੰਗ ਹੋਣ ਕਰਕੇ ਗਲਤ ਭਾਵਨਾ ਹੈ ਕਿਉਂਕਿ ਜੀਵ ਦੀ ਆਪਣੀ ਕੋਈ ਸੁਤੰਤਰ ਹਸਤੀ ਨਹੀਂ, ਆਤਮ ਸ਼ਕਤੀ ਦਾ ਪ੍ਰਤੀਬਿੰਬ ਜਦੋਂ ਪ੍ਰਕ੍ਰਿਤੀ ਉਪਰ ਪੈਂਦਾ ਹੈ ਤਾਂ ਚਿੱਤ ਵਿਚ ਚੇਤਨਾ ਜਾਗਦੀ ਹੈ ਉਸ ਥਾਂ ਉਪਰ ਇਕ ਕੂੜਾ ਭਾਵ ਅਹੰ ਦਾ ਜਾਗ ਪੈਂਦਾ ਹੈ। ਉਹ ਆਪਣਾ ਚੌਗਿਰਦਾ ਦੇਖਦਾ ਹੈ ਅਤੇ ਆਪਣੇ ਮੈਂ ਦੀ ਹੋਂਦ ਨੂੰ ਪਛਾਣਦਾ ਹੈ, ਪਰ ਹੈ ਇਹ ਪਰਛਾਵਾਂ ਹੀ। ਅਜੇ ਆਪਣੇ ਸਰੂਪ ਨੂੰ ਨਹੀਂ ਜਾਣ ਸਕਿਆ, ਗੁਰੂ ਮਹਾਰਾਜ ਜੀ ਸਾਨੂੰ ਦਸਦੇ ਹਨ ਕਿ ਪਿਆਰਿਆ! ਤੂੰ ਸ਼ੁਧ ਜੋਤ ਹੈਂ, ਨਾ ਤੂੰ ਜੰਮਦਾ ਹੈਂ, ਨਾ ਮਰਦਾ ਹੈਂ, ਨਾ ਤੈਨੂੰ ਕੋਈ ਦੁਖ ਪੋਹ ਸਕਦਾ ਹੈ, ਤੂੰ ਸਦਾ-ਸਦਾ ਸੁਖੀ ਹੈਂ, ਤੂੰ ਸਦੀਵੀ ਹੈਂ, ਸਤਿ ਹੈਂ, ਪ੍ਰਮ ਚੇਤਨ ਹੈਂ, ਤੂੰ ਅਨੰਦ ਹੀ ਅਨੰਦ ਹੈ, ਤੇਰੇ ਅੰਦਰ ਪ੍ਰੇਮ ਹੀ ਪ੍ਰੇਮ ਹੈ। ਤੂੰ ਨਾ ਕੁਝ ਕਰ ਰਿਹਾ ਹੈਂ, ਨਾ ਹੀ ਕਰਨ ਦੀ ਕੋਈ ਇਛਿਆ ਹੈ, ਇਹ ਸਾਰੀ ਖੇਲ੍ਹ ਹੁਕਮ ਦੇ ਅੰਦਰ ਹੋ ਰਹੀ ਹੈ, ਕਰਾਰਾ ਹੁਕਮ ਆਪਣੀ ਖੇਲ੍ਹ ਵਰਤਾ ਰਿਹਾ ਹੈ, ਉਹ ਹੁਕਮ ਦੇ ਮੁਤਾਬਿਕ ਸਭ ਕੁਝ ਹੋ ਰਿਹਾ ਹੈ। ਤੂੰ ਆਤਮਾ ਹੈਂ, ਤੇਰੇ ਅਤੇ ਪ੍ਰਮਾਤਮਾ ਵਿਚ ਕੋਈ ਵੀ ਭੇਦ ਨਹੀਂ ਪਰ ਜਦੋਂ ਇਹ ਭਾਵਨਾ ਜਾਗਦੀ ਹੈ ਕਿ ਮੈਂ ਕਰਦਾ ਹਾਂ, ਮੈਂ ਭਜਨ ਕਰਦਾ ਹਾਂ, ਮੈਂ ਪਰਉਪਕਾਰ ਕਰਦਾ ਹਾਂ ਇਹ ਸ਼ੁਭ ਭਾਵਨਾ ਹਨ, ਮਲੀਨ ਭਾਵਨਾ ਜਾਗ ਪੈਂਦੀਆਂ ਹਨ, ਉਸ ਵੇਲੇ ਇਹ ਪਤਿਤ ਹੋ ਕੇ ਜੀਵ ਦੀ ਉਪਾਧੀ ਧਾਰਨ ਕਰਦਾ ਹੈ ਇਥੋਂ ਇਹ ਪੰਜ ਪਉੜੀਆਂ ਤਿਲਕ ਜਾਂਦਾ ਹੈ ਅਤੇ ਪੱਕੇ ਨਿਸ਼ਚੇ ਨਾਲ ਆਪਣੇ ਆਪ ਨੂੰ ਦੇਹ ਮੰਨਣ ਲਗ ਜਾਂਦਾ ਹੈ। ਮੈਂ ਮੂਰਖ ਹਾਂ, ਮੈਂ ਇਸਤ੍ਰੀ ਹਾਂ, ਮੈਂ ਗਰੀਬ ਹਾਂ, ਮੈਂ ਅਮੀਰ ਹਾਂ। ਇਹ ਕੁਝ ਵੀ ਨਹੀਂ ਹੋ ਰਿਹਾ, ਸਾਰੇ ਅਗੰਮੀ ਨਿਰੰਕਾਰੀ ਹੁਕਮ ਦੀ ਖੇਡ ਵਰਤ ਰਹੀ ਹੈ ਉਹ ਆਪ ਹੀ ਖੇਡ ਰਿਹਾ ਹੈ ਜਿਵੇਂ ਕਿ ਫੁਰਮਾਨ ਹੈ -

***ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਜੀਵ ਭਾਵ ਕਰਕੇ ਇਹ ਆਪਣੇ ਅਸਲੀ ਸਰੂਪ ਨੂੰ ਨਹੀਂ ਪਛਾਣਦਾ। ਮਹਾਰਾਜ ਜੀ ਫੁਰਮਾਉਂਦੇ ਹਨ ਕਿ ਪਿਆਰਿਆ! ਤੂੰ ਆਪਣੇ ਸਰੂਪ ਨੂੰ ਪਛਾਣ।

***ਧਾਰਨਾ - ਪਛਾਣ ਪਿਆਰਿਆ ! ਪਹਿਲਾਂ ਆਪਣੇ ਸਰੂਪ ਨੂੰ - 2***
***ਆਪਣੇ ਸਰੂਪ ਨੂੰ - 2, 2.***
***ਪਛਾਣ ਪਿਆਰਿਆ ! ਪਹਿਲਾਂ ਆਪਣੇ ਸਰੂਪ ਨੂੰ -2***

ਪਛਾਣ ਤੂੰ ਕੌਣ ਹੈ, ਮਹਾਰਾਜ ਕਹਿੰਦੇ ਪਛਾਣ ਅਸੀਂ ਦਸ ਦਿੰਦੇ ਹਾਂ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥***

***ਪੰਨਾ - 441***

ਅਸੀਂ ਕਹਿੰਦੇ ਹਾਂ ਕਿ ਮਹਾਰਾਜ! ਮੈਂ ਤਾਂ ਆਪਣੇ ਆਪ ਨੂੰ ਪਛਾਣਦਾ ਹਾਂ, ਮੈਂ ਪੀ ਐਚ.ਡੀ ਕੀਤੀ ਹੋਈ ਹੈ, ਮੈਂ ਡੀ. ਲਿਟ ਹਾਂ। ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੇਰੀਆਂ ਤਾਂ ਕਿਤਾਬਾਂ ਲਿਖੀਆਂ ਹੋਈਆਂ ਨੇ, ਮੈਂ ਤਾਂ ਆਪਣੇ ਆਪ ਨੂੰ ਪਛਾਣ ਰਿਹਾ ਹਾਂ। ਮਹਾਰਾਜ ਜੀ ਕਹਿੰਦੇ ਹਨ ਕਿ ਪਿਆਰਿਆ! ਤੂੰ ਪਛਾਣਿਆ ਨਹੀਂ ਹੈ। ਪਛਾਣਿਆ ਹੋਵੇ ਤਾਂ ਤੇਰੀ ਹਾਲਤ ਬਦਲ ਜਾਵੇ। ਜਿਸਨੇ ਆਪਣੇ ਸਰੂਪ ਨੂੰ ਪਛਾਣ ਲਿਆ ਫੇਰ ਤਾਂ ਉਹ ਜੋਤੀ ਸਰੂਪ ਬਣ ਗਿਆ। ਇਹ ਜਿਹੜੇ ਦੇਹ ਦੇ ਰੋਗ ਨੇ, ਦੇਹ ਦੀ ਖੁਸ਼ੀ ਹੈ, ਦੇਹ ਦੀ ਗਮੀ ਹੈ, ਦੇਹ ਦੀ ਚਿੰਤਾ ਹੈ, ਦੇਹ ਦੀ ਬਿਮਾਰੀ ਹੈ, ਈਰਖਾ, ਨਿੰਦਿਆ, ਚੁਗਲੀ, ਸਾੜਾ ਹੈ, ਮਾਣ ਹੈ, ਅਪਮਾਨ ਹੈ, ਲਾਭ ਹੈ, ਹਾਨ ਹੈ ਇਹ ਸਾਰੀਆਂ ਚੀਜ਼ਾਂ ਤਾਂ ਦੇਹ ਨਾਲ ਸਬੰਧ ਰਖਦੀਆਂ ਨੇ। ਫੇਰ ਪ੍ਰੇਮੀਆਂ! ਤੂੰ ਕਿਉਂ ਔਖਾ ਹੁੰਦਾ ਹੈਂ, ਕਿਉਂ ਉਭੇ ਸਾਹ ਲੈਂਦਾ ਹੈ। ਉਹ ਇਸ ਕਰਕੇ ਕਿਉਂਕਿ ਤੂੰ ਅਜੇ ਪੜ੍ਹ ਲਿਖ ਕੇ ਗੱਲ ਜਾਣੀ ਹੈ, ਟੋਹਾਂ ਲਾਈਆਂ ਹਨ, ਆਪਣੇ ਆਪ ਨੂੰ ਦੇਹ ਸਮਝਦਾ ਹੈਂ, ਜੀਵ ਸਮਝਦਾ ਹੈਂ, ਪੜ੍ਹ ਕੇ ਨਹੀਂ ਪਤਾ ਲੱਗਦਾ, ਬੁੱਝ ਕੇ ਪਤਾ ਲਗਦਾ ਹੈ। ਜੇ ਤੂੰ ਆਪਣੇ ਆਪ ਨੂੰ ਪਛਾਣ ਲਿਆ ਤਾਂ ਤੂੰ ਸਾਰੇ ਦੁਖਾਂ ਤੋਂ ਬਰੀ ਹੋ ਜਾਵੇਂ, ਪ੍ਰਭੂ ਦੇ ਹੁਕਮ ਵਿਚ ਜੀਵਨ ਬਤੀਤ ਕਰੇਂ, ਤਾਂ ਜੀਵਨ ਮੁਕਤ ਹੀ ਹੋ ਜਾਵੇਂ। ਜੀਵਨ ਮੁਕਤਾਂ ਦੀ ਅਵਸਥਾ ਉਪਰ ਚਾਨਣਾ ਪਾਉਂਦੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸ ਸੋਗ॥***

*ਸਦਾ ਅਨੰਦ ਤਹਿ ਨਹੀ ਬਿਓਗ॥*
*ਤੈਸਾ ਸਵਰਨ ਤੈਸੀ ਉਸ ਮਾਟੀ॥*
*ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ॥*
*ਤੈਸਾ ਮਾਨ ਤੈਸਾ ਅਭਿਮਾਨ॥*
*ਤੈਸਾ ਰੰਕੁ ਤੈਸਾ ਰਾਜਾਨ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਉਹ ਪੁਰਖੁ ਕਹੀਐ ਜੀਵਨ ਮੁਕਤਿ॥*

*ਪੰਨਾ - 275*

ਜੇ ਤਾਂ ਸਰੂਪ ਦੀ ਪਛਾਣ ਕਰ ਲਈ, ਜੀਵਨ ਮੁਕਤੀ ਉਸੇ ਸਮੇਂ ਪ੍ਰਾਪਤ ਹੋ ਜਾਂਦੀ ਹੈ ਪਰ ਇਹ ਪਛਾਣ ਕਦੇ ਕਿਸੇ ਨੂੰ ਆਪਣੇ ਆਪ ਪ੍ਰਾਪਤ ਨਹੀਂ ਹੋਈ। ਜਦੋਂ ਤਕ ਪ੍ਰਭੂ ਦੀ ਕ੍ਰਿਪਾ ਨਾ ਹੋਵੇ ਓਨੀਂ ਦੇਰ ਤਕ ਪੂਰਨ ਮਹਾਂਪੁਰਸ਼ ਨਹੀਂ ਮਿਲਿਆ ਕਰਦਾ। ਜਦੋਂ ਤਕ ਪੂਰਨ ਮਹਾਂਪੁਰਸ਼ ਦੀ ਕ੍ਰਿਪਾ ਨਹੀਂ ਹੁੰਦੀ ਜੀਵ ਦਾ ਸ਼ੁਭ ਕਰਮਾਂ ਵਿਚ ਪ੍ਰਵੇਸ਼ ਨਹੀਂ ਹੋ ਸਕਦਾ। ਉਪਾਸ਼ਨਾ ਦਾ ਤਾਂ ਉਸਨੂੰ ਪਤਾ ਹੀ ਨਹੀਂ ਕਿ ਕੀ ਹੁੰਦੀ ਹੈ, ਗਿਆਨ ਮੰਡਲ ਵਿਚ ਲੰਘਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਰਸ ਹੀਣ ਜੀਵਨ ਬਤੀਤ ਕਰਦਾ ਹੈ, ਸੋ ਜਿਹਦੇ ਉਤੇ ਗੁਰੂ ਦੀ ਕ੍ਰਿਪਾ ਹੋ ਜਾਵੇ ਉਹ ਆਪਣੀ ਪਛਾਣ ਦੀ ਗੱਲ ਕਰਦਾ ਹੈ ਕਿਉਂਕਿ ਐਸਾ ਫੁਰਮਾਨ ਹੈ –

*ਧਾਰਨਾ - ਜਿਨ ਕਉ ਨਦਰ ਕਰਮ ਤਿਨ ਕਾਰ-2,2.*
*ਜਿਨ ਕਉ ਨਦਰ ਕਰਮ ਤਿਨ ਕਾਰ-2, 2.*

*ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਪੰਨਾ - 2*

ਨਦਰ ਕਹਿੰਦੇ ਨੇ ਬਖਸ਼ਿਸ਼ ਨੂੰ, ਬਖਸ਼ਿਸ਼ ਦੀ ਨਦਰ ਜਿਸ ਦੇ ਉਤੇ ਹੋ ਗਈ ਉਹ ਜੀਵਨ ਮੁਕਤ ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ, ਦੂਸਰੇ ਨੂੰ ਨਹੀਂ ਹੋ ਸਕਦੀ।

*ਨਾਨਕ ਨਦਰੀ ਨਦਰਿ ਨਿਹਾਲ॥ ਪੰਨਾ - 3*

ਜਦੋਂ ਨਦਰ ਹੋ ਗਈ ਫੇਰ ਨਦਰ ਦੇ ਨਾਲ ਨਿਹਾਲ ਹੋ ਜਾਂਦਾ ਹੈ। ਸਤਿਗੁਰੂ ਦੀ ਨਿਗ੍ਹਾ ਕ੍ਰੋੜਾਂ ਪਾਪਾਂ ਦਾ ਨਾਸ਼ ਕਰ ਦਿੰਦੀ ਹੈ। ਮਹਾਤਮਾ ਪਿਆਰ ਦੇ ਘਰ 'ਚ ਆ ਕੇ ਇਕ ਵਾਰ ਦ੍ਰਿਸ਼ਟੀ ਕਰ ਦੇਵੇ ਤਾਂ ਕ੍ਰੋੜਾਂ ਪੁੰਨਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਇਕ ਸਾਖੀ ਆਉਂਦੀ ਹੈ ਕਿ ਆਪ ਇਕ ਘੋਰ ਬਣ ਵਿਚੋਂ ਭਾਈ ਬਾਲਾ ਜੀ ਤੇ ਮਰਦਾਨਾ ਸਮੇਤ ਲੰਘ ਰਹੇ ਸਨ। ਪਹਿਲਾਂ ਕਈ ਦਿਨਾਂ ਤੋਂ ਤੁਰੇ ਹੋਏ ਸਨ, ਕਿਤੇ ਕੋਈ ਬਸਤੀ ਨਹੀਂ ਆਉਂਦੀ, ਮਰਦਾਨਾ ਦਰਖਤਾਂ ਤੋਂ ਗਿਰੇ ਹੋਏ ਫਲ ਛਕ ਛਕਾ ਕੇ, ਚਲ ਰਹੀਆਂ, ਨਦੀਆਂ ਦਾ ਪਾਣੀ ਪੀ ਕੇ ਆਪਣਾ ਪੇਟ ਭਰ ਲੈਂਦਾ ਸੀ। ਜੰਗਲ ਵਿਚ ਸ਼ੇਰ ਬੁਕ ਰਹੇ ਸਨ, ਬੇਅੰਤ ਸੱਪ ਤੁਰੇ ਫਿਰਦੇ ਸਨ। ਬਰਸਾਤ ਦਾ ਮਹੀਨਾ ਹੈ ਜਿਥੇ ਵੀ ਆਸਣ ਲਾਇਆ ਜਾਂਦਾ ਹੈ ਉਥੇ ਝੱਟ ਹੀ ਕੀੜੇ ਮਕੌੜੇ ਪਹੁੰਚ ਜਾਂਦੇ ਹਨ। ਧੰਨ ਸਨ ਗੁਰੂ ਨਾਨਕ ਪਾਤਸ਼ਾਹ ਜਿਨ੍ਹਾਂ ਨੇ ਅਜਿਹੇ ਬਿਖੜੇ ਹਾਲਾਤਾਂ ਵਿਚ ਪ੍ਰਭੂ ਦੇ ਪਿਆਰ ਨਾਲ ਸੰਸਾਰ ਨੂੰ ਜੋੜਿਆ। ਉਸ ਵੇਲੇ ਮਰਦਾਨੇ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਕਿੰਨੇ ਦਿਨ ਜੰਗਲ ਵਿਚ ਤੁਰਦਿਆਂ ਨੂੰ ਹੋ ਗਏ, ਕੀ ਇਥੇ ਕੋਈ ਬਸਤੀ ਨਹੀਂ ਆਵੇਗੀ, ਜਿਥੇ ਰੁਕ ਕੇ ਚਾਰ ਦਿਨ ਸੁੱਖ ਦੇ ਕੱਢੀਏ, ਵੇਲੇ ਸਿਰ ਖਾਣ ਪੀਣ ਨੂੰ ਮਿਲੇ। ਮੈਂ ਆਪਣੇ ਲਈ ਤਾਂ ਕਹਿੰਦਾ ਨਹੀਂ ਹਾਂ ਪਰ ਜਦੋਂ ਮੈਂ ਆਪ ਵਲ ਦੇਖਦਾ ਹਾਂ ਕਿ ਆਪ ਨਾ ਤਾਂ ਕੁਝ ਅੰਗੀਕਾਰ ਕਰਦੇ ਹੋ, ਨਾ ਕੋਈ ਹੋਰ ਚੀਜ਼ ਦੀ ਲੋੜ ਮਹਿਸੂਸ ਕਰਦੇ ਹੋ, ਆਪ ਆਪਣੇ ਸਰੀਰ ਤੇ ਕਿੰਨੇ ਕਸ਼ਟ ਸਹਾਰਦੇ ਹੋ, ਜੰਗਲੀ ਜਾਨਵਰ ਕਿੰਨੇ ਘੁੰਮ ਰਹੇ ਹਨ ਪਾਤਸ਼ਾਹ! ਤੁਹਾਡੇ ਸੁਖ ਤੇ ਅਰਾਮ ਲਈ ਮੈਂ ਬੇਨਤੀ ਕਰਦਾ ਹਾਂ ਕਿ ਆਪ ਥੋੜ੍ਹਾ ਚਿਰ ਕਿਸੇ ਨਗਰ ਵਿਚ ਟਿਕੋ। ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਮਰਦਾਨਿਆਂ! ਇਕ ਨਗਰ ਆਉਣ ਵਾਲਾ ਹੈ ਜੇ ਕਰਤਾਰ ਨੂੰ ਭਾਇਆ ਤਾਂ ਉਥੇ ਕਾਫੀ ਚਿਰ ਆਪਾਂ ਠਹਿਰਾਂਗੇ। ਮਰਦਾਨੇ ਦੇ ਚਿਤ ਵਿਚ ਬੜੀ ਖੁਸ਼ੀ ਹੋਈ ਕਿ ਨਗਰ ਆਉਣ ਵਾਲਾ ਹੈ। ਚਲਦੇ-ਚਲਦੇ ਦੁਪਹਿਰਾਂ ਢਲ ਗਈਆਂ, ਦਿਨ ਦਾ ਚੌਥਾ ਪਹਰਿ ਆ ਗਿਆ ਤਾਂ ਸਾਮ੍ਹਣੇ ਇਕ ਨਗਰ ਦੇਖਿਆ, ਆਪ ਨੇ ਉਸ ਤਰਫ ਨੂੰ ਮੋੜੇ ਪਾ ਲਏ, ਪਸ਼ੂਆਂ ਦੀਆਂ ਪਾਈਆਂ ਹੋਈਆਂ ਡੰਡੀਆਂ ਵਿਚੀਂ ਹੁੰਦੇ ਹੋਏ ਨਗਰ ਵਲ ਨੂੰ ਵਧ ਰਹੇ ਹਨ। ਅੱਗੇ ਸਾਰੇ ਨਗਰ ਵਾਲੇ ਇਕ ਉਚੇ ਚੌਂਤਰੇ ਤੇ ਖੜ੍ਹੋਤੇ ਵੇਖ ਰਹੇ ਹਨ ਕਿ ਤਿੰਨ ਬੰਦੇ ਸਾਡੇ ਪਿੰਡ ਵਲ ਨੂੰ ਆ ਰਹੇ ਹਨ, ਖੁਸ਼ ਹੋ ਗਏ ਕਿ ਅੱਜ ਤਿੰਨ ਸ਼ਿਕਾਰ ਮਿਲਣਗੇ। ਉਹ ਪਿੰਡ ਠੱਗਾਂ ਦਾ ਸੀ, ਡਾਕੇ ਮਾਰਨੇ, ਠੱਗੀਆਂ ਮਾਰਨੀਆਂ, ਛਲ ਕਪਟ ਕਰਕੇ ਦੂਸਰੇ ਦਾ ਧਨ ਖੋਹਣਾ, ਫੇਰ ਇਸ ਧਨ ਨੂੰ ਸ਼ਰਾਬਾਂ, ਕਬਾਬਾਂ, ਮਾਸ ਵਿਭਚਾਰ ਵਿਚ ਖਰਚ ਕਰਨਾ ਇਹ ਇਨ੍ਹਾਂ ਦਾ ਕਿੱਤਾ ਸੀ, ਦੇਖਦੇ-ਦੇਖਦੇ ਤਿੰਨੇ ਹੀ ਨੇੜੇ ਆ ਗਏ, ਅੱਜ ਮਰਦਾਨੇ ਦਾ ਚਿਤ ਖਿੜ ਨਹੀਂ ਰਿਹਾ। ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਅੱਜ ਬਸਤੀ ਦੇਖ ਕੇ ਕੋਈ ਬਚਨ ਨਹੀਂ ਕਰ ਰਿਹਾ, ਤੈਨੂੰ ਭੁੱਖ ਨਹੀਂ ਲੱਗੀ ਹੋਈ?" ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਪਤਾ ਨਹੀਂ ਮੈਨੂੰ ਕੀ ਹੋ ਗਿਆ, ਇਨ੍ਹਾਂ ਲੋਕਾਂ ਨੂੰ ਦੇਖ ਕੇ ਮੇਰੇ ਮਨ ਵਿਚ ਖੁਸ਼ੀ ਨਹੀਂ ਆ ਰਹੀ, ਮੇਰੀ ਭੁੱਖ ਵੀ ਪੂਰੀ ਤਰ੍ਹਾਂ ਮਰ ਗਈ ਹੈ।" ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਤੂੰ ਠੀਕ ਹੀ ਕਹਿੰਦਾ ਹੈਂ ਤੈਨੂੰ ਵਾਤਾਵਰਣ ਵਿਚ ਪਸਰ ਰਹੇ ਸੂਖਸ਼ਮ ਖਿਆਲ ਪੜ੍ਹਨ ਦਾ ਅਨੁਭਵ ਹੋ ਗਿਆ ਹੈ। ਦੇਖ ਮਰਦਾਨਿਆਂ ਹਰ ਸਮੇਂ ਹਰ ਬੰਦੇ ਦੇ ਅੰਦਰੋਂ ਖਿਆਲਾਂ ਦੀ ਰੌ ਗੁਪਤ ਰੂਪ ਵਿਚ ਚਲਦੀ ਹੈ ਅਤੇ ਉਹ ਦੂਰ ਤਕ ਫੈਲਦੀ ਜਾਂਦੀ ਹੈ। ਮਹਾਂਪੁਰਸ਼ਾਂ ਦੀ ਅੰਦਰਲੀਆਂ ਕਿਰਨਾਂ ਸੁਖ ਸ਼ਾਂਤੀ ਦਿੰਦੀਆਂ ਹਨ, ਪਾਪਾਂ ਤੋਂ ਬਚਾ ਲੈਂਦੀਆਂ ਹਨ, ਇਸੇ ਕਰਕੇ ਮਹਾਂਪੁਰਸ਼ਾਂ ਦੇ ਸੰਪਰਕ ਵਿਚ ਜੋ ਆ ਜਾਵੇ ਤਾਂ ਉਸ ਉਤੇ ਸੋਹਣਾ ਅਸਰ ਹੋਣ ਲਗ ਜਾਂਦਾ ਹੈ, ਚਿਤ ਲੱਗ ਜਾਂਦਾ ਹੈ, ਚਿੰਤਾਵਾਂ ਖਤਮ ਹੁੰਦੀਆਂ ਪ੍ਰਤੀਤ ਹੁੰਦੀਆਂ ਹਨ। ਮਰਦਾਨਿਆਂ! ਇਹ ਬਹੁਤ ਬੁਰੀ ਕਿਸਮ ਦੇ ਠੱਗ ਹਨ, ਪਹਿਲਾਂ ਬੰਦੇ ਨੂੰ ਮਾਰਦੇ ਹਨ, ਪਿਛੋਂ ਜੇਬ ਫਰੋਲਦੇ ਹਨ। ਸੱਚੇ ਪਾਤਸ਼ਾਹ! ਆਪ ਫੇਰ ਇਨ੍ਹਾਂ ਵਿਚ ਕਿਉਂ ਫਸ ਗਏ? ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਦੇਖ ਕਰਤਾਰ ਦੇ ਰੰਗ ਅਜ ਤਾਰਦੇ ਹਨ ਕਿ ਡੋਬਦੇ ਹਨ।"

ਉਹ ਵੀ ਗੁਰੂ ਮਹਾਰਾਜ ਜੀ ਵਲ ਝਾਕ ਰਹੇ ਹਨ, ਉਨ੍ਹਾਂ ਦੇ ਸੁੰਦਰ ਲਾਲ ਸੁਰਖ ਚਿਹਰੇ, ਮੋਟੇ ਨੈਣ ਅਤੇ ਮਸਤਕ ਅਤਿ ਪ੍ਰਸੰਨ ਦੇਖ ਕੇ ਅੰਦਾਜ਼ੇ ਲਾਉਂਦੇ ਹਨ ਕਿ ਅੱਜ ਕੋਈ ਮਹਾਨ ਧਨੀ ਸਾਡੇ ਕਬਜ਼ੇ ਆਪੇ ਆ ਗਏ ਹਨ। ਇਕ ਦੂਜੇ ਕੋਲ

ਗੱਲਾਂ ਕਰਦੇ ਹਨ ਕਿ ਮੈਨੂੰ ਬਹੁਤ ਤਜਰਬਾ ਹੈ ਕਿ ਮੈਂ ਅੱਖਾਂ ਪੜ੍ਹ ਲੈਂਦਾ ਹਾਂ। ਇਨ੍ਹਾਂ ਕੋਲ ਐਨਾ ਧਨ ਹੈ ਕਿ ਜਿਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਦੂਜਾ ਕਹਿਣ ਲੱਗਿਆ, "ਇਨ੍ਹਾਂ ਕੋਲ ਤਾਂ ਇਕ ਰਬਾਬ, ਕੁਮੰਡਲ ਤੇ ਇਕ ਕਪੜਾ ਹੈ ਚਾਦਰ ਹੈ ਜਿਸਦੀ ਗਿਲਟੀ ਮਾਰ ਕੇ ਤਨ ਢਕਦੇ ਹਨ, ਇਕ ਹੇਠਾਂ ਵਿਛਾਣ ਲਈ ਹੈ, ਹੋਰ ਤਾਂ ਇਨ੍ਹਾਂ ਕੋਲ ਕੋਈ ਸਮਾਨ ਨਹੀਂ ਹੈ।" ਉਹ ਕਹਿਣ ਲੱਗੇ, "ਤੈਨੂੰ ਕੀ ਪਤੈ ਅਮੀਰ ਲੋਕਾਂ ਦਾ, ਜਦੋਂ ਇਹ ਚਲਦੇ ਹਨ ਤਾਂ ਬਹੁਤ ਕੀਮਤੀ ਲੱਖਾਂ ਦਾ ਰੁਪਏ ਦੇ ਲਾਲ ਲੈ ਕੇ ਪੱਟ ਦਾ ਮਾਸ ਪਾੜ ਕੇ ਸਿਉਂ ਲੈਂਦੇ ਹਨ ਜਾਂ ਇਨ੍ਹਾਂ ਨੇ ਰਬਾਬ ਦੇ ਵਿਚ ਜੋ ਮੋਮ ਲਾਇਆ ਹੋਇਆ ਹੈ ਉਸਦੇ ਵਿਚ ਛੁਪਾਏ ਹੋਏ ਹਨ। ਇਹ ਵੀ ਹੋ ਸਕਦਾ ਹੈ ਜੋ ਰਬਾਬ ਦਾ ਡੰਡਾ ਹੈ ਜਿਸ ਉਪਰ ਤਾਰਾਂ ਲਪੇਟੀਆਂ ਹੋਈਆਂ ਹਨ ਇਸ ਡੰਡੇ ਵਿਚ ਸੁਰਾਖ ਕਰਕੇ ਛੁਪਾਏ ਹੋਣ। ਉਸੇ ਸਮੇਂ ਆਪਸ ਵਿਚ ਸਲਾਹ ਕੀਤੀ ਕਿ ਅੱਜ ਬਹੁਤ ਧਨੀ ਆਪਣੇ ਕੋਲ ਫਸ ਗਏ, ਆਪਣੇ ਪੀਰ ਦੀ ਸਹੁੰ ਖਾ ਕੇ ਸਾਰੇ ਪ੍ਰਤਗਿਆ ਕਰੋ ਕਿ ਜੋ ਕੁਝ ਇਨ੍ਹਾਂ ਕੋਲੋਂ ਮਿਲੇਗਾ, ਉਹ ਆਪਾਂ ਸਾਰੇ ਰਲ ਕੇ ਵੰਡ ਲਵਾਂਗੇ।

ਗੁਰੂ ਮਹਾਰਾਜ ਜੀ ਨੇੜੇ ਆ ਜਾਂਦੇ ਹਨ ਤਾਂ ਸਾਰੇ ਨਿਵ-ਨਿਵ ਕੇ ਨਮਸਕਾਰਾਂ ਕਰ ਰਹੇ ਹਨ, ਕਹਿੰਦੇ ਨੇ ਕਿ ਧੰਨਭਾਗ ਅਸਾਡੇ ਕਿ ਸਾਨੂੰ ਵੀ ਬਹੁਤ ਵੱਡੇ ਧਨੀਆਂ ਦੇ ਦਰਸ਼ਨ ਹੋਏ, ਸਾਧੂ ਦਾ ਲਿਬਾਸ ਤਾਂ ਆਪ ਨੇ ਚੋਰਾਂ ਚਕਾਰਾਂ ਤੋਂ ਬਚਣ ਲਈ ਪਹਿਨਿਆ ਹੋਇਆ ਹੈ ਪਰ ਸਾਨੂੰ ਲਗਦਾ ਹੈ ਕਿ ਤੁਹਾਡੇ ਕੋਲ ਬਹੁਤ ਧਨ ਹੈ। ਇਕ ਠੱਗ ਨੇ ਬੇਨਤੀ ਕੀਤੀ ਕਿ ਮਹਾਰਾਜ! ਇਹ ਸਾਮ੍ਹਣੇ ਵਾਲਾ ਘਰ ਮੇਰਾ ਹੈ, ਆਪ ਇਥੇ ਨਿਵਾਸ ਕਰੋ। ਮਹਾਰਾਜ ਜੀ ਬੇਨਤੀ ਮੰਨ ਕੇ ਉਸ ਠੱਗ ਦੇ ਘਰ ਪਹੁੰਚ ਜਾਂਦੇ ਹਨ। ਉਹ ਛੇਤੀ ਹੀ ਗਰਮ ਕਰਕੇ ਜਲ ਲੈ ਆਇਆ ਅਤੇ ਬੜੀ ਅਧੀਨਗੀ ਨਾਲ ਬੇਨਤੀ ਕਰਨ ਲੱਗਾ ਕਿ ਮਹਾਰਾਜ! ਆਪ ਪੰਜ ਇਸ਼ਨਾਨਾ ਕਰੋ, ਕੁਰਲਾ ਕਰੋ, ਚਰਨਾਂ ਉਪਰ ਵੀ ਧੂੜ ਪਈ ਹੋਈ ਹੈ। ਮਹਾਰਾਜ ਜੀ ਮਰਦਾਨੇ ਵਲ ਦੇਖਣ ਲੱਗੇ ਕਿ ਕਿਉਂ ਮਰਦਾਨਿਆਂ? ਗੁਰੂ ਮਹਾਰਾਜ ਨੇ ਕਿਹਾ ਕਿ ਭਾਈ ਅਸੀਂ ਬਿਨਾਂ ਚਰਨ ਧੋਤਿਆਂ ਹੀ ਚੰਗੇ ਹਾਂ, ਅਸੀਂ ਤਾਂ ਥੋੜ੍ਹਾ ਚਿਰ ਆਪ ਦੇ ਕੋਲ ਠਹਿਰਣਾ ਹੈ, ਅੰਮ੍ਰਿਤ ਵੇਲੇ ਅਸੀਂ ਕੀਰਤਨ ਕਰਨਾ ਹੈ ਉਸ ਪਿਛੋਂ ਆਪਣੇ ਰਾਹੇ ਪੈ ਜਾਵਾਂਗੇ। ਉਹ ਠੱਗ ਥੋੜ੍ਹੀ ਦੇਰ ਪਿਛੋਂ ਦੁੱਧ ਲੈ ਆਇਆ। ਗੁਰੂ ਮਹਾਰਾਜ ਜੀ ਨੇ ਮਰਦਾਨੇ ਵਲ ਤੱਕਿਆ, ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਤਾਂ ਅੱਜ ਕਿਸੇ ਚੀਜ਼ ਦੀ ਲੋੜ ਨਹੀਂ। ਐਨੇ ਨੂੰ ਪਲੰਘ ਤਿਆਰ ਕਰਕੇ ਬੇਨਤੀ ਕੀਤੀ ਕਿ ਆਪ ਪਲੰਘਾਂ ਤੇ ਬਿਰਾਜੋ, ਥੱਕੇ ਹੋਏ ਹੋਏ ਹੋ, ਰਾਤ ਦਾ ਫੇਰ ਪ੍ਰਸ਼ਾਦਾ ਛਕੋ, ਅਸੀਂ ਤਾਂ ਧੰਨਭਾਗੀ ਹਾਂ ਕਿ ਤੁਸੀਂ ਇਸ ਨਗਰ ਵਿਚ ਚਰਨ ਪਾਏ ਹਨ। ਮਹਾਰਾਜ ਜੀ ਨੇ ਕਿਹਾ ਕਿ ਜਿਥੇ ਅਸੀਂ ਬੈਠੇ ਹਾਂ, ਓਹੋ ਹੀ ਠੀਕ ਹਾਂ। ਸਾਨੂੰ ਪਲੰਘ ਦੀ ਲੋੜ ਨਹੀਂ ਲੰਮੇ ਪੈਂਡਿਆਂ ਦੇ ਰਾਹੀ ਹਾਂ, ਜੋ ਕੁਝ ਕੰਦ ਮੂਲ ਮਿਲਿਆ ਛਕ ਲਿਆ, ਹੱਥਾਂ ਨਾਲ ਨਦੀ ਦਾ ਪਵਿੱਤਰ ਜਲ ਪੀ ਕੇ ਸੰਤੁਸ਼ਟ ਰਹਿੰਦੇ ਹਾਂ। ਅਸਾਨੂੰ ਪਲੰਘਾਂ ਦੀ ਲੋੜ ਨਹੀਂ ਹੈ, ਪ੍ਰਸ਼ਾਦਾ ਵੀ ਮੋੜ ਦਿਤਾ। ਜਦੋਂ ਚਲੇ ਗਏ ਤਾਂ ਮਰਦਾਨੇ ਨੇ ਕਿਹਾ ਕਿ ਸਤਿਗੁਰੂ ਜੀ! ਅੱਜ ਮੇਰਾ ਜੀਅ ਕੁਝ ਵੀ ਖਾਣ ਪੀਣ ਨੂੰ ਨਹੀਂ ਕਰਦਾ, ਮੈਨੂੰ ਕੁਝ ਡਰ ਜਿਹਾ ਲਗਦਾ ਹੈ। ਗੁਰੂ ਮਹਾਰਾਜ ਜੀ ਨੇ ਮਰਦਾਨੇ ਨੇ ਕਿਹਾ ਕਿ ਆਪਾਂ ਨਿਰੰਕਾਰ ਦੇ ਚਾਕਰ ਹਾਂ ਜੋ ਹਰ ਸਮੇਂ ਸਾਡੇ ਨਾਲ ਰਹਿੰਦੇ ਹਨ।

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਪੰਨਾ - 677 (ਗੁਰੂ ਪੰਜਵੇਂ ਪਾਤਸ਼ਾਹ ਦਾ ਸ਼ਬਦ)***

ਮਹਾਰਾਜ ਜੀ ਨੇ ਕਿਹਾ ਕਿ ਮਰਦਾਨਿਆਂ! ਜਿਸ ਜਲ ਨਾਲ ਇਹ ਹੱਥ ਧੁਆਉਣ ਆਏ ਸੀ ਉਸ ਵਿਚ ਵੀ ਜ਼ਹਿਰ ਸੀ, ਬਹੁਤ ਤੇਜ਼ ਕਿਸਮ ਦੀਆਂ ਜ਼ਹਿਰਾਂ ਇਹ ਲੋਕ ਰੱਖਦੇ ਹਨ। ਇਹ ਪਲੰਘ ਤੇ ਬੈਠਣ ਨੂੰ ਕਹਿੰਦੇ ਸੀ ਉਸ ਉਪਰ ਵੀ ਜ਼ਹਿਰੀਲਾ ਵਿਛੋਣਾ ਵਿਛਾਇਆ ਹੋਇਆ ਸੀ। ਸੋ ਇਥੇ ਸੌਣ ਦਾ ਥਾਂ ਨਹੀਂ ਹੈ, ਸਾਵਧਾਨ ਹੋ ਕੇ ਨਿਰੰਕਾਰ ਦਾ ਭਜਨ ਕਰਨਾ ਹੈ। ਇਧਰ ਇਹ ਸਾਰੇ ਇਕੱਠੇ ਹੋ ਕੇ ਸਲਾਹਾਂ ਕਰਨ ਲੱਗੇ ਕਿ ਇਹ ਤਾਂ ਬਹੁਤ ਹੀ ਚਤੁਰ ਬੰਦੇ ਹਨ ਜਾਂ ਤਾਂ ਸਰਕਾਰ ਦੇ ਸਹੂਏ ਹਨ, ਨਹੀਂ ਤਾਂ ਕੌਣ ਹੈ ਜਿਹੜਾ ਪਾਣੀ ਦੇਣ ਤੇ ਹੱਥ ਮੂੰਹ ਨਾ ਧੋਵੇ, ਕੁਰਲਾ ਨਾ ਕਰੇ, ਨਾ ਪਲੰਘ ਤੇ ਬੈਠੇ ਹਨ, ਨਾ ਦੁਧ ਪੀਤਾ ਹੈ, ਨਾ ਰਾਤ ਦਾ ਪ੍ਰਸ਼ਾਦਾ ਛਕਿਆ ਹੈ ਇਹ ਜ਼ਰੂਰ ਕੋਈ ਸਰਕਾਰੀ ਸੂਹੀਏ ਹੋਣਗੇ। ਪਰ ਕੋਈ ਗੱਲ ਨਹੀਂ ਸੁਣੋ, ਸਾਰੇ ਆਪਾਂ ਨੂੰ ਇਨ੍ਹਾਂ ਕੋਲੋਂ ਧਨ ਇਨ੍ਹਾਂ ਨੂੰ ਮਾਰ ਕੇ ਲੁਟਣਾ ਪਵੇਗਾ। ਹੁਣ ਸਾਰੇ ਸੌਂ ਜਾਓ, ਇਹ ਵੀ ਸੌਂ ਜਾਣ, ਸੁੱਤੇ ਪਿਆਂ ਨੂੰ ਬੰਨ੍ਹ ਲਓ। ਸੋ ਉਹ ਸਾਰੀ ਵਿਉਂਤਾ ਬਣਾਉਂਦੇ ਰਹੇ, ਮਾਰਨ ਦੇ ਤਰੀਕੇ ਸੋਚਦੇ ਰਹੇ ਲੇਕਿਨ ਅੱਧੀ ਰਾਤ ਤੋਂ ਬਾਦ ਸਭ ਨੂੰ ਨੀਂਦ ਆ ਗਈ। ਰਾਤ ਲੰਘਦੀ ਗਈ, ਅੰਮ੍ਰਿਤ ਵੇਲਾ ਹੋ ਆਇਆ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਮਰਦਾਨਿਆ! ਪਿਆਰਿਆ ਅੱਜ ਕੀਰਤਨ ਸੁਣਾ, ਮਰਦਾਨੇ ਨੇ ਰਬਾਬ ਦੀਆਂ ਤਰਬਾਂ ਉਪਰ ਉਂਗਲੀ ਰੱਖੀ, ਸ਼ਬਦ ਪੜ੍ਹਦੇ ਰਹੇ। ਆਸਾ ਜੀ ਦੀ ਵਾਰ ਦਾ ਸਮਾਂ ਹੋ ਗਿਆ। ਭੋਗ ਸਮੇਂ ਮਰਦਾਨੇ ਨੇ ਕਿਹਾ ਕਿ ਮਹਾਰਾਜ! ਇਕ ਵੀ ਬੰਦਾ ਸੁਣਨ ਵਾਸਤੇ ਨਹੀਂ ਆਇਆ। ਮਹਾਰਾਜ ਨੇ ਕਿਹਾ ਕਿ ਮਰਦਾਨਿਆਂ! ਇਨ੍ਹਾਂ ਮਨੁੱਖਾਂ ਦੇ ਭਾਗ ਬਹੁਤ ਮਾੜੇ ਨੇ, ਬਹੁਤੇ ਮਾੜੇ ਭਾਗ ਹੋਣ ਕਰਕੇ ਇਹ ਸਤਿਸੰਗ 'ਚ ਨਹੀਂ ਆ ਸਕੇ। ਕਿਉਂਕਿ ਸਤਿਸੰਗ ਵਿਚ ਸਿਰਫ ਓਹੀ ਆਉਂਦੇ ਨੇ ਜਿਹਦੇ ਭਾਗ ਜਾਗ ਜਾਣ, ਦੂਜਾ ਨਹੀਂ ਆ ਸਕਦਾ।

*ਧਾਰਨਾ - ਮਾੜਿਆਂ ਭਾਗਾਂ ਵਾਲੇ*
*ਦਿਤੀਆਂ ਬਾਗਾਂ ਤੋਂ ਨਾ ਜਾਗਦੇ - 2, 2.*
*ਬਾਗਾਂ ਤੋਂ ਨਾ ਜਾਗਣ*
*ਦਿਤੀਆਂ, ਬਾਗਾਂ ਤੋਂ ਨਾ ਜਾਗਦੇ -2*
*ਮਾੜਿਆਂ ਭਾਗਾਂ ਵਾਲੇ ਦਿਤੀਆਂ..........।*

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥***
***ਪੰਨਾ - 1378***

ਗੁਰੂ ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਸਤਿਸੰਗ ਬਿਨਾਂ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦੀ, ਇਹ ਮੰਦਭਾਗੀ ਪੁਰਸ਼ ਹਨ। ਦਿਨੇ ਮੰਦ ਕਰਮ ਸੋਚਦੇ ਰਹਿੰਦੇ ਹਨ ਅਤੇ ਰਾਤ ਨੂੰ ਥੱਕ ਕੇ ਸੌਂ ਜਾਂਦੇ ਹਨ। ਪਰ ਦੇਖ, ਗੁਪਤ

ਮੰਡਲ ਤੋਂ ਕਿੰਨੇ ਦੇਵਤੇ, ਕਿੰਨੀਆਂ ਰੂਹਾਂ, ਕੀਰਤਨ ਸੁਣ ਰਹੀਆਂ ਹਨ। ਪਸ਼ੂ ਪੰਛੀ ਵੀ ਕੀਰਤਨ ਸੁਣ ਰਹੇ ਹਨ।"

*ਹਰਿ ਕੀਰਤ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*
*ਪੰਨਾ - 642*

ਜਿਹਦੇ ਮੱਥੇ ਵਿਚ ਧੁਰੋਂ ਲੇਖ ਲਿਖਿਆ ਹੋਵੇ ਓਹੀ ਸਤਿਸੰਗ 'ਚ ਪਹੁੰਚ ਸਕਦਾ ਹੈ। ਭਾਵੇਂ ਦਿਨ ਰਾਤ ਕੀਰਤਨ ਹੁੰਦੇ ਰਹਿਣ, ਕੋਲ ਬੈਠਾ ਵੀ ਰਹਿ ਜਾਂਦਾ ਹੈ। ਮਹਾਰਾਜ ਕਹਿੰਦੇ, "ਮਰਦਾਨਿਆ! ਇਹ ਬਹੁਤ ਮਾੜੇ ਪੁਰਸ਼ ਹਨ। ਕੋਈ ਨਾ, ਤੂੰ ਦੇਖ ਰੰਗ ਕਰਤਾਰ ਦੇ ਪਰ ਤੂੰ ਉਦਾਸ ਨਾ ਹੋ, ਖੋਲ੍ਹ ਦ੍ਰਿਸ਼ਟੀ ਦੇਖ ਕਿੰਨੇ ਦੇਵੀ ਦੇਵਤੇ, ਕਿੰਨੀਆਂ ਰੂਹਾਂ, ਕਿੰਨੀਆਂ ਮੁਕਤ ਆਤਮਾਵਾਂ, ਕਿੰਨੇ ਪੰਛੀ ਇਹ ਸਭ ਆਸਾ ਜੀ ਦੀ ਵਾਰ ਸੁਣ ਰਹੇ ਸੀ ਤੇ ਤੇਰੇ ਕੀਰਤਨ ਦੀ ਜਿਹੜੀ vibration ਸੀ, ਉਹ ਕ੍ਰੋੜਾਂ ਬ੍ਰਹਿਮੰਡਾਂ 'ਚ ਜਾ ਕੇ ਉਥੇ ਸੁਖ ਤੇ ਸ਼ਾਂਤੀ ਪੈਦਾ ਕਰ ਰਹੀ ਸੀ। ਕੀਰਤਨ ਕੀਤਾ ਕਦੇ ਵੀ ਬੇਫਲ ਨਹੀਂ ਹੁੰਦਾ। ਇਸ ਵਾਤਾਵਰਣ ਵਿਚ ਬੇਅੰਤ ਗੁਪਤ ਆਤਮਾਵਾਂ ਹਨ। ਜਦੋਂ ਆਦਮੀ ਕੀਰਤਨ ਕਰਦਾ ਹੈ ਉਸ ਦੀਆਂ ਪ੍ਰੀਤ ਤਰਵਾਂ ਗੁਪਤ ਆਤਮਾਵਾਂ ਦੇ ਸਰੀਰ ਨੂੰ ਬਹੁਤ ਆਰਾਮ ਦਿੰਦੀਆਂ ਹਨ। ਇਹ ਮਾੜਿਆਂ ਕਰਮਾਂ ਵਾਲੇ ਸੀ, ਚਲੋ ਚੱਲੀਏ। ਸਮਾਨ ਚੁਕਿਆ, ਗੁਰੂ ਮਹਾਰਾਜ ਜੀ ਸਹਿਜੇ-ਸਹਿਜੇ ਇਕ ਪਾਸੇ ਨੂੰ ਚੱਲ ਪਏ। ਏਧਰ ਜਿਸ-ਜਿਸ ਨੂੰ ਜਾਗ ਆਉਂਦੀ ਹੈ ਉਹ ਸਿੱਧਾ ਉਸ ਘਰ ਵਲ ਦੌੜਿਆ ਜਾਂਦਾ ਹੈ ਅਤੇ ਜਾ ਕੇ ਇਕੋ ਗੱਲ ਪੁਛਦਾ ਹੈ ਕਿ ਕਿੰਨਾ ਮਾਲ ਉਨ੍ਹਾਂ ਕੋਲੋਂ ਨਿਕਲਿਆ। ਉਹ ਕਹਿੰਦੇ ਕਿ ਪਤਾ ਨਹੀਂ ਉਸ ਨੇ ਐਸੀ ਕਲਾਮ ਪੜ੍ਹੀ ਕਿ ਸਾਨੂੰ ਸਾਰਿਆਂ ਨੂੰ ਨੀਂਦ ਆ ਗਈ। ਆਪਸ ਵਿਚ ਤੂੰ-ਤੂੰ, ਮੈਂ-ਮੈਂ ਹੋ ਗਈ ਕਿ ਤੁਸੀਂ ਉਨ੍ਹਾਂ ਨੂੰ ਕਿਤੇ ਮਾਰ ਕੇ ਸੁੱਟ ਦਿਤਾ ਹੈ। ਉਸ ਵੇਲੇ ਉਨ੍ਹਾਂ ਨੇ ਠੱਗ ਪੀਰ ਦੀ ਸਹੁੰ ਖਾਧੀ। ਫੈਸਲਾ ਇਹ ਹੋਇਆ ਕਿ ਖੁਰਾ ਦੇਖਿਆ ਜਾਵੇ। 8-10 ਬੰਦੇ ਖੁਰੇ ਦੇਖਦੇ ਸ਼ਸ਼ਤਰ ਲੈ ਕੇ ਪਿਛੇ ਚਲੇ ਗਏ ਅਤੇ ਖੁਰਾ ਕੱਢ ਲਿਆ। ਜਵਾਨ ਲੜਕੇ ਉਧਰ ਨੂੰ ਦੌੜ ਲਏ। ਜਾਂਦਿਆਂ ਹੀ ਗੁਰੂ ਮਹਾਰਾਜ ਜੀ ਨੂੰ ਅਵਾਜ਼ ਦਿਤੀ ਕਿ ਠਹਿਰੋ। ਗੁਰੂ ਮਹਾਰਾਜ ਜੀ ਠਹਿਰ ਗਏ। ਮਰਦਾਨਾ ਕਹਿਣ ਲੱਗਿਆ, "ਮਹਾਰਾਜ! ਮੁਕਾਬਲਾ ਕਰੀਏ, ਸਾਡੇ ਪਾਸ ਵੀ ਤਾਂ ਸ਼ਸ਼ਤਰ ਹਨ ਅਤੇ ਅਸੀਂ ਤਕੜੇ ਵੀ ਹਾਂ ਇਹ ਤਾਂ ਮਾੜੇ-ਮਾੜੇ ਹਨ।" ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਕਰਤਾਰ ਤੇ ਭਰੋਸਾ ਰੱਖ, ਉਸ ਦੇ ਹੁਕਮ ਤੋਂ ਬਗੈਰ ਪੱਤਾ ਵੀ ਨਹੀਂ ਹਿਲਦਾ।"

ਐਨੇ ਨੂੰ ਇਹ ਨੇੜੇ ਆ ਗਏ। ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਸਾਨੂੰ ਅਵਾਜ਼ ਦੇ ਕੇ ਤੁਸੀਂ ਰੋਕਿਆ ਹੈ। ਕਹਿਣ ਲੱਗੇ, "ਸਾਨੂੰ ਤੁਸੀਂ ਧੋਖਾ ਦਿਤਾ ਹੈ, ਤੁਸੀਂ ਕੋਈ ਐਸਾ ਕਲਾਮ ਪੜ੍ਹਿਆ ਹੈ ਜਿਸ ਨਾਲ ਸਾਨੂੰ ਨੀਂਦ ਆ ਗਈ ਤੇ ਤੁਸੀਂ ਨੱਠ ਰਹੇ ਹੋ। ਅਸੀਂ ਤਾਂ ਪਹਿਲਾਂ ਮਾਰਦੇ ਹਾਂ ਫੇਰ ਧਨ ਲੱਭਦੇ ਹਾਂ। ਜਿੰਨਾਂ ਧਨ ਤੁਹਾਡੇ ਕੋਲ ਹੈ, ਸਿੱਧੀ ਤਰ੍ਹਾਂ ਸਾਡੇ ਹਵਾਲੇ ਕਰ ਦਿਓ। ਤੁਸੀਂ ਪੱਟਾਂ ਵਿਚ ਲਾਲ ਸਿਲਾਏ ਹੋਏ ਹਨ। ਗੁਰੂ ਮਹਾਰਾਜ ਜੀ ਸ਼ਾਂਤ ਤੇ ਗੰਭੀਰ ਹੋ ਕੇ ਕਹਿਣ ਲੱਗੇ, "ਪ੍ਰੇਮੀਓ! ਤੁਸੀਂ ਸਾਨੂੰ ਮਾਰਨਾ ਹੈ ਤਾਂ ਬੜੀ ਖੁਸ਼ੀ ਨਾਲ ਮਾਰ ਲਓ। ਪਰ ਸਾਡੀ ਇਕ ਗੱਲ ਮੰਨ ਲਓ ਕਿ ਸਾਡੇ ਸਰੀਰ ਕਾਓਂ ਕੁੱਤੇ ਘੜੀਸੀ ਫਿਰਨਗੇ, ਤੁਸੀਂ ਸਾਨੂੰ ਮਾਰ ਕੇ ਆਹ ਲੱਕੜੀਆਂ ਦਾ ਢੇਰ ਪਿਆ ਹੈ, ਇਸ ਨਾਲ ਸਸਕਾਰ ਕਰ ਦੇਣਾ। ਇਸ ਨਾਲ ਇਕ ਤਾਂ ਨਾਲ ਸਾਡਾ ਸਬੂਤ ਖਤਮ ਹੋ ਜਾਵੇਗਾ, ਦੂਜਾ ਸਾਡਾ ਸਸਕਾਰ ਹੋ ਜਾਵੇਗਾ। ਉਹ ਕਹਿਣ ਲੱਗੇ ਕਿ ਬਹੁਤੀਆਂ ਗੱਲਾਂ ਨਾ ਕਰੋ, ਅਸੀਂ ਅੱਗ ਕਿਥੋਂ ਭਾਲਾਂਗੇ? ਇਕ ਕਹਿਣ ਲੱਗਿਆ ਕਿ ਇਨ੍ਹਾਂ ਦੀ ਗੱਲ ਤਾਂ ਸਿਆਣੀ ਹੈ, ਆਪਣਾ ਪਿੰਡ ਤਾਂ ਪਹਿਲਾਂ ਹੀ ਬਦਨਾਮ ਹੈ ਜੇ ਸਰਕਾਰ ਨੂੰ ਪਤਾ ਲੱਗ ਗਿਆ ਫੇਰ ਆਪਾਂ ਮਾਰੇ ਜਾਵਾਂਗੇ। ਕਹਿਣ ਲੱਗੇ, "ਅਸੀਂ ਅੱਗ ਕਿਥੋਂ ਲਿਆਈਏ?" ਉਥੇ ਨੇੜੇ ਹੀ ਸਿਵਾ ਜਲਦਾ ਸੀ, ਮਹਾਰਾਜ ਜੀ ਨੇ ਉਂਗਲੀ ਕਰ ਦਿਤੀ ਕਿ ਓਹ ਸਾਮ੍ਹਣੇ ਸਿਵਾ ਜਲਦਾ ਹੈ ਉਥੋਂ ਅੱਗ ਲੈ ਆਵੋ। ਪੰਜ ਚਾਰ ਜਣੇ ਓਥੇ ਠਹਿਰ ਜਾਂਦੇ ਹਨ, ਦੋ ਜਣੇ ਅੱਗ ਲੈਣ ਚਲੇ ਜਾਂਦੇ ਹਨ। ਕੀ ਦੇਖਦੇ ਹਨ ਕਿ ਸਿਵੇ ਕੋਲ ਕੁਝ ਅਜੀਬ ਕਿਸਮ ਦੇ ਬੰਦੇ ਖੜ੍ਹੇ ਹਨ, ਮਰਨ ਵਾਲੀ ਰੂਹ ਬਿਲਕਦੀ ਹੈ। ਉਹ ਉਸ ਨੂੰ ਬਹੁਤ ਬੁਰੀ ਤਰ੍ਹਾਂ ਮਾਰ ਰਹੇ ਹਨ ਤੇ ਕਹਿ ਰਹੇ ਹਨ ਕਿ ਸੰਸਾਰ ਵਿਚ ਮਾਨਸ ਜਨਮ ਤੈਨੂੰ ਭਜਨ ਕਰਨ ਲਈ ਮਿਲਿਆ ਸੀ ਪਰ ਤੂੰ ਤਾਂ ਲੁਟਾਂ ਮਾਰਾਂ ਕਰਦਾ ਰਿਹਾ। ਸਾਧਸੰਗਤ ਜੀ! ਐਸੀ ਹਾਲਤ ਵਿਚ ਸਤਿਗੁਰੂ ਹੀ ਮਦਦ ਕਰਦਾ ਹੈ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਪੰਨਾ - 1281*

ਉਹ ਕਹਿਣ ਲੱਗੇ ਕਿ ਭਾਈ! ਤੁਸੀਂ ਇਸ ਨੂੰ ਕਿਉਂ ਮਾਰਦੇ ਸੀ ਅਤੇ ਸਾਡੇ ਦੇਖਦੇ-ਦੇਖਦੇ ਹੀ ਕੁਝ ਹੋਰ ਆ ਗਏ। ਉਹ ਇਸ ਬਿਲਕਦੀ ਰੂਹ ਨੂੰ ਛੁਡਾ ਕੇ ਬਵਾਨ ਵਿਚ ਬਿਠਾ ਰਹੇ ਹਨ। ਇਕ ਕੀ ਗੱਲ ਹੈ? ਉਨ੍ਹਾਂ ਜਮਦੂਤਾਂ ਨੇ ਕਿਹਾ ਕਿ ਇਹ ਮਹਾਂਪਾਪੀ ਸੀ। ਇਸ ਨੇ ਨਰਕਾਂ ਵਿਚ ਜਾਣਾ ਸੀ ਪਰ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੀ ਦ੍ਰਿਸ਼ਟੀ ਇਸ ਉਪਰ ਪੈ ਗਈ ਅਤੇ ਇਸ ਦੇ ਸਾਰੇ ਪਾਪ ਕੱਟੇ ਗਏ ਤੇ ਹੁਣ ਇਹ ਬੈਕੁੰਠ ਧਾਮ ਨੂੰ ਜਾ ਰਿਹਾ ਹੈ। ਕਹਿਣ ਲੱਗੇ, "ਉਹ ਬੰਦਾ ਕੌਣ ਹੈ ਜਿਸ ਦੀ ਦ੍ਰਿਸ਼ਟੀ ਪੈਂਦਿਆਂ ਹੀ ਸਾਰੇ ਪਾਪ ਕੱਟੇ ਗਏ।" ਉਹ ਕਹਿਣ ਲੱਗੇ ਕਿ ਮੂਰਖੋ! ਜਿਨ੍ਹਾਂ ਨੂੰ ਮਾਰਨ ਵਾਸਤੇ ਤੁਸੀਂ ਬਰਛੇ, ਛਵੀਆਂ ਚੁਕੀਂ ਫਿਰਦੇ ਹੋਂ, ਜਿਨ੍ਹਾਂ ਦੇ ਸਸਕਾਰ ਲਈ ਤੁਸੀਂ ਅੱਗ ਲੈਣ ਆਏ ਹੋ। ਸਾਧਸੰਗਤ ਜੀ! ਦਰਗਾਹ ਵਿਚ ਸਭ ਦੇ ਲੇਖੇ ਪੱਤੇ ਹੋਣੇ ਹਨ, ਬਾਣੀ ਵਿਚ ਆਉਂਦਾ ਹੈ ਕਿ ਅੰਤ ਇਸ ਜੀਵ ਨੂੰ ਪਛਤਾਉਣਾ ਪੈਂਦਾ ਹੈ, ਉਥੇ ਧਰਮਰਾਜ ਨੂੰ ਇਨਸਾਫ ਕਰਨ ਲਈ ਬਿਠਾਇਆ ਹੋਇਆ ਹੈ -

*ਧਰਮਰਾਜ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*
*ਪੰਨਾ - 38*

ਜਿਹੜੇ ਮਨਮੁੱਖ ਹੋ ਕੇ ਜੀਵਨ ਗੁਜ਼ਾਰਦੇ ਹਨ ਉਹ ਧਰਮਰਾਜ ਦੇ ਜਾਂਦੇ ਹਨ ਅਤੇ ਉਨ੍ਹਾਂ ਦੇ ਪਾਪਾਂ, ਪੁੰਨਾਂ ਦਾ ਫਲ ਧਰਮਰਾਜ ਭੁਗਤਾਉਂਦਾ ਹੈ। ਬਾਣੀ ਵਿਚ ਆਉਂਦਾ ਹੈ-

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ॥*
*ਪੰਨਾ - 520*

ਜਦੋਂ ਲੇਖਾ ਹੁੰਦਾ ਹੈ ਤਾਂ ਨਰਕਾਂ ਵਿਚ ਇਸ ਨੂੰ ਸੁੱਟ ਦਿੰਦੇ ਹਨ ਤਾਂ ਇਹ ਕੂਕਾ ਮਾਰਦਾ ਹੈ ਕਿ ਮੈਨੂੰ ਇਕ ਪੈਰ ਰੱਖਣ ਜੋਗਾ ਥਾਂ ਦੇ ਦਿਓ। ਮੈਂ ਭੁੱਲ ਗਿਆ ਸੀ, ਮੈਨੂੰ ਹੁਣ ਬਖਸ਼ ਦਿਓ -

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464*

ਪ੍ਰੇਮੀਓ! ਜੀਵ ਸੰਸਾਰ ਤੇ ਆਉਂਦਾ ਹੈ ਅਤੇ ਮਰਨਾ ਭੁੱਲ ਜਾਂਦਾ ਹੈ। ਬੇਇਮਾਨੀਆਂ ਕਰਦਾ ਹੈ, ਧੱਕੇ ਕਰਦਾ ਹੈ, ਜ਼ੋਰ ਕਰਦਾ ਹੈ, ਜਬਰ ਕਰਦਾ ਹੈ, ਗਲਤ ਕੰਮ ਕਰਦਾ ਹੈ, ਸਾਸ਼ਤਰ ਗੁਰੂ, ਪੀਰ, ਸੰਤਾਂ ਦੇ ਉਪਦੇਸ਼ ਨੂੰ ਨਹੀਂ ਮੰਨਦਾ। ਉਹ ਜੀਵ ਜਦੋਂ ਸੰਸਾਰ ਤੋਂ ਜਾਂਦਾ ਹੈ ਤਾਂ ਉਹਦੇ ਜੀਵਨ ਦੇ ਅੰਦਰ ਪਾਪ ਹੀ ਪਾਪ ਹੋਇਆ ਕਰਦੇ ਹਨ, ਉਹਨੂੰ ਫੇਰ ਜਮਦੂਤ ਲੈਣ ਆਉਂਦੇ ਹਨ ਤੇ ਇਥੋਂ ਹੀ ਮਾਰਦੇ ਕੁਟਦੇ ਲੈ ਕੇ ਜਾਂਦੇ ਹਨ।

ਸੋ ਜਮਦੂਤ ਕਹਿਣ ਲੱਗੇ ਉਨ੍ਹਾਂ ਠੱਗਾਂ ਨੂੰ ਕਿ ਇਸ ਜੀਵ ਨੇ ਜ਼ਿੰਦਗੀ ਵਿਚ ਇਕ ਵੀ ਨੇਕ ਕੰਮ ਨਹੀਂ ਕੀਤਾ, ਨਾ ਕਿਸੇ ਸਤਿਪੁਰਸ਼ ਨੂੰ ਇਸ ਨੇ ਕਦੇ ਮਸਤਕ ਨਿਵਾਇਆ ਹੈ, ਨਾ ਹੱਥਾਂ ਨਾਲ ਦਾਨ ਕੀਤਾ ਹੈ, ਨਾ ਅੱਖਾਂ ਨਾਲ ਕਦੇ ਕਿਸੇ ਬੰਦਗੀ ਵਾਲੀ ਰੂਹ ਦੇ ਦਰਸ਼ਨ ਕੀਤੇ ਹਨ, ਨਾ ਇਸ ਨੇ ਕੰਨਾਂ ਨਾਲ ਕਦੇ ਹਰੀ ਦਾ ਜਸ ਸੁਣਿਆ ਹੈ, ਨਾ ਕਦੇ ਸਤਿਸੰਗ 'ਚ ਚੱਲ ਕੇ ਗਿਆ ਹੈ। ਸੋ ਇਹਦਾ ਸਰੀਰ ਤਾਂ ਭ੍ਰਿਸ਼ਟ ਹੋਇਆ ਹੋਇਆ ਹੀ ਸੀ ਪਰ ਇਹਦੇ ਕਰਮ ਵੀ ਭ੍ਰਿਸ਼ਟ ਹੋਣ ਕਰਕੇ ਅਸੀਂ ਇਸ ਨੂੰ ਮਾਰਦੇ ਸੀ। ਓ ਪ੍ਰੇਮੀਓ! ਤੁਹਾਨੂੰ ਪਤਾ ਨਹੀਂ ਤੁਹਾਨੂੰ ਮਸਾਂ ਮਾਨਸ ਦੇਹੀ ਮਿਲੀ ਹੈ, ਮਹਾਤਮਾ ਤੁਹਾਨੂੰ ਅਵਾਜ਼ਾਂ ਮਾਰ-ਮਾਰ ਕੇ ਬਾਰ ਬਾਰ ਦਸਦੇ ਹਨ।

*ਧਾਰਨਾ - ਵਾਰ-ਵਾਰ ਨਾ ਮਿਲਣੀ ਮਾਨਸ ਦੇਹੀ-2, 2.*
*ਵਾਰ-ਵਾਰ ਨਾ ਮਿਲਣੀ ਮਾਨਸ ਦੇਹੀ-ਮਾਨਸ ਦੇਹੀ-2, 2*

ਬਾਰ-ਬਾਰ ਮਹਾਂਪੁਰਸ਼ ਸਮਝਾਉਂਦੇ ਹਨ ਕਿ ਪ੍ਰੇਮੀਆ! ਬੜੀ ਮੁਸ਼ਕਲ ਦੇ ਨਾਲ ਤੇਰੇ ਹੱਥ ਆਈ ਹੈ - ਇਹ ਮਾਨਸ ਦੇਹ। ਅੱਜਕਲ੍ਹ ਦੀ ਮੈਡੀਕਲ ਸਾਇੰਸ ਦਸਦੀ ਹੈ ਕਿ ਕਿਸ ਤਰ੍ਹਾਂ ਇਸ ਦਾ ਮਾਤਾ ਦੇ ਗਰਭ ਵਿਚ ਪੁੱਠੇ ਲਟਕਦੇ ਦਾ ਸਰੀਰ ਬਣਦਾ ਹੈ। ਇਸ ਦੇ ਸਰੀਰ ਵਿਚ ਦੋ ਖਰਬ ਸੈਲ ਹੁੰਦੇ ਹਨ, ਆਦਮੀ ਦੇ semen ਵਿਚ ਲੱਖਾਂ ਦੀ ਤਦਾਦ ਵਿਚ ਕੀਟਾਣੂ ਹੁੰਦੇ ਹਨ ਪਰ ਕਿਸੇ ਵਿਰਲੇ ਨੂੰ ਹੀ ਮਾਤਾ ਦੇ ਪੇਟ ਵਿਚ ਪ੍ਰਵੇਸ਼ ਮਿਲਦਾ ਹੈ। ਸੋ ਇਹ ਮਾਨਸ ਦੇਹ ਭਾਗਾਂ ਨਾਲ ਹੀ ਮਿਲਦੀ ਹੈ।

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ, ਜਿਹੜੀ ਦੇਹੀ ਨੂੰ।*
*ਉਹ ਦੇਹੀ ਤੈਨੂੰ ਮਿਲ ਗਈ ਪਿਆਰਿਆ - 2, 2.*
*ਜਿਹੜੀ ਦੇਹੀ ਨੂੰ ਲੋਚਦੇ ਦੇਵਤੇ.........।*

*ਗੁਰ ਸੇਵਾ ਤੇ ਭਗਤਿ ਕਮਾਈ।।*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥ ਪੰਨਾ - 1159*

ਸੋ ਕਹਿਣ ਲੱਗੇ ਕਿ ਪਿਆਰਿਓ! ਇਹ ਪਾਪੀ ਸੀ ਇਸ ਕਰਕੇ ਅਸੀਂ ਇਸ ਨੂੰ ਮਾਰਦੇ ਸੀ। ਠੱਗ ਕਹਿਣ ਲੱਗੇ ਕਿ ਹੁਣ ਕੀ ਹੋਇਆ? ਉਹ ਕਹਿਣ ਲੱਗ, "ਹੋਣਾ ਕੀ ਸੀ? ਇਸ ਦੇ ਕ੍ਰੋੜਾਂ ਪਾਪਾਂ ਦਾ ਨਾਸ਼ ਹੋ ਗਿਆ, ਇਹਦੇ ਉਤੇ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਪੈ ਗਈ।"

ਕਹਿਣ ਲੱਗੇ, "ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਦਾ ਕੀ ਫਲ ਹੁੰਦਾ ਹੈ?"

ਉਹ ਕਹਿਣ ਲੱਗੇ, "ਕ੍ਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਇਸ ਦੇ ਹੁਣ ਸਾਰੇ ਪਾਪ ਖਤਮ ਹੋ ਗਏ, ਇਸ ਕਰਕੇ ਇਸ ਨੇ ਹੁਣ ਦੇਵ ਲੋਕ ਨੂੰ ਜਾਣਾ ਹੈ।"

ਕਹਿਣ ਲੱਗੇ, "ਕਿਥੇ ਹੈ ਉਹ ਐਸਾ ਬੰਦਾ ਜਿਸ ਦੀ ਇਕੋ ਦ੍ਰਿਸ਼ਟੀ ਨਾਲ ਸਾਰ ਪਾਪ ਖਤਮ ਹੋ ਗਏ?" ਉਹ ਕਹਿਣ ਲੱਗੇ, "ਤੁਹਾਨੂੰ ਦਸਿਆ ਤਾਂ ਹੈ ਕਿ ਜਿਹਨੂੰ ਮਾਰਨ ਵਾਸਤੇ ਤੁਸੀਂ ਅੱਗ ਲੈਣ ਆਏ ਹੋ, ਉਹ ਆਪ ਪ੍ਰਮੇਸ਼ਰ ਹੈ। ਜਾਓ ਉਹਦੇ ਚਰਨ ਫੜ ਲਓ, ਉਹ ਦਿਆਲੂ ਹਨ, ਉਹ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਹੋਏ ਹਨ।"

ਉਸ ਵੇਲੇ ਉਹ ਦੋਨੋਂ ਦੂਰੋਂ ਹੀ ਅਵਾਜ਼ਾਂ ਦਿੰਦੇ ਜਾਂਦੇ ਹਨ ਕਿ ਦੇਖਿਓ ਕੋਈ ਕੰਮ ਨਾ ਕਰ ਬੈਠਣਾ। ਜਾਂਦੇ ਹੀ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਢਹਿ ਪਏ। ਕਹਿਣ ਲੱਗੇ, "ਸੱਚੇ ਪਾਤਸ਼ਾਹ! ਸਾਨੂੰ ਬਖਸ਼ ਦਿਓ।" ਜਿਹੜੇ ਉਥੇ ਖੜ੍ਹੇ ਸੀ, ਮੋਢਿਆਂ ਤੇ ਬਰਛੇ, ਛਵੀਆਂ ਰੱਖੀ ਖੜ੍ਹੇ ਸੀ ਉਹ ਕਹਿਣ ਲੱਗੇ ਕਿ ਤੁਹਾਨੂੰ ਕੀ ਹੋ ਗਿਆ? ਉਨ੍ਹਾਂ ਨੇ ਕਿਹਾ ਕਿ ਸੁਣੋ, ਅਸੀਂ ਸਾਰੀਆਂ ਗੱਲਾਂ ਸੁਣ ਕੇ ਆਏ ਹਾਂ, ਤਾਂ ਹੀ ਤਾਂ ਸਾਨੂੰ ਐਨਾ ਚਿਰ ਲੱਗ ਗਿਆ। ਉਨ੍ਹਾਂ ਨੇ ਸੰਖੇਪ ਵਿਚ ਸਾਰੀਆਂ ਗੱਲਾਂ ਦਸ ਕੇ ਕਿਹਾ ਕਿ ਫੜ ਲਓ ਚਰਨ। ਜਿੱਡੇ ਵੱਡੇ ਅਸੀਂ ਪਾਪੀ ਹਾਂ ਉਤਨਾਂ ਵੱਡਾ ਆ ਗਿਆ ਅਸਾਨੂੰ ਬਖਸ਼ਣ ਵਾਲਾ। ਉਨ੍ਹਾਂ ਨੇ ਵੀ ਚਰਨ ਫੜ ਲਏ। ਸਾਰੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, "ਤੁਸੀਂ ਸਾਡੇ ਪਿੰਡ ਚੱਲੋ, ਅਸੀਂ ਜਿੱਡੇ ਵੱਡੇ ਪਾਪੀ ਹਾਂ ਓਡਾ ਵੱਡਾ ਸਾਨੂੰ ਬਖਸ਼ਣ ਵਾਲੇ ਤੁਸੀਂ ਆ ਗਏ।" ਗੁਰੂ ਮਹਾਰਾਜ ਜੀ ਵਾਪਸ ਚਲੇ ਜਾਂਦੇ ਹਨ। ਪਿੰਡ ਜਾ ਕੇ ਉਨ੍ਹਾਂ ਨੇ ਸਾਰੀ ਗੱਲਬਾਤ ਦੱਸੀ। ਕਹਿਣ ਲੱਗੇ, "ਪਿਆਰਿਓ! ਇਹ ਤਾਂ ਰੱਬ ਹੀ ਆਪਣੇ ਪਿੰਡ ਵਿਚ ਆ ਗਿਆ, ਮੰਗੋ ਇਨ੍ਹਾਂ ਤੋਂ ਮਾਫੀਆਂ, ਚਰਨਾਂ ਤੇ ਢਹਿ ਜਾਓ, ਸਾਡੇ ਵਰਗੇ ਸਾਰੇ ਪਾਪੀ ਬਖਸ਼ੇ ਜਾਣਗੇ।

*ਜਿਨ ਕਉ ਨਦਰਿ ਕਰਮੁ ਤਿਨ ਕਾਰ॥*
*ਨਾਨਕ ਨਦਰੀ ਨਦਰਿ ਨਿਹਾਲ॥ ਪੰਨਾ - 8*

ਇਹ ਨਦਰ ਜਿਸ ਉਤੇ ਹੋ ਜਾਵੇ ਉਹ ਫੇਰ ਚਾਰ ਗੱਲਾਂ ਕਰਿਆ ਕਰਦਾ ਹੈ। ਪਹਿਲਾਂ ਤਾਂ ਸਤਿਸੰਗ 'ਚ ਜਾਂਦਾ ਹੈ। ਉਥੇ ਜਾ ਕੇ ਬਾਣੀ ਸੁਣ ਕੇ ਉਸ ਨੂੰ ਬੈਰਾਗ ਪੈਦਾ ਹੁੰਦਾ ਹੈ। ਉਸ ਪਿਛੋਂ ਦੁਨੀਆਂ ਨੂੰ ਦੇਖਦਾ ਹੈ ਕਿ ਹਰ ਰੋਜ਼ ਹੀ

ਸੰਸਾਰ ਛੱਡ ਛੱਡ ਕੇ ਜਾ ਰਹੇ ਹਨ, ਇਕ ਦਿਨ ਮੈਨੂੰ ਵੀ ਜਾਣਾ ਪਵੇਗਾ।

ਜਦੋਂ ਬੈਰਾਗ ਬਿਰਤੀ ਜਾਗ ਪੈਂਦੀ ਹੈ ਫਿਰ ਉਸ ਦੇ ਮਨ ਵਿਚ ਖਿਆਲ ਆਉਂਦਾ ਹੈ ਕਿ ਮੈਂ ਵੀ ਸੰਸਾਰ ਵਿਚੋਂ ਚਲੇ ਜਾਣਾ ਹੈ, ਕਿਸੇ ਸਮੇਂ ਮੈਂ ਬੱਚਾ ਸੀ, ਮੇਰੇ ਬਚਪਨ ਨੂੰ ਜਵਾਨੀ ਨੇ ਖਾ ਲਿਆ, ਹੁਣ ਜਵਾਨੀ ਪਿਛੋਂ ਮੈਨੂੰ ਬੁਢਾਪਾ ਜ਼ਰੂਰ ਆਉਣਾ ਹੀ ਹੈ, ਉਸ ਤੋਂ ਬਾਦ ਸੰਸਾਰ ਛੱਡ ਕੇ ਹੀ ਹੈ। ਸਤਿਸੰਗ ਵਿਚੋਂ ਉਸ ਨੂੰ ਪਤਾ ਲਗਦਾ ਹੈ ਕਿ ਇਸ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਚੰਗਾ ਅਤੇ ਮੰਦਾ ਫਲ ਭੋਗਣਾ ਪੈਂਦਾ ਹੈ ਇਹ ਵੀ ਹੁੰਦਾ ਹੈ ਕਿ ਉਸ ਨੂੰ ਆਪਣੇ ਬੁਰੇ ਕਰਮਾਂ ਦੇ ਅਧੀਨ ਨਖਿੱਧ ਜੂਨੀਆਂ ਦੇ ਵਿਚ ਵੀ ਘੁੰਮਣਾ ਪੈਂਦਾ ਹੈ, ਕਈ ਪ੍ਰੇਮੀ ਸਤਿ ਦੇ ਉਪਦੇਸ਼ ਉਪਰ ਨਿਸ਼ਚਾ ਨਹੀਂ ਲਿਆਉਂਦੇ, ਉਨ੍ਹਾਂ ਦੇ ਅੰਦਰ ਮਾਇਆ ਨੇ ਐਨਾ ਹਨ੍ਹੇਰਾ ਪਾਇਆ ਹੁੰਦਾ ਹੈ ਕਿ ਕਦੇ ਵੀ ਇਸ ਗੱਲ ਦੀ ਸੂਝ ਨਹੀਂ ਪੈਂਦੀ ਕਿ ਮੈਂ ਵੀ ਸੰਸਾਰ ਤੋਂ ਚਲੇ ਜਾਣਾ ਹੈ, ਇਹ ਵੀ ਨਹੀਂ ਸੋਚਦੇ ਕਿ ਸੰਸਾਰ ਤੋਂ ਜਾਣ ਪਿਛੋਂ ਮੇਰਾ ਕੀ ਹਾਲ ਹੋਵੇਗਾ, ਉਹ ਪਾਮਰ ਅਤੇ ਵਿਸ਼ਈ ਮਨੁੱਖਾਂ ਦੀ ਸ਼੍ਰੇਣੀ ਵਿਚ ਹੋਣ ਕਰਕੇ ਇਸ ਸੂਝ ਤੋਂ ਅਣਜਾਣ ਹੀ ਰਹਿੰਦੇ ਹਨ ਅਤੇ ਅੰਧੇ ਹੁੰਦੇ ਹਨ, ਉਨ੍ਹਾਂ ਦਾ ਨਿਸ਼ਚਾ ਇਹ ਹੁੰਦਾ ਹੈ ਕਿ 'Eat drink and be merry' ਖਾਓ ਪੀਓ ਤੇ ਐਸ਼ ਕਰੋ 'Beg borrow or steal' ਮੰਗੋ, ਉਧਾਰ ਲਓ, ਚੋਰੀ ਕਰੋ, ਕੋਈ ਪਾਪ ਨਹੀਂ ਹੈ ਅਤੇ ਨਾ ਹੀ ਇਸ ਜਨਮ ਪਿਛੋਂ ਮੁੜ ਸੰਸਾਰ ਵਿਚ ਆਉਣਾ ਹੈ। ਇਹ ਅੰਧਕਾਰਮਈ ਵਿਸ਼ਵਾਸ਼ ਹੈ ਜੋ ਸਤਿ ਤੇ ਪੂਰੀ ਤਰ੍ਹਾਂ ਅਧਾਰਿਤ ਨਹੀਂ ਹੈ। ਅਜਿਹੇ ਲੋਕ ਕਹਿੰਦੇ ਹਨ ਕਿ 'ਇਹ ਜਗ ਮਿੱਠਾ ਅਗਲਾ ਕਿਨ ਡਿੱਠਾ' ਕਿਹਾ ਜਾਂਦਾ ਹੈ ਕਿ ਕਬੂਤਰ ਨੂੰ ਜਦੋਂ ਆਪਣੇ ਵਲ ਆਉਂਦੀ ਬਿੱਲੀ ਨਜ਼ਰ ਆਉਂਦੀ ਹੈ ਤਾਂ ਉਹ ਉਡਦਾ ਨਹੀਂ, ਉਸ ਦੀ ਥਾਂ ਤੇ ਅੱਖਾਂ ਮੀਚ ਕੇ ਅਨੁਭਵ ਕਰਦਾ ਹੈ ਕਿ ਮੈਨੂੰ ਬਿੱਲੀ ਦਿਸਦੀ ਨਹੀਂ ਤੇ ਹੁਣ ਉਹ ਹੈ ਹੀ ਨਹੀਂ। ਇਸੇ ਤਰ੍ਹਾਂ ਦੀ ਇਹ ਬਿਰਤੀ ਅੰਧਵਿਸ਼ਵਾਸ਼ੀ ਦੀ ਹੁੰਦੀ ਹੈ ਇਨ੍ਹਾਂ ਦਾ ਵਿਸ਼ਵਾਸ਼ ਨਾ ਰਿਸ਼ੀਆਂ-ਮੁਨੀਆਂ, ਸਤਿਪੁਰਸ਼ਾਂ, ਗੁਰੂਆਂ, ਪੀਰਾਂ ਤੇ ਹੁੰਦਾ ਹੈ, ਨਾ ਹੀ ਇਹ ਵੇਦ ਸਾਸ਼ਤਰ, ਉਪਨਿਸ਼ਦ, ਗੀਤਾ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਤਾਂ ਉਪਰ ਯਕੀਨ ਕਰਦੇ ਹਨ ਇਨ੍ਹਾਂ ਦੀ ਆਪਣੀ ਹੀ ਸੋਚ ਹੁੰਦੀ ਹੈ ਜੋ ਸਤਿ ਤੇ ਅਧਾਰਿਤ ਨਹੀਂ ਹੁੰਦੀ। ਗੁਰੂ ਮਹਾਰਾਜ ਜੀ ਨੇ ਜੋ ਪ੍ਰਲੋਕ ਸਬੰਧੀ ਭੇਤ ਖੋਲ੍ਹੇ ਹਨ ਜਿਵੇਂ ਕਿ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ਪੰਨਾ - 264*

*ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ॥*
*ਪੰਨਾ - 38*

ਇਹ ਇਨ੍ਹਾਂ ਗੱਲਾਂ ਉਪਰ ਮਾਇਆ ਅਤੇ ਵਿਸ਼ੇ ਵਿਕਾਰਾਂ ਦੇ ਮੋਹੇ ਹੋਏ ਕੋਈ ਵਿਸ਼ਵਾਸ਼ ਨਹੀਂ ਕਰਦੇ ਅਤੇ ਅੰਤ ਸਰੀਰ ਤਾਂ ਛੁਟ ਹੀ ਜਾਣਾ ਹੈ ਜੀਵ ਆਤਮਾ ਨੇ ਮਰਨਾ ਨਹੀਂ। ਉਸ ਨੇ ਸੂਖਸ਼ਮ ਸਰੀਰ, ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਮਨ, ਚਿਤ, ਬੁਧ, ਪੰਜ ਪ੍ਰਾਣ, 19 ਚੀਜ਼ਾਂ ਲੈ ਕੇ ਪ੍ਰਲੋਕ ਵਿਚ ਕੀਤੇ ਕਰਮਾਂ ਦਾ ਦੁਖ ਸੁਖ ਭੋਗਣ ਚਲੇ ਜਾਣਾ ਹੈ। ਉਸ ਵੇਲੇ ਅਜਿਹੇ ਪੁਰਸ਼ਾਂ ਦਾ ਕੀ ਹਾਲ ਹੁੰਦਾ ਹੈ, ਇਹ ਤਾਂ ਓਹੀ ਜਾਣ ਸਕਣਗੇ। ਗੁਰੂ ਮਹਾਰਾਜ ਜੀ ਨੇ ਤਾਂ ਇਸ ਸਿਧਾਂਤ ਨੂੰ ਪ੍ਰਗਟ ਕਰਕੇ ਦਸ ਹੀ ਦਿਤਾ ਹੈ ਕਿ -

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464*

ਜੋ ਦੁਨੀਆਂ ਵਿਚ ਮਕਾਨ ਬਣਾਏ, ਬੇਈਮਾਨੀਆਂ ਕਰ ਕਰਕੇ ਧਨ ਜੋੜਿਆ, ਲੋਕਾਂ ਨੂੰ ਨਕਲੀ ਦਵਾਈਆਂ ਦਿਤੀਆਂ, ਧੋਖੇ ਦਿਤੇ, ਪੈਸਾ ਲੈ ਕੇ ਮੁਕਰੇ, ਕਿਸੇ ਦੇ ਕੀਤੇ ਹੋਏ ਉਪਕਾਰ ਨੂੰ ਨਹੀਂ ਗਿਣਿਆ, ਆਪਣੀ ਲੜਕੀ ਨੂੰ ਮਾਰ ਦਿਤਾ; ਗਊ, ਗਰੀਬ ਨੂੰ ਮਾਰ ਦਿਤਾ, ਵਿਸ਼ਵਾਸ਼ ਦੇ ਕੇ ਘਾਤ ਕਰ ਲਿਆ ਉਨ੍ਹਾਂ ਦਾ ਫਲ ਉਨ੍ਹਾਂ ਨੂੰ ਬਹੁਤ ਹੀ ਭਿਅੰਕਰ ਮਿਲਦਾ ਹੈ ਅਤੇ ਉਨ੍ਹਾਂ ਦਾ ਸੂਖਸ਼ਮ ਸਰੀਰ ਜਿਸ ਵਿਚ ਦੁਖ ਸੁਖ ਮੰਨਣ ਦਾ ਅਹਿਸਾਸ (ਸੋਝੀ) ਕਾਇਮ ਰਹਿੰਦਾ ਹੈ, ਉਹ ਦੁਖੀ ਹੋ-ਹੋ ਕੇ ਪੁਕਾਰਾਂ ਕਰਦਾ ਹੈ ਜਿਵੇਂ ਕਿ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਪੰਨਾ - 315*

ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਐਸੇ ਲੋਕ ਜਿਨ੍ਹਾਂ ਨੂੰ ਭਗਤੀ ਤੋਂ ਵਾਂਝਾ ਕਰ ਦਿਤਾ ਗਿਆ ਹੈ ਉਨ੍ਹਾਂ ਤੋਂ ਸਦਾ ਹੀ ਆਪਣਾ ਬਚਾਓ ਕਰਨ ਲਈ ਦੂਰ ਹੀ ਰਹਿਣਾ ਚਾਹੀਦਾ ਹੈ -

*ਐਸੇ ਲੋਗਨ ਸਿਉ ਕਿਆ ਕਹੀਐ॥*
*ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ॥*
*ਪੰਨਾ - 332*

ਥੋੜ੍ਹਾ ਜਿਹਾ ਗਲਤ ਚਲਣ ਨਾਲ ਹੀ ਕਿੰਨੀ ਭਿਆਨਕ ਸਜ਼ਾ ਮਿਲਦੀ ਹੈ ਉਸ ਦੇ ਬਾਰੇ ਬਹੁਤ ਸਾਰੀਆਂ ਕਥਾਵਾਂ ਹਨ।

*'ਚਲਦਾ'*

# ਜੀਵਨ ਦੀ ਨਿਰਾਸ਼ਤਾ ਅਤੇ ਸੰਕਟ ਗ੍ਰਸਤ ਜੀਵ

*ਸ੍ਰੀ ਰਸ਼ਪਾਲ ਮਲਹੋਤਰਾ*
*ਡਾਇਰੈਕਟਰ ਕਰਿਡ*

ਇਹ ਅਮੁੱਲੇ ਪ੍ਰਵਚਨ ਸੰਤ ਬਾਬਾ ਵਰਿਆਮ ਸਿੰਘ ਜੀ, ਬਾਨੀ ਅਤੇ ਮੁਖੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਰਤਵਾੜਾ ਸਾਹਿਬ, ਨੇ ਉਸ ਸਮੇਂ ਕੀਤੇ ਜਦੋਂ ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿਡ) ਦੇ ਬਾਨੀ ਡਾਇਰੈਕਟਰ ਸ੍ਰੀ ਰਸ਼ਪਾਲ ਮਲਹੋਤਰਾ ਆਪਣੇ ਦੋ ਸਾਥੀਆਂ ਸ੍ਰੀ ਕੇਸਰ ਸਿੰਘ ਤੇ ਸੁਖਵਿੰਦਰ ਸਿੰਘ ਨੂੰ ਲੈ ਕੇ ਬਾਬਾ ਜੀ ਕੋਲ ਹਾਜ਼ਰ ਹੋਏ।

ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (ਕਰਿਡ) ਇਕ ਇਹੋ ਜਿਹੀ ਸੰਸਥਾ ਹੈ ਜਿਹੜੀ ਪਿਛਲੇ ਦੋ ਦਹਾਕਿਆਂ ਤੋਂ ਆਰਥਿਕ ਤੇ ਸਮਾਜਿਕ ਵਿਕਾਸ, ਵਿਗਿਆਨ, ਜਨਸੰਖਿਆ ਵਾਤਾਵਰਣ, ਮਨੁੱਖੀ ਸਾਧਨਾਂ ਦੇ ਵਿਕਾਸ, ਨੀਤੀ ਨਿਰਧਾਰਣ ਅਤੇ ਯੋਜਨਾਬੰਦੀ, ਪੇਂਡੂ ਅਤੇ ਸ਼ਹਿਰੀ ਖੇਤਰਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਖਾਤਰ ਯੋਜਨਾਵਾਂ ਉਲੀਕਣ ਜਿਹੇ ਕਾਰਜਾਂ ਨਾਲ ਜੁੜੀ ਹੋਈ ਹੈ। ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਕਰਿਡ ਸੰਸਥਾ ਨੇ ਵਾਤਾਰਵਣ ਤੇ ਖੇਤੀ ਨਾਲ ਸਬੰਧਿਤ ਅੰਤਰਰਾਸ਼ਟਰੀ ਕਾਨਫਰੰਸ ਆਯੋਜਿਤ ਕੀਤੀ ਸੀ ਜਿਸ ਦੌਰਾਨ ਭਾਰਤ ਅਤੇ ਭਾਰਤ ਤੋਂ ਬਾਹਰਲੇ ਮੁਲਕਾਂ ਦੇ ਵਿਗਿਆਨੀਆਂ, ਬੁਧੀਜੀਵੀਆਂ ਤੇ ਨੀਤੀ ਨਿਰਧਾਰਕਾਂ ਨੂੰ ਪੰਜਾਬ ਦੇ ਉਨ੍ਹਾਂ ਕਪਾਹ ਖੇਤਰਾਂ ਦਾ ਦੌਰਾ ਕਰਵਾਇਆ ਜਿਹੜੇ ਸੇਮ ਨਾਲ ਪ੍ਰਭਾਵਿਤ ਸਨ।

ਪਾਠਕਾਂ ਨੂੰ ਇਹ ਪੜ੍ਹ ਕੇ ਬੜੀ ਪ੍ਰਸੰਨਤਾ ਹੋਵੇਗੀ ਅਤੇ ਨਾਲ ਹੀ ਹੈਰਾਨੀ ਵੀ ਹੋਵੇਗੀ ਕਿ ਇਸ ਇੰਟਰਨੈਸ਼ਨਲ ਕਾਨਫਰੰਸ ਦੇ ਮੰਨੇ ਪ੍ਰਮੰਨੇ ਵਿਗਿਆਨਕ ਤੇ ਬੁਧੀਜੀਵੀਆਂ ਨੇ ਬਾਬਾ ਜੀ ਨਾਲ ਰਤਵਾੜਾ ਸਾਹਿਬ ਭੇਟ ਕੀਤੀ ਤੇ ਉਸ ਤੋਂ ਬਾਦ ਉਨ੍ਹਾਂ ਸਾਰਿਆਂ ਨੇ ਇਹ ਕਿਹਾ ਕਿ ਇਹ ਇੰਟਰਨੈਸ਼ਨਲ ਕਾਨਫਰੰਸ ਰਤਵਾੜਾ ਸਾਹਿਬ ਤੋਂ ਹੀ ਸ਼ੁਰੂ ਹੋਣੀ ਚਾਹੀਦੀ ਸੀ ਤੇ ਬਾਬਾ ਜੀ ਦੇ ਵਿਚਾਰਾਂ ਦੀ ਰੋਸ਼ਨੀ ਦੇ ਨਾਲ ਇਸ ਕਾਨਫਰੰਸ ਦੀ ਇਕ ਬੜੀ ਵੱਡੀ ਦੇਣ ਸੰਸਾਰ ਤੇ ਪੰਜਾਬ ਦੇ ਕਿਸਾਨਾਂ ਨੂੰ ਮਿਲੇਗੀ। ਬਾਬਾ ਜੀ ਨੇ 20 ਨਵੇਂ ਮਸਲੇ ਇਨ੍ਹਾਂ ਵਿਗਿਆਨਕਾਂ ਤੇ ਬੁਧੀਜੀਵੀਆਂ ਨੂੰ ਦੱਸੇ ਜਿਹੜੇ ਉਸ ਇੰਟਰਨੈਸ਼ਨਲ ਕਾਨਫਰੰਸ ਵਿਚ ਨਹੀਂ ਰੱਖੇ ਗਏ ਸਨ।

ਇਸ ਦੌਰੇ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਥੱਲੇ ਕਪਾਹ ਦੀ ਬੀਮਾਰੀ ਅਤੇ ਸੇਮ ਦੇ ਖਾਤਮੇ ਬਾਬਤ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਬਾਬਤ ਇਕ ਲੰਮੇ ਸਮੇਂ ਦੀ ਯੋਜਨਾਬੰਦੀ ਉਲੀਕਣ ਲਈ ਪੁਲਾਘਾਂ ਪੁੱਟੀਆਂ ਗਈਆਂ। ਇਸ ਸਮੁੱਚੀ ਕਾਨਫਰੰਸ ਅਤੇ ਯੋਜਨਾਬੰਦੀ ਉਲੀਕਣ ਲਈ ਮੁੱਖ ਮੰਤਰੀ ਜੀ ਨੇ ਭਰਪੂਰ ਸਹਿਯੋਗ ਅਤੇ ਹਲ੍ਹਾਸ਼ੇਰੀ ਦਿਤੀ।

ਅਜੋਕੀਆਂ ਤਬਦੀਲੀਆਂ ਜੋ ਪੰਜਾਬ ਦੇ ਆਰਥਿਕ, ਵਿਗਿਆਨਕ, ਸਮਾਜਿਕ, ਸਭਿਆਚਾਰਕ ਖੇਤਰਾਂ ਵਿਚ ਵਾਪਰ ਰਹੀਆਂ ਹਨ, ਦੇ ਸੰਦਰਭ ਵਿਚ ਕਰਿਡ ਸੰਸਥਾ ਸਿਰਫ ਖੋਜ ਹੀ ਨਹੀਂ ਕਰਨਾ ਚਾਹੁੰਦੀ ਸਗੋਂ ਉਨ੍ਹਾਂ ਵਿਚੋਂ ਉਪਜੇ ਸੰਕਟਾਂ ਅਤੇ ਸਮੱਸਿਆਵਾਂ ਬਾਬਤ ਜਲਦੀ ਤੋਂ ਜਲਦੀ ਦੀਰਘ ਕਾਲੀ ਹੱਲ ਢੂੰਡ ਕੇ ਸਰਕਾਰੀ ਅਤੇ ਗੈਰਸਰਕਾਰੀ ਕੋਸ਼ਿਸ਼ਾਂ ਵਿਚ ਨੀਤੀਆਂ ਨਿਰਧਾਰਣ ਕਰਵਾਉਣ ਦੀ ਹਾਮੀ ਹੈ। ਇਸ ਸਿਲਸਿਲੇ ਵਿਚ ਸੰਤ ਬਾਬਾ ਵਰਿਆਮ ਸਿੰਘ ਜੀ, ਜੋ ਖੁਦ ਕਿਸਾਨੀ ਦੇ ਸੰਦਰਭਾਂ ਨਾਲ ਵਿਸ਼ਾਲ ਪੱਧਰ ਉਤੇ ਜੁੜੇ ਰਹੇ ਹਨ ਅਤੇ ਜਿਨ੍ਹਾਂ ਦਾ ਸਮੁੱਚਾ ਜੀਵਨ ਨਾ ਸਿਰਫ ਪੰਜਾਬ ਨਾਲ ਸਗੋਂ ਸਮੁੱਚੇ ਵਿਸ਼ਵ ਦੀ ਬੇਹਤਰੀ ਲਈ ਸਮਰਪਿਤ ਹੈ, ਦੇ ਪ੍ਰਵਚਨਾਂ ਨਾਲ ਕਰਿੱਡ ਸੰਸਥਾ ਵੀ ਇਹ ਸ਼ੁਭ ਕਾਰਜ ਕਰਨਾ ਚਾਹੁੰਦੀ ਹੈ।

ਡੇਢ ਘੰਟੇ ਦੀ ਲੰਮੀ ਸੰਗਤ ਦੌਰਾਨ ਬਾਬਾ ਜੀ ਨੇ ਆਪਣੇ ਅਮੁੱਲ ਪ੍ਰਵਚਨਾਂ ਰਾਹੀਂ ਸਭ ਦੇ ਸ਼ੰਕਿਆਂ ਨੂੰ ਨਵਿਰਤ ਕੀਤਾ ਅਤੇ ਸਭ ਨੂੰ ਨਿਹਾਲ ਕੀਤਾ। ਬਾਬਾ ਜੀ ਦੀ ਇਸ ਅਸ਼ੀਰਵਾਦ ਸਦਕਾ ਸਾਡੀ ਕੋਸ਼ਿਸ਼ ਹੋਵੇਗੀ ਕਿ ਅਸੀਂ ਤਨਦੇਹੀ ਨਾਲ ਕਿਸਾਨੀ ਜੀਵਨ ਨਾਲ ਸਬੰਧਤ ਸਮਸਿਆਵਾਂ ਨੂੰ ਅੱਗੇ ਲਿਆਈਏ ਅਤੇ ਉਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਖਾਤਰ ਖੋਜ ਅਤੇ ਯੋਜਨਾਬੰਦੀ ਦੇ ਪੱਧਰ ਉਤੇ ਨਵੀਆਂ ਦਿਸ਼ਾਵਾਂ ਦੀ ਭਾਲ ਕਰਕੇ ਸਰਕਾਰ ਅਤੇ ਕਿਸਾਨੀ ਦੀ ਮਦਦ ਕਰੀਏ। ਅਸੀਂ ਬਾਬਾ ਜੀ ਵਲੋਂ ਦਰਸਾਏ ਜੀਵਨ ਫਲਸਫੇ ਦੇ ਸਿਧਾਂਤਾਂ ਨੂੰ ਆਮ ਲੋਕਾਂ ਤੀਕ ਲਿਜਾਣ ਦਾ ਪ੍ਰਣ ਕਰਦੇ ਹੋਏ ਕਿਸਾਨੀ ਅਤੇ ਇਨਸਾਨੀ ਜੀਵਨ ਦੀ ਸੇਵਾ ਵਿਚ ਯਕੀਨ ਰਖਦਿਆਂ ਹਰ ਬਣਦੀ ਕੋਸ਼ਿਸ਼ ਕਰਾਂਗੇ।

ਅੱਜ ਦੇ ਜ਼ਮਾਨੇ ਵਿਚ ਜੀਵ ਇੰਨਾਂ ਜਿਆਦਾ ਤਣਾਓ ਗ੍ਰਸਤ ਹੋ ਚੁੱਕਾ ਹੈ ਕਿ ਉਹ ਆਪਣੇ ਆਪੇ, ਸਮੂੰਹ ਸਮਾਜ ਅਤੇ ਆਪਣੇ ਇਸ਼ਟ 'ਪ੍ਰਭੂ' ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ। ਇਹੀ ਵਜ੍ਹਾ ਹੈ ਕਿ ਇਨਸਾਨ ਜ਼ਿਹਨੀ ਤੌਰ ਤੇ ਬੀਮਾਰ ਹੋ ਚੁੱਕਾ ਹੈ ਆਪਣੇ ਜੀਵਨ ਨੂੰ ਘੋਰ ਨਿਰਾਸ਼ਤਾ ਅਤੇ ਦਿਲਗੀਰੀ ਵੱਲ ਨੂੰ ਲੈ ਜਾ ਰਿਹਾ ਹੈ। ਜੇ ਆਖ ਲਿਆ ਜਾਵੇ ਕਿ ਨੜ੍ਹਿਨਵੇਂ ਪ੍ਰਤੀਸ਼ਤ ਮਨੁੱਖਤਾ ਘੋਰ ਨਿਰਾਸ਼ਤਾ ਦੀ ਗ੍ਰਸੀ ਹੋਈ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਪਰੰਤੂ ਮਨੁੱਖੀ ਜੀਵਨ, ਜੋ ਕਿ ਕੁਦਰਤ ਦੀ ਬੇਹਤਰੀਨ ਦਾਤ ਹੈ ਉਸ ਵਿਚ ਆਈ ਨਿਰਾਸ਼ਤਾ ਨੂੰ ਹਟਾਉਣ ਜਾਂ ਖਤਮ ਕਰਨ ਦਾ ਬੇਹਤਰੀਨ ਹੱਲ ਖੁਦਕਸ਼ੀ ਨਹੀਂ ਹੈ, ਜੋ ਕਿ ਅਜੋਕੀਆਂ ਸਥਿਤੀਆਂ ਵਿਚ ਅਕਸਰ ਸਮਝੀ ਜਾ ਰਹੀ ਹੈ। ਅੱਜ ਦੇ ਮਹੌਲ ਵਿਚ ਮਾਨਸਿਕ ਤੌਰ ਤੇ ਬੀਮਾਰ ਮਨੁੱਖਤਾ ਆਪੇ ਸਿਰਜੀ ਨਿਰਾਸ਼ਤਾ ਦਾ ਹੱਲ ਖੁਦਕਸ਼ੀ ਵਿਚੋਂ ਲੱਭਣ ਦੀ ਕੋਸ਼ਿਸ਼ ਵਲ ਨੂੰ ਤੁਰ ਪਈ ਹੈ। ਬਹੁਤ ਸਾਰੇ ਗਭਰੂ ਤੇ ਮੁਟਿਆਰਾਂ ਅਤੇ ਇਥੋਂ ਤੀਕ ਕਿ ਗ੍ਰਹਿਸਥ ਭੋਗਦੇ ਇਸਤ੍ਰੀ ਪੁਰਸ਼ ਇਸ ਵਰਤਾਰੇ ਵੱਲ ਨੂੰ ਪ੍ਰਵਿਰਤਤ ਹੋ ਰਹੇ ਹਨ। ਟ੍ਰਿਬਿਊਨ ਦੀ 30 ਮਈ ਦੀ ਖਬਰ 'ਖੁਦਕਸ਼ੀ ਕੀਤੀ ਕਿਸਾਨਾਂ ਨੇ' ਮੁਤਾਬਿਕ ਲਿਖਿਆ ਕਿ ਪਿਛਲੇ ਚਾਰ ਸਾਲ ਵਿਚ ਹਰਿਆਣਾ, ਦਿੱਲੀ, ਪੰਜਾਬ, ਉਤਰ ਪ੍ਰਦੇਸ਼ ਆਦਿ ਵਿਚ 25 ਅਤੇ ਹੋਰ ਸੂਬਿਆਂ ਵਿਚ 51 ਕਿਸਾਨਾਂ ਤੋਂ ਵੱਧ ਨੇ ਖੁਦਕਸ਼ੀ ਕਰ ਲਈ

ਅਤੇ ਹਰ ਖੁਦਕਸ਼ੀ ਕਰਨ ਵਾਲੇ ਲਈ 5 ਲੱਖ ਰੁਪੈ ਦੀ ਮਦਦ ਮੰਗੀ। 3 ਕਰੋੜ 80 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ। ਆਰਥਿਕ ਮਜ਼ਬੂਰੀ ਕਮਜ਼ੋਰ ਬੰਦੇ ਨੂੰ ਖੁਦਕਸ਼ੀ ਦੇ ਰਾਹ ਤੋਰਦੀ ਹੈ। ਪਰੰਤੂ ਨਰੋਆ ਮਨ ਇਸ ਤਰ੍ਹਾਂ ਨਹੀਂ ਸੋਚ ਸਕਦਾ ਸਗੋਂ ਉਹ ਤਾਂ ਇਹੋ ਜਿਹੀ ਧਾਰਨਾ ਨੂੰ ਆਪਣੇ ਖ੍ਵਾਬ ਵਿਚ ਵੀ ਨਹੀਂ ਲਿਆਉਂਦਾ। ਉਹ ਵਿਉਂਤ ਅਧੀਨ ਆਪਣਾ ਕਾਰਜ ਖੇਤਰ ਨਿਸ਼ਚਿਤ ਕਰਦਾ ਹੈ। ਸਾਰੀਆਂ ਪਰਸਥਿਤੀਆਂ ਤੇ ਪੂਰਾ ਧਿਆਨ ਦਿੰਦਾ ਹੈ ਅਤੇ ਖਰਚਾਂ ਨੂੰ ਆਪਣੀ ਆਰਥਿਕਤਾ ਅਧੀਨ ਰਖਦਾ ਹੈ। ਜੇ ਮੌਸਮ ਦੀ ਕਰੂਰਤਾ ਕਰਕੇ ਫਸਲ ਨਸ਼ਟ ਹੋ ਭੀ ਜਾਵੇ ਫੇਰ ਪੂਰੇ ਉਤਸ਼ਾਹ ਨਾਲ ਇਸ ਘਾਟੇ ਨੂੰ ਪੂਰਾ ਕਰਨ ਲਈ ਮਿਹਨਤ ਕਰਦਾ ਹੈ ਮੈਂ intensive ਖੇਤੀਬਾੜੀ ਕੀਤੀ ਹੈ, ਗੜ੍ਹਿਆਂ ਹੜ੍ਹਾਂ ਨਾਲ ਘਾਟੇ ਭੀ ਪਏ ਹਨ ਪਰ ਦਿਨ ਰਾਤ ਸਖਤ ਮਿਹਨਤ ਕਰਕੇ ਵਿਉਂਤ ਭਰੀ ਖੇਤੀ ਨਾਲ ਫੇਰ ਪੈਰਾਂ ਤੇ ਖੜ੍ਹੇ ਹੋ ਜਾਂਦੇ ਰਹੇ ਹਾਂ।

ਅਜਿਹਾ ਸਭ ਕੁਝ ਕਿਉਂ ਹੋਇਆ ਹੈ ਤੇ ਇਹ ਅੱਜ ਵੀ ਨਿਰੰਤਰ ਜਾਰੀ ਹੈ। ਇਹ ਸਵਾਲ ਹੈ ਜਿਹੜਾ ਸਾਡੇ ਸਾਰਿਆਂ ਦੇ ਜ਼ਿਹਨ ਵਿਚ ਮੁੜ ਮੁੜ ਆ ਰਿਹਾ ਹੈ। ਆਉਣਾ ਵੀ ਚਾਹੀਦਾ ਹੈ। ਕਿਹੜੀਆਂ ਪ੍ਰਸਥਿਤੀਆਂ ਹਨ ਜਿਹਨਾਂ ਦੇ ਵਾਪਰਨ ਕਰਕੇ ਇਸ ਤਰ੍ਹਾਂ ਹੋਇਆ ਹੈ? ਕੀ ਇਹ ਸਮਾਜਿਕ ਪ੍ਰਸਥਿਤੀਆਂ ਹਨ ਇਖਲਾਕੀ ਹਨ ਜਾਂ ਫਿਰ ਆਰਥਿਕ, ਧਾਰਮਿਕ ਜਾਂ ਸਭਿਆਚਾਰਕ ਹਨ? ਕੀ ਸਾਡੀ ਰਾਜਨੀਤਕ ਵਿਵਸਥਾ ਚਕਨਾਚੂਰ ਹੋ ਚੁੱਕੀ ਹੈ ਇਨ੍ਹਾਂ ਸਵਾਲਾਂ ਦੇ ਜੁਆਬ ਅਸੀਂ ਲੱਭਣੇ ਹਨ। ਜਵਾਬ ਸਮੁੱਚਤਾ ਵਿਚ ਢੂੰਡਣ ਦੀ ਜ਼ਰੂਰਤ ਹੈ ਨਾ ਕਿ ਇਕ ਦੂਜੀ ਪ੍ਰਸਥਿਤੀ ਨੂੰ ਲਾਂਭੇ ਕਰਕੇ।

ਅੱਜ ਤੋਂ ਪੰਜ ਛੇ ਦਹਾਕੇ ਪਹਿਲਾਂ ਸਾਡੇ ਖਰਚ ਬਹੁਤ ਘੱਟ ਸਨ ਭਾਵੇਂ ਕਮਾਈ ਵੀ ਬਹੁਤ ਥੋੜ੍ਹੀ ਸੀ ਪਰੰਤੂ ਸੱਚੀ ਸੁੱਚੀ ਕਿਰਤ ਨਾਲ ਕਮਾਇਆ ਦਾਣਿਆਂ ਦਾ ਢੇਰ, ਜੋ ਮਿਕਦਾਰ ਵਿਚ ਭਾਵੇਂ ਥੋੜ੍ਹਾ ਹੀ ਹੁੰਦਾ ਸੀ, ਸਮੂੰਹ ਪਰਿਵਾਰ ਦੇ ਮਨ ਵਿਚ ਚਾਓ ਪੈਦਾ ਕਰਦਾ ਸੀ। ਦਾਣਿਆਂ ਦਾ ਅਣਤੋਲਿਆ ਢੇਰ ਸਮੁੱਚੇ ਪਰਿਵਾਰ ਦੀ ਅਤੇ ਇਸੇ ਤਰ੍ਹਾਂ ਸਮੁੱਚੇ ਸਮਾਜ ਦੀ ਦੌਲਤ ਸੀ ਜਿਸਨੇ ਮਨੁੱਖਤਾ ਨੂੰ ਜੀਵਨ ਬਖਸ਼ਿਆ ਹੋਇਆ ਸੀ। ਬੇਸ਼ਕ ਪਰਿਵਾਰ ਅਤੇ ਸਮਾਜ ਦੇ ਮੋਢੀ ਪਰਿਵਾਰ ਦੀ ਰੋਜ਼ੀ ਰੋਟੀ ਦੇ ਵਸੀਲਿਆਂ ਪ੍ਰਤੀ ਚਿੰਤਤ ਹੁੰਦੇ ਸਨ ਪਰੰਤੂ ਇਹ ਚਿੰਤਾ ਅਜੋਕੀ ਚਿੰਤਾ ਤੋਂ ਬਿਲਕੁਲ ਭਿੰਨ ਸੀ, ਇਸ ਚਿੰਤਾ ਵਿਚ ਸਮੁੱਚੇ ਪਰਿਵਾਰ ਦੀ ਸ਼ਮੂਲੀਅਤ ਸੀ ਅਤੇ ਇਸ ਵਿਚ ਸਾਰਿਆਂ ਦੀ ਕਰੜੀ ਮਿਹਨਤ ਦਾ ਪਸੀਨਾ ਸਮਾਇਆ ਹੋਇਆ ਸੀ। ਸਬਰ ਸੰਤੋਖ ਅਤੇ ਵਿਸ਼ਵਾਸ਼ ਪਰਿਵਾਰ, ਸਮਾਜ ਅਤੇ ਮਨੁੱਖਤਾ ਨੂੰ ਹੌਸਲਾ ਦਿੰਦਾ ਸੀ ਤੇ ਉਸਦੇ ਸਿਰੜ ਨੂੰ ਪੱਕਿਆਂ ਕਰਦਾ ਸੀ। ਸਮੂੰਹ ਪਰਿਵਾਰ ਦੀ ਸਾਂਝੀ ਪੂੰਜੀ ਵਜੋਂ ਪੈਸੇ ਧੇਲੇ, ਅਨਾਜ ਪਸ਼ੂਆਂ ਤੇ ਹੋਰ ਵਸਤੂਆਂ ਨੂੰ ਸਮਝਿਆ ਜਾਂਦਾ ਸੀ। ਮਿਸਾਲ ਦੇ ਤੌਰ ਤੇ ਮੇਲੇ ਮੁਸਾਹਬਿਆਂ ਤੇ ਜੇ ਬਾਲਕਾਂ ਜਾਂ ਹੋਰਾਂ ਨੇ ਜਾਣਾ ਤਾਂ ਆਮ ਕਰਕੇ ਇਕ ਆਨਾ ਖਰਚ ਨੂੰ ਮਿਲਦਾ ਸੀ ਕਿਸੇ ਖਾਂਦੇ ਪੀਂਦੇ ਨੂੰ ਦੋ ਆਨੇ ਵੀ ਮਿਲ ਜਾਂਦੇ ਸਨ। ਹਸੰਦਿਆਂ ਖੇਲੰਦਿਆਂ ਮੇਲਾ ਦੇਖਣਾ ਤੇ ਵਾਪਸੀ ਉਤੇ ਘਰ ਵਾਸਤੇ ਦੋ ਪੈਸੇ ਦੇ ਮਿਠੇ ਗੱਟੇ ਅਤੇ ਦੋ ਪੈਸੇ ਦਾ ਇਲਾਚੀਦਾਣਾ ਪਰਨੇ ਦੇ ਲੜ ਬੰਨ੍ਹ ਲਿਆਉਣਾ। ਮਨ ਵਿਚ ਇਹੀ ਖਿਆਲ ਆਉਣਾ ਕਿ ਇਹ ਪੋਟਲੀ ਘਰ ਜਾ ਕੇ ਖੋਲਾਂਗੇ ਤੇ ਸਭ ਨੂੰ ਵਰਤਾਵਾਂਗੇ। ਸਮੂੰਹ ਵਿਚ ਵੰਡ ਕੇ ਖਾਣ ਦੀ ਤਾਂਘ ਮਨ ਵਿਚ ਖੁਸ਼ੀਆਂ ਅਤੇ ਖੇੜੇ ਉਲੱਦ ਦਿੰਦੀ ਸੀ। ਇਸ ਤਰ੍ਹਾਂ ਨਚਦਿਆਂ ਟੱਪਦਿਆਂ, ਖੁਸ਼ੀਆਂ ਖੇੜਿਆਂ ਤੇ ਖੁਸ਼ੀ ਭਰੀ ਧੱਕਾ ਮੁੱਕੀ ਵਿਚ ਜ਼ਿੰਦਗੀ ਦਾ ਬਸਰ ਹੋ ਰਿਹਾ ਸੀ। ਇਸ ਨਾਲ ਜੀਵਨ ਦੇ ਕਿਸੇ ਖੱਲ ਖੂੰਜੇ ਪਈ ਨਿਰਾਸ਼ਤਾ ਨੂੰ ਖਤਮ ਕਰ ਦਿਤਾ ਜਾਂਦਾ ਸੀ। ਪਰਿਵਾਰ ਵਿਚ ਮੇਲੇ ਤੋਂ ਲਿਆਂਦੀ ਨਿਸ਼ਾਨੀ ਗੱਟੇ ਅਤੇ ਇਲਾਚੀਦਾਣਾ ਵੰਡਣ ਨਾਲ ਚੜ੍ਹਿੰਦੀ ਕਲਾ ਦਾ ਖਿਆਲ ਆਪਣੇ ਆਪ ਹੀ ਧੁਲ ਜਾਂਦਾ ਸੀ। ਸੋ ਮੇਲਿਆਂ ਤੋਂ ਚੜ੍ਹਦੀ ਕਲਾ ਅਤੇ ਸਾਂਵੀ ਜ਼ਿੰਦਗੀ ਦੀ ਪ੍ਰੇਰਨਾ ਮਿਲਦੀ ਸੀ। ਦੂਸਰੇ ਪਾਸੇ ਪਿੰਡਾਂ ਦੇ ਅੰਦਰ ਵਧੀਆ ਸਿਹਤ ਬਣਾਉਣ ਵਾਸਤੇ ਮੂਗਲੀਆਂ ਤੇ ਮੁਗਧਰ ਫੇਰਨ ਦਾ ਰਿਵਾਜ ਆਮ ਸੀ। ਜਵਾਨੀ ਪਹਿਰੇ ਦੇ ਲਿਸ਼ਕਦਿਆਂ ਸਰੀਰਾਂ ਨੂੰ ਪਿੰਡ ਦੀ ਸੱਥ ਜਾਂ ਚੌਰਾਹੇ ਵਿਚ ਮੁਗਧਰ ਫੇਰਦਿਆਂ ਨੂੰ ਸਮੁੱਚਾ ਪਿੰਡ ਦੇਖ ਕੇ ਅਸ਼ ਅਸ਼ ਕਰ ਉਠਦਾ ਸੀ। ਇਨ੍ਹਾਂ ਹੀ ਸੱਥਾਂ ਵਿਚ ਫਸਲਾਂ, ਡੰਗਰਾਂ ਪਸ਼ੂਆਂ, ਆਪਸੀ ਪਿਆਰ, ਦੂਸਰੇ ਪਿੰਡਾਂ ਨਾਲ ਪਿਆਰ ਤੇ ਸਨੇਹ ਆਦਿ ਦੀਆਂ ਗੱਲਾਂ ਅਕਸਰ ਹੀ ਹੁੰਦੀਆਂ ਸਨ ਜਿਹੜੀਆਂ ਨਿਰਾਸ਼ਤਾ ਨੂੰ ਨੇੜੇ ਨਹੀਂ ਸਨ ਫਟਕਣ ਦਿੰਦੀਆਂ। ਇਨ੍ਹਾਂ ਗੱਲਾਂ ਤੋਂ ਇਲਾਵਾ ਸਾਡੇ ਸਮਾਜਿਕ ਉਤਸਵਾਂ ਨੂੰ ਬਹੁਤ ਹੀ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਸੀ ਪਰੰਤੂ ਇਨ੍ਹਾਂ ਉਤੇ ਪੈਸਾ ਬਹੁਤ ਹੀ ਘੱਟ ਖਰਚਿਆ ਜਾਂਦਾ ਸੀ, ਵਿਆਹ ਸ਼ਾਦੀ ਉਤੇ ਖਰਚ ਘੱਟ ਤੋਂ ਘੱਟ ਕਰਦਿਆਂ ਹੋਇਆਂ ਦਿਖਾਵੇ ਦੀ ਸ਼ਰਤ ਨੂੰ ਪਰ੍ਹਾਂ ਰੱਖਿਆ ਜਾਣਾ ਆਮ ਸੀ। ਸਾਰੇ ਭਾਈਚਾਰੇ ਵਿਚ ਖਾਂਦੇ ਪੀਂਦੇ ਘਰ ਦਿਆਂ ਵਰੀ ਦੇ ਕਪੜਿਆਂ ਨਾਲ ਹੀ ਵਿਆਹ ਭੁਗਤਾ ਲਿਆ ਜਾਂਦਾ ਸੀ। ਪਰਿਵਾਰ ਵਿਚਲੀ ਵੱਡੀ ਨੂੰਹ ਦੇ ਗਹਿਣਿਆਂ ਨਾਲ ਹੀ ਛੋਟੇ ਮੁੰਡਿਆਂ ਨੂੰ ਵਿਆਹ ਲਿਆ ਜਾਂਦਾ ਸੀ ਕਿਉਂਕਿ ਵੱਡੀ ਵਹੁਟੀ ਦੇ ਗਹਿਣੇ ਛੋਟੀ ਵਹੁਟੀ ਨੂੰ ਤੇ ਅੱਗੋਂ ਉਸਤੋਂ ਛੋਟੀ ਨੂੰ। ਕਿਉਂਕਿ ਨੂੰਹ ਦੀ ਜਾਇਦਾਦ ਸਮੁੱਚੇ ਪਰਿਵਾਰ ਦੀ ਜਾਇਦਾਦ ਸੀ। ਕਿਸੇ ਦੇ ਮਨ ਵਿਚ ਦ੍ਵੈਤ ਦਾ ਕੋਈ ਖਿਆਲ ਨਹੀਂ ਸੀ, ਘਰ ਵਿਚਲੀ ਇਕੋ ਇਕ ਪਟਿਆਰੀ ਵਿਚ ਸਾਰੇ ਪਰਿਵਾਰ ਦੇ ਕਪੜੇ ਹੁੰਦੇ ਸਨ ਇਕੋ ਮੇਚੇ ਦੇ ਕਪੜੇ ਹੋਣ ਕਰਕੇ ਇਕ ਭਰਾ ਵਲੋਂ ਦੂਸਰੇ ਭਰਾ ਦੇ ਕਪੜੇ ਪਹਿਨਣ ਵਿਚ ਕੋਈ ਹਿਚਕਚਾਹਟ ਨਹੀਂ ਸੀ। ਸਭ ਤੋਂ ਜ਼ਿਆਦਾ ਸਿਹਤ ਦਾ ਖਿਆਲ ਰੱਖਿਆ ਜਾਂਦਾ ਸੀ। ਹਰ ਪਰਿਵਾਰ ਦੀ ਦਿਲੀ ਇੱਛਾ ਤੇ ਤਾਂਘ ਇਹੀ ਹੁੰਦੀ ਸੀ ਕਿ ਪਰਿਵਾਰ ਦੇ ਜੀਅ ਤੰਦਰੁਸਤ ਅਤੇ ਰਿਸ਼ਟ ਪੁਸ਼ਟ ਹੋਣ। ਚਿੰਤਾ ਨਾਂ ਦੀ ਕੋਈ ਚੀਜ਼ ਨਹੀਂ ਸੀ। ਹਰ ਪਾਸੇ ਖੇੜਿਆਂ ਭਰੀ ਜ਼ਿੰਦਗੀ ਸਮੁੱਚੀ ਕਾਇਨਾਤ ਵਿਚ ਵੀ ਖੁਸ਼ੀਆਂ ਭਰਦੀ ਰਹਿੰਦੀ ਸੀ।

ਮਨ ਪਰਚਾਵੇ ਦੇ ਸਾਧਨਾਂ ਤਹਿਤ ਰਾਸਧਾਰੀਆਂ ਦੀਆਂ ਰਾਸਾਂ ਜਿਨ੍ਹਾਂ ਵਿਚ ਪੂਰਨ ਭਗਤ, ਰੂਪ ਬਸੰਤ, ਨਲ ਦਮਯੰਤੀ ਆਦਿ ਦੀਆਂ ਕਹਾਣੀਆਂ ਛੋਹੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਪਿੰਡ ਦੇ ਸਭ ਨਰ-ਨਾਰੀ ਬਹੁਤ ਹੀ ਗਹੁ ਨਾਲ ਸੁਣਦੇ ਸਨ ਅਤੇ ਰਾਸਲੀਲਾ ਅਤੇ ਰਾਮਲੀਲਾ ਦਾ ਪੂਰਨ ਅਨੰਦ ਮਾਣਦੇ ਸਨ। ਕੋਠਿਆਂ, ਬਨੇਰਿਆਂ ਤੇ ਵੇਹੜਿਆਂ ਵਿਚ ਬੈਠ

ਕੇ ਤ੍ਰਿਞਣਾਂ ਵਿਚ ਤੀਆਂ ਦੌਰਾਨ ਅਤੇ ਵਿਆਹ ਸ਼ਾਦੀਆਂ ਵਕਤ ਲੋਕ ਗੀਤਾਂ ਨੂੰ ਸਮੂੰਹ ਦੇ ਰੂਪ ਵਿਚ ਔਰਤਾਂ ਗਾਉਂਦੀਆਂ ਸਨ ਇਨ੍ਹਾਂ ਮੌਕਿਆਂ ਤੇ ਸਮੂਹਿਕਤਾ ਦੀ ਝਲਕ ਸ਼ਪਸ਼ਟ ਦਿਖਾਈ ਦਿੰਦੀ ਸੀ। ਜਲਸੇ, ਜਿਥੇ ਮੁੰਡਾ ਔਰਤ ਦੇ ਕਪੜੇ ਪਾ ਕੇ ਨਚਾਰ ਦੇ ਰੂਪ ਵਿਚ ਨਚਦਾ ਸੀ ਪਿੰਡ ਦੀ ਹੱਦ ਤੋਂ ਬਾਹਰ ਹੁੰਦੇ ਸਨ ਜਿਥੇ ਨੌਜਵਾਨ ਪੀੜੀ ਸਮੂਹਿਕ ਰੂਪ ਵਿਚ ਪੰਜਾਬੀ ਨਾਚਾਂ ਅਤੇ ਗਾਉਣ ਦਾ ਮਜ਼ਾ ਲੈਂਦੀ ਸੀ। ਸਮੁੱਚੇ ਤੌਰ ਤੇ ਨਰੋਏ ਸਭਿਆਚਾਰ ਨੂੰ ਵਿਕਸਤ ਕਰਨ ਦੀ ਪਾਲਣਾ ਹੋ ਰਹੀ ਸੀ। ਕਵੀਸ਼ਰ ਅਤੇ ਢਾਡੀ ਲੋਕਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਕੰਮ ਕਵੀਸ਼ਰੀ ਅਤੇ ਵਾਰਾਂ ਰਾਂਹੀ ਕਰਦੇ ਸਨ। ਮਨੋਵਿਗਿਆਨਿਕ ਤੌਰ ਤੇ ਨਰੋਆ ਸਭਿਆਚਾਰ ਲੋਕਾਂ ਦੀ ਚਿੰਤਾ ਅਤੇ ਨਿਰਾਸ਼ਤਾ ਨੂੰ ਦੂਰ ਕਰ ਰਿਹਾ ਸੀ। ਵਿਰਾਸਤ ਦੇ ਲੋਕ ਕਾਰਨਾਮਿਆਂ ਨੂੰ ਦੱਸ ਕੇ ਮਰਾਸੀ ਕੌਮ ਲੋਕਾਂ ਨੂੰ ਇਤਿਹਾਸਕ ਤੱਥਾਂ ਪ੍ਰਤੀ ਚੇਤਨ ਕਰਦੀ ਸੀ। ਜਿਸ ਸਦਕਾ ਲੋਕਾਂ ਦਾ ਆਪਣੇ ਵਿਰਸੇ ਆਪਣੇ ਪੂਰਵਜਾਂ ਪ੍ਰਤੀ ਅਨਿੰਨ ਸਤਿਕਾਰ ਬਰਕਰਾਰ ਸੀ।

ਇਥੇ ਅਸੀਂ ਮਰਾਸੀਆਂ ਦੀ ਇਕ ਕਹਾਣੀ ਦਾ ਹਵਾਲਾ ਦੇ ਸਕਦੇ ਹਾਂ। ਆਖਦੇ ਨੇ ਕਿ ਉਚਾ ਪਿੰਡ ਸੁਨੇਤ ਦਾ ਇਕ ਰਾਜਾ ਹੁੰਦਾ ਸੀ ਜੈ ਸਿੰਘ। ਉਸ ਦੇ ਅਧੀਨ ਜਰਗ ਤੀਕ ਦਾ ਇਲਾਕਾ ਆਉਂਦਾ ਸੀ ਅਤੇ ਜਰਗ ਦਾ ਸਰਦਾਰ ਸੀ ਜਗਦੇਵ ਔਲਖ, ਬਹੁਤ ਹੀ ਸੂਰਬੀਰ ਤੇ ਜਾਂਬਾਜ ਸੀ। ਉਹ ਜਦੋਂ ਵੀ ਰਾਜਾ ਜੈ ਸਿੰਘ ਦੇ ਦਰਬਾਰ ਹਾਜ਼ਰ ਹੁੰਦਾ ਤਾਂ ਉਹ ਧਰਤੀ ਵਿਚ ਆਪਣਾ ਬਰਛਾ (ਜੋ ਉਹ ਹਮੇਸ਼ਾ ਆਪਣੇ ਪਾਸ ਰੱਖਦਾ ਸੀ) ਮਾਰ ਕੇ ਧਮਕ ਪੈਦਾ ਕਰ ਦਿੰਦਾ ਸੀ। ਇਕ ਵਾਰੀ ਰਾਜੇ ਨੇ ਉਸ ਜਗ੍ਹਾਂ ਜਿਥੇ ਉਹ ਬਰਛਾ ਗੱਡਦਾ ਸੀ, ਦੇ ਥੱਲੇ ਲੋਹੇ ਦੀਆਂ ਤਵੀਆਂ ਮਿਟੀ ਹੇਠਾਂ ਛੁਪਾ ਕੇ ਰੱਖਵਾ ਦਿਤੀਆਂ ਤਾਂ ਕਿ ਉਹ ਬਰਛਾ ਗੱਡ ਨਾ ਸਕੇ, ਆਪਣੀ ਸੂਰਮਗਤੀ ਨਾ ਵਿਖਾ ਸਕੇ। ਜਗਦੇਵ ਔਲਖ ਜਦੋਂ ਆਇਆ ਤੇ ਬਰਛਾ ਗੱਡਣ ਲਗਾ ਤਾਂ ਬਰਛਾ ਗੱਡ ਨਾ ਸਕਿਆ। ਉਸਨੇ ਦੂਸਰੀ ਵਾਰੀ ਗੁੱਸੇ ਵਿਚ ਆ ਕੇ ਅਤੇ ਆਪਣੀ ਤਾਕਤ ਦੇ ਬਲ ਉਤੇ ਬਰਛਾ ਮਾਰਿਆ ਜੋ ਤਵੀਆਂ ਨੂੰ ਪਾਰ ਕਰਦਾ ਧਰਤੀ ਵਿਚ ਜਾ ਧਸਿਆ। ਹੁਣ ਬਰਛਾ ਬਾਹਰ ਕੱਢਣ ਦਾ ਮਸਲਾ ਸੀ। ਵਾਰੀ-ਵਾਰੀ ਸਾਰੇ ਸੂਰਮਿਆਂ ਨੇ ਜ਼ੋਰ ਲਾਇਆ ਪਰ ਬਰਛਾ ਇਕ ਸੂਤ ਭਰ ਭੀ ਨਾ ਹਿਲਿਆ। ਜਦੋਂ ਜਗਦੇਵ ਨੂੰ ਕਿਹਾ ਗਿਆ। ਤਾਂ ਜਗਦੇਵ ਔਲਖ ਨੇ ਸ਼ਰਤ ਰੱਖੀ ਕਿ ਜੇਕਰ ਭੰਡ ਉਸਦੇ ਬਜ਼ੁਰਗਾਂ ਦੀਆਂ ਸੂਰਬੀਰਤਾ ਵਾਲੀਆਂ ਕਹਾਣੀਆਂ ਸੁਣਾਉਣ ਤਾਂ ਉਹ ਬਰਛਾ ਬਾਹਰ ਕੱਢ ਸਕਦਾ ਹੈ। ਭੰਡਾਂ ਨੇ ਉਸ ਦੇ ਖਾਨਦਾਨ ਦੀਆਂ ਵਾਰਾਂ ਗਾਉਂਦਿਆਂ ਜਦੋਂ ਹਾਵ ਭਾਵਾਂ ਅਤੇ ਐਕਸ਼ਨਾਂ ਰਾਹੀਂ ਉਸ ਪਰਿਵਾਰ ਦੀ ਸੂਰਬੀਰਤਾ ਦੀ ਕਹਾਣੀ ਸੁਣਾਈ ਤਾਂ ਜਗਦੇਵ ਦੀਆਂ ਨਸਾਂ ਵਿਚ ਖੂਨ ਖੌਲਣ ਲੱਗਾ ਅਤੇ ਉਸ ਨੇ ਪੂਰੇ ਜ਼ੋਰ ਨਾਲ ਤਵੀਆਂ ਵਿਚੀਂ ਲੰਘ ਕੇ ਧਰਤੀ ਵਿਚ ਧਸਿਆ ਬਰਛਾ ਮਿੰਟਾਂ ਸਕਿੰਟਾਂ ਵਿਚ ਬਾਹਰ ਕੱਢ ਮਾਰਿਆ। ਇਸ ਤੋਂ ਸਪਸ਼ਟ ਹੈ ਕਿ ਆਪਣੇ ਵਡੇਰਿਆਂ ਅਤੇ ਪੂਰਵਜਾਂ ਦੀਆਂ ਕਹਾਣੀਆਂ ਉਸ ਵਕਤ ਦੇ ਮਨੁੱਖ ਨੂੰ ਸਿਹਤ ਸੰਭਾਲ, ਸੂਰਬੀਰਤਾ, ਸ਼ਰਾਫਤ, ਔਰਤ ਦੀ ਕਦਰ, ਭਾਈਚਾਰਕ ਸਾਂਝ, ਗਰੀਬਾਂ ਅਤੇ ਨਿਤਾਣਿਆਂ ਪ੍ਰਤੀ ਮੋਹ, ਕਿਰਤ ਦੀ ਕਦਰ ਆਦਿ ਪ੍ਰਤੀ ਚੇਤਨ ਕਰਦੀਆਂ ਮਾੜੇ ਕੰਮਾਂ ਤੋਂ ਰੋਕਦੀਆਂ ਸਨ। ਉਨ੍ਹਾਂ ਦਿਨਾਂ ਵਿਚ ਸ਼ਰਾਬ ਦੀ ਵਰਤੋਂ ਆਮ ਨਹੀਂ ਸੀ ਸਗੋਂ ਸ਼ਰਾਬ ਦੇ ਅਵਗੁਣਾਂ ਬਾਰੇ ਲੋਕ ਕਹਾਣੀਆਂ ਸੁਣਾਇਆ ਕਰਦੇ ਸਨ, ਇਸਨੂੰ ਦੇਖਿਆ ਤੇ ਵਰਤਿਆ ਕਿਸੇ ਨੇ ਵੀ ਨਹੀਂ ਸੀ। ਮੀਟ ਜਾਂ ਸ਼ਰਾਬ ਬਾਰੇ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ। ਹਿਰਨ ਤੇ ਨੀਲ ਗਾਈਆਂ ਖੇਤਾਂ ਵਿਚ ਆਮ ਹੀ ਟਪੂਸੀਆਂ ਮਾਰਦੇ ਫਿਰਦੇ ਸਨ। ਮੁਰਗੇ ਜਾਂ ਕੁਕੜ ਸਿਰਫ ਮੁਸਲਮਾਨ ਹੀ ਰਖਦੇ ਸਨ ਉਹ ਵੀ ਬਾਂਗ ਦੇਣ ਖਾਤਰ ਤਾਂ ਕਿ ਲੋਕ ਵਕਤ ਨਾਲ ਜਾਗ ਪੈਣ। ਇਹ ਇਕ ਸੱਚ ਹੈ ਕਿ ਮਨ ਦੇ ਵਿਕਾਰ ਉਠਣ ਬੈਠਣ, ਖਾਣ ਪੀਣ ਅਤੇ ਪਹਿਨਣ ਨਾਲ ਵਧਦੇ ਘਟਦੇ ਹਨ। ਗਲਤ ਤਰੀਕੇ ਦਾ ਵੇਸ, ਖਾਣ ਪੀਣ ਅਤੇ ਸੋਚਣ ਨਾਲ ਸਰੀਰ ਵਿਚ ਉਪਰਾਮਤਾ ਵਧਦੀ ਹੈ ਤੇ ਮਨ ਵਿਕਾਰਾਂ ਵੱਲ ਨੂੰ ਰੁਚਿਤ ਹੁੰਦਾ ਹੈ। ਪਰ ਉਸ ਵਕਤ ਕੁਦਰਤ ਨਾਲ ਸੱਚਾ ਸੁੱਚਾ ਤੇ ਲੋਭ ਰਹਿਤ ਪਿਆਰ ਸੀ। ਸਰੀਰ ਵਿਕਾਰੀ ਨਾ ਹੋਣ ਕਰਕੇ ਨਾ ਠੰਡ ਮੰਨਦਾ ਸੀ ਤੇ ਨਾ ਹੀ ਗਰਮੀ। ਉਨ੍ਹਾਂ ਵਕਤਾਂ ਵਿਚ ਰਾਹ ਕੱਚੇ ਹੁੰਦੇ ਸਨ ਅਤੇ ਗੱਡਿਆਂ ਦੀਆਂ ਲੀਹਾਂ ਵਿਚ ਰੇਤਾ ਭਰ ਜਾਂਦਾ ਸੀ ਕਿਉਂਕਿ ਰੇਤੇ ਦੇ ਟਿੱਬੇ ਆਮ ਸਨ। ਧਮੋਟ ਅਤੇ ਪੈਲ੍ਹ ਦੇ ਵਿਚਕਾਰ ਇਕ ਬਹੁਤ ਵੱਡਾ 'ਉਡਾਰ ਦਾ ਟਿਬਾ' ਸੀ ਜੋ ਅਕਸਰ ਹੀ ਹਵਾ ਚਲਣ ਵਕਤ ਗੱਡੇ ਦੀ ਲੀਹ ਨੂੰ ਰੇਤ ਨਾਲ ਭਰ ਦਿੰਦਾ ਸੀ। ਹਰ ਪਿੰਡ ਦੇ ਪੰਜ ਸੱਤ ਬੰਦੇ ਉਸ ਲੀਹ ਤੋਂ ਰੇਤ ਹਟਾਉਣ ਦਾ ਕੰਮ ਕਰਦੇ ਰਹਿੰਦੇ ਸਨ ਤਾਂ ਕਿ ਗੱਡੇ ਦਾ ਰਸਤਾ ਠੀਕ ਹੋਵੇ। ਆਮ ਤੌਰ ਤੇ ਲੋਕ ਸਿਆਲ ਦੇ ਮਹੀਨੇ ਰੇਤ ਹਟਾਉਣ ਵਕਤ ਸਿਰਫ ਇਕ ਕਮੀਜ਼ ਹੀ ਪਹਿਨਿਆ ਕਰਦੇ ਸੀ। ਸਗੋਂ ਕੰਮ ਵਕਤ ਉਸਦੇ ਬਟਣ ਵੀ ਘਟ ਹੀ ਬੰਦ ਕਰਦੇ ਸੀ। ਕਿਉਂਕਿ ਕੰਮ ਨਾਲ ਗਰਮੀ ਆਉਂਦੀ ਸੀ ਅਤੇ ਖਾਧ ਖੁਰਾਕ ਸਾਵੀਂ ਤੇ ਭਰਪੂਰ ਸੀ। ਜਿੰਦਰਾ ਖਿਚਣ ਵਕਤ ਤਾਂ ਪਾਲਾ ਨਹੀਂ ਸੀ ਲਗਦਾ ਪਰੰਤੂ ਜਦੋਂ ਪਾਲਾ ਲੱਗਣਾ ਤਾਂ ਸਾਰੇ ਹੀ ਮੁੰਡੇ ਖੁੰਡੇ ਜੇਬ ਵਿਚ ਵਧੀਆ ਭੇਲੀ ਦਾ ਗੁੜ ਰਖਦੇ ਸਨ। ਉਸ ਵਕਤ ਗੁੜ ਖਾ ਲੈਣਾ ਤੇ ਪਾਲਾ ਹਟ ਜਾਣਾ। ਅੱਜ ਸਮਾਂ ਬੀਤ ਗਿਆ ਹੈ ਗੁੜ ਖਾਣ ਦੀ ਆਦਤ ਵੀ ਲੋਕਾਂ ਵਿਚ ਖਤਮ ਹੀ ਹੋ ਚੁੱਕੀ ਹੈ। ਗੁੜ ਦੀ ਬਜਾਏ ਚੀਨੀ ਖਾਣ ਨਾਲ ਸਾਡੇ ਵਿਚ ਬਹੁਤ ਸਾਰੀਆਂ ਬੀਮਾਰੀਆਂ ਨੇ ਘਰ ਕਰ ਲਿਆ ਹੈ।

ਅਜੋਕੇ ਸਮੇਂ ਵਿਚ ਪੱਛਮੀ ਵਿਦਿਆ ਦਾ ਇੰਨਾਂ ਅਸਰ ਹੋ ਗਿਆ ਹੈ ਕਿ ਅਸੀਂ ਆਪਣੀਆਂ ਰਵਾਇਤਾਂ ਅਤੇ ਦਸਤੂਰਾਂ ਨੂੰ ਭੁਲ ਗਏ ਹਾਂ। ਅਸੀਂ ਆਪਣੀ ਰੋਜ਼ ਮਰ੍ਹਾ ਦੀ ਜ਼ਿੰਦਗੀ ਵਿਚ ਵੀ ਪੱਛਮ ਨੂੰ ਪ੍ਰਧਾਨ ਬਣਾ ਲਿਆ ਹੈ ਇਥੋਂ ਤੀਕ ਕਿ ਸਾਡੀ ਪੜ੍ਹਾਈ ਵਿਚ ਵੀ ਪੱਛਮੀ ਤਰਜ਼ ਦੀਆਂ ਕਹਾਣੀਆਂ ਸੁਣਾਉਣ ਦੀ ਪਿਰਤ ਪੈ ਗਈ ਹੈ। ਰਾਤ ਨੂੰ ਨਿਕਿਆਂ ਬਾਲਾਂ ਨੂੰ ਮਾਂ ਬਾਪ ਜਾਂ ਦਾਦੇ ਦਾਦੀਆਂ ਉਸਾਰੂ ਅਤੇ ਧਾਰਮਿਕ ਬਾਤਾਂ ਸੁਣਾ ਕੇ ਉਦਾਰ ਚਿਤ, ਪ੍ਰਭੂ ਵਿਚ ਵਿਸ਼ਵਾਸ਼ ਰੱਖਣ, ਕਿਰਤ ਨੂੰ ਪਿਆਰ ਕਰਨ, ਆਪ ਤੋਂ ਵੱਡਿਆਂ ਦਾ ਸਤਿਕਾਰ ਕਰਨ ਤੇ ਮਨ ਦੇ ਵਿਕਾਰਾਂ ਨੂੰ ਪਰ੍ਹਾਂ ਭਜਾਉਣ ਲਈ ਰੁਚਿਤ

ਕਰਦੇ ਸਨ। ਛੋਟੇ ਬੱਚੇ ਸੰਦੇਹਾਂ ਹੀ ਸ਼ਾਮ ਦੀ ਰੋਟੀ ਖਾ ਕੇ ਦਾਦੀ ਮਾਂ ਜਾਂ ਦਾਦਾ ਜੀ ਦੇ ਮੰਜੇ ਤੇ ਬੈਠ ਜਾਇਆ ਕਰਦੇ ਸਨ ਅਤੇ ਕਹਾਣੀ ਸੁਨਾਉਣ ਲਈ ਕਹਿੰਦੇ ਸਨ। ਪਹਿਲੀ ਸੁਣੀ ਬਾਤ ਭੀ ਸੋਹਣੀ ਲਗਦੀ ਸੀ – ਓਹੀ ਚਿੜੀ ਕਾਂ ਦੀ ਕਹਾਣੀ। ਬੱਚੇ ਪ੍ਰਸ਼ਨ ਕਰਦੇ ਸਨ ਕਿ ਮਾਂ ਜੀ! ਵਿਚਾਰੀ ਚਿੜੀ ਸਾਰਾ ਜ਼ੋਰ ਲਾ ਕੇ ਕੰਮ ਕਰਦੀ ਰਹੀ – ਖੇਤੀ ਬੀਜੀ, ਵੱਢੀ, ਫਲ੍ਹੇ ਚਲਾਏ, ਧੜ ਲਾਈ, ਦਾਣੇ ਕੱਢੇ ਵੰਡਾਂ ਵੇਲੇ ਕਾਂ ਨੇ ਦਾਣੇ ਲੈ ਲਏ ਅਤੇ ਚਿੜੀ ਦੇ ਹਿੱਸੇ ਤੂੜੀ ਆਈ। ਬੱਚੇ ਸਾਂ ਸੋਚ ਵਿਚ ਪੈ ਜਾਣਾ ਅਤੇ ਕਾਂ ਦੀ ਕੀਤੀ ਚਲਾਕੀ ਨੂੰ ਬੁਰਾ ਕਹਿਣਾ। ਐਨੇ ਨੂੰ ਦਾਦੀ ਨੇ ਕਹਿਣਾ ਬੱਚਿਓ! ਵਾਹਿਗੁਰੂ ਦੀ ਦਰਗਾਹ ਵਿਚ ਇਨਸਾਫ ਹੈ। ਐਨੇ ਨੂੰ ਮੀਂਹ ਪੈ ਗਿਆ ਕਾਂ ਦਾਣਿਆਂ ਤੇ ਬੈਠਾ ਸੀ ਅਤੇ ਰਾਖੀ ਕਰ ਰਿਹਾ ਸੀ ਕਿ ਚਿੜੀ ਚੁੰਝ ਵਿਚ ਦਾਣਾ ਚੁਕ ਕੇ ਨਾ ਲੈ ਜਾਵੇ। ਐਨੇ ਨੂੰ ਗੜ੍ਹੇ ਪੈਣ ਲਗ ਗਏ, ਚਿੜੀ ਤਾਂ ਤੂੜੀ ਵਿਚ ਲੁਕ ਗਈ ਪਰ ਕਾਂ ਦਾਣਿਆਂ ਵਿਚ ਲੁਕ ਨਾ ਸਕਿਆ। ਕਾਂ ਮਰ ਗਿਆ, ਹੁਣ ਤੂੜੀ ਭੀ ਤੇ ਦਾਣੇ ਭੀ ਵਿਚਾਰੀ ਚਿੜੀ ਨੂੰ ਮਿਲ ਗਏ। ਇਹ ਕਹਾਣੀ ਬਹੁਤ ਮਹੱਤਵਪੂਰਨ ਸੀ ਇਨ੍ਹਾਂ ਨੂੰ ਬੱਚਿਆਂ ਨੇ ਵੀਚਾਰਦੇ ਰਹਿਣਾ ਅਤੇ ਮਨ ਵਿਚ ਧਾਰ ਲੈਣਾ ਕਿ ਦਸਾਂ ਨੌਂਹਾਂ ਦੀ ਕਿਰਤ ਹੀ ਫਲੀਭੂਤ ਹੁੰਦੀ ਹੈ, ਬੇਈਮਾਨੀ ਧੱਕੇ ਫਲਿਆ ਨਹੀਂ ਕਰਦੇ। ਅਚੇਤ ਹੀ ਬੱਚੇ ਦੇ ਮਨ ਤੇ ਹੱਕ ਦੀ ਕਿਰਤ ਕਰਨ ਦੀ ਭਾਵਨਾ ਬਣ ਜਾਣੀ।

ਸਕੂਲਾਂ ਵਿਚ ਅਧਿਆਪਕ ਕਾਂ ਕਬੂਤਰਾਂ ਅਤੇ ਰਾਜਿਆ ਰਾਣਿਆਂ ਦੀਆਂ ਕਹਾਣੀਆਂ ਸੁਣਾ ਕੇ ਕੁਦਰਤ ਨਾਲ ਪਿਆਰ ਕਰਨ ਅਤੇ ਗਰੀਬ ਨਾਲ ਹਮਦਰਦੀ ਲਈ ਬੱਚਿਆਂ ਨੂੰ ਉਤਸ਼ਾਹਤ ਕਰਦੇ ਸਨ। ਪਰ ਅੱਜ ਭਰਪੂਰ ਜੀਵਨ ਨਾਲ ਸਬੰਧਤ ਕਹਾਣੀਆਂ ਮੁਕ ਗਈਆਂ ਹਨ। ਉਸਤਾਦਾਂ ਵਿਚ ਪਤਨ ਆ ਗਿਆ ਹੈ। ਸ਼ਰਾਬ ਉਤੇ ਕੰਟਰੋਲ ਹਟ ਗਿਆ ਹੈ। ਅਨੇਕਾਂ ਨਸ਼ਿਆਂ ਦੀ ਅੰਨ੍ਹੇਵਾਹ ਵਰਤੋਂ ਹੋਣ ਲੱਗ ਪਈ ਹੈ। ਇਥੋਂ ਤੀਕ ਕਿ ਬੀਬੀਆਂ ਵਿਚ ਵੀ ਇਸ ਦਾ ਰੁਝਾਨ ਵਧ ਰਿਹਾ ਹੈ। ਉਪਰੋਕਤ ਕਾਰਜਾਂ ਕਰਕੇ ਸਾਡੇ ਜੀਵਨ ਦੀ ਸਮੁੱਚਿਤਾ ਵਿਚ ਇਖਲਾਕੀ ਕਮਜ਼ੋਰੀ ਆ ਗਈ ਹੈ ਅਤੇ ਸੈਕਸ ਪ੍ਰਤੀ ਰੁਝਾਨ ਵਧ ਰਿਹਾ ਹੈ। ਇਸ ਕਰਕੇ ਹੀ ਸਾਡੀ ਜਿਸਮਾਨੀ ਅਤੇ ਮਾਨਸਿਕ ਸ਼ਕਤੀ ਘੱਟ ਰਹੀ ਹੈ ਅਤੇ ਅਸੀਂ ਮਾਨਸਿਕ ਤਣਾਓ ਵਿਚੋਂ ਗੁਜ਼ਰ ਰਹੇ ਹਾਂ। ਫੈਸ਼ਨ ਨੂੰ ਤਰਜੀਹ ਦਿਤੀ ਜਾ ਰਹੀ ਹੈ ਕਪੜੇ ਪਾਉਣ ਦੇ ਢੰਗ ਤਰੀਕੇ ਅਤੇ ਕਪੜਿਆਂ ਦੀ ਬਣਤਰ ਮਨੁੱਖ ਦੇ ਦਿਮਾਗ ਵਿਚ ਬੁਰੀਆਂ ਕਾਮ ਭਾਵਨਾਵਾਂ ਨੂੰ ਉਭਾਰਦੀ ਹੈ।

ਪਿਛਲੇ ਸਮਿਆਂ ਵਿਚ ਇਸ ਤਰ੍ਹਾਂ ਨਹੀਂ ਸੀ ਔਰਤਾਂ ਦੇ ਕਪੜਿਆਂ ਵਿਚ ਤਹਿਜ਼ੀਬ ਦੀ ਝਲਕ ਮਿਲਦੀ ਸੀ। ਵਿਆਹੀ ਅਣਵਿਆਹੀ ਦੇ ਪਹਿਨਣ ਵਾਲੇ ਵਸਤਰਾਂ ਦਾ ਅੰਤਰ ਵੇਖਿਆ ਜਾ ਸਕਦਾ ਸੀ, ਪੇਕਿਆਂ ਦੇ ਘਰ ਧੀ ਧਿਆਣੀ ਸਾਦੇ ਕਪੜੇ ਪਹਿਨਦੀ ਸੀ ਅਤੇ ਉਸਦੇ ਕਪੜਿਆਂ ਦੇ ਪਹਿਨਣ ਦੇ ਤੌਰ ਤਰੀਕਿਆਂ ਵਿਚ ਫੈਸ਼ਨ ਜਾਂ ਕਾਮ ਉਕਸਾਊ ਦਿਖਾਵੇ ਦਾ ਝਲਕਾਰਾ ਨਹੀਂ ਸੀ ਪੈਂਦਾ। ਕਿਸੇ ਵੀ ਪਰਿਵਾਰ ਦੀ ਧੀ ਸਮੁੱਚੇ ਪਿੰਡ ਦੀ ਧੀ ਧਿਆਣੀ ਸੀ। ਧੀ ਦੇ ਸਹੁਰਿਆਂ ਦੇ ਪਿੰਡ ਜਦੋਂ ਵੀ ਕੋਈ ਪਿੰਡ ਵਾਸੀ ਜਾਂਦਾ ਸੀ ਤਾਂ ਉਹ ਉਸਨੂੰ ਸਨੇਹ ਵਜੋਂ ਧੀ ਧਿਆਣੀ ਦੇ ਸੰਕਲਪ ਨੂੰ ਪਾਲਦਿਆਂ, ਕੁਝ ਨਾ ਕੁਝ ਦੇ ਕੇ ਆਉਂਦਾ ਸੀ। ਵਿਆਹ ਸਮੇਂ ਜੇ ਕੋਈ ਮਨੁੱਖ ਪਿੰਡ ਦੀ ਧੀ ਦੇ ਪਿੰਡ ਜੰਞ ਵਿਚ ਜਾਂਦਾ ਤਾਂ ਪੱਤਲ ਦੇ ਰੂਪ ਵਿਚ ਮਠਿਆਈ ਤੇ ਪੈਸੇ ਉਸਦੇ ਘਰ ਜ਼ਰੂਰ ਭੇਜਦਾ। ਉਪਰੋਕਤ ਚਰਚਾ ਤੋਂ ਬਾਅਦ ਇਕ ਗੱਲ ਸਪੱਸ਼ਟ ਦਿਖਾਈ ਦਿੰਦੀ ਹੈ ਕਿ ਉਨ੍ਹਾਂ ਦਿਨਾਂ ਵਿਚ ਖੁਦਕਸ਼ੀ ਵਰਗੇ ਸ਼ਬਦ ਬਾਬਤ ਲੋਕ ਜਾਣਦੇ ਵੀ ਨਹੀਂ ਸਨ, ਧਰਮ ਦੇ ਪ੍ਰਚਾਰਕ ਵੀ ਧਰਮ, ਦਇਆ ਤੇ ਦਾਨ ਦੀ ਗੱਲ ਕਰਦੇ ਸਨ। ਆਤਮਘਾਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਪਾਪ ਮੰਨਿਆ ਜਾਂਦਾ ਸੀ। ਇਸ ਦੇ ਬਾਰੇ ਇਹ ਸੋਚਿਆ ਜਾਂਦਾ ਸੀ ਕਿ ਆਤਮਘਾਤੀ ਮਨੁੱਖ ਦੀ ਰੂਹ ਨੂੰ ਸ਼ਾਤੀ ਨਹੀਂ ਮਿਲਦੀ ਅਤੇ ਇਹ ਭਟਕਦਾ ਹੀ ਰਹਿੰਦਾ ਹੈ ਅੰਤ ਵਿਚ ਨਰਕ ਦਾ ਭਾਗੀ ਬਣਦਾ ਹੈ।

ਪਰੰਤੂ ਅੱਜ ਨਵੀ ਸਭਿਅਤਾ ਦੇ ਜੀਵ ਨੂੰ ਆਪਣੇ ਗੇੜ ਵਿਚ ਲੈ ਲਿਆ ਹੈ, ਸਾਇੰਸ ਦੀਆਂ ਨਵੀਆਂ ਨਵੀਆਂ ਖੋਜਾਂ ਹੋ ਗਈਆਂ ਹਨ ਭਾਵੇਂ ਕਿ ਇਹ ਖੋਜਾਂ ਜੀਵ ਦੇ ਭਲੇ ਲਈ ਹੀ ਹੋਈਆ ਹਨ ਪਰੰਤੂ ਜੀਵ ਨੇ ਇਨ੍ਹਾਂ ਨੂੰ ਹੋਰ ਦ੍ਰਿਸ਼ਟੀ ਨਾਲ ਲਿਆ, ਆਪਣੇ ਆਪ ਨੂੰ ਪੁਰਾਤਨ ਰਵਾਇਤਾਂ ਨਾਲੋਂ ਨਿਖੇੜ ਲਿਆ ਹੈ, ਟੈਲੀਵੀਜ਼ਨ ਨੇ ਲੋਕਾਂ ਨੂੰ ਵਿਗਾੜ ਦਿਤਾ ਹੈ ਅਤੇ ਸ਼ਰਮ ਹਿਯਾ ਪੰਖ ਲਾ ਕੇ ਉਡ ਗਏ ਹਨ। ਬੁਨਿਆਦੀ ਕਦਰਾਂ ਕੀਮਤਾਂ ਘੱਟ ਗਈਆਂ ਹਨ ਅਤੇ ਲੋੜਾਂ ਬਹੁਤ ਜ਼ਿਆਦਾ ਵੱਧ ਗਈਆਂ ਹਨ। ਸਕੂਲ ਵਿਚ ਪੜ੍ਹਦਾ ਪੁੱਤਰ ਸ਼ਹਿਜ਼ਾਦਾ ਬਣ ਗਿਆ ਹੈ ਉਸ ਦੇ ਵਿਚ ਅਭਿਮਾਨ ਨੇ ਵਾਸਾ ਕਰ ਲਿਆ ਹੈ। ਮਾਪੇ ਵੀ ਆਪਣੀ ਸੰਤਾਨ ਨੂੰ ਬੋਰਡਿੰਗ ਵਿਚ ਦਾਖਲ ਕਰਵਾਉਣ ਖਾਤਰ ਕਰਜਾਈ ਹੋ ਰਹੇ ਹਨ ਅਤੇ ਬੱਚੇ ਪੱਛਮੀ ਤਾਲੀਮ ਦੀ ਨਕਲ ਕਰਦਿਆਂ ਮਾਪਿਆਂ ਤੋਂ ਬਾਹਰੇ ਹੋ ਰਹੇ ਹਨ। ਆਪਣੀ ਸ਼ਾਨੋ ਸ਼ੌਕਤ ਵਾਲੇ ਖਰਚ ਵਿਚ ਅਥਾਹ ਵਾਧਾ ਕਰਕੇ ਉਨ੍ਹਾਂ ਨੇ ਆਪਣਿਆਂ ਮਾਪਿਆਂ ਦੀ ਆਰਥਿਕਤਾ ਨੂੰ ਤਬਾਹ ਕਰ ਦਿਤਾ ਹੈ, ਦੂਸਰੇ ਪਾਸੇ ਉਹ ਗਿਆਨ ਪੱਖੋਂ ਵੀ ਇੰਨ੍ਹੇ ਜ਼ਿਆਦਾ ਤੇਜ਼ ਨਹੀਂ ਹਨ ਸਗੋਂ ਧਾਰਮਿਕ ਤੇ ਇਖਲਾਕੀ ਕਦਰਾਂ ਕੀਮਤਾਂ ਤੋਂ ਅਣਜਾਣ ਹੋ ਗਏ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਮਾਂ ਬਾਪ, ਭੈਣ ਭਰਾ, ਭਾਬੀ ਵੀਰਾਂ ਬਜ਼ੁਰਗਾਂ ਤੇ ਨਿਆਸਰਿਆਂ ਦੀ ਕਦਰ ਕਰਨ ਤੋਂ ਬਿਲਕੁਲ ਹਟ ਗਏ ਹਨ। ਧਾਰਮਿਕ ਤਾਲੀਮ ਅਤੇ ਰੂਪ ਬਸੰਤ, ਮਹਾਂਭਾਰਤ, ਰਮਾਇਣ, ਰਾਜਾ ਨਲ ਜਿਹੀਆਂ ਕਥਾਵਾਂ ਸਾਡੇ ਜੀਵਨ ਵਿਚੋਂ ਗਾਇਬ ਹੀ ਹੋ ਗਈਆਂ ਹਨ, ਇਨ੍ਹਾਂ ਦਾ ਇਖਲਾਕੀ ਤੇ ਧਾਰਮਿਕ ਅਸਰ ਖਤਮ ਹੀ ਹੋ ਗਿਆ ਹੈ।

ਖੇਤੀ ਅਤੇ ਫਸਲਾਂ ਦੇ ਪੱਧਰ ਉਤੇ ਸਾਇੰਸ ਦੀ ਤਰੱਕੀ ਨਾਲ ਕਿਸਾਨਾਂ ਨੇ ਉਨੱਤ ਕਿਸਮ ਦੀਆਂ ਫਸਲਾਂ ਬੀਜਣੀਆਂ ਸ਼ੁਰੂ ਕਰ ਦਿਤੀਆਂ ਹਨ ਜਿਸ ਦੀ ਬਦੌਲਤ ਅਨਾਜ ਦੇ ਭੰਡਾਰਾਂ ਅਤੇ ਖੇਤੀ ਜਿਣਸਾਂ ਦੇ ਉਤਪਾਦਨ ਵਿਚ ਕਈ ਗੁਣਾਂ ਵਾਧਾ ਹੋ ਗਿਆ ਹੈ ਹਰ ਇਕ ਦੇ ਮਨ ਵਿਚ ਵੱਧ ਤੋਂ ਵੱਧ ਫਸਲ ਪੈਦਾ ਕਰਨ ਦੀ ਭਾਵਨਾ ਹੈ ਪਰੰਤੂ ਨਿੱਜੀ ਤੌਰ ਤੇ ਕਿਸਾਨ ਕੰਮ ਤੋਂ ਪਰ੍ਹਾਂ ਜਾ ਰਿਹਾ ਹੈ। ਸਾਰਾ ਕੰਮ ਮਜ਼ਦੂਰਾਂ

ਅਤੇ ਮਸ਼ੀਨਰੀ ਉਤੇ ਸੁਟ ਦਿਤਾ ਗਿਆ ਹੈ। ਖੇਤੀ ਦੇ ਖਰਚੇ ਬਹੁਤ ਵੱਧ ਗਏ ਹਨ ਅਤੇ ਪਰਿਵਾਰ ਆਪ ਖੇਤੀ ਬਾੜੀ ਦੇ ਕੰਮ ਕਾਰ ਤੋਂ ਪਿਛੇ ਹਟ ਗਿਆ ਹੈ। ਪਹਿਲੇ ਜ਼ਮਾਨੇ ਵਿਚ ਹਲਟ ਹੱਕਣੇ, ਪਾਣੀ ਲਾਉਣੇ, ਬਲਦਾਂ ਦੇ ਹਲਾਂ ਨਾਲ ਵਹਾਈ ਕਰਨੀ, ਗੋਡੀ ਕਰਨੀ, ਫਸਲ ਆਪ ਵੱਢਣੀ ਅਤੇ ਫਲ੍ਹੇ ਨਾਲ ਗਾਹੁਣੀ। ਇਸ ਤਰ੍ਹਾਂ ਸਮੁੱਚਾ ਪਰਿਵਾਰ ਇਸ ਪ੍ਰਕ੍ਰਿਆ ਵਿਚ ਰੁਝਿਆ ਰਹਿੰਦਾ ਸੀ ਪਰੰਤੂ ਹੁਣ ਸਾਰਾ ਕੰਮ ਲੇਬਰ, ਕੀੜੇ ਮਾਰ ਤੇ ਨਦੀਨ ਮਾਰ ਦਵਾਈਆਂ ਅਤੇ ਮਸ਼ੀਨਰੀ ਉਤੇ ਅਧਾਰਤ ਹੈ। ਕਿਸਾਨ ਕੋਲ ਕਾਫੀ ਵਿਹਲ ਹੈ। ਇਸ ਤਰੀਕੇ ਨਾਲ ਸਮੁੱਚੇ ਸਮਾਜ ਦਾ ਅਤੇ ਇਸ ਦੀ ਕਾਰਜ ਪ੍ਰਕ੍ਰਿਆ ਦਾ ਸੰਤੁਲਨ ਵਿਗੜ ਗਿਆ ਹੈ। ਪੈਰ ਪੈਰ ਉਤੇ ਤਰਕ ਵਿਦਿਆ ਦਾ ਪਸਾਰ ਹੋਣ ਨਾਲ ਧਾਰਮਿਕ ਕੀਮਤਾਂ ਅਤੇ ਵਿਸ਼ਵਾਸ਼ਾਂ ਨੂੰ ਹਲੂਣਿਆ ਜਾ ਰਿਹਾ ਹੈ। ਮੁਢਲੇ ਤੇ ਬੁਨਿਆਦੀ ਵਿਸ਼ਵਾਸ਼ ਜਿਹੜੇ ਜੀਵ ਦੇ ਸਹਿਜ ਵਿਕਾਸ ਅਤੇ ਸੰਤੁਲਨ ਲਈ ਜ਼ਰੂਰੀ ਸਨ, ਖਤਮ ਹੋ ਗਏ ਹਨ। ਬਗੈਰ ਕਿਸੇ ਸੰਕੋਚ ਤੋਂ ਇਹ ਕਿਹਾ ਜਾਣ ਲੱਗਾ ਹੈ ਕਿ 'ਆਹ ਜੱਗ ਮਿੱਠਾ ਅਗਲਾ ਕਿਸ ਡਿੱਠਾ' ਜਾਣੀ ਪ੍ਰਭੂ ਨੂੰ ਭੁਲ ਕੇ ਜੀਵ ਵਰਤਮਾਨ ਦੇ ਪਦਾਰਥਕ ਝਲਕਾਰਿਆਂ ਵਿਚ ਜੀ ਰਿਹਾ ਹੈ। ਸਮੇਂ ਦੇ ਹੇਰ ਫੇਰ ਨੇ ਸਾਰਾ ਸਮਾਜਿਕ ਢਾਂਚਾ ਬਦਲ ਕੇ ਰੱਖ ਦਿਤਾ ਹੈ। ਪਹਿਲੇ ਸਮਿਆਂ ਵਿਚ ਬਜ਼ੁਰਗ ਬੱਚਿਆਂ ਉਤੇ ਰਾਖਵੀਂ ਨਿਗ੍ਹਾ ਰੱਖਦੇ ਸਨ ਤਾਂ ਕਿ ਉਹ ਕਿਸੇ ਗਲਤ ਪਾਸੇ ਵੱਲ ਰੁਚਿਤ ਨਾ ਹੋ ਜਾਣ, ਇਥੋਂ ਤੀਕ ਕਿ ਪਿੰਡ ਦੇ ਸਿਆਣੇ ਬਜ਼ੁਰਗ ਪਿੰਡ ਦੇ ਕਿਸੇ ਬੱਚੇ ਨੂੰ ਵੀ ਮਾੜੀਆਂ ਹਰਕਤਾਂ ਕਰਨ ਬਦਲੇ ਘੂਰ ਸਕਦੇ ਸਨ ਪਰੰਤੂ ਅੱਜ ਬੱਚੇ ਬਜ਼ੁਰਗਾਂ ਨੂੰ ਘੂਰਦੇ ਹਨ। ਸੋ ਇਸ ਜ਼ਮਾਨੇ ਵਿਚ ਲੋਕਾਂ ਸਿਰ ਚੜ੍ਹਿਆ ਕਰਜਾ ਦਿਨ ਬ ਦਿਨ ਵੱਧ ਰਿਹਾ ਹੈ ਅਤੇ ਇਹ ਮੋੜਨਾ ਮੁਸ਼ਕਲ ਹੋ ਗਿਆ ਹੈ। ਹਰ ਇਕ ਨੇ ਆਪਣੇ ਰਹਿਣ ਸਹਿਣ ਦੇ ਪੱਧਰ ਦੇਖਾ ਦੇਖੀ ਆਪਣੇ ਸਾਧਨਾਂ ਨਾਲੋਂ ਕਾਫੀ ਜ਼ਿਆਦਾ ਉਚੇ ਕਰ ਲਏ ਹਨ। ਸਧਾਰਨ ਜ਼ਿੰਦਗੀ ਮੁਸ਼ਕਲ ਬਣ ਗਈ ਹੈ। ਪਿਛਲੇ ਸਮਿਆਂ ਵਿਚ ਕਈ ਵਾਰੀ ਬੱਚਿਆਂ ਨੂੰ ਪੜ੍ਹਾਈ ਦੌਰਾਨ ਕਪੜੇ ਅਤੇ ਜੁਤੀ ਵੀ ਨਸੀਬ ਨਹੀਂ ਸੀ ਹੁੰਦੀ, ਕਿਤਾਬਾਂ ਵੀ ਮੁਸ਼ਕਲ ਨਾਲ ਪੁਰਾਣੀਆਂ ਹੀ ਮਿਲਦੀਆਂ ਪਰੰਤੂ ਉਨ੍ਹਾਂ ਨੂੰ ਸਾਂਭ ਸਾਂਭ ਰਖਣਾ। ਹੁਣ ਬੱਚਿਆਂ ਨੇ ਆਪਣੇ ਖਰਚ ਹਦੋਂ ਪਰ੍ਹੇ ਵਧਾ ਲਏ ਹਨ। ਪੜ੍ਹਾਈ ਦੌਰਾਨ ਹੀ ਲੜਕੀਆਂ ਅਤੇ ਲੜਕੇ ਆਪਣੀ ਮਰਜ਼ੀ ਦੇ ਵਿਆਹ ਕਰਵਾਉਣ ਵੱਲ ਰੁਚਿਤ ਹੋ ਰਹੇ ਹਨ। ਪੜ੍ਹਾਈ ਵਲੋਂ ਅਣਗਹਿਲੀ ਕਰਨ, ਮਾਪਿਆਂ ਤੋਂ ਬੇਮੁਖ ਹੋਣ, ਕੰਮ ਤੋਂ ਭੱਜਣ, ਫੈਸ਼ਨ ਦੀ ਵਰਤੋਂ, ਧਾਰਮਿਕ ਤੇ ਇਖਲਾਕੀ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇਣ, ਪ੍ਰਭੂ ਦੇ ਸਿਮਰਨ ਤੋਂ ਹਟਣ ਅਤੇ ਪੈਰ ਪੈਰ ਉਤੇ ਤਰਕਬਾਜੀ ਕਰਨ ਕਰਕੇ ਬੱਚਿਆਂ ਵਿਚ ਖਾਸ ਕਰਕੇ ਅਤੇ ਇਸਦੇ ਸਿੱਟੇ ਵਜੋਂ ਹੀ ਮਾਪਿਆਂ ਵਿਚ ਆਮ ਕਰਕੇ ਤਣਾਓ ਵਧ ਰਿਹਾ ਹੈ। ਇਸੇ ਤਣਾਓ ਵਿਚੋਂ ਆਤਮਘਾਤ ਜਾਂ ਖੁਦਕੁਸ਼ੀ ਦਾ ਰਸਤਾ ਨਿਕਲਦਾ ਹੈ। ਦੂਸਰਾ ਹੁਣ ਖੁਦਕਸ਼ੀ ਦੇ ਢੰਗ ਤਰੀਕੇ ਵੀ ਸੌਖੇ ਅਤੇ ਮਨੁੱਖ ਦੀ ਪਹੁੰਚ ਵਾਲੇ ਬਣ ਗਏ ਹਨ। ਬਜ਼ਾਰ ਵਿਚ ਜਾਂ ਘਰ ਵਿਚ ਬਹੁਤ ਸਾਰੀਆਂ ਚੀਜ਼ਾਂ ਆ ਗਈਆਂ ਹਨ ਜਿਨ੍ਹਾਂ ਦੀ ਵਰਤੋਂ ਕਰਨ ਨਾਲ ਮਰਨਾ ਸੌਖਾ ਹੋ ਗਿਆ ਹੈ। ਤੁਸੀਂ ਕੀਟ ਨਾਸ਼ਕ ਗੋਲੀ ਖਾ ਕੇ ਜਦੋਂ ਜੀ ਚਾਹੇ ਮਰ ਸਕਦੇ ਹੋ। ਆਧੁਨਿਕ ਕਿਸਮ ਦੇ ਹਥਿਆਰ ਆਮ ਉਪਲਬਧ ਹਨ। ਇਨ੍ਹਾਂ ਦੀ ਵਰਤੋਂ ਨਾਲ ਵੀ ਜੀਵ ਨੂੰ ਆਪਣੇ ਆਪ ਨੂੰ ਮਾਰਨਾ ਸੌਖਾ ਹੋ ਗਿਆ ਹੈ। ਗੱਲ ਕੀ ਸਾਡੇ ਕੋਲ ਪੈਰ ਪੈਰ ਤੇ ਮਰਨ ਜਾਂ ਖੁਦਕਸ਼ੀ ਕਰਨ ਦੇ ਢੰਗ ਤਰੀਕੇ ਉਪਲਬਧ ਹਨ।

ਅਸੀਂ ਆਪਣੀਆਂ ਲੋੜਾਂ ਨੂੰ ਅਸੀਮਤ ਕਰ ਲਿਆ ਹੈ ਆਮਦਨ ਦੇ ਮੁਤਾਬਿਕ ਆਪਣੇ ਖਰਚ ਨਹੀਂ ਕਰ ਰਹੇ। ਜਿੰਨਾਂ ਚਿਰ ਅਸੀਂ ਆਪਣੀਆਂ ਲੋੜਾਂ ਸੀਮਿਤ ਕਰਕੇ ਆਮਦਨ ਦੇ ਮੁਤਾਬਿਕ ਆਪਣੇ ਖਰਚ ਸੰਤੁਲਨ ਨਹੀਂ ਕਰਦੇ ਮਾਨਸਿਕ ਤਣਾਓ ਵਧਦਾ ਹੀ ਜਾਵੇਗਾ ਅਤੇ ਜੀਵ ਆਤਮਘਾਤ ਵੱਲ ਨੂੰ ਰੁਚਿਤ ਹੁੰਦਾ ਹੀ ਰਹੇਗਾ। ਅੱਜ ਥਾਂ-ਥਾਂ ਤੇ ਬੈਂਕ ਹਨ। ਬਹੁਤੇ ਲੋਕ ਬੈਂਕ ਦੇ ਕਰਜ਼ਾਈ ਹਨ। ਬੈਂਕ ਵਿਆਜ ਲੈਂਦੀ ਹੈ, ਕਮਿਸ਼ਨ ਲੈਂਦੀ ਹੈ ਪਰ ਕਰਜ਼ਾ ਲੈਣ ਵਾਲਾ ਬੈਂਕ ਤੋਂ ਲਿਆ ਕਰਜ਼ਾ ਹੋਰ ਪਾਸੇ ਲਾ ਦਿੰਦਾ ਹੈ। ਕਿਸੇ ਨੇ ਕੋਠਾ ਬਣਾ ਲਿਆ, ਕਿਸੇ ਨੇ ਸਵਾਰੀ ਜਾਣੀ ਕਾਰ ਮੋਟਰ ਜਾਂ ਸਕੂਟਰ ਲੈ ਲਿਆ ਤੇ ਕਿਸ ਨੇ ਦਿਖਾਵੇ ਖਾਤਰ ਬਹੁਤ ਖਰਚ ਕਰਕੇ ਲੜਕੇ ਜਾਂ ਲੜਕੀ ਦਾ ਵਿਆਹ ਕਰ ਲਿਆ। ਸਿੱਟਾ ਨਿਕਲਦਾ ਹੈ ਕਿ ਕਰਜ਼ਾ ਮੁੜਦਾ ਨਹੀਂ ਹੈ। ਇਸ ਤਰ੍ਹਾਂ ਪਰਿਵਾਰ ਆਰਥਿਕ ਤੌਰ ਤੇ ਤੰਗੀ ਤੁਰਸ਼ੀ ਵਿਚ ਆ ਜਾਂਦਾ ਹੈ। ਇਸ ਦੇ ਨਾਲ ਮਨੁੱਖੀ ਜੀਵਨ/ਪਰਿਵਾਰਿਕ ਜੀਵਨ ਥੋਥਾ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਦੀ ਬਦੌਲਤ ਪਤੀ ਪਤਨੀ ਅਤੇ ਪਰਿਵਾਰ ਦੇ ਦੂਸਰੇ ਮੈਂਬਰਾਂ ਦਾ ਪਿਆਰ ਵੀ ਥੋਥਾ ਹੋ ਜਾਂਦਾ ਹੈ। ਇਨ੍ਹਾਂ ਥੋਥੇ ਅਤੇ ਪਤਲੇ ਸਬੰਧਾਂ ਕਾਰਨ ਆਪਸੀ ਵਿਸ਼ਵਾਸ਼ ਟੁੱਟ ਜਾਂਦੇ ਹਨ ਜਿਸ ਵਿਚੋਂ ਤਣਾਓ ਨਿਕਲਦਾ ਹੈ ਜੋ ਜੀਵਾਂ ਨੂੰ ਆਤਮਘਾਤ ਵੱਲ ਨੂੰ ਲੈ ਜਾਂਦਾ ਹੈ। ਜੀਵਨ ਦੇ ਇਕ ਸਾਥੀ ਦੇ ਆਤਮਘਾਤ ਤੋਂ ਬਾਅਦ ਦੂਸਰਾ ਕਾਮ ਤ੍ਰਿਪਤੀ ਲਈ ਸੁਆਦ ਦੇ ਰਾਹ ਪੈ ਜਾਦਾਂ ਹੈ ਪਰ ਅਸਲ ਵਿਚ ਇਸ ਮਾਰਗ ਉਤੇ ਵੀ ਉਹ ਤਣਾਓ ਗ੍ਰਸਤ ਅਤੇ ਸੰਕਟ ਮਈ ਅਵਸਥਾ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਇਹ ਸਿਲਸਿਲਾ ਅਮੁੱਕ ਤੌਰ ਤੇ ਬਰਕਰਾਰ ਰਹਿੰਦਾ ਹੈ ਜਿਸ ਦੇ ਫਲਸਰੂਪ ਸਮੁੱਚਾ ਸਮਾਜ ਅਤੇ ਮਨੁੱਖੀ ਭਾਈਚਾਰਾ ਸੰਕਟ ਗ੍ਰਸਤ ਹੋ ਜਾਂਦਾ ਹੈ।

ਆਤਮ ਮਾਰਗ ਜੀਵ ਨੂੰ ਪ੍ਰਭੂ ਸਿਮਰਨ ਅਤੇ ਨਾਮ ਨਾਲ ਜੋੜਦਾ ਹੋਇਆ ਨਰੋਏ ਸਮਾਜ ਦੀ ਗੱਲ ਕਰਦਾ ਹੈ ਅਤੇ ਜੀਵ ਦੇ ਮਨ ਵਿਚ ਹੀਣਤਾ ਦੇ ਅਹਿਸਾਸ ਨੂੰ ਹਟਾਉਂਦਾ ਹੈ। ਇਹ ਇਕ ਅਟੱਲ ਸੱਚ ਹੈ ਕਿ ਜਦੋਂ ਅਕਾਲਪੁਰਖ ਪੱਥਰ ਦੇ ਕੀੜੇ ਨੂੰ ਜੀਉਣ ਦੇ ਸਾਧਨ ਪ੍ਰਦਾਨ ਕਰਦਾ ਹੈ ਤਾਂ ਮਨੁੱਖ ਨੂੰ ਵੀ ਕਰੇਗਾ। ਪਰੰਤੂ ਵਰਤਮਾਨ ਸਮੇਂ ਵਿਚ ਧਾਰਮਿਕ ਸੇਧ ਨਾ ਹੋਣ ਕਰਕੇ ਅਧਿਆਤਮਕ ਅਤੇ ਰਹੱਸਮਈ ਸਿਖਿਆ ਧੁੰਧਲੀ ਹੋ ਰਹੀ ਹੈ। ਰਾਜਨੀਤਕ ਸੋਚ ਦੇ ਉਭਾਰ ਕਰਕੇ ਪ੍ਰਭੂ ਸਿਮਰਨ ਦੀ ਸੋਚ ਖਤਮ ਹੋ ਰਹੀ ਹੈ ਇਸ ਦੇ ਨਾਲ ਹੀ ਸਮਾਜਿਕ ਜੀਵਨ ਵਿਚ ਬੁਰਾਈਆਂ ਆ ਰਹੀਆਂ ਹਨ। ਪਰਿਵਾਰਕ ਸਾਂਝ ਖਤਮ ਹੋ ਰਹੀ ਹੈ ਅਤੇ ਭਾਈਚਾਰਕ ਤੰਦਾਂ ਟੁੱਟ ਰਹੀਆਂ ਹਨ। ਇਕੱਲਤਾ ਦਾ ਬੋਲਬਾਲਾ ਹੋ ਰਿਹਾ ਹੈ ਬੋਰਡਿੰਗ ਵਿਚ ਦਾਖਲ ਵਿਦਿਆਰਥੀ ਦਾ ਜੀਵਨ ਵਿਕਲੋਤਰੀ ਇਕੱਲ ਵਾਲਾ ਬਣ ਗਿਆ ਹੈ ਅਤੇ

ਉਹ ਮਸ਼ੀਨੀ ਯੁਗ ਦਾ ਪੁਰਜ਼ਾ ਬਣਦਾ ਜਾ ਰਿਹਾ ਹੈ ਇਸਦੇ ਨਾਲ ਸਮਾਜਿਕ ਤੇ ਪਰਿਵਾਰਕ ਜੋੜ ਤੇ ਤਣੀਆਂ ਟੁਟ ਰਹੀਆਂ ਹਨ। ਬੱਚੇ ਪੜ੍ਹਾਈ ਕਰਕੇ ਮਨ ਮਰਜ਼ੀ ਦੀ ਸ਼ਾਦੀ ਕਰ ਲੈਂਦੇ ਹਨ ਪਰੰਤੂ ਮਾਂ ਬਾਪ ਉਨ੍ਹਾਂ ਉਤੇ ਕੀਤੇ ਖਰਚੇ ਅਤੇ ਪੜ੍ਹਾਈ ਦੀ ਕੀਮਤ ਨੂੰ ਵਸੂਲਣ ਕਾਰਨ ਲਾਲਚੀ ਬਣਦੇ ਜਾ ਰਹੇ ਹਨ, ਕੀਤਾ ਹੋਇਆ ਖਰਚ ਦਾਜ ਦੇ ਰੂਪ ਵਿਚ ਲੜਕੀ ਵਾਲਿਆਂ ਦਾ ਵਸੂਲਣਾ ਚਾਹੁੰਦੇ ਹਨ ਅਤੇ ਇਸ ਤਰ੍ਹਾਂ ਸਮੁੱਚੇ ਪਰਿਵਾਰਕ ਮਹੌਲ, ਮਾਂ ਪਿਉ, ਧੀ ਪੁੱਤ, ਸਭਿਆਚਾਰਕ ਆਰਥਿਕ ਤੇ ਧਾਰਮਿਕ ਪੱਖਾਂ ਦਾ ਮਾਹੌਲ ਦੂਸ਼ਿਤ ਹੋ ਚੁਕਿਆ ਹੈ। ਬੋਰਡਿੰਗ ਅਤੇ ਇਕੱਲਤਾ ਵਿਚ ਵਿਚਰੀ ਅਤੇ ਆਧੁਨਿਕ ਵਿਦਿਆ ਨਾਲ ਲੈਸ ਪਤਨੀ ਆਪਣੇ ਘਰ ਵਾਲੇ ਨੂੰ ਅਲਹਿਦਾ ਕਰਕੇ ਆਪਣੇ ਜੋਗਾ ਹੀ ਬਣਾ ਲੈਂਦੀ ਹੈ ਅਤੇ ਇਸ ਤੋਂ ਵੀ ਅਗਾਂਹ ਪਤੀ ਨਾਲ ਸਬੰਧਤ ਪਰਿਵਾਰ ਦੇ ਮੈਂਬਰਾਂ ਨਾਲ ਪਤਨੀ ਕੋਈ ਸਾਂਝ ਜਾਂ ਪਿਆਰ ਪਾਉਣ ਤੋਂ ਵੀ ਮੁਨਕਰ ਹੁੰਦੀ ਜਾ ਰਹੀ ਹੈ। ਪਰੰਤੂ ਆਪਣੇ ਪਰਿਵਾਰ ਨਾਲ ਸਬੰਧਤ ਰਿਸ਼ਤੇਦਾਰਾਂ, ਮਾਂ ਬਾਪ ਤੇ ਭੈਣ ਭਰਾਵਾਂ ਨੂੰ ਹੱਦੋਂ ਜ਼ਿਆਦਾ ਤਰਜੀਹ ਦਿੰਦੀ ਹੈ, ਇਸ ਤਰ੍ਹਾਂ ਪਤੀ ਪਤਨੀ ਵਿਚਲਾ ਆਪਸੀ ਪਿਆਰ ਵੀ ਤਣਾਓ ਗ੍ਰਸਤ ਹੋ ਰਿਹਾ ਹੈ। ਇਹੋ ਜਿਹੀ ਸਮਾਜਿਕ ਤਬਦੀਲੀ ਦੀ ਵਜ੍ਹਾ ਕਰਕੇ ਇਕੱਲਤਾ ਵਧ ਰਹੀ ਹੈ। ਮਾਂ ਬਾਪ ਨਿਰਾਸ਼ਤਾ ਵਿਚ ਜਾ ਰਹੇ ਹਨ ਅਤੇ ਪੈਸੇ ਧੇਲੇ ਦੀ ਸਰਦਾਰੀ ਸਮਾਜਿਕ ਸਬੰਧਾਂ ਵਿਚ ਤਰੇੜਾਂ ਲਿਆ ਰਹੀ ਹੈ। ਇਹੋ ਜਿਹਾ ਜੀਵਨ ਅਤੇ ਜਿਉਣ ਢੰਗ ਖੁਦਕਸ਼ੀ ਦੀ ਪਰਵ੍ਰਿਤੀ ਵਿਚ ਵਾਧਾ ਕਰ ਰਿਹਾ ਹੈ। ਮੂੜ ਪੁਣੇ ਸਦਕਾ ਸਕੂਲਾਂ ਕਾਲਜਾਂ ਦਾ ਪਿਆਰ ਪਰਿਵਾਰਕ ਮੁਸੀਬਤਾਂ ਵਿਚ ਵਾਧਾ ਕਰਦਾ ਕਰਦਾ ਪਰਿਵਾਰਾਂ ਨੂੰ ਖੁਦਕਸ਼ੀ ਦੇ ਕਿਨਾਰੇ ਤੀਕ ਲੈ ਗਿਆ ਹੈ, ਇਥੇ ਇਕ ਗੱਲ ਹੋਰ ਵੀ ਬਹੁਤ ਗੰਭੀਰ ਹੈ ਕਿ ਸਮਾਜਿਕ ਤਣਾਓ ਪਰਿਵਾਰ ਦੇ ਬਜ਼ੁਰਗਾਂ ਦੀਆਂ ਰਵਾਇਤਾਂ ਨੂੰ ਨਕਾਰਨ ਕਰਕੇ ਹੋਰ ਵੀ ਵਧ ਰਿਹਾ ਹੈ।

ਇਥੇ ਇਕ ਇਹੋ ਤਣਾਓ ਦੀ ਕਹਾਣੀ ਦੱਸੀ ਜਾ ਰਹੀ ਹੈ। ਕਿਸੇ ਸਿਆਣੇ ਵਿਉਪਾਰੀ (ਬਾਣੀਏ) ਨੇ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਆਪਣੀ ਮਰਜ਼ੀ ਦਾ ਵਿਆਹ ਕਰਨੋਂ ਇਸ ਕਰਕੇ ਰੋਕਿਆ ਕਿ ਉਸ ਦਾ ਪੁੱਤਰ ਜਿਸ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਉਸ ਦੀ ਨਾਨੀ ਨੇ ਖੁਦਕਸ਼ੀ ਕੀਤੀ ਸੀ ਪਰੰਤੂ ਪੁੱਤਰ ਨਾ ਰੁਕਿਆ ਅਤੇ ਵਿਆਹ ਕਰਵਾ ਲਿਆ। ਸਮਾਂ ਬੀਤਦਾ ਗਿਆ ਬਜ਼ੁਰਗ ਹੋਣ ਤੇ ਵਿਉਪਾਰੀ ਪਿਓ ਨੇ ਆਪਣੀ ਸਾਰੀ ਪੂੰਜੀ ਪੁਤਰਾਂ ਵਿਚ ਵੰਡ ਦਿਤੀ। ਪਰਤਿਆਵਾ ਲੈਣ ਖਾਤਰ ਉਸਨੇ ਆਪਣੇ ਪੁਤਰਾਂ ਨੂੰ ਆਖਿਆ ਕਿ ਉਹ ਉਸ ਨੂੰ ਥੋੜ੍ਹੀ ਥੋੜ੍ਹੀ ਰਕਮ ਬੁਢਾਪੇ ਦੇ ਗੁਜ਼ਾਰੇ ਖਾਤਰ ਦੇ ਦੇਣ। ਦੂਸਰੇ ਪੁਤਰਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੇ ਕੋਈ ਉਜ਼ਰ ਨਾ ਕੀਤਾ ਪਰੰਤੂ ਛੋਟੇ ਪੁੱਤਰ ਦੀ ਵਹੁਟੀ ਇਹ ਰਕਮ ਦੇਣ ਨੂੰ ਤਿਆਰ ਨਹੀਂ ਸੀ। ਸਿਆਣਾ ਪਿਓ ਕੰਧ ਦੇ ਉਹਲੇ ਖੜ੍ਹ ਕੇ ਨੂੰਹ ਪੁੱਤਰ ਦੀ ਨੋਕਾ ਝੋਕੀ ਸੁਣ ਰਿਹਾ ਸੀ। ਨੂੰਹ ਦਾ ਤਕਰਾਰ ਸੀ ਕਿ ਜੇ ਉਸ ਦੇ ਘਰ ਵਾਲੇ ਨੇ ਆਪਣੇ ਪਿਓ ਨੂੰ ਥੋੜ੍ਹੀ ਜਿੰਨੀ ਵੀ ਰਕਮ (ਜੋ ਉਸਨੇ ਮੰਗੀ ਸੀ) ਦਿਤੀ ਤਾਂ ਮੈ ਆਤਮਘਾਤ ਕਰ ਲਵਾਂਗੀ। ਇਹ ਸ਼ਬਦ ਸੁਣਦਿਆਂ ਹੀ ਪਿਓ ਆਪਣੇ ਛੋਟੇ ਪੁਤਰ ਦੇ ਸਾਹਮਣੇ ਆ ਕੇ ਉਸ ਨੂੰ ਬੀਤੇ ਦੀ ਗੱਲ ਸੁਣਾਉਂਦਿਆਂ ਆਖਣ ਲੱਗਾ ਕਿ ਪੁਤਰ ਇਸੇ ਕਰਕੇ ਮੈਂ ਤੈਨੂੰ ਇਸ ਪ੍ਰੇਮ ਵਿਆਹ ਤੋਂ ਹੋੜਿਆ ਸੀ ਕਿਉਂਕਿ ਇਸ (ਮੇਰੀ ਨੂੰਹ) ਦੀ ਨਾਨੀ ਨੇ ਵੀ ਇਹੋ ਜਿਹੇ ਤਕਰਾਰ ਕਾਰਨ ਖੁਦਕਸ਼ੀ ਕੀਤੀ ਸੀ। ਮੈਨੂੰ ਪੈਸੇ ਦੀ ਤਾਂ ਕੋਈ ਲੋੜ ਨਹੀਂ ਸੀ ਇਹ ਤਾਂ ਸਿਰਫ ਪਰਤਿਆਵਾ ਸੀ ਜੋ ਕਿ ਮੈਂ ਸਿਧ ਕਰਕੇ ਦੱਸ ਦਿਤਾ ਹੈ। ਇਸ ਸਮੁੱਚੀ ਕਥਾ ਵਿਚੋਂ ਇਕ ਗੱਲ ਨਿਕਲਦੀ ਹੈ ਕਿ ਲੋਭੀ ਸੁਭਾਅ ਅਤੇ ਆਦਤਾਂ, ਜਦੋਂ ਪੈਸੇ ਨਾਲ ਇਕ ਮਿਕ ਹੋ ਜਾਣ ਤਾਂ ਖੁਦਕਸ਼ੀ ਦੇ ਵਰਤਾਰੇ ਨੂੰ ਉਤਸ਼ਾਹ ਮਿਲਦਾ ਹੈ। ਸ਼ਹਿਨਸ਼ੀਲਤਾ, ਸਦੀਵੀਚਾਰ, ਸੱਚੇ ਵਰਤਾਰੇ ਦੀ ਅਣਹੋਂਦ ਖੁਦਕਸ਼ੀ ਨੂੰ ਉਤਸ਼ਾਹਤ ਕਰਦੀ ਹੈ।

ਇਹ ਨਿਰਾਸ਼ਤਾ ਕਿਉਂ ਵਧੀ? ਧਾਰਮਿਕ ਪ੍ਰਚਾਰ ਦੀ ਘਾਟ ਕਰਕੇ ਅਤੇ ਨਾਮ ਜਪਣ ਤੋਂ ਪਿਛੇ ਹਟਣ ਕਰਕੇ। ਤਰੱਕੀ ਅਤੇ ਵਿਕਾਸ ਨੀਤੀਆਂ ਕਿਸੇ ਜੀਵ ਨੂੰ ਤਣਾਓ ਗ੍ਰਸਤ ਨਹੀਂ ਕਰਦੀਆਂ, ਤਣਾਓ ਗ੍ਰਸਤ ਮਨੁੱਖ ਉਦੋਂ ਹੁੰਦਾ ਹੈ ਜਦੋਂ ਉਹ 'ਸ਼ਬਦ' ਜਾਣੀ ਨਾਮ ਤੋਂ ਬੇਮੁਖ ਹੋ ਕੇ ਵਿਚਾਰ ਰਹਿਤ ਹੋ ਜਾਂਦਾ ਹੈ। ਇਹੋ ਜਿਹੀ ਅਵਸਥਾ ਵਿਚ ਜੀਵ ਆਪਣਾ ਦੁਖ ਕਿਸੇ ਨੂੰ ਨਹੀਂ ਦਸਦਾ। ਅਜੋਕੇ ਸਮੇ ਵਿਚ ਬਹੁਤ ਦੁੱਖਾਂ ਤੇ ਤਕਲੀਫਾਂ ਨਾਲ ਮਨੁੱਖ ਦੋ ਚਾਰ ਹੋ ਰਿਹਾ ਹੈ ਕਿਸੇ ਸਿਰ ਕਰਜ਼ਾ ਹੋ ਗਿਆ, ਕਿਸੇ ਨੂੰ ਬਹੁਤ ਪੜ੍ਹ ਕੇ ਵੀ ਨੌਕਰੀ ਨਹੀਂ ਮਿਲੀ, ਕਿਸੇ ਨੂੰ ਬਚਪਨ ਵਿਚ ਮਿਲਿਆ ਲਾਡਲੇਪਣ ਵਾਲਾ ਮੋਹ ਪਿਆਰ ਜਵਾਨੀ ਵਿਚ ਨਾ ਮਿਲਿਆ, ਕਿਸੇ ਨੇ ਆਪਣੀਆਂ ਰਵਾਇਤਾਂ ਤੋਂ ਹਟ ਕੇ ਸ਼ਾਦੀ ਵਿਆਹ ਕਰਵਾ ਲਿਆ। ਇਹੋ ਜਿਹੇ ਕਾਰਨ ਮਨੁੱਖ ਵਿਚ ਇਕੱਲਤਾ ਅਤੇ ਉਦਾਸੀ ਲਿਆਉਂਦੇ ਹਨ। ਬੇਸ਼ਕ ਮਨੁੱਖ ਕੋਲ ਪਦਾਰਥਕ ਤਰੱਕੀ ਆ ਗਈ ਹੈ ਪਰ ਮਨ ਦਾ ਚੈਨ ਨਹੀਂ ਮਿਲਿਆ। ਪਦਾਰਥਕ ਤਰੱਕੀ ਸਹੂਲਤਾਂ ਤਾਂ ਪ੍ਰਦਾਨ ਕਰ ਸਕਦੀ ਹੈ ਪਰ ਅੰਤਰੀਵੀ ਸੰਤੁਲਨ ਬਣਾ ਕੇ ਨਹੀਂ ਰੱਖ ਸਕਦੀ। ਮਨ ਦੀ ਸ਼ਾਂਤੀ ਅਤੇ ਅੰਦਰੂਨੀ ਸੰਤੁਲਨ 'ਨਾਮ' ਨਾਲ ਹੀ ਗ੍ਰਹਿਣ ਹੁੰਦਾ ਹੈ। ਜਿਵੇਂ ਕਿ ਫੁਰਮਾਨ ਹੈ –

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*

*ਪੰਨਾ - 707*

ਅੱਜ ਸਾਨੂੰ ਸਾਡੇ ਪੂਰਵਜਾਂ ਦੇ ਗਿਆਨ ਤੱਤਾਂ ਨੂੰ ਸਮਝਣ ਦੀ ਲੋੜ ਹੈ ਕਿਉਂਕਿ ਅਸੀਂ ਆਪਣੀ ਅੰਦਰੂਨੀ ਖੋਜ ਤੋਂ ਖਾਲੀ ਹਾਂ ਇਹ ਖੋਜ 'ਨਾਮ' ਰਾਹੀਂ ਅਤੇ ਸਾਡੇ ਪੂਰਵਜਾਂ ਦੇ ਰਹੱਸਮਈ ਅਤੇ ਅਧਿਆਤਮ ਵਿਖਿਆਨਾਂ ਨੂੰ ਆਪਣੇ ਅੰਦਰ ਸਮਾਉਣ ਨਾਲ ਹੀ ਹੋ ਸਕਦੀ ਹੈ। ਉਦਾਸੀ ਦਾ ਕੋਈ ਇਲਾਜ ਨਹੀਂ ਹੈ, ਨਸ਼ਾ ਖਾ ਕੇ ਮਨੁੱਖ ਕਮਜ਼ੋਰ ਤਾਂ ਹੋ ਸਕਦਾ ਹੈ ਉਦਾਸੀ ਨਹੀਂ ਘਟਾ ਸਕਦਾ। ਲੋੜ ਹੈ ਆਪਸੀ ਸਨੇਹ ਨੂੰ ਵਧਾਉਣ ਦੀ ਅਤੇ ਸਮਾਜ ਵਿਚ ਇਕੱਠੇ ਹੋਣ ਅਤੇ ਸੰਤਾਂ ਦੀ ਸੰਗਤ ਵਿਚ ਬੈਠਣ ਦੀ।

(ਬਾਕੀ ਪੰਨਾ 70 ਤੇ)

# ਪ੍ਰਚਾਰ ਫੇਰੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

1 ਮਾਰਚ ਨੂੰ ਐਤਵਾਰ ਦਾ ਦੀਵਾਨ ਹਮੇਸ਼ਾ ਦੀ ਤਰ੍ਹਾਂ ਘਰ ਦੇ ਅੱਗੇ ਖੁਲ੍ਹੇ ਮੈਦਾਨ ਵਿਚ ਲੱਗਿਆ। ਅੱਜ ਸੰਗਤ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਈ ਹੋਈ ਸੀ ਕਿਉਂਕਿ ਦੂਸਰੇ ਦਿਨ ਜਥੇ ਸਮੇਤ ਅਮਰੀਕਾ ਜਾਣਾ ਸੀ ਤੁਹਾਡੇ ਬੀਜੀ ਬਹੁਤ ਬੀਮਾਰ ਸਨ ਪਰ ਉਨ੍ਹਾਂ ਬੀਮਾਰੀ ਦੀ ਹਾਲਤ ਵਿਚ ਵੀ ਸੰਗਤਾਂ ਦੀ ਹਾਲਤ ਦੇਖ ਕੇ ਇੰਗਲੈਂਡ ਤਕ ਜਾਣਾ ਮੰਨ ਲਿਆ। ਉਹ ਬਹੁਤ ਹੀ ਬਿਮਾਰ ਸਨ। ਦੀਵਾਨ ਦੀ ਸਮਾਪਤੀ ਪਿਛੋਂ ਐਉਂ ਲਗਿਆ ਜਿਵੇਂ ਸੰਗਤ ਦਰਿਆ ਦੇ ਹੜ੍ਹ ਵਾਂਗੂੰ ਮੇਰੇ ਨਾਲ ਮਿਲਣ ਵਾਸਤੇ ਇਛੁਕ ਸੀ। ਗੁਰੂ ਮਹਾਰਾਜ ਜੀ ਦੀ ਸਵਾਰੀ ਦੀਵਾਨ ਅਸਥਾਨ ਤੋਂ ਜਾਣ ਪਿਛੋਂ, ਉਥੇ ਹੀ ਕੁਰਸੀ ਡਾਹੀ ਗਈ ਤਾਂ ਕਿ ਸਾਰੀ ਸੰਗਤ ਨੂੰ ਸੁਖਾਲੇ ਮਿਲ ਲਿਆ ਜਾਵੇ। ਮੈਂ ਤਖਤਪੋਸ਼ ਉਪਰ ਖੜ੍ਹਾ ਹੋ ਗਿਆ ਅਤੇ ਦਸ-ਦਸ ਪ੍ਰੇਮੀਆਂ ਦੀਆਂ ਕਤਾਰਾਂ ਅੱਗੇ ਵਧਣ ਲੱਗੀਆਂ ਬਾਵਜੂਦ ਬਹੁਤ ਸਾਰੇ ਸੇਵਾਦਾਰ ਹੋਣ ਦੇ ਵੀ ਇਕੱਠ ਐਨਾ ਸੀ ਕਿ ਕੰਟਰੋਲ ਕਰਨਾ ਔਖਾ ਸੀ ਫੇਰ ਵੀ 20-25 ਸਿੰਘ ਇਸ ਪ੍ਰਬੰਧ ਵਿਚ ਲਗ ਗਏ ਅਤੇ ਪੂਰੇ ਡੇਢ ਘੰਟੇ ਤਕ ਮੈਂ ਸੰਗਤਾਂ ਨੂੰ ਮਿਲਦਾ ਰਿਹਾ। ਉਹ ਮੈਨੂੰ ਵਿਦਾ ਕਰਨ ਲਈ ਆਏ ਹੋਏ ਸਨ ਕਿਉਂਕਿ ਦੂਸਰੇ ਦਿਨ ਮੈਂ ਵਰਜ ਦਿਤੇ ਸਨ ਕਿ ਅਸੀਂ ਆਪਣੀ ਪੈਕਿੰਗ ਕਰਨੀ ਹੈ। ਉਹ ਅੱਜ ਹੀ ਮਿਲਣਾ ਚਾਹੁੰਦੇ ਸਨ। ਹਿਰਦੇ ਵਿਚ ਬਿਰਹੋਂ ਦੀ ਪੀੜ ਛੁਪਾਈ ਮੈਨੂੰ ਮਿਲ ਰਹੇ ਸਨ ਅਤੇ ਬਹੁਤ ਸਾਰੇ ਪ੍ਰੇਮੀਆਂ, ਬੀਬੀਆਂ, ਬੱਚਿਆਂ ਦੇ ਅੱਖਾਂ ਵਿਚ ਅਥਰੂ ਵਗ ਰਹੇ ਸਨ।

ਅਮਰੀਕਾ, ਕਨੇਡਾ ਅਤੇ ਇੰਗਲੈਂਡ ਦੀਆਂ ਸੰਗਤਾਂ ਤਿੰਨ ਸਾਲ ਤੋਂ ਮੈਨੂੰ ਉਡੀਕ ਰਹੀਆਂ ਸਨ। ਤੁਹਾਡੇ ਬੀਜੀ ਦੀ ਸਿਹਤ ਠੀਕ ਨਾ ਹੋਣ ਕਰਕੇ ਮੈਂ ਜਾ ਨਹੀਂ ਸਕਿਆ ਸੀ। ਹੁਣ ਉਨ੍ਹਾਂ ਨੇ ਬਹੁਤ ਹੀ ਪਿਆਰ ਨਾਲ ਤਾਕੀਦ ਕੀਤੀ ਕਿ ਮੈਂ ਜ਼ਰੂਰ ਆਵਾਂ। ਇਧਰ ਇਸ ਪਿਆਰ ਦੇ ਵਗਦੇ ਦਰਿਆ ਵਿਚੋਂ ਪਿਆਰ ਦੀਆਂ ਠਾਠਾਂ ਮਾਰਦੀਆਂ ਲਹਿਰਾਂ ਪ੍ਰਤੱਖ ਦਿਸ ਰਹੀਆਂ ਸਨ ਜਿਨ੍ਹਾਂ ਤੋਂ ਵਿਛੜਨਾ ਬਹੁਤ ਔਖਾ ਸੀ। ਮੇਰਾ ਦਿਲ ਪ੍ਰਮੇਸ਼ਰ ਨੇ ਪੱਥਰ ਦਾ ਤਾਂ ਨਹੀਂ ਲਾਇਆ, ਕੁਝ ਅਜਿਹੇ ਕਿਸਮ ਦਾ ਹੈ ਕਿ ਮੈਨੂੰ ਦੂਸਰੇ ਦੀ ਪੀੜਾ ਅਨੁਭਵ ਹੋਣ ਕਰਕੇ ਮੇਰੇ ਮਨ ਵਿਚ ਵੀ ਬਹੁਤ ਉਦਾਸੀ ਆ ਜਾਇਆ ਕਰਦੀ ਹੈ ਪਰ ਹੁਕਮ ਦੀ ਖੇਡ ਕਰਕੇ ਜਾਣਾ ਜ਼ਰੂਰ ਬਣਦਾ ਸੀ।

ਦੂਸਰੇ ਦਿਨ 2 ਮਾਰਚ 98 ਦੀ ਤਰੀਕ ਆਈ, ਜਥੇ ਨੂੰ ਦਿਨ ਪਹਿਲਾਂ ਹੀ ਭੇਜ ਦਿਤਾ ਸੀ ਜਿਨ੍ਹਾਂ ਵਿਚ ਭਾਈ ਗੁਰਪਾਲ ਸਿੰਘ, ਭਾਈ ਕੁਲਬੀਰ ਸਿੰਘ, ਭਾਈ ਪਰਮਿੰਦਰ ਸਿੰਘ ਤੇ ਬਾਬਾ ਹਰਪਾਲ ਸਿੰਘ ਜੀ ਸਨ। ਇਹ ਡੇਰੇ ਦੀ ਬੱਸ ਲੈ ਕੇ ਸਿੱਧੇ ਹਵਾਈ ਅੱਡੇ ਉਪਰ ਪਹੁੰਚੇ ਜਿਥੇ ਪੁੱਜ ਕੇ ਇਨ੍ਹਾਂ ਨੇ ਸਾਰਾ ਸਮਾਨ ਬੁਕ ਕਰਾਉਣਾ ਸੀ। ਸ਼ਾਮ ਨੂੰ ਮੈਂ ਹਿਮਾਲੀਅਨ ਕੁਈਨ ਰਾਹੀਂ ਦਿੱਲੀ ਰਵਾਨਾ ਹੋਇਆ ਬਹੁਤ ਸੰਗਤਾਂ ਤਾਂ ਕੋਠੀ ਫੇਰ ਪਹੁੰਚ ਗਈਆਂ ਸਨ, ਸਭਨਾਂ ਦੀਆਂ ਅੱਖਾਂ ਵਿਚ ਹੰਝੂ ਸਨ, ਪਿਆਰ ਦਾ ਸਾਗਰ ਠਾਠਾਂ ਮਾਰ ਰਿਹਾ ਸੀ। ਜਦੋਂ ਮੈਂ ਚੰਡੀਗੜ੍ਹ ਸਟੇਸ਼ਨ ਤੇ ਪਹੁੰਚਿਆ ਉਥੇ ਬਹੁਤ ਸੰਗਤਾਂ ਪਹਿਲਾਂ ਹੀ ਪਹੁੰਚੀਆਂ ਹੋਈਆਂ ਸੀ ਭੀੜ ਬਹੁਤੀ ਹੋਣ ਕਰਕੇ ਧੱਕਾ ਬਹੁਤ ਪੈ ਰਿਹਾ ਸੀ ਉਥੇ ਮੈਂ ਪਲੇਟਫਾਰਮ ਤੇ ਹੀ ਬੈਠ ਗਿਆ। ਉਥੋਂ ਮੈਂ ਤੇ ਤੁਹਾਡੇ ਬੀਜੀ ਫਸਟ ਕਲਾਸ ਵਿਚ ਬੈਠੇ, ਸ੍ਰੀ ਰਛਪਾਲ ਮਲਹੋਤਰਾ, ਡਾ. ਤੇਜਿੰਦਰ ਮਲਹੋਤਰਾ ਉਸੇ ਕੈਬਿਨ ਵਿਚ ਸਨ। ਇਸ ਸਾਰੇ ਸਫਰ ਦਾ ਇੰਤਜ਼ਾਮ ਮਲਹੋਤਰਾ ਜੀ ਨੇ ਕੀਤਾ ਸੀ।

ਜਦੋਂ ਮੈਂ ਦਿੱਲੀ ਉਤਰਿਆ ਉਥੇ ਬੇਅੰਤ ਸੰਗਤਾਂ ਰੇਲਵੇ ਸਟੇਸ਼ਨ ਦੇ ਬਾਹਰ ਮਿਲਣ ਲਈ ਉਤਾਵਲੀਆਂ ਸਨ। ਉਥੇ ਥੋੜ੍ਹੀ ਦੇਰ ਸਾਰੀਆਂ ਸੰਗਤਾਂ ਨੂੰ ਮਿਲਿਆ ਉਹ ਇਕੋ ਗੱਲ ਆਖ ਰਹੇ ਸਨ ਕਿ ਸਾਨੂੰ ਵਾਪਸ ਮੁੜਨ ਦੀ ਤਰੀਕ ਦੱਸ ਕੇ ਜਾਣਾ। ਮੈਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ। ਸਾਰਿਆਂ ਨੂੰ ਮਿਲ ਕੇ ਜਦੋਂ ਮੈਂ ਏਅਰਪੋਰਟ ਤੇ ਪਹੁੰਚਿਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਇਥੇ ਤਾਂ ਰੇਲਵੇ ਸਟੇਸ਼ਨ ਤੋਂ ਵੀ ਜ਼ਿਆਦਾ ਸੰਗਤ ਇਕੱਠੀ ਹੋਈ ਹੋਈ ਸੀ ਇਥੋਂ ਮੈਂ ਸੰਗਤਾਂ ਨੂੰ ਦੂਰੋਂ ਹੀ ਮਿਲ ਕੇ British Airways ਦੇ ਜਹਾਜ਼

ਵਿਚ ਬੈਠ ਗਿਆ। ਭਾਈ ਗੁਰਦੀਪ ਸਿੰਘ ਵੀ ਹਿਮਾਲੀਅਨ ਕੁਈਨ ਵਿਚ ਸਾਡੇ ਨਾਲ ਗਿਆ ਸੀ। ਉਥੋਂ ਖੂਬੀਆਂ ਨੰਗਲ ਵਾਲੇ ਭਾਈ ਗੁਰਦੀਪ ਸਿੰਘ ਭੀ ਯੂ.ਪੀ. ਦੀਆਂ ਸੰਗਤਾਂ ਨਾਲ ਦਿੱਲੀ ਪਹੁੰਚੇ ਹੋਏ ਸਨ। ਚੰਡੀਗੜ੍ਹ ਤੋਂ ਵੀ ਬਹੁਤ ਪ੍ਰੇਮੀ ਉਥੇ ਪਹੁੰਚੇ ਸਨ। ਸਾਡੀਆਂ ਸੀਟਾਂ ਬਹੁਤ ਸੋਹਣੀਆਂ ਸਨ ਅਤੇ British airways ਵਿਚ ਫਸਟ ਕਲਾਸ ਦੀਆਂ ਸੀਟਾਂ ਖੁਲ੍ਹ ਕੇ ਸੋਫੇ ਵਾਂਗੂੰ ਬਣ ਜਾਂਦੀਆਂ ਹਨ। ਲੰਡਨ ਪਹੁੰਚਣ ਤਕ ਕੋਈ ਤਕਲੀਫ ਨਾ ਹੋਈ, ਜਥਾ ਅਸੀਂ ਸਾਰਾ ਅਮਰੀਕਾ ਨੂੰ ਤੋਰ ਦਿਤਾ। ਮੈਂ ਅਤੇ ਮਲਹੋਤਰਾ ਸਾਹਿਬ ਲੰਡਨ ਉਤਰ ਗਏ, ਜਦੋਂ ਤੁਹਾਡੇ ਬੀਜੀ ਸਮੇਤ ਮੈਂ ਜਹਾਜ਼ ਵਿਚੋਂ ਉਤਰਨ ਲੱਗਿਆ ਤਾਂ ਉਸ ਥਾਂ ਸਰਦਾਰ ਪ੍ਰੀਤਮ ਸਿੰਘ ਨਾਗਪਾਲ ਅਤੇ ਵਾਲੀਆ ਜੀ ਸਾਨੂੰ ਲੈਣ ਲਈ ਖੜ੍ਹੇ ਸਨ ਅਤੇ ਦੋਨੋਂ ਪ੍ਰੇਮੀ ਬ੍ਰਿਟਿਸ਼ ਹਾਈ ਕਮੀਸ਼ਨਰ ਦੇ ਦਫਤਰ ਵਲੋਂ ਆਏ ਸਨ। ਇਨ੍ਹਾਂ ਦੇ ਗਲਾਂ ਵਿਚ ਫੋਟੋਆਂ ਲਟਕ ਰਹੀਆਂ ਸਨ ਜਿਸ ਵਿਚ ਅਬੈਂਸੀ ਦੇ ਬੰਦੇ (protocole) ਲਿਖਿਆ ਹੋਇਆ ਸੀ ਉਨ੍ਹਾਂ ਨੇ ਬੀਜੀ ਦੀ ਬਿਮਾਰ ਹਾਲਤ ਦੇਖ ਕੇ ਬਹੁਤ ਸ਼ੀਘਰਤਾ ਨਾਲ wheel chair ਲਿਆਂਦੀ। ਬੀਜੀ ਬੈਠਣਾ ਨਹੀਂ ਸੀ ਚਾਹੁੰਦੇ ਪਰ ਸਾਡੇ ਕਹਿਣ ਤੇ ਬੈਠ ਗਏ ਅਤੇ custom ਵਿਚ ਸਾਡੇ ਤੋਂ ਪਹਿਲਾਂ ਹੀ ਪਹੁੰਚ ਗਏ ਉਥੇ ਮੇਰੇ ਨਾਲ ਰਛਪਾਲ ਮਲਹੋਤਰਾ ਜੀ ਸਨ, ਇਨ੍ਹਾਂ ਪ੍ਰੇਮੀਆਂ ਨੇ ਦਸਿਆ ਕਿ ਏਅਰਪੋਰਟ ਦੇ ਬਾਹਰ ਬਹੁਤ ਸੰਗਤ ਆਈ ਹੋਈ ਹੈ ਜੋ ਤੁਹਾਡਾ ਇੰਤਜ਼ਾਰ ਕਰ ਰਹੀ ਹੈ। ਜਦੋਂ ਅਸੀਂ custom ਤੋਂ ਬਾਹਰ ਆਏ ਤਾਂ ਕੀ ਦੇਖਦੇ ਹਾਂ ਕਿ ਬਹੁਤ ਸੰਗਤ ਖੜ੍ਹੀ ਇੰਤਜ਼ਾਰ ਕਰ ਰਹੀ ਹੈ। ਵੱਡੇ ਫੁਲਾਂ ਦੇ ਹਾਰ ਤੇ ਬੁਕੇ ਹੱਥਾਂ ਵਿਚ ਲਏ ਹੋਏ ਸਨ। ਬੀਬੀਆਂ, ਬੱਚੇ, ਭਾਈ ਸਭ ਇਕ ਤੋਂ ਇਕ ਅੱਗੇ ਆਉਣ ਲਈ ਕਾਹਲੇ ਸਨ। ਮੌਸਮ ਪੂਰੀ ਤਰ੍ਹਾਂ ਬਦਲ ਚੁਕਿਆ ਸੀ। ਇਥੇ ਭਾਰਤ ਵਿਚ ਮਾਰਚ ਵਿਚ ਠੰਢ ਘੱਟ ਹੁੰਦੀ ਹੈ ਪਰ ਉਥੇ ਠੰਢ ਪੈ ਰਹੀ ਸੀ, ਕਣੀਆਂ ਪੈ ਰਹੀਆਂ ਸੀ। ਪਤਾ ਲਗਦਾ ਹੈ ਕਿ ਠੰਢ ਕੀ ਹੁੰਦੀ ਹੈ।

ਸੰਗਤਾਂ ਤੋਂ ਵਿਦਾ ਹੋ ਕੇ ਅਸੀਂ ਵਾਲਸਲ ਜਾਣ ਲਈ ਸੁਖਜਿੰਦਰ ਸਿੰਘ ਖੇੜਾ ਜੀ ਦੀ ਕਾਰ ਵਿਚ ਬੈਠ ਗਏ। ਮਲਹੋਤਰਾ ਜੀ ਦੂਸਰੀ ਕਾਰ ਵਿਚ ਬੈਠ ਗਏ। ਸੜਕ ਦੇਖ ਕੇ ਮਨ ਪ੍ਰਸੰਨ ਹੋ ਗਿਆ ਕਿ ਕਿੰਨਾ ਸਵੈ ਸੰਜਮ ਹੈ ਇਨ੍ਹਾਂ ਲੋਕਾਂ ਵਿਚ। ਪੂਰੇ ਅਸੂਲਾਂ ਦੇ ਨਾਲ ਟਰੈਫਿਕ ਚਲਦਾ ਸੀ ਕੋਈ ਹਾਰਨ ਨਹੀਂ ਸੀ ਵਜਾਉਂਦਾ। ਦੂਸਰੇ ਦੀ ਭਾਵਨਾ ਨੂੰ ਦੇਖ ਕੇ ਕਾਰ ਦਾ ਚਾਲਕ ਭਾਂਪ ਜਾਂਦਾ ਸੀ ਕਿ ਇਹ ਅੱਗੇ ਲੰਘਣਾ ਚਾਹੁੰਦਾ ਹੈ ਅਤੇ ਰਸਤਾ ਦੇਣ ਲਈ lane (ਕਤਾਰ) ਬਦਲ ਲੈਂਦਾ ਸੀ। ਹਾਈ ਵੇ ਤੇ 8 lane ਦੀ ਲਾਈਨ ਸੀ ਸਭ ਆਪਣੀ-ਆਪਣੀ lane ਤੇ ਜਾ ਰਹੇ ਸਨ। ਉਥੇ ਅਸੀਂ ਆਪਣੇ ਦੇਸ਼ ਨਾਲ ਇੰਗਲੈਂਡ ਦੇ ਸੰਜਮ ਭਰੇ ਜੀਵਨ ਨੂੰ ਨਾਪਦੇ ਤੋਲਦੇ ਰਹੇ। ਬਹੁਤ ਵਾਰੀ ਆਇਆ ਕਿ ਅਸੀਂ ਸੰਜਮ ਨੂੰ ਕਿਉਂ ਨਹੀਂ ਅਪਣਾਉਂਦੇ। ਸੜਕਾਂ ਉਪਰ ਸਾਡੇ ਤਾਂ ਟਰੈਫਿਕ ਇਕ ਤਰ੍ਹਾਂ ਨਾਲ ਮੌਤ ਨੂੰ ਹੀ ਅਵਾਜ਼ਾਂ ਮਾਰਦਾ ਹੈ ਕੋਈ ਅਸੂਲ ਨਹੀਂ ਵਰਤਿਆ ਜਾਂਦਾ। ਪਰ ਇਨ੍ਹਾਂ ਦੇਸਾਂ ਦੇ ਅਸੂਲ ਦੇਖ ਕੇ ਅਫਸੋਸ ਜ਼ਰੂਰ ਹੁੰਦਾ ਹੈ ਕਿ ਸਾਡੀ ਸਭਿਆਚਾਰ, ਕਲਚਰ, ਰੂਹਾਨੀਅਤ ਸਾਰੇ ਸੰਸਾਰ ਤੋਂ ਉਚੀ ਹੈ ਪਰ ਸਾਡਾ ਅਮਲ ਸਭ ਤੋਂ ਮਾੜਾ ਹੈ। ਉਨ੍ਹਾਂ ਦੇਸ਼ਾਂ ਵਿਚ ਕਿਤੇ ਵੀ ਮਿਲਾਵਟ ਨਾਮ ਦੀ ਕੋਈ ਚੀਜ਼ ਨਹੀਂ ਹੈ। ਸਾਡੇ ਦੇਸ਼ ਵਿਚ ਤਾਂ ਦੁੱਧ ਵੀ Chemical ਨਾਲ ਬਣਾਇਆ ਮਿਲਦਾ ਹੈ ਜੋ ਇਕ ਤਰ੍ਹਾਂ ਦੀ ਜ਼ਹਿਰ ਹੈ। ਸਾਡੇ ਸ਼ਾਸ਼ਕ ਭਲੀਭਾਂਤ ਇਨ੍ਹਾਂ ਗੱਲਾਂ ਨੂੰ ਜਾਣਦੇ ਹਨ ਪਰ ਕਾਨੂੰਨ ਹੁੰਦਿਆਂ ਹੋਇਆਂ ਵੀ ਮਿਲਾਵਟਾਂ ਵਾਲਿਆਂ ਦੇ ਖਿਲਾਫ ਕੋਈ ਵੀ action ਨਹੀਂ ਲੈਂਦੇ। ਮੈਂ ਖੇਤਾਂ ਵਲ ਵੀ ਦੇਖ ਰਿਹਾ ਸੀ ਜਿਨ੍ਹਾਂ ਵਿਚ ਅਜੇ ਫਸਲ ਛੋਟੀ-ਛੋਟੀ ਹੀ ਸੀ ਸੈਂਕੜੇ ਏਕੜਾਂ ਦੇ ਸਰ੍ਹੋਂ ਦੇ ਤੇ ਕਣਕ ਦੇ ਖੇਤ ਨਜ਼ਰੀਂ ਪੈ ਰਹੇ ਸਨ। ਕਾਫੀ ਦੂਰ ਜਾ ਕੇ ਸੁਖਜਿੰਦਰ ਸਿੰਘ ਜੀ ਨੇ ਕਿਹਾ rest area ਆਉਣ ਵਾਲਾ ਹੈ। ਜੇ ਕੁਝ ਛਕਣਾ ਛਕਾਉਣਾ ਜਾਂ ਬਾਥਰੂਮ ਜਾਣਾ ਹੈ ਤਾਂ ਤੁਹਾਡੀ ਮਰਜ਼ੀ ਹੋਈ ਤਾਂ ਚਲਾਂਗੇ ਪਰ ਅਸਾਨੂੰ ਵਾਲਸਲ ਪਹੁੰਚਣ ਦੀ ਕਾਹਲੀ ਸੀ ਕਿ ਕਦ ਪਹੁੰਚ ਕੇ ਥਕੇਵੇਂ ਦੂਰ ਕਰੀਏ। ਕਾਰਾਂ ਸੌ ਮੀਲ ਦੀ ਰਫਤਾਰ ਤੇ ਚਲ ਰਹੀਆਂ ਸਨ। ਸਾਡੇ 160 ਕਿਲੋਮੀਟਰ ਹੋ ਜਾਂਦੇ ਹਨ, ਵਿਚ ਬੈਠਿਆਂ ਨੂੰ ਪਤਾ ਹੀ ਨਹੀਂ ਸੀ ਲਗਦਾ ਕਿ ਕਾਰ ਐਨੀ ਤੇਜ਼ ਚਲ ਰਹੀ ਹੈ, ਕਦੇ-ਕਦੇ ਜਦੋਂ ਮੀਟਰ ਉਪਰ ਨਿਗ੍ਹਾ ਜਾਂਦੀ ਸੀ ਤਾਂ ਪਤਾ ਲਗਦਾ ਸੀ। ਕਾਰਾਂ ਭਾਰੀਆਂ ਹੋਣ ਕਰਕੇ ਹਲੋਰਾ ਲਗਦਾ ਹੀ ਨਹੀਂ ਸੀ, ਇਨ੍ਹਾਂ ਵਿਚ ਸਫਰ ਐਉਂ ਲਗਦਾ ਸੀ ਜਿਵੇਂ ਘਰ ਵਿਚ ਸੋਫੇ ਤੇ ਬੈਠੇ ਹੋਈਏ। ਅਖੀਰ ਵਾਲਸਲ ਸ. ਜਰਨੈਲ ਸਿੰਘ ਜੀ ਖੇੜਾ ਦੇ ਘਰ ਪਹੁੰਚ ਗਏ ਉਥੇ ਪਿਆਰ ਵਾਲੀ ਸੰਗਤ ਇੰਤਜ਼ਾਰ ਕਰ ਰਹੀ ਸੀ। ਥੋੜ੍ਹੇ ਸਮੇਂ ਪਿਛੋਂ ਦੁਪਹਿਰ ਦਾ ਪ੍ਰਸ਼ਾਦਾ ਛਕ ਕੇ ਬੀਜੀ ਨੂੰ ਉਨ੍ਹਾਂ ਦੀ ਲੜਕੀ ਬਲਦੇਵ ਗਿੱਲ ਦੇ ਘਰ ਛੱਡ ਆਏ। ਦੂਸਰੇ ਦਿਨ ਸਾਡੇ ਆਰਾਮ ਦਾ ਦਿਨ ਸੀ ਪਰ ਮੇਰੇ ਮਨ ਵਿਚ ਖਿਆਲ ਆਇਆ ਕਿ ਜਿਸ ਫੈਕਟਰੀ ਦੀ ਬੁਨਿਆਦ ਪਿਛਲੇ ਸਾਲ 1997 ਵਿਚ ਰੱਖੀ ਸੀ ਉਹ ਦੇਖੀਏ ਕਿ ਕਿੰਨੀ ਕੁ ਬਣ ਚੁਕੀ ਹੈ। 9 ਏਕੜ ਦੇ ਵਿਚ ਉਹ ਫੈਕਟਰੀ ਬਣ ਰਹੀ ਸੀ ਅਤੇ ਉਨ੍ਹਾਂ ਨੇ ਤਿੰਨ-ਤਿੰਨ ਮੰਜ਼ਲਾਂ ਤਕ ਬਣਾ ਲਿਆ ਸੀ। ਮੈਂ ਹੈਰਾਨ ਸੀ ਕਿ ਐਨੀ ਛੇਤੀ ਐਡਾ ਵੱਡਾ ਕੰਮ ਕਿਵੇਂ ਕਰ ਲੈਂਦੇ ਹਨ। ਉਥੇ ਜਦੋਂ ਅਸੀਂ ਪਹੁੰਚੇ ਤਾਂ ਕਈ ਕੰਪਨੀਆਂ ਦੀਆਂ ਕਾਰਾਂ ਜੋ ਗਿਣਤੀ ਵਿਚ 40-50 ਸਨ, ਖੜ੍ਹੀਆਂ ਸਨ ਜਿਨ੍ਹਾਂ ਦੇ ਵਿਚ expert ਬੰਦੇ ਆਪਣੇ-ਆਪਣੇ ਕੰਮ ਕਰ ਰਹੇ ਸਨ। ਨੌਂ ਏਕੜ ਵਿਚ ਛੇ-ਛੇ ਫੁੱਟ ਭਰਤ ਪਈ ਉਹ settle ਕੀਤੀ ਅਤੇ ਫੇਰ ਬਹੁਤ ਲੰਮੀ ਚੌੜੀ ਬਿਲਡਿੰਗ ਉਸਾਰਨੀ ਸ਼ੁਰੂ ਕੀਤੀ। ਮੈਨੂੰ ਸੁਖਜਿੰਦਰ ਸਿੰਘ ਜੀ ਨੇ ਦਸਿਆ ਕਿ ਇਹ ਅਗਸਤ ਤਕ ਉਨ੍ਹਾਂ ਨੇ ਸਾਰੀ ਬਿਲਡਿੰਗ ਪੂਰੀ ਕਰਕੇ ਸਾਡੇ ਹਵਾਲੇ ਕਰ ਦੇਣੀ ਹੈ ਅਸੀਂ ਉਸ ਸਮੇਂ ਪਹਿਲੀ ਫੈਕਟਰੀ ਵਿਚੋਂ ਅਤੇ ਹੋਰ ਨਵੀਆਂ ਮਸ਼ੀਨਾਂ ਲਗਾ ਕੇ ਇਹ ਸ਼ੁਰੂ ਕਰਨੀ ਹੈ।

ਰਾਤ ਭਰ ਸੰਗਤਾਂ ਨੂੰ ਮਿਲਦਾ ਰਿਹਾ। ਪੰਜ ਮਾਰਚ ਨੂੰ ਸਵੇਰੇ ਹੀ ਅਸੀਂ ਵਾਲਸਲ ਤੋਂ 8 ਵਜੇ ਚੱਲੇ ਅਤੇ ਹੀਥਰੋ ਹਵਾਈ ਅੱਡੇ ਤੇ ਪਹੁੰਚਿਆ ਤਾਂ ਵਿਦਾ ਕਰਨ ਲਈ ਲੰਡਨ ਤੋਂ ਸੰਗਤਾਂ ਆਈਆਂ ਹੋਈਆਂ ਸਨ। ਉਥੇ ਹੀ ਭਾਰਤੀ ਹਾਈ

ਕਮੀਸ਼ਨਰ ਦੇ ਕਰਮਚਾਰੀ ਵੀ ਆਏ ਹੋਏ ਸਨ। ਇਥੋਂ ਅਸੀਂ British Airways ਦੇ ਜਹਾਜ਼ ਵਿਚ 13.30 ਤੇ ਸਾਨਫਰਾਂਸਿਸਕੋ ਅਮਰੀਕਾ ਲਈ ਰਵਾਨਾ ਹੋਏ। ਅਸਾਡਾ ਜਹਾਜ਼ ਸੂਰਜ ਵਲ ਨੂੰ ਉਡਾਰੀ ਮਾਰ ਰਿਹਾ ਸੀ। ਧਰਤੀ ਦੇ north pole ਉਪਰ ਦੀ ਹੋ ਕੇ ਬਹੁਤ ਸ਼ੀਘਰਤਾ ਨਾਲ ਅਮਰੀਕਾ ਵਲ ਨੂੰ ਉਡ ਰਿਹਾ ਸੀ। ਥੋੜ੍ਹਾ ਹੀ ਟਾਈਮ ਲੱਗਿਆ ਅਸੀਂ ਸਾਨਫਰਾਂਸਿਸਕੋ ਦੇ ਹਵਾਈ ਅੱਡੇ ਤੇ ਪਹੁੰਚ ਗਏ, ਉਥੇ ਅਜੇ ਸ਼ਾਮ ਦੇ 4 ਵਜੇ ਸਨ। ਜਦੋਂ ਅਸੀਂ ਏਅਰਪੋਰਟ ਤੋਂ ਬਾਹਰ ਆਏ ਤਾਂ ਸੰਗਤਾਂ ਦਾ ਇਕ ਬਹੁਤ ਵੱਡਾ ਇਕੱਠ ਹੱਥਾਂ ਵਿਚ ਫੁਲ ਮਾਲਾਂ ਅਤੇ ਬੁਕੇ ਲਈਂ ਇੰਤਜ਼ਾਰ ਕਰ ਰਿਹਾ ਸੀ। ਐਨੀ ਸੰਗਤ ਸੀ ਕਿ ਮੈਨੂੰ ਕਹਿਣਾ ਪਿਆ ਕਿ ਮੈਂ ਫੁਲਾਂ ਦਾ ਭਾਰ ਨਹੀਂ ਚੁਕ ਸਕਦਾ ਤੁਸੀਂ ਮੇਰੇ ਹੱਥ ਵਿਚ ਫੜਾਈ ਜਾਓ।

ਸੋ ਸਾਨਫਰਾਂਸਿਸਕੋ ਸ. ਮਹਿੰਦਰ ਸਿੰਘ ਗਿੱਲ Turlock ਵਾਲਿਆਂ ਦੀ ਕਾਰ ਵਿਚ ਬੈਠੇ। ਅਸਾਡੇ ਪਿਛੇ ਸਾਨੂੰ ਲੈਣ ਆਈਆਂ ਕਾਰਾਂ ਦਾ ਕਾਫਲਾ ਹੀ ਸੀ। ਅਸੀਂ ਉਥੋਂ Sanjose ਜਾ ਰਹੇ ਸੀ ਕਿਉਂਕਿ ਪ੍ਰਸ਼ਾਦਾ ਸ. ਸਤਿਨਾਮ ਸਿੰਘ ਅਟਵਾਲ ਦੇ ਘਰ ਛਕਣਾ ਸੀ। ਸ. ਸਤਨਾਮ ਸਿੰਘ ਦਾ ਘਰ ਕਾਫੀ ਖੁਲ੍ਹਾ ਸੀ। ਮੀਂਹ ਪੈ ਰਿਹਾ ਸੀ ਉਸਦੇ ਵਿਚ ਹੀ ਇਥੇ ਪਹੁੰਚੇ, ਪੂਰਾ ਘਰ ਸੰਗਤਾਂ ਨਾਲ ਭਰਿਆ ਪਿਆ ਸੀ, ਸਾਰਿਆਂ ਨੂੰ ਪਿਆਰ ਨਾਲ ਮਿਲਿਆ ਅਤੇ ਪ੍ਰਸ਼ਾਦਾ ਛਕਣ ਪਿਛੋਂ ਅਸੀਂ Turlock ਨੂੰ ਚਲ ਪਏ ਜੋ ਭਾਈ ਮਹਿੰਦਰ ਸਿੰਘ ਗਿੱਲ ਦਾ ਇਹੋ ਸ਼ਹਿਰ ਹੈ। ਉਥੇ ਭਾਈ ਮਹਿੰਦਰ ਸਿੰਘ ਦਾ ਘਰ ਬਹੁਤ ਖੁਲ੍ਹਾ ਸੀ ਵਿਹੜੇ ਵਿਚ ਇਕ ਬਹੁਤ ਹੀ ਸੁੰਦਰ ਛੋਟਾ ਜਿਹਾ ਤਲਾਬ ਸੀ ਜਿਸਦਾ ਪਾਣੀ ਅਸਮਾਨ ਦੇ ਰੰਗ ਨਾਲ ਹੀ ਮਿਲਿਆ ਨੀਲਾ-ਨੀਲਾ ਸੀ, ਘਰ ਦੇ ਦੁਆਲੇ ਉਪਚਾਰਕ ਚਾਰ ਏਕੜ ਜ਼ਮੀਨ ਸੀ। ਘਰ ਬਹੁਤ ਖੁਲ੍ਹਾ ਹੋਣ ਕਰਕੇ ਸੰਗਤਾਂ ਜੋ ਵੀ ਮੈਨੂੰ ਮਿਲਣ ਆਉਂਦੀਆਂ ਉਥੇ ਹੀ ਰਹਿੰਦੀਆਂ ਸਨ। ਸਾਡਾ ਜਥਾ ਦੋ ਕੁ ਮੀਲ ਦੂਰ ਬਦਾਮਾਂ ਦੇ ਬਾਗ ਵਿਚ ਬਣੀਆਂ ਕੋਠੀਆਂ ਵਿਚ ਰਹਿ ਰਿਹਾ ਸੀ ਜਿਥੇ ਉਹ ਬਹੁਤ ਖੁਸ਼ ਸਨ ਕਿਉਂਕਿ ਚਾਰੇ ਪਾਸੇ ਬਦਾਮਾਂ ਦੇ ਬਾਗ ਸਨ। ਭਾਈ ਗੁਰਦੀਪ ਸਿੰਘ ਮੇਰੇ ਨਾਲ ਉਸੇ ਘਰ ਵਿਚ ਰਹਿੰਦਾ ਸੀ ਅਤੇ ਸਿੰਘ ਡਮੇਲੀ ਵਾਲੇ ਸੰਤਾਂ ਦੇ ਬਾਗ ਵਿਚ ਰਹਿੰਦੇ ਸਨ। ਅਸਾਡੇ ਨਾਲ ਉਥੇ ਮੇਜਰ ਸਿੱਧੂ 35 ਸੈਕਟਰ ਵਾਲੇ ਵੀ ਰਲ ਗਏ ਅਤੇ ਇਕ ਹੋਰ ਸਿੰਘ ਜਿਸ ਦਾ ਨਾਮ ਸਵਰਨ ਸਿੰਘ ਹੈ ਉਹ ਵੀ ਰਲ ਗਿਆ। ਉਨ੍ਹਾਂ ਸਾਰਿਆਂ ਦੇ ਆਸਣ ਬਦਾਮਾਂ ਦੇ ਬਾਗ ਵਿਚ ਲਗਾ ਦਿਤੇ ਗਏ। ਰਛਪਾਲ ਮਲਹੋਤਰਾ ਜੀ ਭੀ ਬਾਗ ਵਿਚ ਚਲੇ ਗਏ। ਰਾਤ ਦਾ ਦੀਵਾਨ Turlock ਦੇ ਗੁਰਦੁਆਰਾ ਸਾਹਿਬ ਵਿਚ ਲੱਗਿਆ, ਸੰਗਤਾਂ ਹੁੰਮ ਹੁੰਮਾ ਕੇ ਆਈਆਂ। ਪ੍ਰਸੰਗ ਸੀ **'ਜਿਸਦੇ ਹੋਵੇ ਵਲ ਸੁ ਕਦੇ ਨ ਹਾਰਦਾ'** Pin drop silence ਵਿਚ ਸੰਗਤ ਸੁਣ ਰਹੀ ਸੀ। ਹਾਲ ਭਰ ਕੇ ਬਾਹਰ ਹੋਰ ਇੰਤਜ਼ਾਮ ਕਰਨਾ ਪਿਆ ਜਿਥੇ ਸੰਗਤ ਨੇ ਟਿਕ ਕੇ ਦੀਵਾਨ ਸੁਣਿਆ। ਉਨ੍ਹਾਂ ਦਸਿਆ ਕਿ ਇਸ ਥਾਂ ਰਿਵਾਜ ਇਹ ਹੈ ਕਿ ਚਾਰ-ਪੰਜ ਡਾਲਰ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਅਤੇ ਉਸੇ ਸਮੇਂ ਪੰਜ ਡਾਲਰ ਕਥਾ ਕੀਰਤਨ ਕਰਨ ਵਾਲੇ ਜਾਂ ਸਾਧੂ ਸੰਤ ਨੂੰ ਸ਼ਬਦ ਭੇਟ ਕਰਨਗੇ। ਮੈਨੂੰ ਪਹਿਲਾਂ ਹੀ ਪਤਾ ਸੀ ਮੈਂ ਪਹਿਲਾਂ ਹੀ ਕਹਿ ਦਿਤਾ ਕਿ ਕੋਈ ਪ੍ਰੇਮੀ ਸ਼ਬਦ ਭੇਟ ਨਾ ਲਿਆਵੇ। ਦੂਸਰਾ ਮੈਂ ਗੁਰਦੁਆਰਾ ਸਾਹਿਬ ਵਿਚੋਂ ਸ਼ਬਦ ਭੇਟ, ਅਤੇ ਗੁਰਦੁਆਰਾ ਸਾਹਿਬ ਵਲੋਂ ਸਰੋਪਾ ਵੀ ਨਹੀਂ ਲੈਣਾ। ਕਾਰਨ ਇਹ ਦਸਿਆ ਕਿ ਇਸ ਅਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਸਸ਼ੋਭਤ ਹਨ ਅਸਾਡੇ ਇਹੋ ਪਾਤਸ਼ਾਹ ਜੀ ਹਨ। ਇਥੇ ਭੀ ਲੰਗਰ ਚਲਦੇ ਹਨ, ਅਸਾਡੇ ਵੀ ਲੰਗਰ ਚਲਦੇ ਹਨ, ਇਥੇ ਵੀ ਬੱਚੇ ਪੜ੍ਹਦੇ ਹਨ, ਦਵਾਈਆਂ ਮਰੀਜ਼ ਲੈਂਦੇ ਹਨ ਉਥੇ ਭੀ ਇਸੇ ਤਰ੍ਹਾਂ ਹੈ। ਇਥੋਂ ਲੈ ਕੇ ਉਥੇ ਖਰਚਾਂ ਇਹ ਠੀਕ ਗੱਲ ਨਹੀਂ। ਸੰਗਤਾਂ ਨੇ ਮੇਰੀ ਬੇਨਤੀ ਮਨ ਲਈ ਜਿਥੇ-ਜਿਥੇ ਮੈਂ ਗਿਆ ਉਥੇ ਸਭ ਨੂੰ ਪਤਾ ਲਗ ਚੁਕਿਆ ਸੀ ਕਿ ਬਾਬਾ ਜੀ ਸ਼ਬਦ ਭੇਟ ਤੇ ਸਿਰੋਪਾ ਵੀ ਨਹੀਂ ਲੈਂਦੇ। ਉਥੇ ਸੰਚਾਰ ਪ੍ਰਬੰਧ ਐਸੇ ਹਨ ਕਿ ਸਾਰੇ ਅਮਰੀਕਾ ਵਿਚ ਇਕ ਦਮ ਗੱਲ ਫੈਲ ਜਾਂਦੀ ਹੈ। ਦੂਜੇ ਦਿਨ ਭਾਈ ਗੁਰਦੇਵ ਸਿੰਘ, ਆਪਣੀ ਪਤਨੀ ਨਰਿੰਦਰ, ਲੜਕੇ ਗੁਰਿੰਦਰ ਨਾਲ ਆਏ ਹੋਏ ਸਨ। ਉਹ ਉਥੋਂ 70-80 ਮੀਲ ਦੀ ਦੂਰੀ ਤੇ ਰਹਿੰਦੇ ਸਨ। ਸ. ਮਹਿੰਦਰ ਸਿੰਘ ਗਿੱਲ ਦੇ Ware house ਵਿਚ ਚਰਨ ਪਾਏ। Sanjose ਤੋਂ ਬਹੁਤ ਸੰਗਤ ਇਥੇ ਆਈ ਹੋਈ ਸੀ।

8 ਮਾਰਚ ਨੂੰ ਅਚਾਨਕ ਕੁਝ ਅਜਿਹਾ ਹੋਇਆ ਕਿ ਜਦੋਂ ਮੈਂ ਦੁਪਹਿਰ ਪਿਛੋਂ ਆਰਾਮ ਕਰਕੇ ਉਠਿਆ ਤਾਂ ਮੇਰਾ ਗਲਾ ਬਿਲਕੁਲ ਬੰਦ ਹੋ ਗਿਆ। ਇਕ ਅੱਖਰ ਵੀ ਨਹੀਂ ਸੀ ਬੋਲਿਆ ਜਾ ਰਿਹਾ ਹੈ। ਮੈਂ ਹੈਰਾਨ ਹੋ ਗਿਆ ਕਿ ਐਨੀ ਸਾਵਧਾਨੀ ਰੱਖਣ ਨਾਲ ਵੀ ਗਲਾ ਕਿਉਂ ਖਰਾਬ ਹੋ ਗਿਆ। ਜਦੋਂ ਮੈਂ ਗੁਰਦੁਆਰਾ ਟਰਲੌਕ ਕੀਰਤਨ ਕਰਨ ਗਿਆ ਤਾਂ ਪਹਿਲੀ ਧਾਰਨਾ ਵੀ ਨਾ ਪੜ੍ਹੀ ਗਈ ਤਾਂ ਉਸ ਦਿਨ ਭਾਈ ਗੁਰਪਾਲ ਸਿੰਘ ਤੇ ਭਾਈ ਹਰਪਾਲ ਸਿੰਘ ਨੇ ਰਲ ਕੇ ਕੀਰਤਨ ਕੀਤਾ। ਭਾਈ ਗੁਰਪਾਲ ਸਿੰਘ ਜੀ ਨੇ ਉਸੇ ਦਿਨ ਸ਼ਾਮ ਦਾ ਦੀਵਾਨ ਡਮੇਲੀ ਵਾਲੇ ਸੰਤਾਂ ਦੇ ਡੇਰੇ ਵਿਚ ਲਾਇਆ। ਡਾ. ਜਸਬੀਰ ਸੋਨੀ ਜੀ ਜੋ ਦਿਲ ਦੀਆਂ ਬੀਮਾਰੀਆਂ ਦੇ specialist ਹਨ। ਉਨ੍ਹਾਂ ਨਾਲ ਮਿਲਾਪ ਹੋਇਆ। ਬਚਨ ਸੁਣ ਕੇ ਉਹ ਐਨੇ ਪ੍ਰੇਮੀ ਹੋ ਗਏ ਕਿ ਹਰ ਰੋਜ਼ ਮਿਲਣ ਲਈ ਆਉਂਦੇ ਰਹੇ। ਉਨ੍ਹਾਂ ਨੇ ਕਈ ਦਵਾਈਆਂ ਲਿਆ ਕੇ ਦਿਤੀਆਂ ਅਤੇ ਛੇਤੀ ਹੀ ਉਨ੍ਹਾਂ ਦਵਾਈਆਂ ਨੇ ਮੇਰੇ ਸਰੀਰ ਤੇ ਖੁਰਕ ਪੈਦਾ ਕਰ ਦਿਤੀ ਜੋ ਮੈਂ ਬੰਦ ਕਰ ਦਿਤੀਆਂ। ਹੋਰ ਵੀ ਬਹੁਤ ਸਾਰੇ ਪ੍ਰੇਮੀਆਂ ਨੇ ਗਲੇ ਦੀਆਂ ਦਵਾਈਆਂ ਲਿਆਂਦੀਆਂ।

ਅੱਜ ਮਿਲਣ ਲਈ ਮਡੈਸਟੋ ਤੋਂ ਸਾਡੇ ਤਾਇਆ ਜੀ ਦਾ ਸਾਰਾ ਹੀ ਪਰਿਵਾਰ ਆਇਆ ਹੋਇਆ ਸੀ ਜਿਨ੍ਹਾਂ ਨੇ ਆਪਣੇ ਘਰਾਂ ਵਿਚ ਚਰਨ ਪਾਉਣ ਲਈ ਬੇਨਤੀ ਕੀਤੀ। ਅੱਜ ਦਿਨ ਵਿਚ ਬਹੁਤ ਸੰਗਤ ਮਿਲਣ ਆਈ। ਬੀਬੀ ਬਲਬੀਰ ਕੌਰ ਆਪਣੇ ਪਤੀ ਸਮੇਤ ਸਾਨਫਰਾਂਸਿਸਕੋ ਤੋਂ 150 ਮੀਲ ਦਾ ਪੈਂਡਾ ਕੱਟ ਕੇ ਮਿਲਣ ਆਈ। ਇਹ ਬੀਬੀ ਪਹਿਲਾਂ ਪੀ. ਜੀ.ਆਈ ਵਿਚ ਲੱਗੀ ਹੋਈ ਸੀ ਹੁਣ ਉਥੇ ਵੱਡੇ ਹਸਪਤਾਲ ਵਿਚ ਹੈ।

9 ਮਾਰਚ ਨੂੰ ਮਡੈਸਟੋ ਦੇ ਨੇੜੇ ਬਦਾਮਾਂ ਦੇ ਬਾਗ ਵਿਚ

ਜਤਿੰਦਰ ਦੇ ਘਰ ਚਰਨ ਪਾਏ। ਜੋ ਸਾਡੇ ਪਰਿਵਾਰ ਵਿਚੋਂ ਹੀ ਸਨ। ਉਥੋਂ ਸਟਾਕਟਨ ਗਿਆ। ਜਦੋਂ ਅਸੀਂ ਸੜਕ ਤੋਂ ਲੰਘ ਰਹੇ ਸੀ ਤਾਂ ਮੈਨੂੰ ਦਸਿਆ ਕਿ ਸੜਕ ਦੇ ਸੱਜੇ ਪਾਸੇ ਜੋ ਬਿਲਡਿੰਗ ਨਜ਼ਰ ਆ ਰਹੀ ਹੈ ਇਹ ਸੰਤ ਭੁਪਿੰਦਰ ਸਿੰਘ ਜੀ ਜਰਗ ਵਾਲਿਆਂ ਦਾ ਆਸ਼ਰਮ ਹੈ 30-35 ਏਕੜ ਦੀ ਜ਼ਮੀਨ ਹੈ। ਸੰਤ ਮਹਾਰਾਜ ਜੀ ਦੇ ਨਾਮ ਤੇ ਉਸ ਅਸਥਾਨ ਦਾ ਨਾਮ ਰੱਖਿਆ ਹੈ। ਸਟਾਕਟਨ ਉਹ ਜਗ੍ਹਾ ਹੈ ਜਿਥੇ ਭਾਰਤ ਦੀ ਅਜ਼ਾਦੀ ਸਮੇਂ ਵਿਚਾਰਾਂ ਹੋਇਆ ਕਰਦੀਆਂ ਸਨ ਅਤੇ ਇਥੇ ਸੁਖ ਰਹਿੰਦੇ ਬਾਬੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਭਾਰਤ ਪਹੁੰਚੇ ਜਿਨ੍ਹਾਂ ਵਿਚੋਂ ਕੁਝ ਘਰ ਪਹੁੰਚੇ ਅਤੇ ਬਹੁਤ ਸਾਰੇ ਸ਼ਹੀਦ ਕਰ ਦਿਤੇ ਗਏ। ਉਸ ਗੁਰਦੁਆਰੇ ਵਿਚ ਉਨ੍ਹਾਂ ਦੀ ਯਾਦ ਵਿਚ ਇਕ ਕਮਰਾ ਹੈ ਜਿਥੇ ਅਜ਼ਾਦੀ ਦੇ ਲਈ ਜ਼ਿੰਦਾ ਵਾਰਨ ਵਾਲਿਆਂ ਦੀਆਂ ਬਹੁਤ ਤਸਵੀਰਾਂ ਲੱਗੀਆਂ ਹੋਈਆਂ ਸਨ। ਇਸ ਗੁਰਦੁਆਰੇ ਦੀ ਕਮੇਟੀ ਬਹੁਤ ਹੀ ਸੁਲਝੀ ਹੋਈ ਸੀ ਉਨ੍ਹਾਂ ਦੇ ਮਨਾਂ ਵਿਚ ਦੇਸ਼ ਭਗਤਾਂ ਦੀ ਬਹੁਤ ਕਦਰ ਸੀ ਉਥੇ ਮੈਂ ਕੁਝ ਦੇਰ ਦੇਸ਼ ਭਗਤਾਂ ਬਾਰੇ ਗੱਲਬਾਤ ਕਰਦਾ ਰਿਹਾ ਉਨ੍ਹਾਂ ਨੇ ਬਹੁਤ ਧਿਆਨ ਨਾਲ ਸੁਣੀ। ਫੇਰ ਗੁਰਦੁਆਰਾ ਸਾਹਿਬ ਵਿਚ ਕੀਰਤਨ ਕੀਤਾ।

ਇਨ੍ਹਾਂ ਥਾਵਾਂ ਤੋਂ ਹੀ ਕਾਮਾਗਾਟਾ ਮਾਰੂ ਜਹਾਜ਼ ਵਿਚ ਬਹੁਤ ਸਾਰੇ ਪ੍ਰੇਮੀ ਸਵਾਰ ਹੋ ਕੇ ਭਾਰਤ ਪਹੁੰਚੇ ਸਨ ਉਥੇ ਜਦੋਂ ਉਤਰੇ ਤਾਂ ਬਜਬਜ ਘਾਟ ਵਿਚ ਪਹੁੰਚਣ ਸਮੇਂ ਬ੍ਰਿਟਿਸ਼ ਸਰਕਾਰ ਦੇ ਸਿਪਾਹੀਆਂ ਨੇ ਗੋਲੀ ਚਲਾ ਦਿਤੀ ਜਿਸ ਨਾਲ ਬਹੁਤ ਸਾਰੇ ਪ੍ਰੇਮੀ ਇਥੇ ਹੀ ਜਾਨਾਂ ਤੋੜ ਗਏ। ਅੱਜ ਕਈ ਘਰਾਂ ਵਿਚ ਚਰਨ ਪਾਏ। ਕੀਰਤਨ ਭਾਈ ਗੁਰਪਾਲ ਸਿੰਘ ਨੇ ਕੀਤਾ। ਵਖਿਆਨ ਮੈਂ ਕਰਦਾ ਰਿਹਾ। ਸੰਤ ਮਹਾਰਾਜ ਜੀ ਦੇ ਨਾਮ ਤੇ ਬਣੇ ਆਸ਼ਰਮ ਵਿਚ ਇਕੋ ਇਕ ਫੋਟੋ ਦਰਵਾਜ਼ੇ ਦੇ ਸਾਮ੍ਹਣੇ ਹੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਲੱਗੀ ਹੋਈ ਸੀ। ਮਹਾਰਾਜ ਜੀ ਦੀਆਂ ਛੋਟੀਆਂ ਫੋਟੋਆਂ ਹੋਰ ਪਾਸੇ ਲੱਗੀਆਂ ਹੋਈਆਂ ਸਨ।

10 ਮਾਰਚ ਨੂੰ ਮਹਿੰਦਰ ਸਿੰਘ ਗਿੱਲ ਦੇ ਦੋ-ਦੋ, ਚਾਰ-ਚਾਰ ਏਕੜ ਦੇ ਪਲਾਟ ਦੇਖੇ। ਫੇਰ ਮਡੈਸਟੋ ਜਾ ਕੇ ਬਹੁਤ ਸਾਰੇ ਘਰਾਂ 'ਚ ਚਰਨ ਪਾਏ। ਉਥੇ ਮੇਰੇ ਯੂ.ਪੀ. ਵਲੋਂ ਮਿੱਤਰ ਸ਼ਮਸ਼ੇਰ ਸਿੰਘ ਮਾਂਗਟ ਦਾ ਫੋਨ ਆਇਆ ਜਿਸ ਨੇ ਬਹੁਤ ਪ੍ਰਸੰਸਾ ਕੀਤੀ। ਚਰਨ ਪਾਉਣ ਸਮੇਂ ਅਸੀਂ ਬਦਾਮਾਂ ਤੇ ਅਖਰੋਟਾਂ ਦੇ ਬਾਗਾਂ ਵਿਚੋਂ ਲੰਘ ਰਹੇ ਸੀ ਜੋ ਮੀਲਾਂ ਤਕ ਖਤਮ ਹੋਣ ਵਿਚ ਨਹੀਂ ਸੀ ਆ ਰਹੇ। ਸੜਕ ਦੇ ਦੋਨੋਂ ਪਾਸੇ ਬਦਾਮਾਂ, ਅਖਰੋਟਾਂ, ਅਗੂੰਰਾਂ ਤੇ ਖੁਰਮਾਨੀਆਂ ਦੇ ਮੀਲਾਂ ਲੰਮੇ ਬਾਗ ਸਨ। ਅੰਗੂਰਾਂ ਦੀਆਂ ਵੇਲਾਂ ਸ਼ਾਖਾਂ ਛੱਡ ਰਹੀਆਂ ਸਨ ਅਤੇ ਬਦਾਮ ਤੇ ਅਖਰੋਟਾਂ ਦੇ ਬੂਟੇ ਲਾਲ ਚਿੱਟੇ ਫੁਲਾਂ ਨਾਲ ਭਰੇ ਖੜ੍ਹੇ ਸਨ। ਖੁਰਮਾਨੀਆਂ ਤੇ ਆੜੂਆਂ ਦੇ ਬਾਗ ਦੂਰ ਤਕ ਫੈਲੇ ਹੋਏ ਸਨ। ਇਨ੍ਹਾਂ ਵਿਚੋਂ ਲੰਘਦਿਆਂ ਸਾਨੂੰ ਸ਼ਹਿਰਾਂ ਦੀਆਂ ਦਿਲ ਲਭਾਉਣੀਆਂ ਝਾਕੀਆਂ ਪੂਰੀ ਤਰ੍ਹਾਂ ਭੁੱਲ ਚੁਕੀਆਂ ਸਨ ਅਤੇ ਅਸਾਨੂੰ ਇਨ੍ਹਾਂ ਭੋਲੇ ਭਾਲੇ ਬੂਟਿਆਂ ਵਿਚੋਂ ਆਪਣੀ ਦਿਲੀ ਸਾਂਝ ਪ੍ਰਤੀਤ ਦਿੰਦੀ ਸੀ। ਰਾਤ ਨੂੰ ਦੀਵਾਨ ਭਾਈ ਗੁਰਪਾਲ ਸਿੰਘ ਨੇ ਲਾਇਆ ਤੇ ਮੈਂ ਥੋੜ੍ਹਾ ਵਖਿਆਨ ਕੀਤਾ। ਅੱਜ ਮੈਂ ਸਵੇਰੇ ਹੀ 11 ਮਾਰਚ ਨੂੰ ਚਰਨ ਪਾਉਣ ਗਿਆ। ਭਾਈ ਨਿਰੰਜਨ ਸਿੰਘ ਜੋ ਕਿ ਸਾਡੇ ਤਾਏ ਦੀ ਧੀ ਸੀ ਰਿਸ਼ਤੇਦਾਰ ਸੀ ਉਸਦਾ 80 ਏਕੜ ਦਾ ਫਾਰਮ ਸੀ ਉਸੇ ਘਰ ਵਿਚ ਗੁਰੂ ਮਹਾਰਾਜ ਜੀ ਦੀ ਸਵਾਰੀ ਰੱਖੀ ਹੋਈ ਸੀ। ਉਥੇ ਚਰਨ ਪਾ ਕੇ ਮਡੈਸਟੋ ਪਹੁੰਚੇ ਤੇ ਗਿਆਨੀ ਨਿਰਮਲ ਸਿੰਘ ਦੇ ਘਰ ਪੁੱਜੇ। ਕਲੇਰਾਂ ਵਾਲੇ ਮਹਾਂਪੁਰਸ਼ਾਂ ਦੀਆਂ ਫੋਟੋਆਂ ਲੱਗੀਆਂ ਹੋਈਆਂ ਸਨ। ਘਰ ਦੀ ਪਹਿਲੀ ਮੰਜ਼ਲ ਤੇ ਗੁਰੂ ਮਹਾਰਾਜ ਦੀ ਪ੍ਰਕਾਸ਼ ਸੀ ਉਥੇ ਜਾ ਕੇ ਮੱਥਾ ਟੇਕਿਆ ਤੇ ਆਪਸ ਵਿਚ ਬਚਨ ਬਿਲਾਸ ਕੀਤੇ। ਜਦੋਂ ਅਸੀਂ ਘਰਾਂ ਵਿਚ ਚਰਨ ਪਾਉਂਦੇ, ਉਸ ਵੇਲੇ ਸ੍ਰੀ ਰਛਪਾਲ ਮਲਹੋਤਰਾ ਜੀ ਆਤਮ ਮਾਰਗ ਦੀ ਗੱਲ ਕਰ ਦਿਆ ਕਰਦੇ ਅਤੇ ਬਹੁਤ ਸਾਰੇ ਮੈਂਬਰ ਬਣ ਜਾਇਆ ਕਰਦੇ ਸਨ।

ਦੁਪਹਿਰ ਪਿਛੋਂ ਚਾਰ ਵਜੇ ਜਥੇ ਸਮੇਤ Barkly ਦੇ ਨਾਲ ਲਗਦੇ ਰੀਚਅਡ (Richared) ਗੁਰਦੁਆਰੇ ਪਹੁੰਚੇ। ਗੁਰਦੁਆਰਾ ਬਹੁਤ ਸੋਹਣਾ ਸੀ ਜਥੇ ਨੇ ਕੀਰਤਨ ਕੀਤਾ। 35 ਮਿੰਟ ਮੈਂ ਵੀ ਗੁਰਮਤਿ ਸਿਧਾਂਤਾਂ ਉਪਰ ਬੋਲਦਾ ਰਿਹਾ ਇਥੇ ਕਮੇਟੀਆਂ ਬਾਹਰੋਂ ਕੀਰਤਨ ਕਰਨ ਆਏ ਨੂੰ ਨਾ ਤਾਂ ਜੀਅ ਆਇਆ ਹੀ ਆਖਦੀਆਂ ਸਨ ਅਤੇ ਨਾ ਹੀ ਕੀਰਤਨ ਪਿਛੋਂ ਉਸਨੂੰ ਵਿਦਾ ਕਰਦੀਆਂ ਸਨ। ਇਸ ਦੇ ਕਾਰਨ ਦੀ ਵਿਚਾਰ ਕੀਤੀ

ਤਾਂ ਪਤਾ ਲੱਗਿਆ ਕਿ ਇਨ੍ਹਾਂ ਦੀ ਸੰਤਾਂ, ਮਹਾਂਪੁਰਸ਼ਾਂ, ਰਾਗੀਆਂ, ਪ੍ਰਚਾਰਕਾਂ ਉਪਰ ਬਿਲਕੁਲ ਹੀ ਸ਼ਰਧਾ ਨਹੀਂ ਹੈ। ਇਨ੍ਹਾਂ ਦੇ ਅੰਦਰ ਪੂਰੀ ਤਰ੍ਹਾਂ ਨਾਲ ਇਹ ਗੱਲ ਘਰ ਕਰ ਗਈ ਹੈ ਕਿ ਪੰਜਾਬ ਵਿਚੋਂ ਇਹ ਲੋਕ ਅਮਰੀਕਾ ਵਿਚੋਂ ਸੁਖਾਲੇ ਡਾਲਰ ਇਕੱਠੇ ਕਰਨ ਲਈ ਪਹੁੰਚਦੇ ਹਨ। ਵਾਜਿਆਂ ਉਪਰ ਸੰਤ ਵੀ ਪੈਸੇ ਰਖਾਉਂਦੇ ਸਨ, ਸਰੋਪੇ ਵੀ ਲੈਂਦੇ ਸਨ। ਟੈਲੀਫੋਨ ਕਰ ਕਰ ਕੇ ਗੁਰਦੁਆਰਿਆਂ ਵਿਚ ਸਮਾਂ ਨੋਟ ਕਰਾਉਂਦੇ ਹਨ। ਬਾਕੀ ਸਾਰੇ ਵੀ ਇਸ ਤਰ੍ਹਾਂ ਸਮਾਂ ਨੋਟ ਕਰਾਉਂਦੇ ਸੀ। ਇਸ ਕਰਕੇ ਉਹ ਇਨ੍ਹਾਂ ਨੂੰ ਆਮ ਆਦਮੀਆਂ ਵਾਂਗ ਹੀ ਆਦਰ ਦਿੰਦੇ ਸਨ। ਨਾ ਤਾਂ ਇਨ੍ਹਾਂ ਨੂੰ ਸੰਤਾਂ ਦੀ ਮਹਿਮਾ ਦਾ ਪਤਾ ਸੀ ਇਨ੍ਹਾਂ ਹੀ ਜਾਣਦੇ ਸੀ ਕਿ ਇਹ ਲੋਕ ਡਾਲਰ ਇਕੱਠੇ ਕਰਨ ਹੀ ਆਉਂਦੇ ਹਨ। ਹੈ ਵੀ ਠੀਕ ਕਿਉਂਕਿ ਗੁਰਦੁਆਰਾ ਸਾਹਿਬ ਦੇ ਹਾਲਾਂ ਵਿਚ ਅੱਠ ਸੌ ਤੋਂ ਇਕ ਹਜ਼ਾਰ ਬੰਦਿਆਂ ਦੀ ਸੰਗਤ ਜੁੜ ਜਾਂਦੀ ਹੈ। ਛੁਟੀ ਵਾਲਾ ਦਿਨ ਹੋਣ ਕਰਕੇ ਸਾਰੇ ਹੀ ਗੁਰਦੁਆਰੇ ਵਿਚ ਪਹੁੰਚ ਜਾਂਦੇ ਹਨ ਇਥੇ ਇਹ ਰਿਵਾਜ ਬਹੁਤ ਅੱਛਾ ਹੈ, week end ਤੇ ਗੁਰਦੁਆਰਾ ਸਾਹਿਬ ਜ਼ਰੂਰ ਜਾਣਾ ਹੈ। ਕੋਈ week ਅਜਿਹਾ ਨਹੀਂ ਹੁੰਦਾ ਜਦੋਂ ਸ਼ੁਕਰ ਤੇ ਸ਼ਨਿਚਰਵਾਰ ਸ਼ਾਮ ਅਤੇ ਐਤਵਾਰ ਦਿਨੇ ਕੋਈ ਪ੍ਰਚਾਰਕ ਜਾਂ ਸੰਤ ਪੰਜਾਬ ਤੋਂ ਆਇਆ ਨਾ ਹੋਵੇ। ਇਥੇ ਦੇ ਰਿਵਾਜ ਮੁਤਾਬਿਕ ਹਰ ਬੰਦਾ ਗੁਰੂ ਗ੍ਰੰਥ ਸਾਹਿਬ ਨੂੰ ਮਾਇਆ ਵੀ ਭੇਟ ਕਰਦਾ ਹੈ ਅਤੇ ਕੀਰਤਨ ਕਰਨ ਵਾਲੇ ਦੇ ਵਾਜੇ ਤੇ ਵੀ ਮਾਇਆ ਰੱਖ ਕੇ ਮੱਥਾ ਟੇਕਿਆ ਜਾਂਦਾ ਹੈ। ਜੇ ਦੀਵਾਨ ਦੀ ਹਾਜ਼ਰੀ ਇਕ ਹਜ਼ਾਰ ਪ੍ਰੇਮੀ ਦੀ ਹੋਵੇ ਅਤੇ ਉਹ ਸਿਰਫ ਇਕ-ਇਕ ਡਾਲਰ ਹੀ ਮੱਥਾ ਟੇਕਣ ਤਾਂ ਵੀ ਪ੍ਰਚਾਰਕ ਕੋਲ ਇਕ ਹਜ਼ਾਰ ਡਾਲਰ ਪਹੁੰਚ ਜਾਂਦਾ ਹੈ। ਜੇ ਉਹ ਹੋਰ ਭਾਵੁਕ ਗੱਲਾਂ ਸੁਣਾਵੇ ਜਾਂ ਨਵੀਆਂ-ਨਵੀਆਂ ਤਰਜਾਂ ਨਾਲ ਵਾਜੇ ਦੀਆਂ ਤਰਬਾਂ ਹਿਲਾਵੇ ਤਾਂ ਸੰਗਤ ਵਿਚੋਂ ਉਠ-ਉਠ ਕੇ ਐਨੀ ਵਾਧੂ ਮਾਇਆ ਉਸ ਪਾਸ ਪਹੁੰਚ ਜਾਂਦੀ ਸੀ ਕਿ ਇਕ ਤਰ੍ਹਾਂ ਢੇਰ ਹੀ ਲਗ ਜਾਂਦਾ ਹੈ।

ਮੈਨੂੰ ਦਸਿਆ ਗਿਆ ਕਿ ਕਈ ਵਾਰੀ ਤਾਂ ਐਨੇ ਪੈਸੇ ਚੜ੍ਹ ਜਾਂਦੇ ਸਨ ਕਿ ਕਮੇਟੀ ਵੀ ਵਿਚੋਂ ਆਪਣਾ ਹਿੱਸਾ ਮੰਗਦੀ ਹੈ ਇਸ ਤਰ੍ਹਾਂ ਮਾਮੂਲੀ ਅਨੁਮਾਨ ਲਾ ਕੇ ਵੀ ਕੀਰਤਨੀਏ ਨੂੰ 1500 ਡਾਲਰ ਘੰਟੇ ਵਿਚ ਆਮਦਨ ਹੋ ਜਾਂਦੀ ਹੈ। ਇਸ ਕਰਕੇ ਇਨ੍ਹਾਂ ਲੋਕਾਂ ਦਾ ਇਹ ਨਿਸ਼ਚਾ ਠੀਕ ਹੀ ਲਗਦਾ ਸੀ। ਮੈਂ ਕਿਉਂਕਿ ਇਹ ਸਾਰੇ ਪੈਸੇ ਲੈਣੇ ਬੰਦ ਕਰ ਦਿਤੇ ਅਤੇ ਗੁਰਦੁਆਰੇ ਤੋਂ ਸਰੋਪੇ ਦੇ ਰੂਪ ਵਿਚ ਵੀ ਮਾਇਆ ਲੈਣੀ ਬੰਦ ਕਰ ਦਿਤੀ ਉਹ ਇਸ ਗੱਲ ਤੋਂ ਹੈਰਾਨ ਸਨ ਕਿ ਇਨ੍ਹਾਂ ਦਾ ਕੰਮ ਕਿਵੇਂ ਚਲਦਾ ਹੋਵੇਗਾ। ਇਹ ਹਰ ਰੋਜ਼ ਤਕਰੀਬਨ 70 ਹਜ਼ਾਰ ਰੁਪਿਆ ਜੋ ਮਿਲਣਾ ਸੀ ਉਹ ਬੰਦ ਕਰ ਰਹੇ ਹਨ। ਇਹ ਗੱਲ ਮੈਨੂੰ ਅਵਾਜ਼ਿ ਕੌਮ ਦੇ ਐਡੀਟਰ ਨੇ ਵੀ 1997 ਵਿਚ ਜਦੋਂ ਮੈਂ ਇੰਗਲੈਂਡ ਗਿਆ ਸੀ, ਪੁਛੀ ਸੀ। ਮੇਰਾ ਉਤਰ ਸਪਸ਼ਟ ਸੀ ਕਿ ਮੈਂ ਗੁਰੂ ਮਹਾਰਾਜ ਦੀ ਬਾਣੀ ਅਤੇ ਗੁਰੂ ਮਹਾਰਾਜ ਵਲੋਂ ਦਿਤੀ ਵਿਦਵਤਾ ਵੇਚਣ ਨਹੀਂ ਆਇਆ। ਮੈਂ ਤੁਹਾਡੇ ਨਾਲ ਗੁਰਮਤਿ ਵਿਚਾਰ ਵਟਾਂਦਰੇ ਕਰਨ ਆਇਆ ਹਾਂ, ਮੈਂ ਗੁਰੂਆਂ ਦੇ ਬਚਨ ਕਰਨ ਆਇਆ ਹਾਂ, ਆਤਮ ਮਾਰਗ ਬਾਰੇ ਕੁਝ ਦਸਣ ਆਇਆ ਹਾਂ ਮੇਰੇ ਸਾਮ੍ਹਣੇ ਪੈਸੇ ਇਕੱਠੇ ਕਰਨ ਦਾ ਕੋਈ ਮੰਤਵ ਹੀ ਨਹੀਂ ਹੈ। ਇਸ ਕਰਕੇ ਹੀ ਕਿ ਮੈਂ ਆਪਣੇ ਪੂਰਵਜਾਂ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲੇ, ਰੇਰੂ ਸਾਹਿਬ ਵਾਲੇ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਚਾਲੀ ਤੇ ਚਲਦਾ ਹੋਇਆ ਪੈਸੇ ਇਕੱਠੇ ਕਰਨ ਦਾ ਕੰਮ ਨਹੀਂ ਕਰ ਸਕਦਾ। ਕਿਉਂਕਿ ਮੈਨੂੰ ਬਹੁਤ ਹੀ ਹੀਣਤਾ ਪ੍ਰਤੀਤ ਦਿੰਦੀ ਸੀ ਕਿ ਮੈਂ ਬਾਣੀ ਦੇ ਬਦਲੇ ਡਾਲਰ ਇਕੱਠੇ ਕਰਾਂ। ਇਸ ਗੱਲ ਨੇ ਸਾਰੇ ਗੁਰਦੁਆਰਿਆਂ ਵਿਚ ਇਕ ਅਜੀਬ ਜਿਹਾ ਵਾਤਾਵਰਣ ਪੈਦਾ ਕਰ ਦਿਤਾ, ਅਸੀਂ ਕਿਸੇ ਗੁਰਦੁਆਰੇ ਨੂੰ ਨਹੀਂ ਕਿਹਾ ਕਿ ਸਾਨੂੰ ਸਮਾਂ ਦਿਓ। ਸਗੋਂ ਉਹ ਆਪ ਆ ਕੇ ਸਮਾਂ ਮੰਗਿਆ ਕਰਦੇ ਸਨ। ਭਾਈ ਮਹਿੰਦਰ ਸਿੰਘ ਗਿੱਲ ਟਰਲੋਕ ਵਾਲੇ ਜੋ ਸਾਰੇ ਪ੍ਰਬੰਧ ਨੂੰ ਚਲਾ ਰਹੇ ਸਨ ਉਨ੍ਹਾਂ ਨੇ ਸਮੇਂ ਦੀ ਵੰਡ ਕਰਕੇ ਸਮਾਂ ਅਲਾਟ ਕਰਨਾ। ਇਸ ਕਰਕੇ ਸੰਗਤ ਪ੍ਰਭਾਵਤ ਹੋਈ ਹੋਈ ਪਿਆਰ ਨਾਲ ਬੈਠ ਕੇ ਸੁਣਿਆ ਕਰਦੀ ਸੀ ਜਿਸ ਵਿਚ ਹਿੰਦੂ ਜਨਤਾ ਵੀ ਆਇਆ ਕਰਦੀ ਸੀ।

ਇਕ ਗੱਲ ਮੈਂ ਹੋਰ ਦੇਖੀ ਕਿ ਬਹੁਤ ਸਾਰੇ ਗੁਰਦੁਆਰਿਆਂ ਵਿਚ ਕੁਝ ਦ੍ਵੈਤ ਭਾਵ ਵੀ ਦਿਸਦਾ ਸੀ। ਜਿਹੜੇ ਪ੍ਰੇਮੀ ਸਿਰ ਤੇ ਰੁਮਾਲ ਬੰਨ੍ਹ ਕੇ ਕੀਰਤਨ ਕਰਨ, ਸਰਵਣ ਕਰਨ ਵਾਸਤੇ ਆਉਂਦੇ ਉਨ੍ਹਾਂ ਦੇ ਮਨ ਵਿਚ ਬਹੁਤ ਸ਼ਰਧਾ ਹੁੰਦੀ ਹੈ ਕਿਉਂਕਿ ਉਹ ਇਹ ਸਮਝਦੇ ਹਨ ਕਿ ਜੋ ਅੰਮ੍ਰਿਤਧਾਰੀ ਸਿੰਘ ਹਨ ਇਹ ਗੁਰੂ ਮਹਾਰਾਜ ਜੀ ਦੇ ਜ਼ਿਆਦਾ ਨੇੜੇ ਹਨ ਅਤੇ ਅਸੀਂ ਅਜੇ clean shaven ਹਾਂ, ਸ਼ਾਇਦ ਅਸੀਂ ਗੁਰੂ ਸਾਹਿਬ ਤੋਂ ਦੂਰ ਹੋਈਏ। ਇਹ ਭਾਵਨਾ ਅਸਾਡੇ ਛੋਟੇ level ਦੇ ਪ੍ਰਚਾਰਕਾਂ ਨੇ ਬਣਾਈ ਹੋਈ ਸੀ। ਉਹ ਹੀਣਤਾ ਮਹਿਸੂਸ ਕਰਦੇ ਸਨ ਪਰ ਮੈਂ ਉਨ੍ਹਾਂ ਨਾਲ ਬਚਨ ਕਰਕੇ ਦੇਖੇ ਉਹ ਮੇਰੇ ਤੋਂ ਕਈ ਗੂੜ੍ਹ ਸਿਧਾਂਤਾਂ ਬਾਰੇ ਪੁਛਦੇ ਸਨ। ਨਾਮ ਜਪਣ ਦੇ ਤਰੀਕਿਆਂ ਬਾਰੇ ਪੁਛਦੇ ਸਨ, ਬਾਣੀ ਵੀ ਪੜ੍ਹਿਆ ਕਰਦੇ ਹਨ ਅਤੇ ਕਾਫੀ ਸੋਝੀ ਰਖਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਸਦਾ ਨਿਮਰਤਾ ਬਣੀ ਰਹਿੰਦੀ ਹੈ। ਪੂਰਾ ਦੀਵਾਨ ਇਕਾਗਰ ਚਿਤ ਹੋ ਕੇ ਸੁਣਦੇ ਸਨ ਪਰ ਬਹੁਤ ਥਾਂ ਅੰਮ੍ਰਿਤਧਾਰੀ ਸਿੰਘ ਉਨ੍ਹਾਂ ਨੂੰ ਪਿਛੇ ਰੱਖਣ ਵਿਚ ਹੀ ਭਲਾ ਸਮਝਦੇ ਸਨ, ਅਜਿਹੇ ਪ੍ਰੇਮੀਆਂ ਦੇ ਘਰਾਂ ਵਿਚ ਮੈਂ ਚਰਨ ਪਾਏ, ਜਿਥੇ ਜਾ ਕੇ ਇਹ ਪਤਾ ਹੀ ਨਹੀਂ ਲਗਦਾ ਸੀ ਕਿ ਇਹ ਬਾਣੀ ਅਤੇ ਨਾਮ ਤੋਂ ਦੂਰ ਹਨ, ਇਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਹੀ ਜੋੜਿਆ ਹੋਇਆ ਸੀ। ਕਈ ਸੰਪਰਦਾਵਾਂ ਜਿਹੜੀਆਂ ਦੇਹਧਾਰੀ ਗੁਰੂ ਵਿਚ ਵਿਸ਼ਵਾਸ਼ ਰਖਦੀਆਂ ਸਨ ਅਤੇ ਮਹਾਂਪੁਰਖ ਆ ਕੇ ਗੁਰੂ ਧਾਰਨ ਦਾ ਉਪਦੇਸ਼ ਸਾਡੇ ਵਾਂਗੂੰ ਹੀ ਦਿੰਦੇ ਸਨ ਅਤੇ ਗੁਰੂ ਕੀ ਹੁੰਦਾ ਹੈ ਇਹ ਗੁਰਬਾਣੀ ਵਿਚੋਂ ਹੀ ਦਸਦੇ ਸਨ। ਮੈਨੂੰ ਕਹਿੰਦੇ ਸਨ ਕਿ ਸਤਿਗੁਰੂ ਕੀ ਹੁੰਦਾ ਹੈ ਗੁਰਬਾਣੀ ਅਨੁਸਾਰ ਦਸਿਆ ਜਾਂਦਾ ਸੀ, ਜਿਹੜਾ ਇਸ ਸਰੀਰ ਰੂਪੀ ਘਰ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ ਉਹ ਸਮਰਥ ਗੁਰੂ ਹੁੰਦਾ ਹੈ ਫਿਰ ਕਹਿੰਦੇ ਸਨ ਕਿ ਇਹ ਘਰ ਜਦੋਂ ਪ੍ਰਾਪਤ ਹੋ ਜਾਂਦਾ ਹੈ ਤਾਂ ਉਥੇ ਅਨਹਦ ਸ਼ਬਦਾਂ ਦੇ ਵਾਜੇ ਵਜਦੇ ਹਨ ਇਹ ਨਿਸ਼ਾਨੀ ਹੋਇਆ ਕਰਦੀ ਹੈ, ਜੇ ਗੁਰੂ ਨਾ ਧਾਰਿਆ ਜਾਵੇ ਤਾਂ ਨਾਮ ਨਹੀਂ ਮਿਲਦਾ,

ਉਪਦੇਸ਼ ਮੇਰਾ ਵੀ ਇਹੋ ਹੀ ਸੀ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਨ ਕਰਦੇ ਹਨ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥***

*ਪੰਨਾ - 1291*

ਅਸਾਨੂੰ ਦਸਣਾ ਪੈਂਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਪੂਰਨ ਸਤਿਗੁਰੂ ਹਨ, ਉਹ ਸ਼ਬਦ ਬ੍ਰਹਮ ਹਨ। ਪਰ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਅਤੇ ਨਾਮ, ਮੂਲਮੰਤਰ ਦੀ ਦਾਤ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਖਾਸ ਸੰਜਮ ਵਿਚ ਰੱਖਣਾ ਪੈਂਦਾ ਹੈ ਫੇਰ ਗੁਰੂ ਦੀ ਕ੍ਰਿਪਾ ਨਾਲ ਕੀਤੀ ਹੋਈ ਘਾਲ ਕਮਾਈ ਨਾਲ ਅੰਦਰ ਚੜ੍ਹਾਈ ਚੜ੍ਹਦਾ ਹੈ ਜੋ ਗੁਰੂ ਘਰ ਦੇ ਤੱਤ ਬੇਤੇ ਮਹਾਂਪੁਰਸ਼ ਅਧਿਕਾਰੀ ਜਗਿਆਸੂਆਂ ਨੂੰ guide ਕਰਦੇ ਹੀ ਰਹਿੰਦੇ ਹਨ ਕਿਉਂਕਿ ਇਨ੍ਹਾਂ ਦੀ ਡਿਊਟੀ ਅਕਾਲਪੁਰਖ ਵਲੋਂ ਲੱਗੀ ਹੋਈ ਹੈ, ਇਨ੍ਹਾਂ ਦਾ ਕੰਮ ਹੀ ਨਾਮ ਜਪਣਾ ਤੇ ਜਪਾਉਣਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*** *ਪੰਨਾ - 306*

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***

*ਪੰਨਾ - 1373*

ਸੰਤਾਂ ਨੇ ਤਾਂ ਸਾਰੇ ਸੰਸਾਰ ਨੂੰ ਪ੍ਰਮੇਸ਼ਰ ਨਾਲ ਜੋੜਨਾ ਹੁੰਦਾ ਹੈ ਕਿਸੇ ਧਰਮ ਦਾ ਬੰਦਾ ਆ ਜਾਵੇ ਉਸ ਨੂੰ ਉਸੇ ਤਰੀਕੇ ਨਾਲ ਉਪਦੇਸ਼ ਕਰਕੇ ਸਹੀ ਮਾਰਗ ਤੇ ਪਾ ਦਿਆ ਕਰਦੇ ਹਨ। ਉਹ ਇਹ ਨਹੀਂ ਚਾਹੁੰਦੇ ਕਿ ਚਲਦੇ ਦਰਿਆ ਵਿਚ ਕਿਸ਼ਤੀਆਂ ਬਦਲੀਆਂ ਜਾਣ, ਜਿਥੇ ਕੋਈ ਮੁਸਾਫਰ ਚਲ ਰਿਹਾ ਹੈ ਉਥੇ ਹੀ ਉਸਨੂੰ ਸਹੀ ਰਸਤੇ ਦੀ ਪਛਾਣ ਦਸ ਦਿੰਦੇ ਹਨ। ਸੰਤ ਦ੍ਵੈਸ਼ ਭਾਵ ਤੋਂ ਉਚੇ ਹੁੰਦੇ ਹਨ। ਉਨ੍ਹਾਂ ਨੂੰ ਸੰਪਰਦਾਵਾਂ ਦੀਆਂ ਵਲਗਣਾਂ ਰੋਕ ਨਹੀਂ ਸਕਦੀਆਂ ਕਿਉਂਕਿ ਉਨ੍ਹਾਂ ਦਾ ਨਿਸ਼ਚਾ ਇਹੋ ਹੁੰਦਾ ਹੈ ਕਿ ਸੰਸਾਰ ਵਿਚ ਵਾਹਿਗੁਰੂ ਜੀ ਆਪਣੀ ਖੇਲ੍ਹ ਆਪ ਹੀ ਕਰ ਰਹੇ ਹਨ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***

*ਪੰਨਾ - 846*

ਉਹ ਖੁਦ ਆਤਮ ਚਿੰਤਨ ਕਰਕੇ ਸਾਰੀ ਦੁਨੀਆਂ ਨੂੰ ਇਕ ਦ੍ਰਿਸ਼ਟੀ ਨਾਲ ਦੇਖਦੇ ਹਨ ਜਿਥੇ ਵੀ ਕੋਈ ਰੁਕਿਆ ਪਿਆ ਹੈ ਉਸ ਨੂੰ ਉਸਦੇ ਤਰੀਕੇ ਨਾਲ ਅੱਗੇ ਦਾ ਮਾਰਗ ਦਸ ਦਿੰਦੇ ਹਨ ਇਸ ਕਰਕੇ ਸੰਪਰਦਾਈ ਵਲਗਣਾਂ 'ਚੋਂ ਨਿਕਲਕੇ ਜਗਿਆਸੂ ਤਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸੁਣਨ ਲਈ ਬਹੁਤ ਹੀ ਸ਼ਰਧਾ ਭਾਵਨਾ ਨਾਲ ਆਇਆ ਕਰਦੇ ਸਨ, ਮੈਂ ਕਦੇ ਕਿਸੇ ਨੂੰ ਪੁਛਿਆ ਹੀ ਨਹੀਂ ਸੀ ਕਿ ਤੂੰ ਕਿਹੜੀ ਸੰਪਰਦਾ ਨਾਲ ਸਬੰਧ ਰਖਦਾ ਹੈਂ ਸਿਰਫ ਜਦੋਂ ਉਨ੍ਹਾਂ ਨੇ ਕੋਈ ਨਾਮ ਦਾ ਸਵਾਲ ਕਰਨਾ, ਨਾਮ ਦਾ ਰਾਹ ਪੁਛਣਾ ਤਾਂ ਉਨ੍ਹਾਂ ਦੇ ਨਿਸ਼ਚਿਆਂ ਮੁਤਾਬਿਕ ਹੀ ਉਨ੍ਹਾਂ ਨੂੰ ਰਾਹ ਦਸ ਦੇਈਦਾ ਸੀ।

---

(ਪੰਨਾ 27 ਦੀ ਬਾਕੀ)

ing which we call the terror of death. That deed which in our guilt we today call weakness will appear tomorrow as an essential link in the complete chain of Man. (From the voice of the Master)

ਕਈ ਲੋਕਾਂ ਨੇ after death ਦੇ ਤਜਰਬੇ ਵੱਖ-ਵੱਖ ਢੰਗ ਨਾਲ ਬਿਆਨ ਕੀਤੇ ਨੇ। ਅੱਜ ਦੀ scientific ਖੋਜ ਅਨੁਸਾਰ ਆਦਮੀ ਦੇ ਅੰਤ ਸਮੇਂ brain ਵਿਚ ਆਕਸੀਜਨ ਦੇ ਘਟ ਹੋ ਜਾਣ ਨਾਲ chemical reaction ਬਦਲ ਜਾਂਦਾ ਹੈ। ਇਹ ਓਹੀ chemical reaction ਹੈ ਜਿਸ ਨਾਲ ਸਰੀਰ ਵਿਚ ਚਲ ਰਹੀ Electric energy (ਵਿਦੁਤ) ਪੈਦਾ ਹੁੰਦੀ ਹੈ ਅਤੇ ਸਾਰੇ nerve system ਵਿਚ travel ਕਰਦੀ ਹੈ। ਅੰਤ ਸਮੇਂ ਵਿਚ ਕਈ ਲੋਕਾਂ ਨੂੰ ਖੂਬਸੂਰਤ ਰੰਗ ਬਿਰੰਗੇ Tunnel effect ਦਿਖਾਈ ਵੀ ਦਿੰਦੇ ਹਨ ਜਿਸਨੂੰ ਸਾਇੰਸ ਨੇ change of magnetic field ਰਾਹੀਂ ਵੀ Reproduce ਕਰਕੇ ਵਿਖਾਇਆ ਹੈ ਜਿਸ ਵਿਚ ਇਕ ਪਲ ਵਿਚ ਤੁਹਾਡੇ ਸਾਰੇ ਜੀਵਨ ਦੀ ਕਹਾਣੀ ਕੁਝ ਪਲਾਂ ਵਿਚ ਅੱਖਾਂ ਅੱਗੇ ਦੀ ਘੁੰਮ ਜਾਂਦੀ ਹੈ ਕਈ ਪੁਰਾਣੇ ਚਿਹਰੇ ਸਾਖਸ਼ਾਤ ਨਜ਼ਰ ਆਉਂਦੇ ਨੇ। brain cells ਵਿਚ ਜਮ੍ਹਾਂ ਹੋਏ ਸਾਲਾਂ ਪ੍ਰਤੀ ਦ੍ਰਿਸ਼ ਦਿਖਾਈ ਦੇ ਜਾਂਦੇ ਨੇ।

ਖੈਰ ਇਸ ਮਜ਼ਬੂਨ ਤੇ ਫਿਰ ਕਦੇ ਸਹੀ। ਗੱਲ ਤਾਂ ਇਸ ਵਕਤ ਦੀ ਹੈ ਜ਼ਰਾ ਸਮਝਣ ਦੀ ਹੈ, ਜ਼ਰਾ ਸੋਚਣ ਦੀ ਹੈ ਕਿ ਕਿਉਂ ਡਰ ਜਾਂਦੇ ਨੇ, ਭੈ ਭੀਤ ਹੋ ਜਾਂਦੇ ਨੇ, ਉਹ ਲੋਕ ਮੌਤ ਤੋਂ ਜਿਨ੍ਹਾਂ ਸਚਮੁਚ ਆਪਣੇ ਜੀਵਨ ਵਿਚ ਕਮਜ਼ੋਰੀਆਂ ਵੇਖੀਆਂ। ਕਿਉਂ ਉਹ ਲੋਕ ਹਸਦੇ ਖੇਡਦੇ ਮੌਤ ਨਾਲ ਕਲੋਲਾਂ ਕਰਦੇ ਨੇ ਜਿਨ੍ਹਾਂ ਦਾ ਜੀਵਨ ਸੱਚਾ ਸੁੱਚਾ ਸੰਪੂਰਨ ਹੁੰਦਾ ਹੈ।

**For more information**
**please visit us on internet at :-**
**http://www.atammarg.org**
**&**
**http://www.atammarg.com**

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਰੋਗ ਹੋਣ ਦੀ ਸ਼ਕਤੀ

ਹੁਣ ਤਕ ਅਸੀਂ ਹਿਮਾਲੀਆ ਦੇ ਸੰਤਾਂ ਸੰਗ ਨਿਵਾਸ ਦੇ ਦਸ ਭਾਗ ਪੜ੍ਹ ਚੁਕੇ ਹਾਂ, ਜਿਸ ਵਿਚ ਸਵਾਮੀ ਜੀ ਨੇ ਵੱਖ-ਵੱਖ ਵਿਸ਼ਿਆਂ ਤੋਂ ਸਾਨੂੰ ਜਾਣੂੰ ਕਰਵਾਇਆ ਹੈ। ਹੁਣ ਅਸੀਂ ਗਿਆਰ੍ਹਵਾਂ ਭਾਗ ਪੜ੍ਹਨ ਜਾ ਰਹੇ ਹਾਂ ਇਸ ਵਿਚ ਸਵਾਮੀ ਜੀ ਸਾਨੂੰ ਅਰੋਗ ਹੋਣ ਦੀਆਂ ਸ਼ਕਤੀਆਂ ਬਾਰੇ ਜਾਣੂੰ ਕਰਵਾ ਰਹੇ ਹਨ। ਅਰੋਗ ਹੋਣ ਦੀ ਸ਼ਕਤੀ ਹਰ ਸਰੀਰ ਵਿਚ ਦਬੀ ਪਈ ਹੈ, ਲੋੜ ਹੈ ਉਸ ਨੂੰ ਪ੍ਰਗਟ ਕਰਨ ਦੀ, ਉਸ ਨੂੰ ਪ੍ਰਗਟ ਕਰਕੇ ਤੁਸੀਂ ਅਰੋਗ ਹੋ ਸਕਦੇ ਹੋ, ਪੂਰੀ ਤਰ੍ਹਾਂ ਨਿਸੁਆਰਥੀ ਮਨੁੱਖ ਕਿਸੇ ਨੂੰ ਵੀ ਅਰੋਗ ਕਰ ਸਕਦਾ ਹੈ। ਸਭ ਤੋਂ ਉਤਮ ਅਰੋਗ ਹੋਣਾ ਹੈ, ਸਾਰੇ ਸੰਤਾਪਾਂ ਤੋਂ ਛੁਟਕਾਰਾ ਪਾਉਣਾ।

## ਅਰੋਗ ਹੋਣ ਦੀ ਸ਼ਕਤੀ ਨਾਲ ਮੇਰਾ ਪਹਿਲਾ ਅਨੁਭਵ

ਮੈਂ ਬਾਰ੍ਹਾਂ ਸਾਲ ਦਾ ਸੀ, ਮੈਂ ਗੁਰੂਦੇਵ ਨਾਲ ਭਾਰਤ ਦੇ ਮੈਦਾਨ ਵਿਚ ਪੈਦਲ ਸਫਰ ਕਰ ਰਿਹਾ ਸੀ, ਅਸੀਂ ਈਟਾ ਦੇ ਸਟੇਸ਼ਨ ਤੇ ਰੁਕੇ, ਗੁਰੂਦੇਵ ਸਟੇਸ਼ਨ ਮਾਸਟਰ ਕੋਲ ਗਏ ਤੇ ਕਹਿਣ ਲੱਗੇ, "ਮੇਰਾ ਬੱਚਾ ਮੇਰੇ ਨਾਲ ਹੈ, ਉਸ ਨੂੰ ਭੁੱਖ ਲੱਗੀ ਹੈ, ਕ੍ਰਿਪਾ ਕਰਕੇ ਸਾਨੂੰ ਕੋਈ ਖਾਣ ਪੀਣ ਦੀ ਭੇਟ ਕਰੋ, ਸਟੇਸ਼ਨ ਮਾਸਟਰ ਘਰ ਗਿਆ ਜਦੋਂ ਉਹ ਘਰ ਪਹੁੰਚਿਆ ਉਸਦੀ ਪਤਨੀ ਰੋ ਰਹੀ ਸੀ ਤੇ ਕਹਿਣ ਲੱਗੀ ਤੁਹਾਨੂੰ ਪਤਾ ਹੈ, ਸਾਡਾ ਇਕੋ ਇਕ ਬੱਚਾ ਹੈ ਉਸ ਨੂੰ ਮਾਤਾ ਨਿਕਲ ਆਈ ਹੈ, ਤੁਹਾਨੂੰ ਸਾਧੂਆਂ ਨੂੰ ਰੋਟੀ ਪਾਣੀ ਦੇਣ ਦੀ ਫਿਕਰ ਕਿਸ ਤਰ੍ਹਾਂ ਹੋ ਸਕਦੀ ਹੈ? ਮੇਰਾ ਪੁੱਤਰ ਮਰ ਰਿਹਾ ਹੈ, ਤੁਸੀਂ ਇਥੋਂ ਜਾਓ, ਮੈਂ ਬਹੁਤ ਦੁਖੀ ਹਾਂ।

ਉਹ ਮੂੰਹ ਲਟਕਾ ਕੇ ਆ ਗਏ ਤੇ ਮਾਫੀ ਮੰਗੀ, "ਮੈਂ ਕੀ ਕਰ ਸਕਦਾ ਹਾਂ? ਮੇਰੀ ਪਤਨੀ ਕਹਿੰਦੀ ਹੈ ਜੇ ਉਹ ਸੱਚਮੁਚ ਸਵਾਮੀ ਹੈ, ਉਹ ਮੇਰੀ ਹਾਲਤ ਕਿਉਂ ਨਹੀਂ ਸਮਝਦੇ ਤੇ ਮੇਰੇ ਬੱਚੇ ਨੂੰ ਠੀਕ ਕਿਉਂ ਨਹੀਂ ਕਰਦੇ? ਕੀ ਮੇਰੇ ਪਤੀ ਦੀ ਹੋਸ਼ ਠਿਕਾਣੇ ਹੈ? ਸਾਡਾ ਇਕੋ ਇਕ ਬੱਚਾ ਮਰਨ ਕਿਨਾਰੇ ਪਿਆ ਹੈ, ਉਸ ਨੂੰ ਸਾਧੂ ਦੇ ਰੋਟੀ ਪਾਣੀ ਦੀ ਚਿੰਤਾ ਲੱਗੀ ਪਈ ਹੈ।

ਮੇਰੇ ਗੁਰੂਦੇਵ ਮੁਸਕਰਾਏ ਤੇ ਮੈਨੂੰ ਇਸ਼ਾਰਾ ਕੀਤਾ ਕਿ ਪਿਛੇ-ਪਿਛੇ ਆ ਜਾ ਉਹ ਸਟੇਸ਼ਨ ਮਾਸਟਰ ਦੇ ਘਰ ਚਲੇ ਗਏ, ਉਹ ਇਕ ਚਨੌਤੀ ਦੀ ਘੜੀ ਸੀ ਤੇ ਗੁਰੂਦੇਵ ਨੂੰ ਚਨੌਤੀ ਸਦਾ ਚੰਗੀ ਲਗਦੀ ਸੀ। ਮੈਂ ਬੁੜ ਬੁੜ ਕੀਤੀ ਤੇ ਕਿਹਾ ਮੈਨੂੰ ਹੁਣ ਭੁੱਖ ਲੱਗੀ ਹੈ, ਸਾਨੂੰ ਰੋਟੀ ਕਿਥੇ ਮਿਲੇਗੀ?

ਉਹ ਕਹਿਣ ਲੱਗੇ, "ਤੈਨੂੰ ਉਡੀਕਣਾ ਪਵੇਗਾ।"

ਇਹ ਮੇਰੀ ਆਮ ਸ਼ਿਕਾਇਤ ਸੀ, ਕਈ ਵਾਰੀ ਮੈਂ ਰੋ ਪੈਂਦਾ ਤੇ ਕਹਿੰਦਾ, "ਤੁਸੀਂ ਮੈਨੂੰ ਸਮੇਂ ਸਿਰ ਰੋਟੀ ਨਹੀਂ ਦਿੰਦੇ ਤੇ ਰੋਂਦੇ ਰੋਂਦੇ ਮੈਂ ਦੌੜ ਜਾਂਦਾ ਪਰ ਉਹ ਤਾਂ ਮੈਨੂੰ ਸਬਰ ਸਿਖਾ ਰਹੇ ਸਨ।

ਉਹ ਕਹਿਣ ਲੱਗੇ, "ਤੂੰ ਹਾਲੇ ਘਬਰਾਇਆ ਪਿਆ ਹੈਂ, ਪੰਜ ਮਿੰਟ ਠਹਿਰ ਤੇਰੀ ਘਬਰਾਹਟ ਹਟ ਜਾਵੇਗੀ। ਇਸ ਹਾਲਤ ਵਿਚ ਠਹਿਰਨਾ ਹੀ ਚੰਗਾ ਹੁੰਦਾ ਹੈ ਪਰ ਮੈਂ ਬੁੜ ਬੁੜ ਕਰਦਾ ਹੀ ਰਿਹਾ। ਉਹ ਬੀਬੀ ਮੈਨੂੰ ਆਪਣੇ ਘਰੋਂ ਕੱਢਣ ਨੂੰ ਫਿਰਦੀ ਰਹੀ, ਇਹ ਪਹਿਲੀ ਵਾਰੀ ਸੀ ਮੈਂ ਕਿਸੇ ਨੂੰ ਮਾਤਾ ਨਿਕਲੀ ਦੇਖੀ ਸੀ। ਉਸ ਬੱਚੇ ਦੇ ਸਾਰੇ ਸਰੀਰ ਤੇ ਗੜ੍ਹਮ ਬਣੇ ਪਏ ਸਨ, ਉਸ ਦੇ ਮੂੰਹ ਤੇ ਵੀ ਸਾਰੀ ਜਗ੍ਹਾ ਤੋਂ ਪਸ ਨਿਕਲ ਰਹੀ ਸੀ, ਮੇਰੇ ਗੁਰੂਦੇਵ ਕਹਿਣ ਲੱਗੇ, "ਚਿੰਤਾ ਨਾ ਕਰੋ ਤੁਹਾਡਾ ਬੱਚਾ ਦੋ ਮਿੰਟਾਂ ਵਿਚ ਅਰੋਗ ਹੋ ਜਾਵੇਗਾ। ਉਨ੍ਹਾਂ ਨੇ ਪਾਣੀ ਦਾ ਗਿਲਾਸ ਲਿਆ, ਮੰਜੇ ਦੇ ਚਾਰੋ ਪਾਸੇ ਤਿੰਨ ਚੱਕਰ ਲਗਾਏ ਤੇ ਪਾਣੀ ਪੀ ਲਿਆ, ਫੇਰ ਉਨ੍ਹਾਂ ਨੇ ਬੀਬੀ ਵਲ ਦੇਖ ਕੇ ਕਿਹਾ, ਚਿੰਤਾ ਨਾ ਕਰੋ, ਉਹ ਹੁਣ ਠੀਕ ਹੋ ਰਿਹਾ ਹੈ, ਹੈਰਾਨੀ ਦੀ ਗੱਲ ਹੈ ਉਹ ਗੜ੍ਹਮ ਸਾਰੇ ਬੈਠਣੇ ਸ਼ੁਰੂ ਹੋ ਗਏ ਪਰ ਮੈਨੂੰ ਬੜਾ ਦੁਖ ਹੋਇਆ ਜਦੋਂ ਉਹ ਗੁਰੂਦੇਵ ਦੇ ਸਰੀਰ ਤੇ ਬਣਨੇ ਸ਼ੁਰੂ ਹੋ ਗਏ। ਮੈਂ ਡਰ ਗਿਆ ਤੇ ਰੋਣ ਲਗ ਪਿਆ, ਉਨ੍ਹਾਂ ਨੇ ਬੜੇ ਧੀਰਜ ਨਾਲ ਕਿਹਾ, ਤੂੰ ਚਿੰਤਾ ਨਾ ਕਰ ਮੈਨੂੰ ਕੁਛ ਨਹੀਂ ਹੋਣ ਲੱਗਾ, ਦੋ ਮਿੰਟਾਂ ਵਿਚ ਬੱਚੇ ਦਾ ਚਿਹਰਾ ਠੀਕ ਹੋ ਗਿਆ ਅਸੀਂ ਉਥੋਂ ਆ ਗਏ, ਅਸੀਂ ਇਕ ਕੇਲੇ ਦੇ ਦਰਖਤ ਥੱਲੇ ਆ ਗਏ, ਛੇਤੀ ਹੀ ਗੁਰੂਦੇਵ ਦੇ ਮੂੰਹ ਤੋਂ ਉਹ ਗੜ੍ਹਮ ਹਟ ਕੇ ਦਰਖਤ ਤੇ ਨਿਕਲਣ ਲਗ ਪਏ, ਦਸ ਮਿੰਟ ਬਾਦ ਦਰਖਤ ਵੀ ਸਾਫ ਹੋ ਗਿਆ, ਜਦੋਂ ਮੈਂ ਦੇਖਿਆ ਗੁਰੂਦੇਵ ਠੀਕ ਹੋ ਗਏ ਮੈਂ ਰੋ ਪਿਆ ਤੇ ਉਨ੍ਹਾਂ ਨੂੰ ਘੁੱਟ ਕੇ ਜੱਫੀ ਪਾਈ।

ਮੁੜ ਕੇ ਇਸ ਤਰ੍ਹਾਂ ਨਾ ਕਰਨਾ, ਮੈਂ ਜੋਦੜੀ ਕੀਤੀ, ਤੁਸੀਂ ਮੈਨੂੰ ਬਿਲਕੁਲ ਚੰਗੇ ਨਹੀਂ ਲਗ ਰਹੇ ਸੀ ਮੈਨੂੰ ਤੁਹਾਡੇ ਕੋਲੋਂ ਡਰ ਲਗ ਰਿਹਾ ਸੀ, ਫੇਰ ਲੋਕੀ ਸਾਨੂੰ ਲੱਭਣ ਲਗ ਪਏ, ਮੈਂ ਪੁਛਿਆ ਕੀ ਅਸੀਂ ਕੁਛ ਮਾੜਾ ਕੀਤਾ ਹੈ?

ਉਹ ਕਹਿਣ ਲੱਗੇ, "ਨਹੀਂ, ਤੂੰ ਮੇਰੇ ਨਾਲ ਆ ਜਾ, ਉਨ੍ਹਾਂ ਨੇ ਮੇਰਾ ਹੱਥ ਫੜ ਲਿਆ ਅਸੀਂ ਫੇਰ ਗੰਗਾ ਦੇ ਕਿਨਾਰੇ ਚੱਲਣ ਲਗ ਪਏ। ਅੰਤ ਵਿਚ ਅਸੀਂ ਇਕ ਘਰ ਦੇ ਅੱਗੇ ਰੁਕੇ ਉਥੇ ਸਾਨੂੰ ਰੋਟੀ ਮਿਲੀ ਫੇਰ ਅਸੀਂ ਇਕ ਵਿਹੜੇ ਵਿਚ ਗਏ ਜਿਥੇ ਕੋਈ ਨਹੀਂ ਸੀ ਅਸੀਂ ਰੋਟੀ ਖਾਧੀ ਤੇ ਆਰਾਮ ਕੀਤਾ।

ਮਹਾਤਮਾ ਲੋਕਾਂ ਨੂੰ ਦੂਸਰੇ ਦੇ ਕਸ਼ਟ ਲੈਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ, ਆਮ ਬੰਦਾ ਇਹ ਗੱਲ ਨਹੀਂ ਸਮਝ ਸਕਦਾ, ਮਾਨਵ ਇਤਿਹਾਸ ਵਿਚ ਇਹੋ ਜਿਹੀਆਂ ਬਹੁਤ ਮਿਸਾਲਾਂ ਮਿਲ ਜਾਣਗੀਆਂ ਜਿਥੇ ਅਧਿਆਤਮ ਆਗੂਆਂ ਨੇ ਦੂਸਰਿਆਂ ਲਈ ਕਸ਼ਟ ਝੇਲੇ। ਇਹੋ ਜਿਹਾ ਮਹਾਤਮਾ ਮਹਾਂਪੁਰਖ ਆਪਣੇ ਆਪ ਵਿਚ ਇਕ ਮਿਸਾਲ ਬਣ ਜਾਇਆ ਕਰਦੇ ਹਨ ਅਤੇ ਦੂਸਰੇ ਉਨ੍ਹਾਂ ਦੇ ਪਦ ਚਿੰਨਾਂ ਤੇ ਚੱਲਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਇਕ ਦੀ ਚੇਤਨਤਾ ਵਿਸਤ੍ਰਿਤ ਰੂਪ ਲੈ ਕੇ ਬ੍ਰਹਿਮੰਡ ਚੇਤਨਤਾ ਬਣ ਜਾਂਦੀ ਹੈ, ਦੂਸਰਿਆਂ ਦੇ ਦੁੱਖ ਨੂੰ ਲੈ ਲੈਣਾ ਜਾਂ ਉਨ੍ਹਾਂ ਦਾ ਦੁਖ ਵੰਡ ਲੈਣਾ ਇਕ ਸੁਖੀ ਅਨੁਭਵ ਬਣ ਜਾਂਦਾ ਹੈ। ਉਨ੍ਹਾਂ ਲਈ ਇਹ ਕੋਈ ਦੁਖ ਨਹੀਂ ਹੁੰਦੇ, ਲੋਕੀ ਭਾਵੇਂ ਉਸ ਨੂੰ ਦੁਖ ਹੀ ਸਮਝਦੇ ਹਨ, ਦੁਖ ਉਦੋਂ ਤਕ ਹੀ

ਹੈ ਜਦੋਂ ਤਕ ਤੁਸੀਂ ਆਪਣੀ ਚੇਤਨਾ ਸਮੇਟ ਕੇ ਰਖਦੇ ਹੋ, ਮਹਾਂਪੁਰਖ ਆਪਣੇ ਦੁਖ ਨੂੰ ਤਾਂ ਦੁਖ ਸਮਝਦੇ ਹੀ ਨਹੀਂ ਦੂਸਰਿਆਂ ਦੇ ਦੁਖ ਵਿਚ ਉਹ ਬਹੁਤ ਦੁਖੀ ਹੁੰਦੇ ਹਨ।

ਦੁਖ, ਸੁਖ ਵਿਪਰੀਤ ਹਨ, ਉਨ੍ਹਾਂ ਦਾ ਅਨੁਭਵ ਇੰਦ੍ਰੀਆਂ ਰਾਹੀਂ ਸੰਸਾਰ ਵਿਚ ਰਹਿੰਦਿਆਂ ਹੀ ਹੁੰਦਾ ਹੈ ਜਿਨ੍ਹਾਂ ਦੀ ਚੇਤਨਤਾ ਇੰਦ੍ਰੀਆਂ ਤੋਂ ਪਰ੍ਹੇ ਉਪਰ ਪਹੁੰਚ ਚੁਕੀ ਹੈ ਉਹ ਇਨ੍ਹਾਂ ਵਿਪਰੀਤ ਤੋਂ ਉਪਰ ਉਠ ਚੁਕੇ ਹਨ। ਇਹੋ ਜਿਹੇ ਸਾਧਨ ਹਨ ਜਿਨ੍ਹਾਂ ਨਾਲ ਤੁਸੀਂ ਮਨ ਨੂੰ ਸਮੇਟ ਕੇ ਚੇਤਨਤਾ ਦੇ ਬਿੰਦੂ ਤੇ ਇਕਾਗਰ ਕਰ ਸਕਦੇ ਹੋ ਅਤੇ ਇਸ ਤਰ੍ਹਾਂ ਕਰਨ ਨਾਲ ਮਨ ਕੋਈ ਸੁਖ ਦੁਖ ਮਹਿਸੂਸ ਨਹੀਂ ਕਰਦਾ, ਇਹੋ ਜਿਹੇ ਮਨ ਵਿਚ ਇਕ ਪ੍ਰਬਲ ਇੱਛਾ ਪੈਦਾ ਹੋ ਸਕਦੀ ਹੈ ਜਿਹੜੀ ਅਰੋਗ ਕਰਨ ਲਈ ਵਰਤੀ ਜਾ ਸਕਦੀ ਹੈ। ਇਹੋ ਜਿਹੀਆਂ ਕਰਨ ਦੀਆਂ ਸ਼ਕਤੀਆਂ ਸਾਰੀਆਂ ਮਨੁੱਖ ਦੀ ਚੇਤਨਤਾ ਤੋਂ ਹੀ ਆਉਂਦੀਆਂ ਹਨ, ਜਿਸ ਵਕਤ ਅਰੋਗ ਕਰਨ ਵਾਲਾ ਉਸ ਸ਼ਕਤੀ ਬਾਰੇ ਸਤਰਕ ਹੋ ਜਾਂਦਾ ਹੈ, ਚੇਤਨ ਹੋ ਜਾਂਦਾ ਹੈ, ਉਹ ਕੁਦਰਤੀ ਸਰੋਤ ਬੰਦ ਹੋ ਜਾਂਦਾ ਹੈ। ਅਰੋਗ ਕਰਨ ਦੀ ਸ਼ਕਤੀ ਬੜੀ ਹੀ ਸੁਭਾਵਿਕ ਹੈ ਦੂਸਰਿਆਂ ਦੀ ਅਰੋਗਤਾ ਵੀ ਉਸੇ ਇੱਛਾ ਸ਼ਕਤੀ ਨਾਲ ਹੁੰਦੀ ਹੈ ਜਿਹੜੀ ਸੰਸਾਰਕ ਮਨ ਤੋਂ ਉਚੀ ਤੇ ਸੁੱਚੀ ਹੁੰਦੀ ਹੈ।

## ਗੁਰੂਦੇਵ ਨੇ ਮੈਨੂੰ ਕਿਸੇ ਨੂੰ ਅਰੋਗਤਾ ਦੇਣ ਲਈ ਭੇਜਿਆ

ਇਕ ਦਿਨ ਸਵੇਰੇ ਅਸੀਂ ਆਪਣੀ ਗੁਫਾ ਦੇ ਬਾਹਰ ਬੈਠੇ ਸੀ ਅਚਾਨਕ ਉਹ ਕਹਿਣ ਲੱਗੇ ਤੂੰ ਬੱਸ ਫੜਨੀ ਹੈ ਤੇ ਬੱਸ ਮਿਲੇਗੀ ਸੱਤ ਮੀਲ ਦੂਰ ਤੋਂ, ਸੋ ਤੂੰ ਹੁਣ ਛੇਤੀ ਕਰ। ਉਹ ਆਮ ਤੌਰ ਤੇ ਮੇਰੇ ਨਾਲ ਏਸ ਤਰ੍ਹਾਂ ਹੀ ਕਰਦੇ ਸਨ, ਅਚਾਨਕ ਮੈਨੂੰ ਜਾਣ ਲਈ ਕਹਿ ਦਿੰਦੇ ਸਨ, ਕਈ ਵਾਰੀ ਮੈਨੂੰ ਪਤਾ ਵੀ ਨਹੀਂ ਸੀ ਹੁੰਦਾ ਕਿਉਂ, ਬਹੁਤ ਵਾਰੀ ਮੈਨੂੰ ਉਥੇ ਜਾ ਕੇ ਹੀ ਪਤਾ ਲਗਦਾ ਸੀ ਮੈਨੂੰ ਕਿਉਂ ਭੇਜਿਆ ਗਿਆ ਹੈ। ਮੈਂ ਉਠਿਆ ਪਾਣੀ ਦਾ ਭਾਂਡਾ ਜੋ ਸਦਾ ਮੇਰੇ ਕੋਲ ਹੁੰਦਾ ਮੈਂ ਚੁਕਿਆ ਉਹ ਕਹਿਣ ਲੱਗੇ, "ਹਰਿਦਵਾਰ ਰੇਲ ਰੋਡ ਦੀ ਬੱਸ ਲੈ ਲਈ, ਟਿਕਟ ਤੈਨੂੰ ਮਿਲ ਜਾਏਗਾ, ਉਥੋਂ ਤੂੰ ਕਾਨ੍ਹਪੁਰ ਚਲਾ ਜਾਈਂ, ਡਾ. ਮਿਤਰਾ ਮੰਜੇ ਤੇ ਪਏ ਹਨ ਉਨ੍ਹਾਂ ਦੇ ਦਿਮਾਗ ਦੀ ਨਾੜੀ ਫਟ ਗਈ ਹੈ ਉਹ ਮੈਨੂੰ ਯਾਦ ਕਰ ਰਹੇ ਹਨ, ਉਨ੍ਹਾਂ ਦੀ ਸੱਜੀ ਨਾਸਿਕਾ 'ਚੋਂ ਬਰਾਬਰ ਖੂਨ ਜਾ ਰਿਹਾ ਹੈ, ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਹਸਪਤਾਲ ਨਹੀਂ ਲੈ ਜਾਣ ਦੇ ਰਹੀ, ਉਨ੍ਹਾਂ ਦੇ ਜੀਜਾ ਜੀ ਡਾ. ਬਾਸੂ ਨੂੰ ਪਤਾ ਹੈ ਕਿ ਡਾ. ਮਿਤਰਾ ਦੇ ਦਿਮਾਗ ਦੀ ਨਾੜੀ ਫੱਟ ਗਈ ਹੈ, ਉਥੇ ਦਿਮਾਗ ਦਾ ਉਪਰੇਸ਼ਨ ਕਰਨ ਦੀ ਕੋਈ ਸਹੂਲਤ ਨਹੀਂ।

ਮੈਂ ਪੁਛਿਆ, "ਮੈਂ ਕੀ ਕਰਾਂਗਾ?"

ਕੇਵਲ ਪਿਆਰ ਭਰਿਆ ਹੱਥ ਉਸ ਦੀ ਗੱਲ੍ਹ ਤੇ ਫੇਰੀ ਆਪਣੇ ਆਪ ਨੂੰ ਅਰੋਗਤਾ ਬਖਸ਼ਣ ਵਾਲਾ ਨਾ ਸਮਝੀ, ਆਪਣੇ ਆਪ ਨੂੰ ਕੇਵਲ ਇਕ ਸਾਧਨ ਸਮਝੀ, ਮੈਂ ਉਸ ਨੂੰ ਤੇ ਉਸ ਦੀ ਪਤਨੀ ਨੂੰ ਵਾਦਾ ਕੀਤਾ ਹੋਇਆ ਹੈ ਕਿ ਮੈਂ ਸਦਾ ਉਨ੍ਹਾਂ ਦੀ ਸਹਾਇਤਾ ਕਰਾਂਗਾ, ਹੁਣ ਤੂੰ ਛੇਤੀ ਚਲਾ ਜਾ।

ਮੈਂ ਕਿਹਾ, "ਮੈਂ ਬੜਾ ਹੈਰਾਨ ਹਾਂ ਕਿਵੇਂ ਤੁਸੀਂ ਮੇਰੀ ਤਰਫੋਂ ਵਾਦੇ ਕਰ ਦਿੰਦੇ ਹੋ ਮੈਨੂੰ ਪਤਾ ਵੀ ਨਹੀਂ ਹੁੰਦਾ, ਮੈਂ ਐਨੇ ਲੰਬੇ ਸਫਰ ਤੇ ਜਾਣ ਲਈ ਹਿਚਕਿਚਾ ਰਿਹਾ ਸੀ ਪਰ ਮੈਂ ਗੁਰੂਦੇਵ ਦਾ ਹੁਕਮ ਤਾਂ ਨਹੀਂ ਟਾਲ ਸਕਦਾ ਸੀ, ਮੈਂ ਸੱਤ ਮੀਲ ਤੁਰ ਕੇ ਬੱਸ ਲੈਣ ਲਈ ਗਿਆ ਤੇ ਉਥੇ ਖੜ੍ਹਾ ਰਿਹਾ ਜਦੋਂ ਤਕ ਹਰਿਦਵਾਰ ਰਿਸ਼ੀਕੇਸ਼ ਦੀ ਬੱਸ ਨਹੀਂ ਆਈ। ਆਮ ਤੌਰ ਤੇ ਡਰਾਈਵਰ ਸਵਾਮੀ ਨੂੰ ਦੇਖ ਕੇ ਰੋਕ ਹੀ ਲੈਂਦੇ ਸਨ ਤੇ ਬਿਠਾ ਲੈਂਦੇ ਸਨ, ਮੈਂ ਹਰਿਦਵਾਰ ਸਟੇਸ਼ਨ ਦੇ ਬਾਹਰ ਉਤਰ ਗਿਆ ਮੇਰੇ ਕੋਲ ਕੋਈ ਪੈਸਾ ਨਹੀਂ ਸੀ ਤੇ ਗੱਡੀ ਚੱਲਣ ਵਿਚ ਕੇਵਲ ਅੱਧਾ ਘੰਟਾ ਬਾਕੀ ਸੀ, ਮੈਂ ਆਪਣੀ ਘੜੀ ਵਲ ਦੇਖਿਆ ਤੇ ਸੋਚਿਆ ਹੁਣ ਇਸ ਨੂੰ ਹੀ ਵੇਚ ਕੇ ਟਿਕਟ ਲੈ ਲੈਂਦਾ ਹਾਂ, ਮੈਂ ਇਕ ਭਾਈ ਕੋਲ ਰੇਲਵੇ ਸਟੇਸ਼ਨ ਤੇ ਗਿਆ ਤੇ ਪੁਛਿਆ ਕਿ ਜੇ ਉਹ ਮੇਰੀ ਘੜੀ ਖਰੀਦ ਲੈਣ ਤਾਂ ਮੈਂ ਕਾਨ੍ਹਪੁਰ ਜਾਣ ਲਈ ਟਿਕਟ ਲੈ ਸਕਾਂ, ਮੈਨੂੰ ਬੜੀ ਹੈਰਾਨੀ ਹੋਈ ਜਦੋਂ ਉਹ ਕਹਿਣ ਲੱਗੇ, "ਮੇਰੇ ਪੁੱਤਰ ਨੇ ਮੇਰੇ ਨਾਲ ਆਉਣਾ ਸੀ ਉਹ ਆ ਨਹੀਂ ਸਕਿਆ, ਉਸ ਦਾ ਟਿਕਟ ਮੇਰੇ ਕੋਲ ਹੈ, ਕ੍ਰਿਪਾ ਕਰਕੇ ਤੁਸੀਂ ਲੈ ਲਓ, ਪੈਸੇ ਮੈਨੂੰ ਨਹੀਂ ਚਾਹੀਦੇ, ਨਾ ਹੀ ਤੁਹਾਡੀ ਘੜੀ ਚਾਹੀਦੀ ਹੈ।

ਮੈਂ ਗੱਡੀ ਵਿਚ ਬੈਠਿਆ ਤੇ ਇਕ ਬੀਬੀ ਨਾਲ ਮਿਲਾਪ ਹੋ ਗਿਆ ਜੋ ਕਿ ਡਾ. ਮਿਤਰਾ ਦੀ ਰਿਸ਼ਤੇਦਾਰ ਸੀ ਅਤੇ ਕਾਨ੍ਹਪੁਰ ਹੀ ਜਾ ਰਹੀ ਸੀ, ਉਸ ਨੇ ਮੇਰੇ ਬਾਰੇ ਤੇ ਗੁਰੂਦੇਵ ਬਾਰੇ ਡਾ. ਮਿਤਰਾ ਪਾਸੋਂ ਸੁਣਿਆ ਹੋਇਆ ਸੀ, ਉਨ੍ਹਾਂ ਨੇ ਮੈਨੂੰ ਕੁਝ ਖਾਣ ਨੂੰ ਦੇ ਦਿਤਾ, ਸਾਰੀ ਰਾਤ ਅਸੀਂ ਗੱਡੀ ਵਿਚ ਰਹੇ, ਸਵੇਰੇ ਗੱਡੀ ਕਾਨ੍ਹਪੁਰ ਪਹੁੰਚ ਗਈ, ਸਟੇਸ਼ਨ ਤੇ ਕੋਈ ਭੀੜ ਨਹੀਂ ਸੀ ਮੈਂ ਦੱਸ ਮਿੰਟ ਵਿਚ ਸਟੇਸ਼ਨ ਤੋਂ ਬਾਹਰ ਆ ਗਿਆ, ਬਾਹਰ ਨਿਕਲਿਆ ਤਾਂ ਮੈਨੂੰ ਇਕ ਸੱਜਣ ਮਿਲ ਗਏ ਜੋ ਮੈਨੂੰ ਚੰਗੀ ਤਰ੍ਹਾਂ ਜਾਣਦੇ ਸਨ ਉਨ੍ਹਾਂ ਨੇ ਨੇੜੇ ਹੀ ਕਾਰ ਖੜ੍ਹੀ ਕੀਤੀ ਹੋਈ ਸੀ ਉਹ ਜਿਸ ਨੂੰ ਲੈਣ ਆਏ ਸੀ ਉਹ ਆਏ ਨਹੀਂ ਸਨ, ਉਹ ਦਿੱਲੀ ਤੋਂ ਹੀ ਗੱਡੀ ਨਹੀਂ ਸਨ ਫੜ ਸਕੇ ਇਹ ਸੱਜਣ ਮੈਨੂੰ ਆਪਣੇ ਘਰ ਲੈ ਜਾਣਾ ਚਾਹੁੰਦੇ ਸਨ ਮੈਂ ਕਿਹਾ ਮੈਂ ਪਹਿਲਾਂ ਡਾ. ਮਿਤਰਾ ਦੇ ਘਰ ਜਾਣਾ ਹੈ।

ਜਦੋਂ ਮੈਂ ਡਾ. ਮਿਤਰਾ ਦੇ ਘਰ ਪਹੁੰਚਿਆ ਬੂਹਾ ਖੜਕਾਇਆ ਅੰਦਰ ਗਿਆ ਤਾਂ ਕੀ ਦੇਖਦਾ ਹਾਂ ਡਾ. ਮਿਤਰਾ ਨੂੰ ਤਿੰਨ ਡਾਕਟਰ ਬੈਠੇ ਦੇਖ ਰਹੇ ਹਨ, ਸ੍ਰੀ ਮਤੀ ਮਿਤਰਾ ਮੈਨੂੰ ਦੇਖ ਕੇ ਖੁਸ਼ ਹੋ ਗਏ ਤੇ ਕਹਿਣ ਲੱਗੇ, ਹੁਣ ਤੁਸੀਂ ਆ ਗਏ ਹੋ, ਮੈਂ ਆਪਣਾ ਪਤੀ ਤੁਹਾਡੇ ਹਵਾਲੇ ਕਰਦੀ ਹਾਂ। ਇਹ ਹੁੰਦੀ ਹੈ ਪੂਰਨ ਸ਼ਰਧਾ, ਪੂਰਨ ਵਿਸ਼ਵਾਸ਼ ਜਿਹੜਾ ਭਾਰਤ ਦੇ ਸਾਧੂ ਸੰਤਾਂ ਤੇ ਉਨ੍ਹਾਂ ਦੇ ਸ਼ਰਧਾਲੂ ਰਖਦੇ ਹਨ।

ਮੈਂ ਕਿਹਾ, "ਮੈਂ ਕੋਈ ਡਾਕਟਰ ਨਹੀਂ ਹਾਂ, ਮੈਂ ਤਾਂ ਇਨ੍ਹਾਂ ਨੂੰ ਦੇਖਣ ਹੀ ਆਇਆ ਹਾਂ।" ਮੈਂ ਡਾ. ਮਿਤਰਾ ਕੋਲ ਗਿਆ ਉਨ੍ਹਾਂ ਨੂੰ ਬੈਠਣ ਦੀ ਆਗਿਆ ਨਹੀਂ ਸੀ ਕਿਉਂਕਿ ਨਾਸਕਾ ਤੋਂ ਖੂਨ ਨਿਕਲ ਰਿਹਾ ਸੀ।

ਜਦੋਂ ਡਾ. ਮਿਤਰਾ ਨੇ ਮੈਨੂੰ ਦੇਖਿਆ ਪੁਛਣ ਲੱਗੇ, "ਗੁਰੂਦੇਵ ਕਿਸ ਤਰ੍ਹਾਂ ਹਨ?" ਮੈਂ ਉਨ੍ਹਾਂ ਦੀ ਗੱਲ੍ਹ ਤੇ ਪਿਆਰ ਭਰਿਆ ਹੱਥ ਫੇਰਿਆ ਥੋੜ੍ਹੀ ਦੇਰ ਬਾਦ ਨਾਸਕਾ ਵਿਚੋਂ ਖੂਨ ਆਉਣਾ ਬੰਦ ਹੋ ਗਿਆ। ਇਕ ਡਾਕਟਰ ਕਹਿਣ ਲੱਗੇ, "ਮੇਰੇ ਉਸ ਪਿਆਰ ਭਰੇ ਹੱਥ ਲਾਉਣ ਨਾਲ ਉਥੇ ਜਿਹੜਾ ਨਾੜੀ ਰਾਹੀਂ ਖੂਨ ਆ ਰਿਹਾ ਸੀ ਉਹ ਬੰਦ ਹੋ ਗਈ ਤੇ ਖੂਨ ਆਉਣਾ ਬੰਦ ਹੋ ਗਿਆ।"

ਮੈਨੂੰ ਕੋਈ ਪਤਾ ਨਹੀਂ ਕਿ ਮੈਂ ਕੀ ਕੀਤਾ ਸੀ ਮੈਂ ਤਾਂ ਕੇਵਲ ਆਪਣੇ ਗੁਰੂਦੇਵ ਦਾ ਆਦੇਸ਼ ਹੀ ਮੰਨਿਆ ਸੀ। ਡਾ.

ਮਿਤਰਾ ਦਾ ਇਕ ਦਮ ਠੀਕ ਹੋ ਜਾਣਾ ਸਾਰੇ ਸ਼ਹਿਰ ਵਿਚ ਫੈਲ ਗਿਆ, ਸੈਂਕੜੇ ਹੀ ਮਰੀਜ਼ ਮੈਨੂੰ ਲੱਭਣ ਲਗ ਪਏ ਮੈਂ ਉਥੋਂ ਤੁਰ ਪਿਆ ਅਤੇ ਹਰਿਦਵਾਰ ਪਹੁੰਚ ਗਿਆ, ਉਥੋਂ ਮੈਂ ਗੁਰੂਦੇਵ ਕੋਲ ਪਹੁੰਚਿਆ ਮੈਂ ਗੁਰੂਦੇਵ ਨੂੰ ਬੜੇ ਵਿਅੰਗ ਨਾਲ ਕਿਹਾ, ਮੈਨੂੰ ਪਤਾ ਲਗ ਗਿਆ ਹੈ ਕਿ ਖੂਨ ਕਿਵੇਂ ਬੰਦ ਕੀਤਾ ਜਾ ਸਕਦਾ ਹੈ।

ਉਹ ਮੇਰੇ ਤੇ ਬਹੁਤ ਹੱਸੇ ਤੇ ਕਹਿਣ ਲੱਗੇ, "ਜਿਸ ਡਾਕਟਰ ਨੇ ਇਹ ਤੈਨੂੰ ਦਸਿਆ ਹੈ ਉਹ ਕਾਫੀ ਅਣਜਾਣ ਹੈ ਕਈ ਤਰ੍ਹਾਂ ਦੇ ਅਤੇ ਕਈ ਪੱਧਰ ਦੇ ਦੁਖ ਹੁੰਦੇ ਹਨ ਪਰ ਅਗਿਆਨ ਸਾਰੇ ਦੁਖਾਂ ਦੀ ਮਾਂ ਹੈ।

ਬਹੁਤ ਵਾਰੀ ਮੈਨੂੰ ਅਚਾਨਕ ਜਾਣਾ ਪੈਂਦਾ, ਜੋ ਵੀ ਮੇਰੇ ਗੁਰੂਦੇਵ ਦਾ ਆਦੇਸ਼ ਹੁੰਦਾ ਉਸ ਅਨੁਸਾਰ ਨਾ ਮੈਨੂੰ ਆਪਣਾ ਟਿਕਾਣਾ ਪਤਾ ਹੁੰਦਾ ਨਾ ਹੀ ਉਦੇਸ਼। ਮੇਰੇ ਇਸ ਤਰ੍ਹਾਂ ਬਹੁਤ ਸਾਰੇ ਅਨੁਭਵ ਹਨ, ਮੈਂ ਇਸ ਨਤੀਜੇ ਤੇ ਪਹੁੰਚਿਆ ਮਹਾਤਮਾਵਾਂ ਦੇ, ਸਾਧੂਆਂ ਦੇ ਤਰੀਕੇ ਨਿਆਰੇ ਹੀ ਹੁੰਦੇ ਹਨ ਆਮ ਬੰਦਾ ਨਹੀਂ ਸਮਝ ਸਕਦਾ, ਮੈਂ ਜਿਸ ਤਰ੍ਹਾਂ ਉਹ ਕਹਿੰਦੇ ਉਸ ਤਰ੍ਹਾਂ ਕਰਦਾਂ, ਅਨੁਭਵ ਤੋਂ ਮੈਨੂੰ ਗਿਆਨ ਮਿਲਦਾ ਜਿਸਦਾ ਮਨ ਸ਼ਰਤ ਬੰਦ ਨਾ ਹੋਵੇ ਉਸ ਨੂੰ ਭੂਤ, ਭਵਿੱਖ, ਵਰਤਮਾਨ ਸਭ ਦਾ ਪਤਾ ਹੁੰਦਾ ਹੈ, ਇਨ੍ਹਾਂ ਸ਼ਰਤਾਂ ਨੂੰ ਸਮਾਂ, ਸਥਾਨ ਤੇ ਕਾਰਣ ਕਿਹਾ ਜਾਂਦਾ ਹੈ। ਆਮ ਇਨਸਾਨ ਇਨ੍ਹਾਂ ਦੀ ਤਹਿ ਤਕ ਨਹੀਂ ਪਹੁੰਚ ਸਕਦਾ ਪਰ ਮਹਾਂਪੁਰਖ ਅਵੱਸ਼ ਹੀ ਪਹੁੰਚ ਸਕਦੇ ਹਨ, ਆਮ ਬੰਦੇ ਵਾਸਤੇ ਇਹ ਵਿਗਿਆਨ ਸਮਝਣਾ ਔਖਾ ਹੈ, ਪਰ ਜਿਹੜੇ ਇਸ ਰਸਤੇ ਤੇ ਹਨ ਉਨ੍ਹਾਂ ਲਈ ਕੋਈ ਔਖਾ ਨਹੀਂ।

ਮੈਂ ਇਕ ਵਾਰੀ ਗੁਰੂਦੇਵ ਨੂੰ ਪੁਛਿਆ ਕਿ ਕੀ ਆਮ ਆਦਮੀ ਇਨ੍ਹਾਂ ਬੰਧਨਾਂ ਤੋਂ ਛੁਟਕਾਰਾ ਪਾ ਸਕਦਾ ਹੈ ਜਾਂ ਉਸ ਨੂੰ ਸਾਰੀ ਉਮਰ ਹਿਮਾਲੀਆ ਵਿਚ ਰਹਿ ਕੇ ਹੀ ਇਸ ਸ਼ਕਤੀ ਦਾ ਨਿਰਮਾਣ ਕਰਨਾ ਪੈਂਦਾ ਹੈ।

ਉਹ ਕਹਿਣ ਲੱਗੇ, "ਜੇ ਮਨੁੱਖ ਆਪਣੇ ਜੀਵਨ ਦਾ ਉਦੇਸ਼ ਯਾਦ ਰੱਖੇ ਅਤੇ ਆਪਣੇ ਸਾਰੇ ਕਰਮ ਉਸ ਉਦੇਸ਼ ਲਈ ਕਰੇ ਫੇਰ ਕੋਈ ਵੀ ਚੀਜ਼ ਅਸੰਭਵ ਨਹੀਂ ਰਹਿੰਦੀ। ਜਿਹੜੇ ਜੀਵਨ ਮਨੋਰਥ ਨਹੀਂ ਜਾਣਦੇ ਉਹ ਬੜੀ ਸੌਖੀ ਤਰ੍ਹਾਂ ਸੰਤਾਪ ਦੀਆਂ ਘੁੰਮਣ ਘੇਰੀਆਂ ਵਿਚ ਫਸ ਜਾਂਦੇ ਹਨ।

ਇਹ ਇਕ ਕਾਨੂੰਨ ਹੈ ਕਿ ਤੁਸੀਂ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦੇ ਪਰ ਇਹ ਵੀ ਸੱਚ ਹੈ ਕਿ ਕਰਮ ਮਨੁੱਖ ਨੂੰ ਗੁਲਾਮ ਬਣਾ ਦਿੰਦੇ ਹਨ, ਜੇ ਕਰਮ ਸੁਚੱਜੀ ਤਰ੍ਹਾਂ ਨਿਸੁਆਰਥੀ ਹੋ ਕੇ ਕੀਤੇ ਜਾਣ ਫੇਰ ਕਰਮ ਬੰਧਨ ਨਹੀਂ ਬਣਦੇ, ਪਿਆਰ ਨਾਲ ਕੀਤੇ ਗਏ ਸਾਰੇ ਕਰਮ ਸੁਤੰਤਰਤਾ ਦੇ ਕਾਰਨ ਬਣ ਜਾਂਦੇ ਹਨ, ਕਰਮ ਕਰਨੇ ਬੜੇ ਹੀ ਅਵੱਸ਼ਕ ਹਨ ਉਸ ਤੋਂ ਬਹੁਤਾ ਜ਼ਰੂਰੀ ਹੈ ਪਿਆਰ, ਪਿਆਰ ਤੋਂ ਬਿਨਾਂ ਕੀਤਾ ਗਿਆ ਕਰਮ ਬੰਧਨ ਬਣ ਜਾਂਦਾ ਹੈ ਵਡਭਾਗੇ ਹਨ ਉਹ ਜਿਹੜੇ ਨਿਸੁਆਰਥੀ ਹੋ ਕੇ ਸੇਵਾ ਕਰਦੇ ਹਨ ਤੇ ਇਹ ਮ੍ਰਿਗ ਤ੍ਰਿਸ਼ਨਾ ਦਾ ਮਾਇਆ ਜਾਲ ਪਾਰ ਕਰ ਜਾਂਦੇ ਹਨ।

ਮਨੁੱਖ ਕੋਲ ਅਰੋਗ ਹੋਣ ਦੀਆਂ ਸਾਰੀਆਂ ਸ਼ਕਤੀਆਂ ਹਨ ਪਰ ਉਹ ਇਨ੍ਹਾਂ ਨੂੰ ਵਰਤਣਾ ਨਹੀਂ ਜਾਣਦਾ, ਜਦੋਂ ਅਰੋਗ ਹੋਣ ਦੀ ਸ਼ਕਤੀ ਨਾਲ ਉਸ ਦਾ ਮਿਲਾਪ ਹੁੰਦਾ ਹੈ ਉਹ ਅਰੋਗ ਹੋ ਜਾਂਦਾ ਹੈ, ਸਾਰੀਆਂ ਸ਼ਕਤੀਆਂ ਉਸ ਵਾਹਿਗੁਰੂ ਦੀਆਂ ਹੀ ਹਨ, ਮਨੁੱਖ ਕੇਵਲ ਇਕ ਸਾਧਨ ਹੈ।

## ਅਰੋਗ ਹੋਣ ਦੇ ਆਧੁਨਿਕ ਤਰੀਕੇ

ਭੂਤਾਂ ਪ੍ਰੇਤਾਂ ਦਾ ਚੰਬੜਨਾ ਐਨਾ ਹੀ ਪੁਰਾਣਾ ਹੈ ਜਿੰਨਾਂ ਸਾਡਾ ਸਭਿਆਚਾਰ, ਅਜੇ ਵੀ ਅਸੀਂ ਸੁਣਦੇ ਹਾਂ ਕਿ ਉਸਨੂੰ ਭੂਤ ਚੰਬੜਿਆ ਹੋਇਆ ਹੈ, ਜਾਂ ਉਸ ਨੂੰ ਕੋਈ ਰੂਹ। ਇਹ ਗੱਲਾਂ ਆਮ ਹੀ ਹਨ। 1960 ਤੋਂ ਲੈ ਕੇ ਅੱਜ ਤਕ ਮੈਂ ਬਹੁਤ ਫਿਰਿਆ, ਬਹੁਤ ਸਾਰੇ ਦੇਸ਼ਾਂ ਵਿਚ ਗਿਆ ਹਾਂ, ਮੈਂ ਦੇਖਿਆ ਹੈ ਕਿ ਅਗਿਆਨੀ ਹੀ ਨਹੀਂ ਪੜ੍ਹੇ ਲਿਖੇ ਪ੍ਰਚਾਰਕ ਵੀ ਇਨ੍ਹਾਂ ਭੂਤਾਂ ਪ੍ਰੇਤਾਂ ਵਿਚ ਵਿਸ਼ਵਾਸ਼ ਰਖਦੇ ਹਨ ਪਰ ਇਹ ਭੂਤ ਚੰਬੜਨਾ ਇਹ ਕੇਵਲ ਇਕ ਮਾਨਸਿਕ ਅਸੰਤੁਲਨ ਹੈ ਇਹੋ ਜਹਿਆਂ ਨੂੰ ਪਾਠ ਪੂਜਾ ਅਤੇ ਹੋਰ ਰਵਾਇਤਾਂ ਨਾਲ ਠੀਕ ਕੀਤਾ ਜਾ ਸਕਦਾ ਹੈ। ਸੰਸਾਰ ਦੀਆਂ ਬਹੁਤ ਸਾਰੀਆਂ ਕੌਮਾਂ ਵਿਚ ਇਹੋ ਜਿਹੀਆਂ ਰਸਮਾਂ ਹਾਲੇ ਵੀ ਕੀਤੀਆਂ ਜਾਂਦੀਆਂ ਹਨ ਭਾਵੇਂ ਲੁਕ ਛੁਪ ਕੇ ਹੀ, ਬਹੁਤ ਸਾਰਿਆਂ ਹਾਲਾਤਾਂ ਵਿਚ ਇਹ ਦਬੀ ਹੋਈ ਲਿੰਗ ਵਾਸ਼ਨਾ ਹੀ ਹੁੰਦੀ ਹੈ, ਹੋਰ ਕਾਰਣ ਜਿਵੇਂ ਕੋਈ ਚੀਜ਼ ਜਾਂ ਕਿਸੇ ਦਾ ਖੁਸ ਜਾਣ ਦਾ ਡਰ, ਜਾਂ ਇਹ ਡਰ ਕਿ ਮੈਂ ਉਹ ਪ੍ਰਾਪਤ ਨਹੀਂ ਕਰ ਸਕਦਾ ਜੋ ਮੈਂ ਚਾਹੁੰਦਾ ਹਾਂ।

ਭਾਰਤ ਵਿਚ ਕਈ ਇਹੋ ਜਿਹੀਆਂ ਜਗ੍ਹਾਂ ਹਨ ਜਿਥੇ ਇਹੋ ਜਿਹੇ ਲੋਕਾਂ ਨੂੰ ਲਿਆਇਆ ਜਾਂਦਾ ਹੈ ਜਿਨ੍ਹਾਂ ਨੂੰ ਭੂਤਾਂ ਪ੍ਰੇਤਾਂ ਨੇ ਵਸ ਕੀਤਾ ਹੋਵੇ, ਚਿਕਤਿਸਕ ਬੜੇ ਹੀ ਘਟੀਆ ਤਰੀਕੇ ਵਰਤਦੇ, ਇਥੋਂ ਤਕ ਕਿ ਮਾਰਨਾ ਕੁਟਣ ਤਕ ਵੀ ਇਕ ਚਿਕਤਸਿਕ ਜਿਸ ਨੂੰ ਵਾਕਿਯਾ ਕਹਿੰਦੇ ਹਨ (Vakya) ਇਸ ਤਰ੍ਹਾਂ ਅੱਗੇ ਵਧਦਾ ਹੈ ਜਿਵੇਂ ਉਸ ਨੂੰ ਵੀ ਕਿਸੇ ਨੇ ਵਸ ਕੀਤਾ ਹੋਵੇ ਪਰ ਦੇਵਤਾ ਤੇ ਭੂਤ ਨੇ ਨਹੀਂ। ਕਈ ਵਾਰੀ ਬੜੀ ਇਕਾਗਰਤਾ ਨਾਲ ਚਲ ਰਹੇ ਸਾਰੇ ਇਸ ਚੱਕਰ ਵਿਚ ਵਾਕਿਯਾ ਬਲਦੀ ਅੱਗ ਵਿਚ ਵੀ ਛਲਾਂਗ ਮਾਰਦਾ ਹੈ ਕੇਵਲ ਇਹ ਦੱਸਣ ਲਈ ਕਿ ਉਹ ਕਿੰਨਾਂ ਸ਼ਕਤੀਸ਼ਾਲੀ ਹੈ, ਮੰਤਰ ਪੜ੍ਹਦਾ ਹੈ ਤੇ ਰੋਗੀ ਨੂੰ ਭੂਤ ਦੇ ਵਸ ਤੋਂ ਛੁਡਾਉਂਦਾ ਹੈ, ਇਹੋ ਜਿਹੇ ਬਹੁਤ ਲੋਕ ਹਿਮਾਲੀਆ ਵਿਚ ਇਥੇ ਉਥੇ ਮਿਲ ਜਾਣਗੇ।

ਥੋੜ੍ਹੇ ਸਾਲ ਹੋਏ ਡਾ. ਐਲਮਰ ਗਰੀਨ (Dr. Elmer Green, Alyee Green) ਤੇ ਉਨ੍ਹਾਂ ਦੇ ਹੋਰ ਸਾਥੀ ਮੈਨਿੰਜਰ ਸੰਸਥਾ (Menninger Foundation) ਤੋਂ ਇਕ ਬੜਾ ਹੀ ਖਾਸ ਕਿਸਮ ਦਾ ਯੰਤਰ ਲੈ ਕੇ ਆਏ ਸਨ, ਯੋਗੀਆਂ ਦੀ ਜਾਂਚ ਕਰਨ ਲਈ, ਉਹ ਰਿਸ਼ੀਕੇਸ਼ ਮੇਰੇ ਆਸ਼ਰਮ ਵੀ ਆਏ, ਮੇਰਾ ਆਸ਼ਰਮ ਬਿਲਕੁਲ ਗੰਗਾ ਦੇ ਕਿਨਾਰੇ ਹੈ, ਉਹ ਇਕ ਸਾਲ ਆਪਣੇ ਪ੍ਰੋਗਰਾਮ ਤੋਂ ਲੇਟ ਪਹੁੰਚੇ, ਉਨ੍ਹਾਂ ਯੋਗੀਆਂ ਨੂੰ ਤਾਂ ਨਹੀਂ ਮਿਲ ਸਕੇ ਜਿਹੜੇ ਪਹਿਲਾਂ ਆਏ ਸੀ ਤੇ ਆਪਣੇ ਉਤੇ ਤਜਰਬੇ ਕਰਾਉਣ ਲਈ ਤਿਆਰ ਵੀ ਸੀ। ਮੈਂ ਇਕ ਸਵਾਮੀ ਨੂੰ, ਜਿਸਦਾ ਨਾਮ ਹਰੀ ਸਿੰਘ ਸੀ, ਉਸ ਨੂੰ ਚੌਕੀਦਾਰ ਰੱਖਿਆ, ਨਾਲ ਹੀ ਉਹ ਆਪਣੇ ਉਤੇ ਤਜਰਬਾ ਕਰਾਉਣ ਲਈ ਵੀ ਤਿਆਰ ਸੀ। ਚਾਲੀ ਬੰਦੇ ਅਮਰੀਕਾ ਤੋਂ ਆ ਕੇ ਮੇਰੇ ਆਸ਼ਰਮ ਵਿਚ ਰਹਿ ਰਹੇ ਸਨ। ਉਹ ਆਪਣੇ ਨਾਲ ਫਿਲਮ ਬਣਾਉਣ ਵਾਲੇ ਵੀ ਲੈ ਕੇ ਆਏ ਸੀ। ਡਾ. ਗਰੀਨ ਦੀ ਪਾਰਟੀ ਨੇ ਫਿਲਮ ਲੈਣੀ ਸ਼ੁਰੂ ਕੀਤੀ। ਹਰੀ ਸਿੰਘ ਨੇ ਇਕ ਬਲੇਡ ਅੱਗ ਵਿਚ ਪਾਇਆ ਜਦੋਂ ਉਹ ਲਾਲ ਸੁਰਖ ਹੋ ਗਿਆ

ਉਸ ਨੇ ਉਹ ਕੱਢ ਕੇ ਆਪਣੀ ਜੀਭ ਤੇ ਰੱਖ ਲਿਆ, ਬਿਲਕੁਲ ਉਸੇ ਤਰ੍ਹਾਂ ਦੀ ਆਵਾਜ਼ ਵੀ ਆਈ ਜਿਵੇਂ ਭਖਦੇ ਤਵੇ ਤੇ ਪਾਣੀ ਦੀਆਂ ਛਿਟਾ ਪਾ ਦੇਓ, ਪਰ ਉਸਦੀ ਜੀਭ ਨੂੰ ਕੁਝ ਨਹੀਂ ਹੋਇਆ। ਨਾ ਉਸ ਦੀ ਜੀਭ ਸੜੀ, ਨਾ ਹੀ ਕੋਈ ਦਾਗ ਪਿਆ। ਇਹੋ ਜਿਹੇ ਕਈ ਤਮਾਸ਼ੇ ਆਮ ਤੌਰ ਤੇ ਕਈ ਲੋਕੀ ਕਰਦੇ ਹਨ ਪਰ ਉਹ ਯੋਗੀ ਨਹੀਂ ਹੁੰਦੇ। ਪਰ ਲੋਕ ਉਨ੍ਹਾਂ ਨੂੰ ਯੋਗੀ ਸਮਝਦੇ ਹਨ। ਬਹੁਤ ਵਾਰੀ ਬਾਹਰ ਦੇ ਲੋਕੀ ਜਗਿਆਸਾ ਲੈ ਕੇ ਆਉਂਦੇ ਹਨ ਤੇ ਹਿਮਾਲੀਆ ਦੀ ਤਰਾਈ ਤੇ ਇਹੋ ਜਿਹੇ ਤਮਾਸ਼ਬੀਨਾਂ ਨੂੰ ਲੱਭਦੇ ਹਨ, ਇਹ ਘਟਨਾ ਆਮ ਹਨ ਤੇ ਠੀਕ ਵੀ ਪਰ ਇਹ ਯੋਗ ਦਾ ਭਾਗ ਨਹੀਂ, ਨਾ ਹੀ ਯੋਗ ਦੇ ਸਕੂਲ ਵਿਚ ਸਿਖਾਈਆਂ ਜਾਂਦੀਆਂ ਹਨ।

ਇਕ ਵਾਰੀ 1945 ਵਿਚ ਇਕ ਦਿਮਾਗ ਦਾ ਡਾਕਟਰ ਆਸਟਰੇਲੀਆ ਤੋਂ ਆਇਆ ਸੀ ਉਹ ਮੇਰੇ ਪਹਾੜ ਦੇ ਘਰ ਵਿਚ ਆਇਆ, ਮੇਰੇ ਨਾਲ ਦਸ ਦਿਨ ਰਿਹਾ ਵੀ, ਉਨ੍ਹਾਂ ਦਿਨਾਂ ਵਿਚ ਕੋਈ-ਕੋਈ ਹਸਪਤਾਲ ਤੇ ਡਿਸਪੈਂਸਰੀਆਂ ਸਨ ਹੁਣ ਭਾਵੇਂ ਭਾਰਤੀ ਸਰਕਾਰ ਕਈ ਸਿਹਤ ਕੇਂਦਰ ਤੇ ਹਸਪਤਾਲ ਖੋਲ੍ਹ ਰਹੀ ਹੈ, ਜਿਥੇ ਛੋਟੀਆਂ ਬੀਮਾਰੀਆਂ ਦੇ ਇਲਾਜ ਹੋ ਸਕਣ, ਮੈਂ ਸੋਚਿਆ ਇਹ ਡਾਕਟਰ ਪਿੰਡ ਦੇ ਬੰਦਿਆਂ ਨੂੰ ਅਰੋਗ ਕਰਨ ਵਿਚ ਕੋਈ ਸਹਾਇਤਾ ਕਰੇਗਾ ਕੋਈ ਦਵਾਈਆਂ ਦਸੇਗਾ। ਉਹ ਹਿਮਾਲੀਆ ਇਸ ਕਰਕੇ ਆਇਆ ਸੀ ਇਕ ਤਾਂ ਮੈਨੂੰ ਮਿਲਣ, ਦੂਸਰਾ ਆਪਣੇ ਪੁਰਾਣੇ ਸਿਰ ਦਰਦ ਤੋਂ ਛੁਟਕਾਰਾ ਪਾਉਣ। ਐਨੀ ਸਿਰ ਦਰਦ ਸੀ ਕਿ ਉਸ ਦਾ ਜੀਣਾ ਔਖਾ ਹੋਇਆ ਪਿਆ ਸੀ। ਉਹ ਭਾਵੇਂ ਆਪ ਵੀ ਡਾਕਟਰ ਸੀ, ਦੂਸਰੇ ਡਾਕਟਰਾਂ ਨੇ ਉਸ ਦਾ ਮੁਆਇਨਾਂ ਕੀਤਾ ਸੀ ਪਰ ਸਿਰ ਦਰਦ ਦਾ ਕਾਰਣ ਕੋਈ ਨਹੀਂ ਸੀ ਲੱਭ ਸਕਿਆ, ਨਾ ਕੋਈ ਸਿਰ ਦਰਦ ਦਾ ਇਲਾਜ ਕਰ ਸਕਿਆ ਸੀ।

ਇਕ ਬੁੱਢੀ ਔਰਤ ਜੋ ਮੇਰੇ ਲਈ ਦੁੱਧ ਲੈ ਕੇ ਆਇਆ ਕਰਦੀ ਸੀ ਉਸ ਨੂੰ ਮੇਰੇ ਕਮਰੇ ਵਿਚ ਦੇਖ ਕੇ ਹਸ ਪਈ ਕਹਿਣ ਲੱਗੀ, "ਇਹ ਡਾਕਟਰ ਹੈ?" ਜੇ ਤੁਸੀਂ ਆਗਿਆ ਦਿਓ ਤਾਂ ਮੈਂ ਦੋ ਮਿੰਟਾਂ ਵਿਚ ਇਸ ਦਾ ਸਿਰ ਦਰਦ ਦੂਰ ਕਰ ਸਕਦੀ ਹਾਂ। ਮੈਂ ਕਿਹਾ, "ਜ਼ਰੂਰ" ਉਹ ਇਕ ਬੂਟੀ ਲੈ ਕੇ ਆਈ ਉਹ ਪਹਾੜ ਵਿਚ ਆਮ ਵਰਤੀ ਜਾਂਦੀ ਹੈ ਉਸ ਵਿਚੋਂ ਅੱਗ ਪੈਦਾ ਕੀਤੀ ਜਾਂਦੀ ਹੈ ਚਟਾਨਾਂ ਦੇ ਟਕਰਾਉਣ ਨਾਲ ਜਦੋਂ ਅੱਗ ਨਿਕਲਦੀ ਹੈ ਉਸ ਵਿਚ ਉਹ ਬੂਟੀ ਪੈਦਾ ਹੁੰਦੀ ਹੈ। ਉਸ ਨੇ ਉਸ ਬੂਟੀ ਨੂੰ ਮਚੋੜਿਆ ਤੇ ਥੋੜ੍ਹੀ ਜਿਹੀ ਡਾਕਟਰ ਦੀ ਪੁੜਪੁੜੀ ਉਤੇ ਰੱਖ ਦਿਤੀ ਤੇ ਕਹਿਣ ਲੱਗੀ, "ਵਿਸ਼ਵਾਸ਼ ਰੱਖੋ ਤੁਹਾਡਾ ਸਿਰ ਦਰਦ ਸਦਾ ਲਈ ਖਤਮ ਹੋ ਜਾਵੇਗਾ, ਲੇਟ ਜਾਓ, ਜਦੋਂ ਉਹ ਲੇਟਿਆ ਉਸ ਨੇ ਲੋਹੇ ਦੀ ਖੂੰਟੀ ਅੱਗ ਵਿਚ ਰੱਖ ਕੇ ਲਾਲ ਕਰ ਲਈ, ਫੇਰ ਉਹ ਲਾਲ ਖੂੰਟੀ ਉਸ ਨੇ ਡਾਕਟਰ ਦੀ ਪੁੜਪੁੜੀ ਉਤੇ ਜਿਥੇ ਬੂਟੀ ਮਸਲ ਕੇ ਰੱਖੀ ਸੀ ਉਸ ਦੇ ਉਤੇ ਲਗਾ ਦਿਤੀ ਡਾਕਟਰ ਨੇ ਚੀਖ ਮਾਰੀ ਤੇ ਉਛਲਿਆ, ਮੈਂ ਵੀ ਹੈਰਾਨ ਹੋ ਗਿਆ, ਬੀਬੀ ਚੁਪ ਚਾਪ ਆਪਣੇ ਘਰ ਮੁੜ ਗਈ, ਡਾਕਟਰ ਦਾ ਸਿਰ ਦਰਦ ਬਿਲਕੁਲ ਠੀਕ ਹੋ ਚੁੱਕਾ ਸੀ।

ਇਹੋ ਜਿਹੇ ਇਲਾਜ ਆਮ ਤੌਰ ਤੇ ਪਿੰਡਾਂ ਵਿਚ ਕੀਤੇ ਜਾਂਦੇ ਹਨ। ਡਾਕਟਰ ਮੈਨੂੰ ਪੁੱਛਣ ਲੱਗਾ ਇਹ ਕਿਹੜੀ ਵਿਦਿਆ ਹੈ, ਵਿਗਿਆਨ ਹੈ, ਮੈਂ ਇਸ ਦੇ ਬਾਰੇ ਸਿਖਣਾ ਚਾਹੁੰਦਾ ਹਾਂ। ਮੈਂ ਉਸ ਨੂੰ ਬਹੁਤਾ ਉਤਸ਼ਾਹ ਨਹੀਂ ਦਿਤਾ, ਮੈਂ ਭਾਵੇਂ ਮੰਨਦਾ ਹਾਂ ਕਿ ਇਹੋ ਜਿਹੇ ਇਲਾਜ ਠੀਕ ਕਰ ਦਿੰਦੇ ਹਨ ਪਰ ਇਹ ਬਹੁਤੇ ਵਿਗਿਆਨਕ ਨਹੀਂ ਹਨ, ਇਹ ਵੀ ਜਾਣ ਲੈਣਾ ਬੜਾ ਔਖਾ ਹੈ ਕਿਹੜੇ ਠੀਕ ਹਨ, ਕਿਹੜੇ ਕੇਵਲ ਵਹਿਮ ਹਨ। ਡਾਕਟਰ ਨੇ ਭਾਵੇਂ ਬਹੁਤ ਕਿਹਾ ਅਤੇ ਫੇਰ ਉਹ ਗੜਵਾਲ ਚਲਾ ਗਿਆ ਜਿਥੇ ਉਸ ਨੇ ਪਹਾੜੀ ਵੈਦ ਭੈਰਵ ਦੱਤ ਕੋਲੋਂ ਸਿਖਿਆ ਉਨ੍ਹਾਂ ਨੂੰ 3000 ਤੋਂ ਵੱਧ ਕਿਸਮ ਦੀਆਂ ਬੂਟੀਆਂ ਦੀ ਪਛਾਣ ਸੀ। ਜਦੋਂ ਉਹ ਡਾਕਟਰ ਮੈਨੂੰ ਛੇ ਮਹੀਨੇ ਦੇ ਬਾਦ ਮਿਲਿਆ ਉਹ ਕਹਿਣ ਲੱਗਾ, ਮੈਂ ਹੁਣ ਦਸ ਸਕਦਾ ਹਾਂ ਕਿ ਉਹ ਇਲਾਜ ਕੀ ਸੀ ਜੋ ਉਸ ਬੀਬੀ ਨੇ ਮੇਰੇ ਤੇ ਕੀਤਾ ਸੀ। ਇਕ ਚੀਨੀ ਨੇ ਤਿੱਬਤਨ ਮੁਸਾਫਰਾਂ ਤੋਂ ਲਿਆਂਦਾ ਹੈ ਇਹ acupuncture ਹੈ। ਚਰਕ ਜੋ ਪੁਰਾਣਾ ਭਾਰਤੀ ਦਵਾਈਆਂ ਦਾ ਮਾਹਿਰ ਸੀ ਉਸ ਨੇ ਇਸ ਵਿਦਿਆ ਨੂੰ ਸੂਚੀ ਵਿਦਿਆ ਸੂਈ ਜਾਂ ਹਿੰਦੀ ਵਿਚ ਸੂਈਆਂ ਮਾਰਨ ਦਾ ਇਲਾਜ ਦਸਿਆ ਹੈ।

ਮੈਂ ਕਿਹਾ ਤੁਸੀਂ ਇਕ ਕਿਸਮ ਦੀ ਸਿਰ ਦਰਦ ਤੋਂ ਛੁਟਕਾਰਾ ਪਾਇਆ ਹੈ ਪਰ ਦੂਸਰੇ ਕਿਸਮ ਦੀ ਸਹੇੜ ਲਈ ਹੈ ਇਨ੍ਹਾਂ ਦੇਸੀ ਇਲਾਜਾਂ ਬਾਰੇ ਜਾਨਣ ਦੀ, ਪਿੰਡ ਦੇ ਲੋਕੀ ਬਹੁਤ ਕੁਝ ਜਾਣਦੇ ਤੇ ਵਰਤਦੇ ਹਨ ਪਰ ਚੰਗਾ ਇਹੋ ਹੀ ਹੈ ਅਸੀਂ ਵਰਤਣ ਤੋਂ ਪਹਿਲਾਂ ਜਾਣ ਲਈਏ ਸਮਝ ਲਈਏ, ਸਾਡਾ ਮਨ ਖੁਲ੍ਹਾ ਤੇ ਸਾਫ ਹੋਣਾ ਚਾਹੀਦਾ ਹੈ।

ਧਾਤੂ ਤੋਂ ਬਣੀਆਂ ਦਵਾਈਆਂ ਪੱਛਮ ਵਿਚ ਨਹੀਂ ਵਰਤੀਆ ਜਾਂਦੀਆਂ, ਭਾਵੇਂ ਸਾਡੇ ਕੋਲ ਦਵਾਈ ਬਣਾਉਣ ਦੇ ਸਾਰੇ ਤਰੀਕੇ ਹਨ, ਜਿਹੜੀਆਂ ਦਵਾਈਆਂ ਮਰੀਜ਼ਾਂ ਨੂੰ ਠੀਕ ਕਰ ਸਕਦੀਆਂ ਸਨ ਪਰ ਦਵਾਈਆਂ ਹਰ ਬਿਮਾਰੀ ਦਾ ਦਾਰੂ ਨਹੀਂ ਹੋ ਸਕਦੀਆਂ। ਆਯੁਰਵੈਦਿਕ ਤਰੀਕੇ ਵਿਚ ਬਹੁਤ ਸਾਰੀਆਂ ਜੜੀਆਂ ਬੂਟੀਆਂ ਵਰਤੀਆਂ ਜਾਂਦੀਆਂ ਹਨ ਹੋਰ ਵੀ ਕਈ ਤਰੀਕੇ ਹਨ, ਪਾਣੀ ਪੀਣਾ, ਗਰਮ ਭਾਫ ਦੇਣਾ, ਵੱਖ-ਵੱਖ ਰੰਗ ਵਰਤਣੇ ਧੁੱਪੇ ਬੈਠਣਾ, ਫਲਾਂ ਦਾ ਰਸ, ਫਲਾਂ ਸਬਜ਼ੀਆਂ ਹੋਰ ਬਹੁਤ ਕੁਝ ਇਹ ਆਯੁਰਵੈਦਿਕ ਤਰੀਕੇ ਦਾ ਅਧਾਰ ਹਨ, ਆਯੁਰਵੈਦਿਕ ਦੇ ਦੋ ਤਰੀਕੇ ਹਨ ਇਕ ਹੈ ਨੀਦਾਨਾ (Nidana) ਅਤੇ ਪਾਥਿਆ (Pathya) ਚਿਕਤਸਕ ਖਾਣ ਪੀਣ ਸੌਣ ਤੇ ਹਵਾ ਪਾਣੀ ਬਦਲਣ ਲਈ ਕਹਿੰਦੇ ਹਨ ਬਜਾਏ ਹਸਪਤਾਲਾਂ ਦੇ ਘੁਟੇ ਹਾਲਾਤਾਂ ਵਿਚ ਰੱਖਣ ਦੇ।

ਮੈਂ ਕਈ ਵਾਰੀ ਹੈਰਾਨ ਹੁੰਦਾ ਹਾਂ ਕਿ ਹਿਮਾਲੀਆ ਦੇ ਲੋਕੀ ਕਿਵੇਂ ਐਨੇ ਰਿਸ਼ਟ ਪੁਸ਼ਟ ਰਹਿੰਦੇ ਹਨ, ਲੰਬੀ ਆਯੂ ਭੋਗਦੇ ਹਨ, ਭਾਵੇਂ ਅਜੋਕੀਆਂ ਕੋਈ ਸੁਵਿਧਾ ਉਨ੍ਹਾਂ ਕੋਲ ਉਪਲਬਧ ਨਹੀਂ ਹਨ ਬਹੁਤ ਸਾਰੀਆਂ ਇਹੋ ਜਿਹੀਆਂ ਬੀਮਾਰੀਆਂ ਹਨ ਜਿਨ੍ਹਾਂ ਦਾ ਡਾਕਟਰਾਂ ਕੋਲ ਕੋਈ ਇਲਾਜ ਨਹੀਂ ਪਰ ਇਹ ਪਹਾੜੀ ਲੋਕਾਂ ਨੂੰ ਹੁੰਦੀਆਂ ਵੀ ਨਹੀਂ ਸ਼ਾਇਦ ਤਾਜ਼ਾ ਖਾਣਾ ਤਾਜ਼ੀ ਹਵਾ, ਸਭ ਤੋਂ ਵੱਧ ਆਪਣੀ ਖੁਲ੍ਹੀ ਸੋਚ ਕੋਈ ਚਿੰਤਾ ਨਹੀਂ ਇਹ ਹੀ ਉਨ੍ਹਾਂ ਦੀ ਅੱਛੀ ਸਿਹਤ ਦਾ ਕਾਰਣ ਹਨ। ਲੱਖਾਂ ਲੋਕੀ ਜਿਹੜੇ ਮਨੋ ਸਰੀਰਕ ਰੋਗਾਂ ਨਾਲ ਗ੍ਰਸੇ ਪਏ ਹਨ ਉਨ੍ਹਾਂ ਨੂੰ ਠੀਕ ਖੁਰਾਕ, ਜੂਸ, ਨਿਸਲ ਹੋਣ ਦੇ ਤਰੀਕਿਆਂ ਨਾਲ, ਸਾਹ ਠੀਕ ਲੈਣ ਦੇ ਤਰੀਕਿਆਂ ਨਾਲ ਅਤੇ ਧਿਆਨ ਲਗਾਉਣ ਨਾਲ ਠੀਕ ਕੀਤਾ ਜਾ ਸਕਦਾ ਹੈ। ਪਰਹੇਜ਼ ਤੇ ਇਲਾਜ ਦੇ ਦੂਸਰਿਆਂ ਤਰੀਕਿਆਂ ਨੂੰ ਲਾਂਭੇ ਨਹੀਂ ਕਰਨਾ ਚਾਹੀਦਾ।

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ ਜੂਨ ਅੰਕ, ਪੰਨਾ - 60)*

ਇਸ ਸਤਿ ਦੇ ਆਸਣ ਤੇ ਪੁਰਖ ਦਾ ਵਰਨਣ ਕੀਤਾ ਜਾ ਰਿਹਾ ਹੈ। ਇਹ ਪੂਰਨ ਸਤਿ ਚਿਤ ਅਨੰਦ ਅਤੇ ਪਿਆਰ ਦੀ ਹਸਤੀ ਹੈ, ਇਥੇ ਸੱਚ ਅਤੇ ਝੂਠ ਵਾਲਾ ਸਤਿ ਨਹੀਂ ਆਖਿਆ ਜਾ ਰਿਹਾ ਇਹ ਪ੍ਰਭੂ ਦੀ ਵਿਲੱਖਣ ਹਸਤੀ ਨੂੰ ਪ੍ਰਗਟ ਕਰਨ ਲਈ ਸਤਿ ਕਿਹਾ ਗਿਆ ਹੈ। ਇਸ ਦਾ ਕੋਈ ਆਦਿ ਨਹੀਂ ਅਤੇ ਨਾ ਹੀ ਕਦੇ ਅੰਤ ਹੈ। ਸਤਿ-ਅਸਤਿ ਜਾਂ ਸੱਚ-ਝੂਠ, ਦਵੰਦ ਪ੍ਰਗਟ ਕਰਨ ਦਾ ਭਾਵ ਰਖਦੇ ਹਨ। ਇਹ ਜੋ ਸਤਿ ਸਰੂਪ ਵਾਹਿਗੁਰੂ ਜੀ ਹਨ ਇਹ ਹਸਤੀ ਹਨ। ਗੁਰੂ ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰਦੇ ਹਨ -

*ਰੂਪ ਸਤਿ ਜਾ ਕਾ ਸਤਿ ਅਸਥਾਨੁ॥*
*ਪੁਰਖੁ ਸਤਿ ਕੇਵਲ ਪਰਧਾਨੁ॥* *ਪੰਨਾ - 284*

ਵਾਹਿਗੁਰੂ ਜੀ ਦਾ ਨਾਮ ਜਿਸਨੂੰ ਅਸੀਂ ਪਰਾਪੂਰਬਲਾ ਨਾਮ ਕਹਿ ਸਕਦੇ ਹਾਂ ਉਹ 'ਸਤਿਨਾਮ' ਹੈ। ਨਿਰਦੂੰਦ ਸਤਿ ਹੈ, ਇਸੇ ਕਰਕੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਸਦਾ ਸਚਿਦਾਨੰਦ ਵਾਹਿਗੁਰੂ ਲਈ ਅੱਖਰ ਵਰਤਿਆ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੇ ਇਸੇ ਸਤਿ ਸਰੂਪ ਨੂੰ ਦਰਸਾਉਂਦਿਆਂ ਫੁਰਮਾਨ ਕੀਤਾ ਹੈ ਕਿ -

*ਸਤਿ ਸੁਹਾਣੁ ਸਦਾ ਮਨਿ ਚਾਉ॥* *ਪੰਨਾ - 4*

ਵਾਹਿਗੁਰੂ ਜੀ ਦਾ ਸਰੂਪ ਸਦਾ ਸਤਿ ਹੈ, ਸੁੰਦਰ ਹੈ, ਚੇਤਨ ਹੈ, ਅਨੰਦ ਹੈ। ਸੋ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਜਿਥੇ ਵਾਹਿਗੁਰੂ ਜੀ ਦੇ ਅਨੇਕਾਂ ਕਿਰਤਮ ਨਾਮ ਲਿਖੇ ਹਨ ਉਥੇ ਆਪ ਨੇ ਫੁਰਮਾਨ ਕੀਤਾ ਹੈ -

*ਕਿਰਤਮ ਨਾਮ ਕਥੇ ਤੇਰੇ ਜਿਹਬਾ॥*
*ਸਤਿਨਾਮੁ ਤੇਰਾ ਪਰਾ ਪੂਰਬਲਾ॥* *ਪੰਨਾ - 1083*

ਇਸ ਸਤਿ ਨੂੰ ਜੋ ਧਿਆਨ ਵਿਚ ਵਸਾਉਂਦਾ ਹੈ, ਇਸ ਸਤਿ ਹੋਂਦ ਵਿਚ ਜੋ ਪੂਰਨ ਰੂਪ ਵਿਚ ਵਿਸ਼ਵਾਸ਼ ਲਿਆਉਂਦਾ ਹੈ, ਉਹ ਸਤਿ ਦਾ ਸਰੂਪ ਬਣ ਜਾਇਆ ਕਰਦਾ ਹੈ, ਜਿਵੇਂ ਕਿ ਫੁਰਮਾਨ ਹੈ -

*ਸਤਿ ਸਰੂਪੁ ਰਿਦੈ ਜਿਨਿ ਮਾਨਿਆ॥*
*ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥* *ਪੰਨਾ - 285*

ਵਾਹਿਗੁਰੂ ਜੀ ਦਾ ਪਰੀਪੂਰਨ ਧਿਆਨ ਜਿਸ ਵਿਚ ਜੀਵ ਆਪਣਾ ਆਪਾ ਭਾਵ ਗੁਆ ਕੇ ਲੀਨਤਾ ਪ੍ਰਾਪਤ ਕਰਦਾ ਹੈ, ਉਹ ਅਵਸਥਾ ਨਾਮ ਦੀ ਹੋਇਆ ਕਰਦੀ ਹੈ। ਇਹ ਨਾਮ ਅਕਿਰਤਮ ਹੈ ਗੁਰੂ ਮਹਾਰਾਜ ਜੀ ਨੇ ਇਸ ਪਰਾਪੂਰਬਲਾ ਦਾ ਵਿਸ਼ੇਸ਼ਣ ਦੇ ਕੇ ਵਿਸ਼ੇਸ਼ ਪਦ ਸਤਿ ਦਿਤਾ ਹੈ। ਹੇ ਪ੍ਰਮੇਸ਼ਰ ਤੇਰਾ ਨਾਮ 'ਸਤਿ' ਹੈ, ਇਹ ਸਭ ਤੋਂ ਸ੍ਰੇਸ਼ਟ ਤੇ ਮੂਹਰਲਾ ਹੈ। ਵਾਹਿਗੁਰੂ ਜੀ ਦਾ ਨਾਮ ਸਦਾ ਸਤਿ ਹੈ ਜੋ ਕਦੇ ਵੀ ਬਦਲਿਆ ਨਹੀਂ ਜਾਂਦਾ। ਅਸਾਡੇ ਜੋ ਨਾਮ ਹਨ ਤ੍ਰਿਭਵਣ ਦੇ, ਪਦਾਰਥਾਂ ਦੇ, ਥਾਵਾਂ ਦੇ, ਜੀਵਾਂ ਦੇ, ਤਾਰਿਆਂ ਸਤਾਰਿਆਂ ਦੇ ਇਹ ਸਾਰੇ ਬਦਲਣ ਵਾਲੇ ਹਨ ਕਿਉਂਕਿ ਇਨ੍ਹਾਂ ਸਾਰਿਆਂ ਦੀ ਸਥਿਰ ਹੋਂਦ ਨਹੀਂ ਹੈ। ਨਾਸ਼ ਰੂਪ ਹਨ, ਮਿਥਿਆ ਹਨ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ -

*ਸਤਿ ਰੂਪ ਸਤਿ ਨਾਮ ਕਰ ਸਤਿਗੁਰ ਨਾਨਕ ਜੀਓ॥*

ਅਕਾਲ ਪੁਰਖ ਆਪ ਸਤਿ ਹੈ, ਇਸਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਉਹ ਸਤਿ ਪੁਰਖ ਸਤਿ ਦੇ ਆਸਣ ਤੇ ਬਿਰਾਜਮਾਨ ਹੈ, ਕਦੇ ਵੀ ਅਸਿਥਰਤਾ ਉਸਦੇ ਨੇੜੇ ਨਹੀਂ ਪਹੁੰਚ ਸਕਦੀ। ਮਨੁੱਖ ਸਰੀਰ ਵਿਚ ਜੋ ਸ਼ੁਧ ਚੇਤਨ ਹੈ ਉਹ ਉਸੇ ਸਤਿ ਦੀ ਅੰਸ ਹੈ। ਹੋਰ ਸੁਖਾਲੀ ਤਰ੍ਹਾਂ ਸਮਝਣ ਵਾਸਤੇ ਇਉਂ ਵੀ ਕਹਿ ਸਕਦੇ ਹਾਂ ਕਿ ਵਾਹਿਗੁਰੂ ਜੀ ਦੀ ਜੋਤ ਹਰ ਜੀਵ ਜੰਤੂ ਦੇ ਅੰਦਰ ਬਿਰਾਜਮਾਨ ਹੈ। ਇਹ ਪ੍ਰਮੇਸ਼ਰ ਦੀ ਅੰਸ ਜਿਸਨੂੰ ਜੀਵ ਆਖਿਆ ਜਾਂਦਾ ਹੈ, ਅਮਰ ਹੈ ਅਤੇ ਅਮਿਟ ਹੈ। ਨਾਮ ਗੁਰਮਤਿ ਅਨੁਸਾਰ ਦੋਹਾਂ ਦਾ ਮੇਲਣਹਾਰ ਹੈ, ਅੰਸ ਅਤੇ ਅੰਸੀ ਨੂੰ ਨਾਮ ਸਤਾ ਮੇਲਦੀ ਹੈ। ਅੰਸੀ ਵਾਹਿਗੁਰੂ ਜੀ ਹਨ ਅਤੇ ਅੰਸ ਜੀਵ ਹਨ ਜਿਸ ਤਰ੍ਹਾਂ ਬਾਣੀ ਵਿਚ ਫੁਰਮਾਨ ਹੈ -

*ਕਹੁ ਕਬੀਰ ਇਹੁ ਰਾਮ ਕੀ ਅੰਸੁ॥*
*ਜਸ ਕਾਗਦ ਪਰ ਮਿਟੈ ਨ ਮੰਸੁ॥* *ਪੰਨਾ - 871*

ਨਾਮ ਹਉਮੈ ਦੇ ਪਏ ਹੋਏ ਅੰਧਕਾਰ ਨੂੰ ਕਟਦਾ ਹੈ, ਅੰਮ੍ਰਿਤ ਰੂਪ ਹੋ ਕੇ ਹਉਮੈ ਤੇ ਮਾਇਆ ਦੀ ਬਿਖ ਨੂੰ ਲਾਹ ਦਿੰਦਾ ਹੈ ਅਤੇ ਇਸ ਜੀਵ ਨੂੰ ਚੁੱਕ ਕੇ ਵਾਹਿਗੁਰੂ ਜੀ ਨਾਲ ਮਿਲਾ ਦਿੰਦਾ ਹੈ, ਵਾਹਿਗੁਰੂ ਜੀ ਇਸ ਨਾਮ ਸ਼ਕਤੀ ਵਿਚ ਹੀ ਵਸਦੇ ਹਨ ਅਤੇ ਵਾਹਿਗੁਰੂ ਜੀ ਦੀ ਸਤਾ ਇਸ ਨਾਮ ਵਿਚ ਵਸਦੀ ਹੈ -

*ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥*
*ਪੰਨਾ - 55*

ਇਸੇ ਕਰਕੇ ਬਾਣੀ ਵਿਚ ਫੁਰਮਾਨ ਆਇਆ ਹੈ ਕਿ -

*ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ ਪੰਨਾ - 263*

ਪਰ ਇਹ ਨਾਮ ਸਤਾ ਬੁਝਣੀ ਬਹੁਤ ਹੀ ਔਖੀ ਹੈ, ਗੁਰੂ ਕ੍ਰਿਪਾ ਨਾਲ ਇਹ ਬੁਝਿਆ ਜਾਂਦਾ ਹੈ, ਨਾਮ ਪੂਰਨ ਰੂਪ ਵਿਚ ਮਾਇਆ ਦੀ ਮੈਲ ਤੋਂ ਅਲੇਪ ਅਛੋਹ ਹੈ, ਉਸ ਦੀ ਮਹਿਮਾ ਗੰਮਤਾ ਵਿਚ ਨਹੀਂ ਆਉਂਦੀ। ਮਨੁੱਖ ਦੇ ਇੰਦਰੇ ਉਸ ਦਾ ਅਨੁਭਵ ਨਹੀਂ ਕਰ ਸਕਦੇ ਕਿਉਂਕਿ ਅੱਖਾਂ, ਨੱਕ, ਕੰਨ ਆਦਿ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਦਾ ਹੀ ਅਨੁਭਵ ਕਰ ਸਕਦੇ ਹਨ। ਨਾਮ ਸਤਾ ਸੂਖਸ਼ਮ ਹੈ ਜਿਵੇਂ ਕਿ ਫੁਰਮਾਨ ਹੈ-

*ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ॥*
*ਪੰਨਾ - 585*

ਇਕ ਥਾਂ ਹੋਰ ਫੁਰਮਾਨ ਹੈ -

*ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ॥*
*ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥*
*ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥*

*ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ॥*

*ਪੰਨਾ - 1242*

ਇਹ ਨਾਮ ਹਰ ਥਾਂ ਵਿਆਪਕ ਹੈ, ਇਕ ਦੇਸੀ ਨਹੀਂ ਵਿਆਪਕ ਹੋਣ ਕਰਕੇ ਹਰ ਘਟ ਵਿਚ ਇਸ ਦਾ ਵਾਸਾ ਹੈ, ਸਭ ਦੇ ਹਿਰਦੇ ਵਿਚ ਨਿਵਾਸ ਰਖਦਾ ਹੈ। ਸਮਰੱਥ ਸਤਿਗੁਰੂ ਜਗਿਆਸੂ ਦੇ ਹਿਰਦੇ ਵਿਚ ਵਸ ਰਿਹਾ ਨਾਮ ਦਿਖਾ ਦਿੰਦਾ ਹੈ। ਦੇਹ ਦੇ ਅੰਦਰ ਬਹੁਤ ਪਸਾਰਾ ਹੈ ਉਹ ਵਿਆਪਕ ਨਾਮ ਦੇਹੀ ਦੇ ਅੰਦਰ ਅੰਤਸ਼ਕਰਣ ਵਿਚ ਮੌਜੂਦ ਹੈ। ਇਹ 'ਨਾਮ' ਨਿਰੰਜਨ ਅਤੇ ਅਤੇ ਅਗੰਮ ਆਪਾਰ ਹੈ –

*ਇਸੁ ਕਾਇਆ ਅੰਦਰਿ ਬਹੁਤੁ ਪਸਾਰਾ॥*
*ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥*
*ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ॥*

*ਪੰਨਾ - 112*

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਜਦੋਂ ਅਸੀਂ ਇਕਾਗਰ ਚਿਤ ਨਾਲ ਨਾਮ ਦੀਆਂ ਗਹਿਰੀਆਂ ਪੜਤਾਂ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਸਾਡੇ ਅੰਦਰ ਸਤਿ ਦਾ ਪ੍ਰਕਾਸ਼ ਹੋ ਕੇ ਅਨੁਭਵ ਦੀ ਰੋਸ਼ਨੀ ਵਿਚ ਪ੍ਰਤੀਤ ਦਿੰਦਾ ਹੈ ਕਿ ਨਾਮ ਵਾਹਿਗੁਰੂ ਦੀ ਕੋਈ ਆਪਨੀ ਸ਼ਕਤੀ ਹੈ, ਵਾਹਿਗੁਰੂ ਜੀ ਵਾਂਗੂੰ ਮਾਇਆ ਰਹਿਤ ਹੈ। ਉਸੇ ਵਾਂਗੂੰ ਹੀ ਅਲੱਖ ਹੈ ਵਿਸ਼ੇਸ਼ਤਾ ਇਹ ਹੈ ਕਿ ਹਰ ਇਨਸਾਨੀ ਹਿਰਦੇ ਵਿਚ ਵਿਆਪਕ ਹੈ ਉਸਦੀ ਲਖਤਾ ਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ ਜਿਵੇਂ ਕਿ ਫੁਰਮਾਨ ਕੀਤਾ ਹੈ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*

*ਪੰਨਾ - 205*

ਮਾਇਆ ਦੇ ਹਨ੍ਹੇਰੇ ਨੂੰ, ਹਉਮੈ ਦੇ ਭੁਲੇਖਿਆਂ ਨੂੰ ਨਾਮ ਸ਼ਕਤੀ ਦੂਰ ਕਰਨ ਦੀ ਸਮਰਥਾ ਰਖਦੀ ਹੈ। ਇਸ ਨਾਮ ਸਤਾ ਤਕ ਪਹੁੰਚਣ ਲਈ ਗੁਰੂ ਵਲੋਂ ਮੰਤਰ ਰੂਪ ਵਿਚ ਦਿਤਾ ਹੋਇਆ ਨਾਮ ਸਮਰੱਥ ਹੈ, ਪਰ ਗੁਰੂ ਦੀ ਕ੍ਰਿਪਾ ਨਾਲ ਇਸ ਮੰਤਰ ਦਾ ਪੂਰਨ ਰੂਪ ਵਿਚ ਅਭਿਆਸ ਕਰਨਾ ਪੈਂਦਾ ਹੈ। ਅਸੀਂ ਅੰਦਰ ਨਾਮ ਸਿਮਰਨ ਕਰਦੇ ਹਾਂ ਉਸ ਪਰੀਪੂਰਨ ਪਿਆਰ ਭਰੀ ਸਤਿ ਚਿਤ ਅਨੰਦ ਹਸਤੀ ਨੂੰ ਆਪਣੇ ਚਾਰੇ ਪਾਸੇ ਅਨੁਭਵ ਕਰਦੇ ਹਾਂ। ਇਹ ਲਗਾਤਾਰੀ ਯਾਦ ਅਸਾਡੀ ਸੁਰਤ ਨੂੰ ਚੁੱਕ ਕੇ ਨਾਮ ਮੰਡਲ ਵਿਚ ਲੈ ਜਾਂਦੀ ਹੈ ਅਤੇ ਵਿਆਪਕ ਨਾਮ ਨਾਲ ਜੋੜ ਦਿੰਦੀ ਹੈ। ਕਰੜੀ ਘਾਲ ਕਮਾਈ ਅਤੇ ਗੁਰੂ ਕ੍ਰਿਪਾ ਰਾਹੀਂ ਵਿਆਪਕ ਨਾਮ ਤੇ ਸਿਮਰੇ ਜਾ ਰਹੇ ਨਾਮ ਦਾ ਸੰਗਮ ਹੋ ਜਾਂਦਾ ਹੈ ਉਹ ਸੰਗਮ ਹੀ ਨਾਮ ਕਹਾਉਂਦਾ ਹੈ। ਨਾਮ ਲਗਾਤਾਰੀ ਲਿਵ ਹੈ, ਨਾਮ ਜਪਣ ਵਾਲਾ ਜਦੋਂ ਵਿਆਪਕ ਨਾਮ ਵਿਚ ਪਹੁੰਚ ਜਾਂਦਾ ਹੈ ਤਾਂ ਉਸਦੀ ਹੰਗਤਾ ਤੇ ਮਮਤਾ ਛਿਨ ਭਿੰਨ ਹੋ ਜਾਂਦੀ ਹੈ ਅਤੇ ਉਹ ਨਾਮੀ ਦੀ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ ਅਤੇ ਵਾਹਿਗੁਰੂ ਜੀ ਦਾ ਰੂਪ ਹੀ ਬਣ ਜਾਂਦਾ ਹੈ।

ਨਾਮ ਨੂੰ ਸਮਝਣਾ ਬਹੁਤ ਹੀ ਔਖਾ ਹੈ ਪਰ ਗੁਰੂ ਕ੍ਰਿਪਾ ਤੇ ਸਾਧੂ ਦੀ ਸੰਗਤ ਕਰਕੇ ਇਸ ਬਾਰੇ ਕੁਝ ਜਾਨਿਆ ਜਾ ਸਕਦਾ ਹੈ, ਨਾਮ ਇਕ ਆਤਮ ਵਿਦਿਆ ਹੈ, ਇਕ ਸੱਚਾ ਜੀਵਨ ਹੈ ਜਿਸਨੂੰ ਇਹ ਪ੍ਰਾਪਤ ਹੋ ਗਿਆ ਉਸਦਾ ਕਦੇ ਵੀ ਨਾਸ਼ ਨਹੀਂ ਹੁੰਦਾ, ਇਹ ਨਾਮ ਜਗਿਆਸਾ ਤੋਂ ਲੈ ਕੇ ਵਾਹਿਗੁਰੂ ਜੀ ਦੀ ਪ੍ਰਾਪਤੀ ਤਕ ਨਾਮ ਦੀਆਂ ਪਉੜੀਆਂ ਚੜ੍ਹ ਕੇ ਪ੍ਰਵਾਨ ਹੋਣ ਤੀਕਰ ਸਾਰਾ ਉਪਰਾਲਾ ਅਨੁਭਵ ਨਾਮ ਹੀ ਕਹਾਉਂਦਾ ਹੈ। ਜਪ ਤੋਂ ਅਰੰਭ ਕਰਕੇ ਸਾਂਈ ਮਿਲਾਪ ਤਕ ਲੈ ਜਾਂਦਾ ਹੈ। ਇਸ ਨਾਮ ਦੀ ਸਹਾਇਤਾ ਲਈ ਵਾਹਿਗੁਰੂ ਜੀ ਦੀ ਸਿਫਤ ਸਲਾਹ, ਕੀਰਤਨ ਉਸ ਦੇ ਅੱਗੇ ਅਰਦਾਸ ਕਰਨਾ, ਸ਼ੁਕਰ ਕਰਨਾ, ਧੰਨਵਾਦ ਆਦਿ ਮਨ ਦੇ ਉਚੇ ਭਾਵ ਇਸ ਨਾਮ ਜਪ ਦੇ ਸਹਾਇਕ ਹਨ। ਨਿੰਦਿਆ, ਚੁਗਲੀ, ਈਰਖਾ, ਨਫਰਤ, ਸਾੜੇ ਇਹ ਅੰਧਕਾਰ ਦੇ ਪ੍ਰਤੀਕ ਹਨ, ਨਾਮ ਵਿਚ ਉਨਤੀ ਨਹੀਂ ਕਰਨ ਦਿੰਦੇ। ਨਾਮ ਜਿਉਂਦਾ ਜਾਗਦਾ ਪ੍ਰੇਮ ਬਣ ਜਾਂਦਾ ਹੈ ਅਤੇ ਸਾਧਨਾ ਜਿਉਂਦੀ ਸਾਧਨਾ ਬਣ ਜਾਂਦੀ ਹੈ, ਜਿਸਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇ ਯਾਨਿ ਕਿ ਨਾਮ ਵਿਚ ਲੀਨਤਾ ਪ੍ਰਾਪਤ ਹੋ ਜਾਵੇ ਤਾਂ ਪੂਰਨ ਰੂਪ ਵਿਚ ਜਿਉਂਦਾ ਹੋ ਕੇ ਉਹ ਪ੍ਰੇਮ ਵਿਚ ਲੀਨ ਹੋ ਜਾਂਦਾ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੰਨਾ - 142*

ਨਾਮ ਇਕ ਖਿੱਚ ਹੈ, ਜੋ ਹਰ ਸਮੇਂ ਆਪਣੇ ਅੰਸੀ ਵਲ ਨੂੰ ਖਿਚੀ ਰਹਿੰਦੀ ਹੈ ਇਸਨੂੰ ਅਸੀਂ ਪ੍ਰੇਮ ਵੀ ਕਹਿ ਸਕਦੇ ਹਾਂ। ਨਾਮ ਸਤਾ ਸਾਰੇ ਸੰਸਾਰ ਨੂੰ ਧਾਰ ਰਹੀ ਹੈ ਕੋਈ ਥਾਂ ਐਸਾ ਨਹੀਂ ਜਿਥੇ ਨਾਮ ਦੀ ਸਤਾ ਨਾ ਹੋਵੇ। ਉਹ ਸਾਰੇ ਦ੍ਰਿਸ਼ਟਮਾਨ ਵਿਚ ਅਦ੍ਰਿਸ਼ ਰੂਪ ਧਾਰ ਰਹੀ ਹੈ ਖੰਡ ਬ੍ਰਹਿਮੰਡ, ਸਾਰੇ ਜੀਵ ਜੰਤੂ, ਗਿਆਨ ਧਿਆਨ, ਸਿਮ੍ਰਤੀਆਂ, ਵੇਦ ਪੁਰਾਣ, ਅਕਾਸ਼, ਪਾਤਾਲ, ਸਾਰੇ ਹੀ ਆਕਾਰ ਸਾਰੀਆਂ ਪੁਰੀਆਂ, ਸਾਰੇ ਭਵਨ ਇਸ ਨਾਮ ਨੇ ਧਾਰੇ ਹੋਏ ਹਨ। ਜੋ ਇਸ ਨਾਮ ਵਿਚ ਲੀਨ ਹੋ ਜਾਂਦਾ ਹੈ, ਉਸਨੂੰ ਚੌਥੇ ਤੁਰੀਆ ਪਦ ਤ੍ਰਿਗੁਣ ਅਤੀਤ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਕਿ ਫੁਰਮਾਨ ਹੈ –

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥*
*ਨਾਮ ਕੇ ਧਾਰੇ ਆਗਾਸ ਪਾਤਾਲ॥*
*ਨਾਮ ਕੇ ਧਾਰੇ ਸਗਲ ਆਕਾਰ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ॥*
*ਨਾਮ ਕੇ ਸੰਗਿ ਉਧਰੇ ਸੁਨਿ ਸ੍ਰਵਨ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥*
*ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥*

*ਪੰਨਾ - 284*

ਜਿਸ ਉਪਰ ਕ੍ਰਿਪਾ ਕਰਕੇ ਪ੍ਰਭੂ ਜਗਿਆਸੂ ਨੂੰ ਆਪਣੇ ਨਾਮ ਵਿਚ ਲਾ ਲੈਂਦਾ ਹੈ ਉਹ ਪੁਰਖ ਚੌਥੇ ਪਦ ਦੀ ਪ੍ਰਾਪਤੀ

ਕਰ ਲੈਂਦਾ ਹੈ ਅਤੇ ਮੁਕਤ ਪਾ ਲੈਂਦਾ ਹੈ। ਇਹ ਨਾਮ ਦੀ ਅੰਤਮ ਅਵਸਥਾ ਨਿਰਾ ਪ੍ਰੇਮ ਬਣ ਜਾਂਦੀ ਹੈ, ਇਸੇ ਕਰਕੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਇਆ ਹੈ –

*ਸਾਚ ਕਹੋ ਸੁਨ ਲੇਹੁ ਸਭੈ,*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*
*ਤ੍ਵਪ੍ਰਸਾਦਿ ਸਵੱਯੇ*

ਗੁਰੂ ਮਹਾਰਾਜ ਜੀ ਸਤਿਨਾਮ ਸਦਾ ਜਪਣ ਦੀ ਤਾਗੀਦ ਕਰਦੇ ਹਨ ਜਿਵੇਂ ਕਿ –

*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥*
*ਪੰਨਾ - 670*
*ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥*
*ਪੰਨਾ - 728*

ਵਾਹਿਗੁਰੂ ਜੀ ਕੋਈ ਨਿਰਜਿੰਦ ਹੋਂਦ ਨਹੀਂ ਹਨ ਉਹ ਸਭ ਦੇ ਮਾਲਕ ਚੇਤਨ ਸਤਾ ਹਨ, ਨਿਰਾ ਹੀ ਪ੍ਰੇਮ ਹਨ ਜਿਵੇਂ ਕਿ–

*ਜੜ੍ਹ ਤੜ੍ਹ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਉਹ ਕਰਤਾਰ ਹਨ ਅਤੇ ਹਰ ਚੀਜ਼ ਉਨ੍ਹਾਂ ਦੀ ਸੱਤਾ ਕਰਕੇ ਵਜੂਦ ਵਿਚ ਆਈ ਹੈ। ਉਹ ਭਾਂਡੇ ਬਣਾਉਣ ਵਾਲੇ ਵਰਗੇ ਕਰਤਾ ਨਹੀਂ ਹਨ, ਨਾ ਹੀ ਜਾਲਾ ਤਾਨਣ ਵਾਲੀ ਮੱਕੜੀ ਵਾਂਗੂ ਹਨ ਕਿਉਂਕਿ ਭਾਂਡੇ ਬਣਾਉਣ ਵਾਲਾ ਆਪਣੀ ਕਿਰਤ ਵਿਚ ਰਮਿਆ ਨਹੀਂ ਹੁੰਦਾ। ਮੱਕੜੀ ਵੀ ਆਪਣਾ ਜਾਲਾ ਬੁਣ ਕੇ ਇੱਕਲੀ-ਇਕੱਲੀ ਤੰਦ ਵਿਚ ਵਿਆਪਕ ਨਹੀਂ ਹੁੰਦੀ ਪਰ ਵਾਹਿਗੁਰੂ ਜੀ ਆਪਣੀ ਰਚਨਾ ਦੇ ਕਣ-ਕਣ ਵਿਚ ਵਿਆਪਕ ਹਨ ਅਤੇ ਫੇਰ ਪੂਰਨ ਰੂਪ ਵਿਚ ਨਿਆਰੇ ਵੀ ਹਨ। ਉਹ ਨਿਆਰੇ ਹੁੰਦੇ ਹੋਏ ਸਭ ਵਿਚ ਵਿਆਪਕ ਹਨ ਪਰ ਉਨ੍ਹਾਂ ਦੀ ਵਿਅਪਕਤਾ, ਜੋ ਘਟ-ਘਟ ਵਿਚ ਸਮਾਈ ਹੋਈ ਹੈ, ਉਨ੍ਹਾਂ ਦੇ ਨਿਆਰੇਪਣ ਤੇ ਕੋਈ ਅਸਰ ਨਹੀਂ ਪਾਉਂਦੀ। ਜੇ ਕੋਈ ਭਾਂਡੇ ਬਣਾਉਣ ਵਾਲਾ ਭਾਂਡੇ ਬਣਾਉਂਦਾ ਹੈ ਉਹ ਆਪਣੀ ਕਿਰਤ ਤੋਂ ਨਿਆਰਾ ਤਾਂ ਹੈ ਪਰ ਆਪਣੀ ਕਿਰਤ ਵਿਚ ਸਮਾਇਆ ਹੋਇਆ ਨਹੀਂ। ਸੁਪਨਾ ਦੇਖਣ ਵਾਲਾ ਮਨੁੱਖ ਸੁਪਨਾ ਰਚ ਤਾਂ ਲੈਂਦਾ ਹੈ ਪਰ ਆਪ ਸੁਪਨੇ ਦੇ ਹਰ ਜੀਵ ਜੰਤੂ ਵਿਚ ਵਿਆਪਕ ਨਹੀਂ ਹੁੰਦਾ। ਸੁਪਨੇ ਵਿਚ ਜੇ ਹਲਕਿਆ ਹੋਇਆ ਕੁੱਤਾ ਮਗਰ ਪੈ ਜਾਵੇ ਤਾਂ ਉਹ ਬਹੁਤ ਦੌੜੇਗਾ, ਘਬਰਾਏਗਾ, ਬਰੜਾਏਗਾ ਕਿਉਂਕਿ ਉਸਦੀ ਰਚੀ ਮਨੋਮਈ ਮਾਇਆ ਕਰਕੇ ਸਵਪਨ ਦੀ ਰਚੀ ਦੁਨੀਆਂ ਵਿਚ ਜੀਵ ਦੀ ਵਿਆਪਕਤਾ ਨਹੀਂ ਹੁੰਦੀ ਕਿਉਂਕਿ ਨਾ ਉਹ ਕੁੱਤੇ ਨੂੰ ਜਾਣਦਾ ਹੈ, ਜੇ ਚੋਰ ਮਗਰ ਪਿਆ ਹੋਇਆ ਹੈ ਤਾਂ ਚੋਰ ਦੇ ਮਨ ਨੂੰ ਵੀ ਨਹੀਂ ਜਾਣ ਸਕਦਾ। ਭਾਵੇਂ ਸੁਪਨੇ ਦੀ ਰਚਨਾ ਉਸਨੇ ਆਪ ਰਚੀ ਹੈ। ਇਕ ਕਰਤੇ ਐਸੇ ਵੀ ਹੁੰਦੇ ਹਨ ਜਿਨ੍ਹਾਂ ਨੇ ਆਪਣੀ ਰਚਨਾ ਰਚੀ ਪਰ ਉਸ ਉਪਰ ਉਨ੍ਹਾਂ ਦਾ ਆਪਣਾ ਅਧਿਕਾਰ ਨਹੀਂ ਹੁੰਦਾ ਜਿਵੇਂ ਕਿ ਇਕ ਰਾਜ ਨੇ ਮਹੱਲ ਦੀ ਉਸਾਰੀ ਕੀਤੀ, ਉਸ ਦਾ ਮਾਲਕ ਉਸਾਰੀ ਕਰਨ ਵਾਲਾ ਨਹੀਂ ਹੁੰਦਾ ਜਿਸ ਦਾ ਘਰ ਹੈ ਉਹ ਹੁੰਦਾ ਹੈ। ਵਾਹਿਗੁਰੂ ਜੀ ਇਸ ਸਾਰੀ ਕੁਦਰਤ ਦੇ ਕਰਤੇ ਹਨ, ਉਹ ਕਾਦਰ ਹੁੰਦੇ ਹੋਏ ਕੁਦਰਤ ਦੀ ਰਚਨਾ ਕਰਕੇ ਕਿਸੇ ਵੀ ਰਚੀ ਹੋਈ ਵਸਤੂ ਵਿਚ ਲਪਾਏਮਾਨ ਨਹੀਂ ਹੁੰਦੇ। ਕਿਉਂਕਿ ਉਸ ਦਾ ਕੰਮ ਮਕਾਨ ਬਣਾਉਣਾ ਹੀ ਸੀ। ਗੁਰੂ ਮਹਾਰਾਜ ਜੀ ਨੇ ਬਾਣੀ ਦੇ ਅੰਦਰ ਇਸ ਕਰਤਾ ਭਾਵ ਨੂੰ ਹੋਰ ਪ੍ਰਗਟ ਕਰਦਿਆਂ ਫੁਰਮਾਨ ਹੈ –

*ਆਪੀਨੈ ਆਪਿ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ॥*
*ਕਰਿ ਆਸਣੁ ਡਿਠੋ ਚਾਉ॥ ਪੰਨਾ - 463*

ਵਾਹਿਗੁਰੂ ਜੀ ਆਪਣੀ ਕੁਦਰਤ ਨੂੰ ਰਚ ਕੇ ਉਸ ਦੀ ਪੂਰੀ ਤਰ੍ਹਾਂ ਸੰਭਾਲ ਕਰਦੇ ਹਨ ਉਹ ਬਿਸ਼ੰਭਰ ਹੋ ਕੇ ਸਭ ਨੂੰ ਰਿਜ਼ਕ ਦਿੰਦੇ ਹਨ, ਸਭ ਦੇ ਘਟ-ਘਟ ਦੇ ਜਾਨਣਹਾਰ, ਪੀੜਾ ਪਛਾਣਦੇ ਹਨ ਅਤੇ ਅਰਦਾਸ ਸੁਣ ਕੇ ਮਿਹਰਵਾਨ ਹੁੰਦੇ ਹਨ, ਸਾਰੇ ਜੀਆਂ ਨੂੰ ਸੰਭਾਲਦੇ ਹਨ –

*ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥*
*ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥*
*ਪੰਨਾ - 467*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਪੰਨਾ - 463*

ਵਾਹਿਗੁਰੂ ਜੀ ਸਭ ਦੇ ਸਿਖਾਵਣਹਾਰੇ ਹਨ, ਮਾਤਾ ਪਿਤਾ ਆਪਣੇ ਪੁੱਤਰ ਨੂੰ ਬੁੱਧੀ ਤਾਂ ਪ੍ਰਦਾਨ ਕਰਦੇ ਹਨ ਪਰ ਸਤਿ ਬਾਰੇ ਗਿਆਨ ਨਹੀਂ ਦੇ ਸਕਦੇ ਉਸ ਦਾ ਦਾਤਾ ਵਾਹਿਗੁਰੂ ਜੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਾਰੀਆਂ ਸਿਖਿਆ ਤੇ ਸ੍ਰੇਸ਼ਠ ਮਤ ਤੇਰੀ ਬਖਸ਼ੀ ਹੋਈ ਹੈ –

*ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ॥*
*ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥*
*ਪੰਨਾ - 795*

ਕਿਉਂਕਿ ਇਥੇ ਥੋੜ੍ਹੇ ਭੇਦਾਂ ਦਾ ਵਰਣਨ ਕਰਦੇ ਹਾਂ ਕਿ ਯੋਗ ਮਤ ਵਿਚ ਈਸ਼ਵਰ ਦਾ ਦਰਜਾ ਇਹ ਨਹੀਂ ਹੈ ਜੋ ਆਪਾਂ ਉਪਰ ਵਰਨਣ ਕੀਤਾ ਹੈ। ਯੋਗ ਦਾ ਮਤ ਹੈ ਕਿ ਈਸ਼ਵਰ ਸੰਸਾਰ ਦਾ ਕਰਤਾ ਨਹੀਂ ਹੈ। ਈਸ਼ਵਰ ਦਾ ਪ੍ਰਤੀਬਿੰਬ ਜਦੋਂ ਮਾਇਆ ਉਪਰ ਪੈਂਦਾ ਹੈ ਤਾਂ ਉਸ ਦੇ ਤਿੰਨਾਂ ਗੁਣਾਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਵਿਚ ਹਰਕਤ ਆਉਂਦੀ ਹੈ ਜਿਸ ਕਰਕੇ ਸੰਸਾਰ ਦੀ ਰਚਨਾ ਸ਼ੁਰੂ ਹੋ ਜਾਂਦੀ ਹੈ। ਗੁਰਮਤਿ ਵਿਚ ਵਰਣਨ ਕੀਤਾ ਗਿਆ ਈਸ਼ਵਰ ਕਾਦਰ ਕਰਤਾ ਹੈ, ਦਾਤਾ ਕਰਤਾ ਹੈ। ਗੁਰਮਤਿ ਵਿਚ ਵਾਹਿਗੁਰੂ ਜੀ ਨੂੰ ਹੀ ਘੜਣਹਾਰ ਅਤੇ ਭੰਜਨਹਾਰ ਦਸਿਆ ਗਿਆ ਹੈ ਜਿਵੇਂ ਕਿ –

*ਓਪਤਿ ਕਰਤਾ ਪਰਲਉ ਕਰਤਾ॥ ਪੰਨਾ - 862*

ਦੋਵੇਂ ਸ਼ਕਤੀਆਂ ਹਨ।

ਵਾਹਿਗੁਰੂ ਜੀ ਆਪਣੀ ਕਿਰਤ ਵਿਚ ਪੂਰਨ ਨਿਰਲੇਪ ਹੁੰਦੇ ਹੋਏ ਸਭ ਦੇ ਅੰਦਰ ਵਸਦੇ ਜਾਨਣਹਾਰੇ ਹਨ। ਉਹ ਅਰਦਾਸਾਂ ਮੰਨਦੇ ਹਨ, ਜੀਵ ਦੇ ਪਿਆਰ ਦੀ ਭਾਵਨਾ ਦੀ ਕਦਰ ਕਰਕੇ ਸਰਗੁਣ ਰੂਪ ਵਿਚ ਦਰਸ਼ਨ ਦਿੰਦੇ ਹਨ। ਵਾਹਿਗੁਰੂ ਜੀ ਦਾ ਪਰਮ ਅਨੰਦ, ਖੇੜਾ ਕੁਦਰਤ ਵਿਚ ਵਸਿਆ ਹੋਇਆ ਸੁੰਦਰਤਾ ਪ੍ਰਦਾਨ ਕਰ ਰਿਹਾ ਹੈ ਜਿਵੇਂ ਕਿ ਫੁਰਮਾਨ ਹੈ –

*ਮਉਲੀ ਧਰਤੀ ਮਉਲਿਆ ਅਕਾਸੁ॥*
*ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥*

*ਰਾਜਾ ਰਾਮੁ ਮਉਲਿਆ ਅਨਤ ਭਾਇ॥*
*ਜਹ ਦੇਖਉ ਤਹ ਰਹਿਆ ਸਮਾਇ॥ ਪੰਨਾ - 1193*

ਕੁਦਰਤ ਵਿਚ ਹਿਸਾਬ ਹੈ, ਵਿਉਂਤ ਹੈ, ਇਹ ਸਾਰੀ ਕਰਤਾ ਪੁਰਖ ਜੀ ਵਲੋਂ ਹੈ, ਵਿਸਮਾਦ ਪੈਦਾ ਕਰਦੀ ਹੈ, ਕੁਦਰਤ ਨੂੰ ਵੇਖ ਕੇ ਵਿਗਸਿਆ ਤਾਂ ਜਾ ਸਕਦਾ ਹੈ ਪਰ ਇਹ ਖੇੜਾ ਜਿਸ ਤੋਂ ਲਗਾਤਾਰੀ ਰੌਂ ਵਿਚ ਪਸਰ ਰਹੀ ਹੈ, ਉਸ ਦਾ ਧਿਆਨ ਕਰਨਾ ਅਵਸ਼ਕ ਹੈ। ਇਕ ਰਾਜੇ ਨੂੰ ਗੁਰੂ ਮਹਾਰਾਜ ਜੀ ਸੁਮੱਤ ਦਿੰਦੇ ਫੁਰਮਾਨ ਕਰਦੇ ਹਨ ਕਿ ਰਾਜਨ! ਇਕ ਕੂਕਰ ਬਿਰਤੀ ਹੈ, ਇਕ ਸ਼ੇਰ ਬਿਰਤੀ ਹੁੰਦੀ ਹੈ। ਕੂਕਰ ਬਿਰਤੀ ਅਨੁਸਾਰ ਜੇ ਕੁੱਤੇ ਦੇ ਇੱਟ ਮਾਰੀਏ ਤਾਂ ਉਹ ਇੱਟ ਵਲ ਦੇਖਦਾ ਹੈ ਤੇ ਉਸ ਦੇ ਜਾ ਕੇ ਚੱਕ ਮਾਰਦਾ ਹੈ ਪਰ ਸ਼ੇਰ ਬਿਰਤੀ ਉਸ ਨੂੰ ਦੇਖਦੀ ਹੈ ਜਿਸਨੇ ਇੱਟ ਮਾਰੀ ਹੈ। ਸੋ ਦੋਹਾਂ ਦਾ ਬਹੁਤ ਫਰਕ ਹੈ ਇਵੇਂ ਇਕ ਤਾਂ ਕੂਕਰ ਬਿਰਤੀ ਵਾਲੇ ਹਨ ਜੋ ਪ੍ਰਭੂ ਦੀਆਂ ਕੀਤੀਆਂ ਮਾਇਆਵੀ ਵਸਤੂਆਂ ਪੁੱਤਰ, ਸਾਕ ਸਬੰਧੀ, ਜ਼ਮਾਨ, ਫੈਕਟਰੀਆਂ, ਵਪਾਰਕ ਅਦਾਰਿਆਂ, ਗਾਉਣੇ, ਸਿੱਧੀਆਂ ਵਿਚ ਪਰਚ ਜਾਂਦੇ ਹਨ। ਸ਼ੇਰ ਦ੍ਰਿਸ਼ਟੀ ਵਾਲੇ ਦਿਤੀਆਂ ਵਸਤੂਆਂ ਨੂੰ ਦੇਣਹਾਰ ਵਲ ਨਿਗ੍ਹਾ ਰਖਦੇ ਹਨ। ਇਵੇਂ ਅਸੀਂ ਜੀਵਨ ਨੂੰ ਖੇੜੇ ਦੇਣ ਵਾਲੀਆਂ ਚੀਜ਼ਾਂ ਦੇਖ ਕੇ ਉਨ੍ਹਾਂ ਵਿਚ ਪਰਚ ਜਾਂਦੇ ਹਾਂ ਅਤੇ ਦੇਣਹਾਰ ਨੂੰ ਭੁੱਲ ਕੇ ਨਾਮ ਸੱਤਾ ਤੋਂ ਟੁੱਟ ਜਾਂਦੇ ਹਾਂ ਪਰ ਉਤਮ ਜਗਿਆਸੂ ਕਰਣਹਾਰ ਨੂੰ ਦਿਤੀ ਹੋਈ ਚੀਜ਼ ਨਾਲੋਂ ਜ਼ਿਆਦਾ ਵੇਖਦਾ ਹੈ ਅਤੇ ਉਸ ਦਾ ਸ਼ੁਕਰ ਕਰਦਾ ਹੈ, ਇਸੇ ਕਰਕੇ ਗੁਰੂ ਮਹਾਰਾਜ ਜੀ ਫੁਰਮਾਨ ਹੈ –

*ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥*
*ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ॥*
*ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ॥*
*ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥*
*ਪੰਨਾ - 1239*

ਬਾਣੀ ਵਿਚ ਇਸ ਤਰ੍ਹਾਂ ਵੀ ਹੈ –

*ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ॥*
*ਸੁਆਦ ਮੋਹ ਰਸ ਬੇਦਿਓ ਅਗਿਆਨਿ ਰਚਿਓ ਸੰਸਾਰੁ॥*
*ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ॥*
*ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ॥*
*ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥*
*ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ॥*
*ਪੰਨਾ - 297*

ਕਬੀਰ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਜਿਸ ਪ੍ਰਭੂ ਨੇ ਇਸ ਸਾਰੇ ਸੰਸਾਰ ਨੂੰ ਰਚਿਆ ਹੈ ਅਨੰਤ ਖੰਡ, ਬ੍ਰਹਿਮੰਡ, ਅਨੰਤ ਕੁਦਰਤ ਦੀ ਰਚਨਾ ਕੀਤੀ ਹੈ, ਦ੍ਰਿਸ਼ਟਮਾਨ ਨੂੰ ਛੱਡ ਕੇ ਜਿਸਨੇ ਇਹ ਸਭ ਕੁਝ ਕੀਤਾ ਹੈ ਉਸਦੀ ਸਿਫਤ ਸਲਾਹ ਕਰੋ ਫੁਰਮਾਨ ਹੈ –

*ਚਚਾ ਰਚਿਤ ਚਿਤ੍ਰ ਹੈ ਭਾਰੀ॥*
*ਤਜਿ ਚਿਤ੍ਰੈ ਚੇਤਹੁ ਚਿਤਕਾਰੀ॥*
*ਚਿਤ੍ਰ ਬਚਿਤ੍ਰ ਇਹੈ ਅਵਝੇਰਾ॥*
*ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥ ਪੰਨਾ - 340*

ਜਗਿਆਸੂ ਇਥੇ ਹੀ ਬੁਰੀ ਤਰ੍ਹਾਂ ਫਸਦਾ ਹੈ ਕਿ ਵਾਹਿਗੁਰੂ ਦੇ ਕੀਤੇ ਹੋਏ ਨਾਲ ਪਰਚ ਜਾਂਦਾ ਹੈ, ਕਰਣਹਾਰ ਨੂੰ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀਵ ਨੂੰ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਪਿਆਰਿਆ! ਕੀਤੀਆਂ ਹੋਈਆਂ ਵਸਤੂਆਂ ਦੀ ਸੁੰਦਰਤਾ ਵਿਚ ਨਾ ਮੋਹਿਆ ਜਾ ਕਿਉਂਕਿ ਇਹ ਮੋਹੇ ਜਾਣ ਵਾਲੀ ਬਿਰਤੀ ਨਾਮ ਤੋਂ ਜੀਵ ਨੂੰ ਤੋੜ ਦਿੰਦੀ ਹੈ। ਬਿਰਤੀ ਦਾ ਸੁਭਾਅ ਹੈ ਕਿ ਦਿਸਣ ਵਾਲੀਆਂ ਚੀਜ਼ਾਂ ਵਿਚ ਪਰਚ ਜਾਣਾ ਇਸਦੇ ਅੰਦਰ ਸੋਝੀ ਨਹੀਂ ਰਹਿੰਦੀ ਕਿ ਦ੍ਰਿਸ਼ਟਮਾਨ ਵਿਚ ਪਰਚ ਕੇ ਜੋ ਵਾਹਿਗੁਰੂ ਜੀ ਦਾ ਅਮੁੱਲ ਨਾਮ ਹੈ ਉਹਨੂੰ ਭੁੱਲ ਕੇ ਕਿੰਨੀ ਖੁਆਰੀ ਪੈਦਾ ਹੁੰਦੀ ਹੈ, ਆਤਮਕ ਜੀਵਨ ਨਸ਼ਟ ਹੋ ਜਾਂਦਾ ਹੈ ਅਤੇ ਜੀਵ ਦਾ ਪਤਨ ਹੋ ਕੇ ਮਾਇਆ ਦਾ ਮੋਹਿਆ ਅਨੇਕ ਕਿਸਮ ਦੀਆਂ ਜੂਨਾਂ ਵਿਚ ਘੁੰਮਦਾ ਹੋਇਆ ਦੁਖੀ ਹੁੰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਾਇਆਵੀ ਝਲਕਾਰਿਆਂ ਨੂੰ ਵੇਖ ਕੇ ਨਾਮ ਨੂੰ ਨਾ ਭੁੱਲ ਜਾਵੀਂ। ਖੇੜਾ ਨਾਮ ਵਿਚ ਹੀ ਹੈ –

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥*
*ਪੰਨਾ - 14*

ਜੇ ਇਹ ਸੋਹਣੇ ਮੰਦਰ ਦੇਖ ਕੇ ਭੁੱਲ ਗਿਆ ਤਾਂ ਅੰਤ ਸਮੇਂ ਇਸਦੀ ਬਿਰਤੀ ਇਨ੍ਹਾਂ ਮੰਦਰਾਂ ਦੀ ਖ਼ੂਬਸੂਰਤੀ ਵਿਚ ਪਰਚੀ ਰਹਿਣ ਕਰਕੇ ਜੀਵ ਨੂੰ ਅਤਿ ਨੀਵੀਂ ਗਤੀ ਭੂਤਾਂ ਪ੍ਰੇਤਾਂ ਦੀ ਪ੍ਰਾਪਤ ਕਰਾਵੇਗੀ। ਇਸ ਕਰਕੇ ਮਹਾਰਾਜ ਜੀ ਕਹਿੰਦੇ ਹਨ ਕਿ ਕੁਦਰਤ ਸੁੰਦਰ ਹੈ, ਕੁਦਰਤ ਦੀਆਂ ਵਸਤੂਆਂ ਸੁੰਦਰ ਹਨ ਪਰ ਤੂੰ ਸੁੰਦਰਤਾ ਦੇਣਹਾਰੇ ਨੂੰ ਚੇਤੇ ਰੱਖ ਅਤੇ ਦੇਖੀਂ ਇਨ੍ਹਾਂ ਸੁੰਦਰ ਵਸਤੂਆਂ ਨੂੰ ਦੇਖ ਕੇ ਭੁੱਲ ਨਾ ਜਾਈਂ, ਨਾਮ ਤੋਂ ਬਗੈਰ ਜੀਵ ਜਲ ਬਲ ਜਾਂਦਾ ਹੈ। ਨਾਮ ਤੋਂ ਬਿਨਾਂ ਸੁੱਖ ਦੇਣਹਾਰਾ ਹੋਰ ਕੋਈ ਥਾਂ ਹੀ ਨਹੀਂ।

ਦੂਸਰੀ ਬਿਰਤੀ ਇਹ ਹੁੰਦੀ ਹੈ ਕਿ ਕੁਦਰਤ ਦੀ ਸੁੰਦਰਤਾ ਦੇਖ ਕੇ ਵਿਸਮਾਦ ਵਿਚ ਜਾਣਾ ਤੇ ਦਾਤੇ ਦੀ ਸਿਫਤ ਸਲਾਹ ਵਿਚ ਲਿਵਲੀਨ ਹੋ ਜਾਣਾ, ਕਾਦਰ ਦੀ ਸਿਫਤ ਸਲਾਹ ਵਿਚ ਵਸਣਾ। ਇਸੇ ਤਰ੍ਹਾਂ ਨਾਲ ਗੁਰੂ ਮਾਹਾਰਾਜ ਜੀ ਭੋਗਾਂ ਦੀ ਦੁਨੀਆਂ ਵਿਚ ਇਸ ਜੀਵ ਨੂੰ ਖਬਰਦਾਰ ਕਰਦੇ ਹਨ ਕਿ ਦੇਖੀਂ ਮੋਹਣੀਆਂ ਸਹਿਤ ਮਣੀਆਂ ਦੇ, ਦੇਖ ਕੇ, ਹੀਰੇ ਜੜੇ ਪਲੰਘਾਂ ਦੀ ਝਿਲਮਲਾਹਟ ਵਿਚ ਨਾ ਭੁੱਲ ਜਾਵੀਂ। ਮਾਨਸਿਕ ਸ਼ਕਤੀਆਂ ਪ੍ਰਾਪਤ ਕਰਨ ਵਾਲਿਆਂ ਨੂੰ ਵੀ ਮਹਾਰਾਜ ਜੀ ਕਹਿੰਦੇ ਹਨ ਕਿ ਇਨ੍ਹਾਂ ਨੂੰ ਦੇਖ ਕੇ ਭੁੱਲ ਨਾ ਜਾਈਂ, ਕਰਤਾ ਪੁਰਖ ਨੂੰ ਭੁੱਲ ਨਾ ਜਾਈਂ।

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਪੰਨਾ - 14*

ਇਸ ਤਰ੍ਹਾਂ ਰਾਜਸੀ ਸ਼ਕਤੀ ਪ੍ਰਾਪਤ ਕਰਨ ਵਾਲਿਆਂ ਨੂੰ ਕਹਿੰਦੇ ਹਨ –

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।।*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।*

*ਪੰਨਾ - 14*

ਮਹਾਰਾਜ ਜੀ ਕਹਿੰਦੇ ਹਨ ਕਿ ਜੋ ਕੀਤਾ ਗਿਆ ਹੈ ਉਸਨੂੰ ਕਿਉਂ ਸਲਾਹੁੰਦਾ ਹੈਂ ਜੋ ਕਰ ਰਿਹਾ ਹੈ ਉਸ ਦੀ ਸਿਫਤ ਸਲਾਹ ਕਰ –

*ਕੀਤਾ ਕਿਆ ਸਲਾਹੀਐ ਕਰੇ ਸੋਇ ਸਾਲਾਹਿ॥*

*ਪੰਨਾ - 1239*

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ।।*
*ਨਾਰਿ ਭਤਾਰਿ ਪਿਆਰੁ ਕਰਿ ਪੁਤੁ ਪੋਤਾ ਪਿਉ ਦਾਦੁ ਵਖਾਣੈ॥*
*ਧੀਆ ਭੈਣਾ ਮਾਣੁ ਕਰਿ ਤੁਸਨਿ ਰੁਸਨਿ ਸਾਕ ਬਬਾਣੈ॥*
*ਸੀਹੁਰੁ ਪੀਹੁਰੁ ਨਾਨਕੇ ਪਰਵਾਰੈ ਸਾਧਾਰੁ ਧਿਙਾਣੈ॥*
*ਚਜ ਅਚਾਰ ਵੀਚਾਰ ਵਿਚਿ ਪੰਚਾ ਅੰਦਰਿ ਪਤਿ ਪਰਵਾਣੈ।*
*ਅੰਤਕਾਲ ਜਮਜਾਲ ਵਿਚਿ ਸਾਥੀ ਕੋਈ ਨ ਹੋਇ ਸਿਵਾਣੈ।*
*ਗੁਰ ਪੂਰੇ ਵਿਣੁ ਜਾਇ ਜਮਾਣੈ॥*

*ਭਾਈ ਗੁਰਦਾਸ ਜੀ, ਵਾਰ 15/7*

ਵਾਹਿਗੁਰੂ ਜੀ ਘਟ-ਘਟ ਵਿਚ ਵਿਆਪਕ ਹਨ ਸਤਿ ਦੀ ਸੇਜਾਂ ਤੇ ਬਿਰਾਜ ਰਹੇ ਹਨ। ਅਸੀਂ 'ਸਤਿ ਕੇ ਆਸਣ ਪੁਰਖ ਰਹੇ' ਦੀ ਵਿਚਾਰ ਕਰ ਰਹੇ ਹਾਂ। ਪੁਰਖ ਬਾਰੇ ਸਾਸ਼ਤਰਾਂ ਵਿਚ ਵੀ ਵਿਚਾਰ ਕੀਤੀ ਗਈ ਹੈ। ਵੇਦਾਂ ਵਿਚ ਪੁਰਖ ਬਾਰੇ ਆਉਂਦਾ ਹੈ ਕਿ ਪੁਰਖ ਈਸ਼ਵਰ ਹੈ ਜਿਸ ਤੋਂ ਦ੍ਰਿਸ਼ ਅਦ੍ਰਿਸ਼ ਜਗਤ ਦੀ ਰਚਨਾ ਹੋਈ ਹੈ। ਉਪਨਿਸ਼ਦਾਂ ਵਿਚ ਵੀ ਘਟ-ਘਟ ਵਿਚ ਸਮਾਏ ਪ੍ਰਮੇਸ਼ਰ ਨੂੰ ਪੁਰਖ ਕਿਹਾ ਗਿਆ ਹੈ ਪਰ ਸਾਂਖ ਸਾਸ਼ਤਰ ਵਿਚ ਪੁਰਖ ਰੂਹ ਨੂੰ ਕਿਹਾ ਗਿਆ ਹੈ। ਪਾਤੰਜਲ ਜੀ ਨੇ ਪੁਰਖ ਵਿਸ਼ੇਸ਼ ਮੰਨਿਆ ਹੈ ਜਿਸਨੂੰ ਈਸ਼ਵਰ ਆਖਦੇ ਹਨ ਪਰ ਇਸ ਪੁਰਖ ਵਿਸ਼ੇਸ਼ ਨੂੰ ਕਰਤਾ ਨਹੀਂ ਮੰਨਿਆ, ਸੰਸਾਰ ਤੋਂ ਅਲੱਗ ਥਲੱਗ ਕਰਕੇ ਮੰਨਿਆ ਹੈ। ਸੋ ਉਨ੍ਹਾਂ ਨਿਸ਼ਚਿਆਂ ਵਿਚ ਅਤੇ ਗੁਰਮਤਿ ਦੇ ਨਿਸ਼ਚਿਆਂ ਵਿਚ ਬੁਨਿਆਦੀ ਫਰਕ ਇਹ ਹੈ ਕਿ ਅਸੀਂ ਵਾਹਿਗੁਰੂ ਜੀ ਨੂੰ ਸਰਬ ਕਲਾ ਸਮਰੱਥ, ਕਰਨ ਕਾਰਨ, ਹਰ ਘਟ ਵਿਚ ਰਵਿਆ ਹੋਇਆ ਅਗੰਮ ਅਗੋਚਰ ਅਤੇ ਸਮਰੱਥ ਮੰਨਦੇ ਹਾਂ। ਇਸਨੂੰ ਆਪਣੀ ਰਚਨਾ ਦੇ ਇਕ ਇਕ ਕਣ ਦੀ ਪੂਰੀ ਤਰ੍ਹਾਂ ਗਿਆਤ ਹੈ ਜਿਵੇਂ ਕਿ –

*ਹਾਥੀ ਕੀ ਚਿੰਘਾਰ ਪਲ ਪਾਛੈ ਪਹੁੰਚਤ ਤਾਹਿ।*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।*

*ਅਕਾਲ ਉਸਤਤਿ*

ਗੁਰੂ ਦਸ਼ਮੇਸ਼ ਪਿਤਾ ਜੀ ਵਾਹਿਗੁਰੂ ਜੀ ਨੂੰ ਪਰਮ ਪੁਰਖ ਆਖਦੇ ਹਨ ਅਤੇ ਫੁਰਮਾਨ ਕਰਦੇ ਹਨ ਕਿ –

*ਮੈ ਹੋ ਪਰਮ ਪੁਰਖ ਕੋ ਦਾਸਾ ।*
*ਦੇਖਨ ਆਯੋ ਜਗਤ ਤਮਾਸਾ।*

*ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥*
*ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥*

*ਪੰਨਾ - 1385*

ਵਾਹਿਗੁਰੂ ਜੀ ਆਪਣੀ ਰਚਨਾ ਰਚ ਕੇ ਰਾਜ ਮਿਸਤਰੀ ਵਾਂਗੂੰ ਅਲੱਗ ਹੋ ਕੇ ਨਹੀਂ ਬੈਠਦਾ ਉਹ ਕਰਤਾ ਹੋ ਕੇ ਸਭ ਵਿਚ ਵਿਆਪਕ ਹੈ। ਗੁਰੂ ਮਹਾਰਾਜ ਜੀ ਇਸ ਪ੍ਰਭੂ ਸਤਾ ਬਾਰੇ ਫੁਰਮਾਨ ਕਰਦੇ ਹਨ –

*ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥*
*ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥*

*ਪੰਨਾ - 1385*

ਇਹ ਹਸਤੀ ਪੂਰਨ ਰੂਪ ਵਿਚ ਨਿਰਭੈ ਹੈ ਬਾਕੀ ਸਾਰੀ ਸ੍ਰਿਸ਼ਟੀ ਭੈ ਵਿਚ ਵਸਦੀ ਹੈ ਜਿਵੇਂ ਕਿ –

*ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥*

*ਪੰਨਾ - 999*

ਬਾਕੀ ਸਭ ਭੈ ਵਿਚ ਹਨ ਜਿਵੇਂ –

*ਭੈ ਵਿਚਿ ਪਵਣੁ ਵਹੈ ਸਦਵਾਉ।।*
*ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥*
*ਭੈ ਵਿਚਿ ਧਰਤੀ ਦਬੀ ਭਾਰਿ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।।*
*ਭੈ ਵਿਚਿ ਰਾਜਾ ਧਰਮੁ ਦੁਆਰੁ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥*
*ਕੋਹ ਕਰੋੜੀ ਚਲਤ ਨ ਅੰਤੁ॥*
*ਭੈ ਵਿਚਿ ਸਿਧ ਬੁਧ ਸੁਰ ਨਾਥ॥*
*ਭੈ ਵਿਚਿ ਆਡਾਣੇ ਆਕਾਸ॥*
*ਭੈ ਵਿਚਿ ਜੋਧ ਮਹਾਬਲ ਸੂਰ।।*
*ਭੈ ਵਿਚਿ ਆਵਹਿ ਜਾਵਹਿ ਪੂਰ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ਪੰਨਾ - 464*

ਜੀਵ ਨੂੰ ਵਾਹਿਗੁਰੂ ਜੀ ਦੇ ਅਦਬ ਵਿਚ ਰਹਿਣਾ ਚਾਹੀਦਾ ਹੈ, ਭੈ ਅਤੇ ਅਦਬ ਵਿਚ ਫਰਕ ਹੈ ਇਕ ਡਰ ਹੈ ਜੋ ਜੀਵ ਦੇ ਮਨ ਉਪਰ ਮਾੜਾ ਅਸਰ ਕਰਦਾ ਹੈ ਪਰ ਅਦਬ ਵਿਚ ਸੂਝ ਹੈ ਜੋ ਆਪਣੇ ਪਿਆਰੇ ਦੀ ਵਡੱਤਣ ਨੂੰ ਜਣਾਉਂਦੀ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਇਸ ਅਦਬ ਤੋਂ ਬਗੈਰ ਨਾਮ ਵਿਚ ਮਨ ਨਹੀਂ ਟਿਕਦਾ। ਇਸ ਭੈ ਕਰਕੇ ਹੀ ਗੁਰਮਤਿ ਦੀ ਵਿਚਾਰ ਕਰਕੇ ਗੁਰਮੁਖ ਭਵਜਲ ਤਰ ਜਾਂਦਾ ਹੈ। ਪਰ ਮਨਮੁਖ ਨੂੰ ਭੈ ਦੀ ਸਾਰ ਨਹੀਂ –

*ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥*
*ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥*
*ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥*
*ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥*
*ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥*
*ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰ॥*
*ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥*
*ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥*

*ਪੰਨਾ - 1288*

ਵਾਹਿਗੁਰੂ ਜੀ ਪੂਰੀ ਤਰ੍ਹਾਂ ਨਾਲ ਨਿਰਭੈ ਹਨ। ਉਹ ਕਦੇ ਵੀ ਕਿਸੇ ਨਾਲ ਗੁੱਸੇ ਨਹੀਂ ਹੁੰਦੇ। ਜੀਵ ਸਾਰੇ ਅਲਪੱਗ ਹਨ, ਵਾਹਿਗੁਰੂ ਜੀ ਸਰਬੱਗ ਹਨ। ਉਹ ਸਾਡੇ ਕਰਮਾਂ ਦਾ ਫਲ ਦਿੰਦਾ ਹੈ ਉਹ ਕਿਸੇ ਨਾਲ ਵੈਰ ਨਹੀਂ ਕਰਦਾ। ਮਹਾਰਾਜ ਜੀ ਕਹਿੰਦੇ ਹਨ ਪਿਆਰਿਆ! ਤੂੰ ਕਰਮ ਕਰਦਾ ਹੈਂ, ਤੈਨੂੰ ਆਪੇ ਹੀ ਭੋਗਣੇ ਪੈਣੇ ਹਨ। ਵਾਹਿਗੁਰੂ ਜੀ ਨਰਾਜ਼ ਹੋ ਕੇ ਤੈਨੂੰ ਦੁਖ ਨਹੀਂ ਦੇ ਰਹੇ। ਉਨ੍ਹਾਂ ਨੂੰ ਉਲਾਂਭਾ ਦੇਣਾ ਬੇਮਤਲਬਾ ਹੈ ਇਹ ਤਾਂ ਤੂੰ ਕਰਮ ਕੀਤੇ ਹਨ, ਆਪੇ ਹੀ ਬੀਜਿਆ ਹੈ ਤੇ ਹੁਣ ਆਪੇ ਹੀ ਵੱਢਣਾ ਪੈਣਾ ਹੈ –

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥*
*ਪੰਨਾ - 433*

ਸਤਿਗੁਰੂ ਜੀ ਅੰਦਰੋਂ ਨਿਰਵੈਰ ਹੋਇਆ ਕਰਦਾ ਹੈ ਸਾਰੀ ਸ੍ਰਿਸ਼ਟੀ ਵਿਚ ਇਕੋ ਵਾਹਿਗੁਰੂ ਪਰੀਪੂਰਨ ਹੈ –

*ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥*
*ਪੰਨਾ - 302*

*ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥*
*ਜਿਨ ਦੇਖੇ ਸਭ ਉਤਰਹਿ ਕਲਮਲ॥ ਪੰਨਾ - 108*

ਵਾਹਿਗੁਰੂ ਜੀ ਕਦੇ ਵੀ ਕਿਸੇ ਦਾ ਬੁਰਾ ਨਹੀਂ ਕਰਦੇ ਜੀਵ ਦੇ ਆਪਣੇ ਹੀ ਪਾਪ, ਉਸ ਦੇ ਡੋਬਣ ਦੀ ਸਮਰੱਥਾ ਰਖਦੇ ਹਨ। ਵਾਹਿਗੁਰੂ ਜੀ ਦਾ ਅਟੱਲ ਨਿਯਮ ਚਲ ਰਿਹਾ ਹੈ ਜਿਸਨੂੰ ਅਸੀਂ ਹੁਕਮ ਕਹਿੰਦੇ ਹਾਂ। ਵਾਹਿਗੁਰੂ ਜੀ ਦਿਆਲੂ ਹਨ ਉਹ ਜੱਜ ਵਾਂਗੂੰ ਨਿਆਕਾਰੀ ਦੀ ਸਖਤੀ ਵਿਚ ਨਹੀਂ ਪੈਂਦੇ। ਜਦੋਂ ਕੋਈ ਜੀਵ ਪਾਪ ਕਰਦਾ ਹੈ ਉਸਨੂੰ ਸੋਝੀ ਪੈ ਜਾਵੇ ਕਿ ਮੇਰੇ ਪਾਪਾਂ ਦਾ ਫਲ ਬਹੁਤ ਭਿਆਨਕ ਹੋਵੇਗਾ ਤਾਂ ਉਹ ਸਰਬ ਸ਼ਕਤੀਮਾਨ ਵਾਹਿਗੁਰੂ ਜੀ ਅੱਗੇ ਤਰਲੇ ਲੈਂਦਾ ਹੈ, ਅਰਦਾਸਾਂ ਕਰਦਾ ਹੈ ਕਿਉਂਕਿ ਵਾਹਿਗੁਰੂ ਜੀ ਦਾ ਬਿਰਦ ਬਖਸ਼ਿੰਦ ਹੈ ਉਹ ਬਖਸ਼ਸ਼ ਕਰਦਾ ਦਿਆ ਕਰਦਾ ਹੈ ਜਿਵੇਂ ਕਿ –

*ਜਾ ਕਉ ਅਪੁਨੀ ਕਰੈ ਬਖਸੀਸ॥*
*ਤਾ ਕਾ ਲੇਖਾ ਨ ਗਨੈ ਜਗਦੀਸ॥ ਪੰਨਾ - 277*

*ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ॥*
*ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ॥*
*ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥*
*ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ॥*
*ਪੰਨਾ - 209*

ਵਾਹਿਗੁਰੂ ਜੀ ਅਕਾਲ ਹਨ। ਉਹ ਕਾਲ ਰਹਿਤ ਹਨ, ਅਕਾਲ ਸਰੂਪ ਹਨ। ਫੁਰਮਾਨ ਆਉਂਦਾ ਹੈ –

*ਅਮੋਘ ਦਰਸਨ ਆਜੂਨੀ ਸੰਭਉ॥*
*ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥*
*ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ॥*
*ਪੰਨਾ - 1082*

ਜੋ ਵਾਹਿਗੁਰੂ ਜੀ ਨਾਲ ਲਿਵਲੀਨ ਹੋ ਕੇ ਅਭੇਦਤਾ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਉਪਰ ਕਾਲ ਹਾਵੀ ਨਹੀਂ ਹੁੰਦਾ ਜਿਵੇਂ ਕਿ –

*ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵਲਾਈ ਹੇ॥*
*ਪੰਨਾ - 1020*

ਵਾਹਿਗੁਰੂ ਜੀ ਕਦੇ ਵੀ ਕਿਸੇ ਜੂਨ ਵਿਚ ਨਹੀਂ ਆਉਂਦੇ, ਨਾ ਉਹ ਕਦੇ ਜੰਮਦੇ ਹਨ, ਨਾ ਕਦੇ ਮਰਦੇ ਹਨ –

*ਜਨਮਿ ਮਰਣਿ ਨਹੀ ਧੰਧਾ ਧੈਰੁ॥*
*ਜੋ ਦੀਸੈ ਸੋ ਆਪੇ ਆਪਿ॥ ਪੰਨਾ - 931*

*ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥*
*ਜਨਮਿ ਨ ਮਰੈ ਨ ਆਵੈ ਨ ਜਾਇ॥*
*ਨਾਨਕ ਕਾ ਪ੍ਰਭੁ ਰਹਿਓ ਸਮਾਇ॥ ਪੰਨਾ - 1136*

ਜਨਮ ਮਰਣ ਦਾ ਦੁਖ ਨਾਮ ਜਪਣ ਨਾਲ ਮਿਟ ਜਾਇਆ ਕਰਦਾ ਹੈ –

*ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ॥*
*ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ॥*
*ਪੰਨਾ - 422*

*ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥*
*ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥*
*ਪੰਨਾ - 556*

ਜਿਸ ਦਿਨ ਤੋਂ ਜੀਵ ਸੰਸਾਰ ਵਿਚ ਆਉਂਦਾ ਹੈ ਉਸ ਦਿਨ ਤੋਂ ਹੀ ਉਸ ਉਪਰ ਮਰਨ ਦਾ ਭੈ ਸਵਾਰ ਹੋ ਜਾਂਦਾ ਹੈ। ਪਰ ਜੇ ਉਹ ਅਜੂਨੀ ਪੁਰਖ ਨਾਲ ਅਭੇਦਤਾ ਪ੍ਰਾਪਤ ਕਰ ਲਵੇ ਤਾਂ ਜਨਮ ਮਰਨ ਦਾ ਭੈ ਖਤਮ ਹੋ ਜਾਂਦਾ ਹੈ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਪੰਨਾ - 749*

ਉਹ ਸਹਿਜ ਵਿਚ ਆਉਂਦੇ ਹਨ, ਸਹਿਜ ਵਿਚ ਚਲੇ ਜਾਂਦੇ ਹਨ, ਸਹਿਜ ਵਿਚ ਸਾਰੀ ਕਾਰ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ –

*ਸਹਜੇ ਆਵੈ ਸਹਜੇ ਜਾਇ॥*
*ਮਨ ਤੇ ਉਪਜੈ ਮਨ ਮਾਹਿ ਸਮਾਇ॥ ਪੰਨਾ - 152*

*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥*
*ਪੰਨਾ - 1239*

ਵਾਹਿਗੁਰੂ ਜੀ ਸੁਤੇ ਪ੍ਰਕਾਸ਼ ਹਨ, ਸੁਤੇ ਗਿਆਨ ਹਨ ਉਹ ਪੂਰਨ ਰੂਪ ਵਿਚ ਸਭ ਕੁਝ ਜਾਣਦੇ ਹਨ। ਉਹ ਚੇਤਨ ਹਨ, ਉਸ ਦੀ ਚੇਤਨਤਾ ਆਪਣੇ ਆਪ ਹੈ। ਸਾਡੀ ਚੇਤਨਤਾ ਵਾਹਿਗੁਰੂ ਜੀ ਦੇ ਆਸਰੇ ਹੈ ਜਿਵੇਂ ਸੂਰਜ ਸਵੈ ਪ੍ਰਕਾਸ਼ ਹੈ ਅਤੇ ਚੰਦਰਮਾ ਸੂਰਜ ਤੋਂ ਰੋਸ਼ਨੀ ਲੈ ਕੇ ਪ੍ਰਕਾਸ਼ ਦਿੰਦਾ ਹੈ। ਇਸ ਚੇਤਨਤਾ ਨੂੰ ਜੋਤ ਵੀ ਆਖਦੇ ਹਨ ਇਹ ਜੋਤ ਘਟ-ਘਟ ਵਿਚ ਵਿਆਪਕ ਹੈ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ*
*ਨਾ ਘਾਟ ਨਾ ਬਾਢ ਹੈ ਨਾ ਬਾਢ ਘਾਟ ਹੋਤ ਹੈ॥*
*ਅਕਾਲ ਉਸਤਤਿ*

ਗੁਰੂ ਮਹਾਰਾਜ ਨੇ ਕਰਤਾ ਪੁਰਖ ਨੂੰ ਜੋਤੀ ਵੀ ਆਖਿਆ ਹੈ-

*ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥*
*ਪੰਨਾ - 1111*

ਅਜਿਹਾ ਵਾਹਿਗੁਰੂ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਨਹੀਂ ਮਿਲ ਸਕਦਾ। ਇਹ ਸਤਿ ਸਰੂਪ ਹੀ ਜਦੋਂ ਕੁਝ ਵੀ ਨਹੀਂ ਸੀ ਉਸ ਵੇਲੇ ਆਦਿ ਵਿਚ ਵੀ ਸੀ ਇਹੋ ਸਤਿ, ਜਦੋਂ ਕਾਲ ਤੇ ਵਸਤੂ ਦੀ ਉਤਪਤੀ ਹੋਈ ਉਸ ਵੇਲੇ ਵੀ ਆਪੇ ਆਪ ਸੀ। ਹੁਣ ਵੀ ਉਹ ਆਪੇ ਹੈ ਜਦੋਂ ਕੁਝ ਵੀ ਨਹੀਂ ਰਹੇਗਾ ਫੇਰ ਵੀ ਉਹ ਆਪੇ ਆਪ ਹੀ ਰਹੇਗਾ। ਇਹ ਗੁਰਮਤਿ ਦਾ ਸਿਧਾਂਤ ਹੈ-

***ਆਦਿ ਸਚਿ ਜੁਗਾਦਿ ਸਚੁ ਜੁਗਾਦਿ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** *ਪੰਨਾ - 1*

ਪਰ ਹਉਮੈ ਕਰਕੇ ਮਾਇਆ ਨੇ, ਅਗਿਆਨ ਨੇ ਉਸ ਪਰਮ ਚੇਤਨ ਦੇ ਤਿੰਨ ਟੁਕੜੇ ਦਿਖਾ ਦਿਤੇ, ਇਕ ਨੂੰ ਅਸੀਂ ਈਸ਼ਵਰ ਕਹਿੰਦੇ ਹਾਂ, ਦੂਸਰੇ ਨੂੰ ਸੰਸਾਰ ਤੇ ਤੀਸਰੇ ਨੂੰ ਜੀਵ ਆਖਦੇ ਹਾਂ। ਵਾਸਤਵ ਵਿਚ ਇਕੋ ਜੋਤੀ ਪਰੀਪੂਰਨ ਹੋ ਕੇ ਆਪਣੇ ਆਪ ਆਪਣੀ ਮਹਿਮਾ ਵਿਚ ਸਥਿਤ ਹੈ। ਸਾਰੇ ਪ੍ਰਗਟਾਵੇ ਉਹਦੇ ਹੀ ਹਨ ਸਾਰਿਆਂ ਰੂਪਾਂ ਰੰਗਾਂ ਵਿਚ ਉਹ ਆਪ ਹੀ ਹੈ। ਉਸ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ। ਮਾਇਆ ਉਸਦੀ ਕੀਤੀ ਹੋਈ ਹੈ ਹਉਮੈ ਉਸਦੀ ਕੀਤੀ ਹੋਈ ਹੈ ਜਿਵੇਂ ਕਿ ਫੁਰਮਾਨ ਹੈ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***
*ਪੰਨਾ - 537*

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥***
***ਪੰਨਾ - 999***

ਆਦਿ ਸਚੁ ਦਾ ਸਿਧਾਂਤ ਅਕਲ ਨਾਲ ਸਮਝਿਆ ਤਾਂ ਜਾ ਸਕਦਾ ਹੈ ਪਰ ਬੁੱਝਣਾ ਬਹੁਤ ਹੀ ਮੁਸ਼ਕਲ ਹੈ ਕਿਉਂਕਿ ਅਸਾਡੇ ਅੰਤਸ਼ਕਰਣ ਵਿਚ ਮਾਇਆ ਨੇ ਅੰਧਕਾਰ ਪਾ ਦਿਤਾ ਹੈ। ਹਉਮੈ ਕਰਕੇ ਹੰਗਤਾ ਤੇ ਮਮਤਾ ਦੋ ਚੀਜ਼ਾਂ ਇਸ ਅਖੰਡ ਬ੍ਰਹਮ ਨੂੰ ਜੀਵ ਦੀ ਉਪਾਧੀ ਦਿਵਾ ਦਿੰਦੀਆਂ ਹਨ। ਵਾਹਿਗੁਰੂ ਜੀ ਆਪ ਹੀ ਆਪ ਹਨ, ਇਥੇ ਦੂਜਾ ਕੋਈ ਵੀ ਨਹੀਂ ਹੈ ਇਕ ਖੇਲ੍ਹ ਹੋ ਰਹੀ ਹੈ, ਜਿਸ ਕਰਕੇ ਸਾਨੂੰ ਦੂਜਾ ਨਜ਼ਰ ਆ ਰਿਹਾ ਹੈ।

ਇਕ ਸਾਖੀ ਆਉਂਦੀ ਹੈ ਕਿ ਇਕ ਰਾਜੇ ਪਾਸ ਜਾਦੂਗਰ ਆਇਆ ਉਸ ਨੇ ਰਾਜੇ ਦੀ ਕਚਹਿਰੀ ਵਿਚ ਜਾ ਕੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਜਾਦੂਗਰ ਹਾਂ, ਮੈਂ ਜਾਦੂ ਦੇ ਵੱਡੇ ਤੋਂ ਵੱਡੇ ਖੇਲ੍ਹ ਕਰਨ ਦੀ ਸਮਰਥਾ ਰਖਦਾ ਹਾਂ। ਆਪ ਆਗਿਆ ਦੇਵੋ ਤਾਂ ਮੈਂ ਆਪ ਤੋਂ ਸਮਾਂ ਲੈ ਕੇ ਆਪ ਦੇ ਸਾਮ੍ਹਣੇ ਜਾਦੂ ਦਾ ਖੇਲ੍ਹ ਦਿਖਾਵਾਂ। ਰਾਜੇ ਨੇ ਕਿਹਾ ਜਾਦੂਗਰ! ਖੇਲ੍ਹ ਤਾਂ ਅਸੀਂ ਬਹੁਤ ਦੇਖੇ ਹਨ ਪਰ ਅਜਿਹਾ ਖੇਲ੍ਹ ਦਿਖਾ ਜਿਸ ਵਿਚ ਮਨੋਰੰਜਨ ਵੀ ਹੋਵੇ ਅਤੇ ਗਿਆਨ ਵੀ ਹੋਵੇ। ਉਸ ਵੇਲੇ ਜਾਦੂਗਰ ਨੇ ਕਿਹਾ ਕਿ ਮੈਂ ਆਪ ਨੂੰ ਦੇਵਤਿਆਂ ਨਾਲ ਯੁੱਧ ਕਰਕੇ ਦਿਖਾਵਾਂਗਾ ਪਰ ਮੇਰੇ ਨਾਲ ਮੇਰੀ ਇਸਤ੍ਰੀ ਹੈ ਉਸਦੇ ਰਹਿਣ ਲਈ ਕੋਈ ਸੁਰਖਸ਼ਿਤ ਥਾਂ ਮਿਲ ਜਾਵੇ ਅਤੇ ਮੈਂ ਬੇਫਿਕਰ ਹੋ ਕੇ ਦੇਵ ਲੋਕ ਵਿਚ ਜਾ ਕੇ ਦੇਵਤਿਆਂ ਨਾਲ ਯੁੱਧ ਕਰਾਂ। ਰਾਜੇ ਨੇ ਕਿਹਾ, "ਜਾਦੂਗਰ! ਤੂੰ ਇਸ ਗੱਲ ਦਾ ਫਿਕਰ ਨਾ ਕਰ, ਤੇਰੀ ਪਤਨੀ ਮੇਰੀ ਰਾਜਕੁਮਾਰੀ ਨਾਲ ਰਹੇਗੀ, ਉਸ ਨੂੰ ਮੈਂ ਆਪਣੀ ਧੀ ਵਾਂਗੂੰ ਸਮਝਾਂਗਾ। ਤੂੰ ਬੇਫਿਕਰ ਹੋ ਕੇ ਦੇਵਤਿਆਂ ਨਾਲ ਯੁੱਧ ਕਰਨ ਜਾਹ।" ਉਸਨੇ ਕਿਹਾ ਕਿ ਮਹਾਰਾਜ! ਮੈਂ ਦੇਵਤੇ ਮਾਰ ਕੇ ਇਸ ਧਰਤੀ ਉਪਰ ਸੁਟਾਂਗਾ ਤੁਸੀਂ ਉਨ੍ਹਾਂ ਦੇ ਦਰਸ਼ਨ ਕਰਨੇ ਪਰ ਜੇ ਮੈਂ ਮਾਰਿਆ ਗਿਆ ਤਾਂ ਮੇਰਾ ਸੰਸਕਾਰ ਜ਼ਰੂਰ ਕਰ ਦੇਣਾ। ਰਾਜੇ ਨੇ ਪੂਰੀ ਤਰ੍ਹਾਂ ਨਾਲ ਭਰੋਸਾ ਦਿਵਾ ਦਿਤਾ ਅਤੇ ਉਹ ਜਾਦੂਗਰ ਦੇਖਦੇ-ਦੇਖਦੇ ਅਲੋਪ ਹੋ ਗਿਆ। ਥੋੜ੍ਹੇ ਚਿਰ ਪਿਛੋਂ ਬਹੁਤ ਉਚੀ ਅਵਾਜ਼ ਆਈ ਕਿ ਮਹਾਰਾਜ! ਮੈਂ ਸਵਰਗ ਲੋਕ ਵਿਚ ਪਹੁੰਚ ਗਿਆ ਹਾਂ, ਮੇਰੇ ਨਾਲ ਯੁੱਧ ਹੋਣ ਲੱਗਾ ਹੈ। ਤਲਵਾਰਾਂ ਚਲਣ ਦੀ, ਠੱਕ-ਠੱਕ ਦੀ ਅਵਾਜ਼ ਆਈ। ਮਾਰ ਲੋ-ਮਾਰ ਲੋ ਦੀ ਅਵਾਜ਼ ਸੁਣੀ। ਥੋੜ੍ਹੀ ਦੇਰ ਬਾਦ ਇਕ ਦੇਵਤਾ ਜਿਸ ਦੇ ਮੁਖ ਵਿਚੋਂ ਬੇਅੰਤ ਪਾਣੀ ਦੀ ਧਾਰ ਜਾ ਰਹੀ ਸੀ ਰਾਜੇ ਦੇ ਸਾਮ੍ਹਣੇ ਆ ਗਿਰਿਆ। ਜਾਦੂਗਰ ਨੇ ਅਵਾਜ਼ ਦਿਤੀ ਮਹਾਰਾਜ! ਮੈਂ ਵਰੁਣ ਦੇਵਤਾ ਮਾਰ ਲਿਆ ਹੈ ਦਰਸ਼ਨ ਕਰੋ। ਇਸੇ ਤਰ੍ਹਾਂ ਵਾਰੀ-ਵਾਰੀ ਅਗਨ ਦੇਵਤਾ, ਕੁਬੇਰ ਅਤੇ ਹੋਰ ਦੇਵਤੇ ਮਾਰ ਲਏ। ਅਖੀਰ ਵਿਚ ਇਕ ਬਹੁਤ ਭਿਆਨਕ ਅਵਾਜ਼ ਆਈ ਕਿ ਮਹਾਰਾਜ! ਹੁਣ ਮੈਂ ਇੰਦਰ ਨਾਲ ਯੁੱਧ ਕਰ ਰਿਹਾ ਹਾਂ ਜੇ ਮੈਂ ਇਸਨੂੰ ਮਾਰ ਲਿਆ ਤਾਂ ਸਵਰਗ ਦੇ ਰਾਜੇ ਇੰਦਰ ਦੇ ਦਰਸ਼ਨ ਵੀ ਤੁਸੀਂ ਕਰ ਲਵੋਂਗੇ। ਤਲਵਾਰਾਂ ਦੀ ਠੱਕ-ਠੱਕ ਦੀ ਅਵਾਜ਼ ਆਈ, ਮਾਰ ਲਓ, ਮਾਰ ਲਓ ਦੀ ਆਵਾਜ਼ ਦਰਸ਼ਕ ਸੁਣ ਰਹੇ ਹਨ ਤੇ ਕੀ ਦੇਖਦੇ ਹਨ ਕਿ ਅਸਮਾਨ ਵਿਚੋਂ ਲੱਤ ਕਟੀ ਆ ਰਹੀ ਹੈ। ਜਾਦੂਗਰ ਦੀ ਅਵਾਜ਼ ਆਈ ਕਿ ਮੇਰੀ ਲੱਤ ਕੱਟੀ ਗਈ ਹੈ। ਹੁਣ ਮੈਂ ਇਕ ਲੱਤ ਦੇ ਸਹਾਰੇ ਯੁੱਧ ਕਰ ਰਿਹਾ ਹਾਂ ਸਾਰੇ ਦੇਖਣਹਾਰਿਆਂ ਨੂੰ ਜਾਦੂਗਰ ਉਪਰ ਤਰਸ ਆਇਆ ਕਿ ਦੇਖੋ ਕਿੱਡਾ ਬਹਾਦਰ ਸੀ, ਇਨਸਾਨ ਹੁੰਦੇ ਹੋਏ ਨੇ ਦੇਵਤਿਆਂ ਨਾਲ ਯੁੱਧ ਕੀਤਾ ਹੈ ਪਰ ਵਿਚਾਰਾ ਜ਼ਖਮੀ ਹੋ ਗਿਆ, ਮਨ ਵਿਚ ਬੜਾ ਅਫਸੋਸ ਹੋਇਆ। ਐਨੇ ਨੂੰ ਦੂਜੀ ਲੱਤ ਵੀ ਕੱਟੀ ਹੋਈ ਆ ਰਹੀ ਹੈ ਅਤੇ ਆਵਾਜ਼ ਆਈ ਮੇਰੀ ਦੂਜੀ ਲੱਤ ਵੀ ਕੱਟ ਗਈ ਫੇਰ ਬਾਂਹ ਤੇ ਫਿਰ ਧੜ ਧਰਤੀ ਉਤੇ ਗਿਰਿਆ। ਬਹੁਤਿਆਂ ਦੀਆਂ ਅੱਖਾਂ ਵਿਚੋਂ ਹੰਝੂ ਆ ਗਏ, ਹਉਕੇ ਲੈਣ ਲਗ ਗਏ ਅਤੇ ਕਹਿਣ ਲੱਗੇ ਕਿ ਕਿੱਡਾ ਬਹਾਦਰ ਸੀ, ਤਮਾਸ਼ਾ ਦਿਖਾਉਂਦਾ ਮਾਰਿਆ ਗਿਆ। ਯੁੱਧ ਦੀ ਸਮਾਪਤੀ ਹੋ ਗਈ, ਦੋ ਚਿਖਾਂ ਬਣਾਈਆਂ ਗਈਆਂ। ਇਕ ਉਪਰ ਦੇਵਤਿਆਂ ਦੇ ਸਰੀਰ ਰੱਖ ਕੇ ਸਸਕਾਰ ਕਰ ਦਿਤਾ। ਦੂਜੀ ਜਾਦੂਗਰ ਵਾਸਤੇ ਬਣਾਈ ਗਈ। ਜਦੋਂ ਇਸਦੀ ਇਸਤਰੀ ਨੂੰ ਪਤਾ ਲੱਗਿਆ ਤਾਂ ਉਸ ਨੇ ਬਹੁਤ ਹੀ ਵਿਰਲਾਪ ਕੀਤਾ ਅਤੇ ਸਾਰੇ ਦੇਖਣਹਾਰਿਆਂ ਨੂੰ ਰੁਆ ਦਿਤਾ। ਉਸਨੇ ਕਿਹਾ ਮੈਂ ਆਪਣੇ ਪਤੀ ਨਾਲ ਸਤੀ ਹੋਣਾ ਹੈ। ਉਹ ਚਿਖਾ ਵਿਚ ਬੈਠ ਗਈ ਅਤੇ ਸਤੀ ਹੋ ਗਈ। ਜਦੋਂ ਦੋਨੋਂ ਚਿਖਾਂ ਜਲ ਚੁਕੀਆਂ ਤਾਂ ਸਭਾ ਦੇ ਵਿਚੋਂ ਉਹ ਜਾਦੂਗਰ ਪ੍ਰਗਟ ਹੋਇਆ ਅਤੇ ਰਾਜੇ ਨੂੰ ਆ ਕੇ ਕਹਿਣ ਲੱਗਿਆ ਕਿ ਕਿ ਮਹਾਰਾਜ! ਮੇਰਾ ਖੇਲ੍ਹ ਆਪ ਦੇ ਪਸੰਦ ਆਇਆ ਅਤੇ ਨਾਲ ਹੀ ਕਿਹਾ ਕਿ ਮੇਰੀ ਪਤਨੀ ਕਿਥੇ ਹੈ? ਸਾਰੇ ਜਾਦੂ ਦਾ ਤਮਾਸ਼ਾ ਦੇਖਣ ਵਾਲੇ ਹੈਰਾਨ ਹੋ ਗਏ ਕਿ ਅਸੀਂ ਤਾਂ ਇਸਦਾ ਸਰੀਰ ਚਿਖਾ ਵਿਚ ਜਾਲ ਦਿਤਾ ਸੀ। ਪਤਨੀ ਸਤੀ ਹੋ ਗਈ ਸੀ ਹੁਣ ਇਹ ਕਿਥੋਂ ਆ ਗਿਆ। ਬਹੁਤ ਹੈਰਾਨੀ ਹੋ ਗਈ। ਉਸਨੇ ਕਿਹਾ ਕਿ ਮੇਰੀ ਪਤਨੀ ਮੋੜੋ, ਉਹ ਬਹੁਤ ਖੂਬਸੂਰਤ ਸੀ ਤੁਸੀਂ ਉਸਨੂੰ ਆਪਣੀ ਪਤਨੀ ਬਣਾਉਣ ਵਾਸਤੇ ਕਿਲੇ ਵਿਚ ਕੈਦ ਕੀਤਾ ਹੋਇਆ ਹੈ। ਵਜ਼ੀਰਾਂ ਨੇ ਕਿਹਾ ਕਿ ਸਾਡਾ ਰਾਜਾ ਤਾਂ ਧਰਮਾਤਮਾ ਹੈ ਉਹ ਪਰ-ਇਸਤ੍ਰੀ ਨੂੰ ਧੀ ਭੈਣ ਪਛਾਣਦਾ ਹੈ ਤੇਰੀ ਪਤਨੀ ਤਾਂ ਸਾਰਿਆਂ ਦੇ ਸਾਮ੍ਹਣੇ

ਸਤੀ ਹੋ ਗਈ ਹੈ। ਤੂੰ ਸਾਡੇ ਮਹਾਰਾਜ ਨੂੰ ਦੋਸ਼ ਨਾ ਦੇ। ਜਾਦੂਗਰ ਨੇ ਕਿਹਾ ਕਿ ਮੈਨੂੰ ਉਸ ਦੀ ਅਵਾਜ਼ ਸੁਣ ਰਹੀ ਹੈ ਅਤੇ ਕਹਿ ਰਹੀ ਹੈ ਕਿ ਮੈਨੂੰ ਉਸਨੇ ਸੱਤ ਤਾਲਿਆਂ ਵਿਚ ਬੰਦ ਕੀਤਾ ਹੋਇਆ ਹੈ। ਉਸ ਨੇ ਇਹ ਕਹਿ ਕੇ ਆਪਣੀ ਪਤਨੀ ਨੂੰ ਅਵਾਜ਼ ਮਾਰੀ ਉਧਰੋਂ ਪਤਰਵੀਂ ਅਵਾਜ਼ ਆਈ ਕਿ ਮੈਨੂੰ ਇਸ ਰਾਜੇ ਨੇ ਕੈਦ ਕੀਤਾ ਹੋਇਆ ਹੈ। ਜਾਦੂਗਰ ਨੇ ਜਾ ਕੇ ਤਾਲੇ ਖੁਲਵਾਏ ਸੱਤ ਦਰਵਾਜ਼ਿਆਂ ਪਿਛੋਂ ਅੰਦਰ ਬੰਨ੍ਹ ਕੇ ਬਿਠਾਈ ਹੋਈ ਸੀ। ਸਾਰੇ ਹੈਰਾਨ ਹੋ ਗਏ ਕੁਝ ਵੀ ਸਮਝ ਵਿਚ ਨਾ ਆਵੇ ਤਾਂ ਜਾਦੂਗਰ ਨੇ ਕਿਹਾ ਕਿ ਮਹਾਰਾਜ! ਤੁਸੀਂ ਮੈਨੂੰ ਇਹ ਕਿਹਾ ਸੀ ਕਿ ਕੋਈ ਅਜਿਹਾ ਖੇਲ੍ਹ ਦਿਖਾ ਜੋ ਖੁਸ਼ੀ ਵੀ, ਗਮੀ ਵੀ, ਹੈਰਾਨੀ ਵੀ ਪੈਦਾ ਕਰੇ ਅਤੇ ਸਿਖਿਆਦਾਇਕ ਵੀ ਹੋਵੇ। ਸੋ ਮੈਂ ਆਪਣਾ ਖੇਲ੍ਹ ਦਿਖਾਇਆ ਹੈ ਮੈਂ ਕਿਤੇ ਵੀ ਨਹੀਂ ਗਿਆ। ਨਾ ਮੈਂ ਕੋਈ ਯੁੱਧ ਕੀਤਾ ਹੈ, ਨਾ ਮੇਰੀ ਕੋਈ ਪਤਨੀ ਹੈ, ਜਦੋਂ ਮੈਂ ਜਿਤਦਾ ਸੀ ਤਾਂ ਤੁਹਾਨੂੰ ਖੁਸ਼ੀ ਹੁੰਦੀ ਸੀ, ਜਦੋਂ ਮੈਂ ਮਰ ਗਿਆ ਤਾਂ ਤੁਸੀਂ ਗਮੀ ਵਿਚ ਆ ਗਏ ਸੀ, ਜਦੋਂ ਮੈਂ ਆਪਣੀ ਪਤਨੀ ਬਾਰੇ ਗੱਲ ਕੀਤੀ ਤਾਂ ਤੁਸੀਂ ਹੈਰਾਨੀ ਵਿਚ ਆ ਗਏ।

ਇਹ ਸਾਰਾ ਖੇਲ੍ਹ ਮੇਰੇ ਜਾਦੂ ਕਰਕੇ ਤੁਹਾਨੂੰ ਦਿਸਿਆ ਅਤੇ ਸਿਖਿਆ ਇਸ ਵਿਚ ਇਹ ਹੈ ਕਿ ਮੈਂ ਇਕ ਜਾਦੂਗਰ ਆਪਣੇ ਖਿਆਲ ਨਾਲ ਖੇਲ੍ਹ ਰਚ ਦਿਤਾ ਜਿਸਦੀ ਹੋਂਦ ਕੋਈ ਨਹੀਂ ਸੀ, ਮੈਂ ਕਿਤੇ ਗਿਆ ਨਹੀਂ ਸੀ, ਨਾ ਹੀ ਯੁੱਧ ਕੀਤਾ ਹੈ ਪਰ ਤੁਹਾਨੂੰ ਸਤਿ ਭਾਸਦਾ ਸੀ। ਵਾਹਿਗੁਰੂ ਜੀ ਅਰਬਾਂ ਖਰਬਾਂ ਬ੍ਰਹਿਮੰਡਾਂ ਦੇ ਮਾਲਕ ਸਰਬ ਕਲਾ ਸਮਰਥ ਹਨ ਉਨ੍ਹਾਂ ਨੇ ਮਾਇਆ ਦਾ ਪਸਾਰਾ ਕਰਕੇ ਤਿੰਨ ਗੁਣਾਂ ਵਿਚ ਖੇਲ ਰਚਿਆ ਪਰ ਵਾਹਿਗੁਰੂ ਜੀ ਆਪੇ ਆਪ ਹਨ ਹੋਰ ਇਸ ਸੰਸਾਰ ਵਿਚ ਕੋਈ ਵੀ ਨਹੀਂ ਹੈ। ਉਹਨੇ ਆਪਣੀ ਮਾਇਆ ਆਪ ਪਸਾਰੀ ਹੈ। ਉਹ ਮਾਇਆ ਦੇ ਵਿਚ ਲਿਪਤ ਨਹੀਂ ਹੋਇਆ ਅਤੇ ਨਿਆਰਾ ਹੋ ਕੇ ਖੇਲ੍ਹ ਕਰ ਰਿਹਾ ਹੈ। ਰਾਜਨ! ਮੈਂ ਖੇਲ੍ਹ ਕਰਦਾ ਤੁਹਾਨੂੰ ਇਥੇ ਖੜ੍ਹਾ ਦਿਸ ਨਹੀਂ ਸੀ ਰਿਹਾ ਆਪਣੀ ਮਾਇਆ ਓਹਲੇ ਛੁਪਿਆ ਹੋਇਆ ਸੀ। ਪ੍ਰਭੂ ਭੀ ਜਾਦੂਗਰ ਵਾਂਗੂੰ ਹੀ ਹਨ।

ਉਸ ਨੇ ਖੇਲ੍ਹ ਰਚ ਦਿਤੀ ਜਿਸ ਵਿਚ ਰਾਗ ਦ੍ਵੈਸ਼, ਦ੍ਵੰਦ ਪੈਦਾ ਕਰਕੇ ਖੇਲ੍ਹ ਹੋ ਰਿਹਾ ਹੈ। ਦਰਅਸਲ ਕੁਝ ਵੀ ਨਹੀਂ ਹੋ ਰਿਹਾ ਹੈ। ਇਹ ਇਕ ਮਾਇਆ ਦਾ ਚਮਤਕਾਰ ਹੈ ਜਿਸ ਕਰਕੇ ਹੁੰਦਾ ਪ੍ਰਤੀਤ ਦੇ ਰਿਹਾ ਹੈ ਇਥੇ ਵਾਹਿਗੁਰੂ ਜੀ ਆਪ ਹੀ ਹਨ। ਜੋ ਕੁਝ ਵੀ ਤੁਸੀਂ ਦੇਖਿਆ ਮੇਰੇ ਜਾਦੂ ਕਰਕੇ ਤੁਹਾਨੂੰ ਪ੍ਰਤੀਤ ਦਿੰਦਾ ਸੀ। ਸੋ ਇਹ ਭੁਲੇਖਾ ਹੋਣ ਕਰਕੇ ਸੰਸਾਰ ਵਿਚ ਖੁਸ਼ੀ, ਗਮੀ, ਦ੍ਵੰਦ, ਅਗਿਆਨ ਵਰਤ ਰਿਹਾ ਹੈ ਪਰ ਹੋ ਕੁਝ ਨਹੀਂ ਰਿਹਾ। ਫੁਰਮਾਨ ਹੈ –

***ਬਾਜੀਗਰਿ ਜੈਸੇ ਬਾਜੀ ਪਾਈ॥***
***ਨਾਨਾ ਰੂਪ ਭੇਖ ਦਿਖਲਾਈ॥***
***ਸਾਂਗੁ ਉਤਾਰਿ ਥੰਮਿਓ ਪਾਸਾਰਾ॥***
***ਤਬ ਏਕੋ ਏਕੰਕਾਰਾ॥***
***ਕਵਨ ਰੂਪ ਦ੍ਰਿਸਟਿਓ ਬਿਨਸਾਇਓ॥***
***ਕਤਹਿ ਗਇਓ ਉਹੁ ਕਤ ਤੇ ਆਇਓ॥***
***ਜਲ ਤੇ ਊਠਹਿ ਅਨਿਕ ਤਰੰਗਾ॥***
***ਕਨਿਕ ਭੂਖਨ ਕੀਨੇ ਬਹੁ ਰੰਗਾ॥***
***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥***
***ਫਲ ਪਾਕੇ ਤੇ ਏਕੰਕਾਰਾ॥*** *ਪੰਨਾ - 736*

ਕਹਿਣ ਲੱਗਿਆ ਮਹਾਰਾਜ! ਆਪ ਸਾਰੇ ਹੀ ਜਾਣਦੇ ਹੋ ਕਿ ਹਵਾ ਦੇ ਵੇਗ ਨਾਲ ਸਮੁੰਦਰ ਵਿਚੋਂ ਅਨੇਕ ਵੱਡੀਆਂ ਲਹਿਰਾਂ ਉਠਦੀਆਂ ਹਨ ਅਤੇ ਹਵਾ ਜਿਧਰ ਨੂੰ ਜਾਂਦੀ ਹੈ, ਉਧਰ ਨੂੰ ਜਾਂਦੀਆਂ ਹਨ। ਪਰ ਹੁੰਦਾ ਕੀ ਹੈ ਕੰਢੇ ਨਾਲ ਟਕਰਾਅ ਕੇ ਲਹਿਰ ਫੇਰ ਪਾਣੀ ਵਿਚ ਸਮਾਅ ਜਾਂਦੀ ਹੈ। ਇਸੇ ਤਰ੍ਹਾਂ ਨਾਲ ਮਾਇਆ ਦੇ ਵੇਗ ਕਰਕੇ ਚੇਤਨ ਦੀ ਸਤਾ ਪ੍ਰਾਪਤ ਕਰਕੇ ਤ੍ਰਿਗੁਣੀ ਮਾਇਆ ਅਨੇਕ ਰੂਪ ਧਾਰ ਕੇ ਵੱਖਰੀ-ਵਖਰੀ ਪ੍ਰਤੀਤ ਦਿੰਦੀ ਹੈ ਜੋ ਜੀਵਾਂ ਦੇ ਮਨ ਨੂੰ ਮੋਹ ਕੇ ਸਤਿ ਨੂੰ ਅਸਤਿ ਬਣਾ ਦਿੰਦੀ ਹੈ, ਅਸਲ ਤੋਂ ਨਕਲ ਬਣਾ ਦਿੰਦੀ ਹੈ ਜਿਵੇਂ ਰਾਤ ਨੂੰ ਪੈ ਕੇ ਅਸੀਂ ਚੰਦ ਨੂੰ ਦੇਖੀਏ। ਅੱਖ ਦੇ ਕੋਏ ਨੂੰ ਉਂਗਲੀ ਨਾਲ ਦੱਬ ਲਈਏ ਤਾਂ ਸਾਨੂੰ ਦੋ ਚੰਦਰਮਾ ਨਜ਼ਰ ਆਉਣਗੇ, ਦੋਨੋਂ ਅਸਲੀ ਲੱਗਣਗੇ। ਇਸੇ ਤਰ੍ਹਾਂ ਮਾਇਆ ਉਪਾਧੀ ਕਰਕੇ ਇਕੋ ਵਾਹਿਗੁਰੂ ਜੀ ਈਸ਼ਵਰ, ਜੀਵ ਅਤੇ ਸੰਸਾਰ ਦੇ ਰੂਪ ਵਿਚ ਨਜ਼ਰ ਆ ਰਹੇ ਹਨ ਪਰ ਜਦੋਂ ਇਹ ਮਾਇਆ ਦਾ ਮੋਤੀਆ ਬਿੰਦ ਗੁਰੂ ਦੇ ਉਪਦੇਸ਼ ਨਾਲ ਲਹਿ ਜਾਂਦਾ ਹੈ ਤਾਂ ਇਥੇ ਪ੍ਰਭੂ ਪ੍ਰਮੇਸ਼ਰ ਸਤਾ ਤੋਂ ਬਿਨਾਂ ਹੋਰ ਕੋਈ ਨਜ਼ਰੀ ਨਹੀਂ ਆਉਂਦਾ। ਮਾਇਆ ਨੇ ਆਪਣਾ ਅੰਧਕਾਰ ਫੈਲਾ ਕੇ ਅਣਹੋਏ ਦ੍ਰਿਸ਼ਾਂ ਨੂੰ ਜਨਮ ਦਿਤਾ ਹੈ।

ਦੇਖੋ ਅਕਾਸ਼ ਇਕੋ ਹੈ ਪਰ ਉਪਾਧੀ ਕਰਕੇ ਇਸ ਦੇ ਭੀ ਵੱਖੋ ਵਖਰੇ ਨਾਮ ਪੈ ਗਏ ਹਨ। ਘੜੇ ਦੇ ਅਕਾਸ਼ (ਖਾਲੀ ਥਾਂ ਨੂੰ) ਘਟਾ ਅਕਾਸ਼ ਕਹਿੰਦੇ ਹਾਂ। ਮਕਾਨ ਦੇ ਅਕਾਸ਼ ਨੂੰ ਮੇਘਾ ਅਕਾਸ਼ ਕਹਿੰਦੇ ਹਾਂ ਅਤੇ ਸਰਬਤ੍ਰ ਅਕਾਸ਼ ਨੂੰ ਮਹਾਂ ਅਕਾਸ਼ ਕਹਿੰਦੇ ਹਾਂ। ਜੇ ਘੜੇ, ਮਕਾਨ ਤੇ ਬੱਦਲਾਂ ਦੀ ਉਪਾਧੀ ਹਟ ਜਾਵੇ ਤਾਂ ਇਕੋ ਅਕਾਸ਼ ਹੈ ਇਹ ਸਭ ਕੁਝ ਉਪਾਧੀਆਂ ਕਰਕੇ ਪ੍ਰਤੀਤ ਦੇ ਰਿਹਾ ਹੈ। ਬੀਜ ਬੀਜਿਆ ਜਾਂਦਾ ਹੈ ਉਹ ਬੂਟੇ ਵਿਚ ਹੀ ਸਮਾਅ ਜਾਂਦਾ ਹੈ ਜਦੋਂ ਫਲ ਲੱਗਿਆ ਤਾਂ ਬ੍ਰਿਛ ਵਿਚ ਹੀ ਜਦੋਂ ਫਲ ਪਕ ਗਿਆ ਤਾਂ ਭੀ ਓਹੋ ਬੀਜ ਫਿਰ ਪ੍ਰਗਟ ਹੋ ਜਾਂਦਾ ਹੈ।

ਦਰਅਸਲ ਜੀਵ ਪੰਜਾਂ ਭਰਮਾਂ ਦੇ ਅਧੀਨ ਹੈ ਲੋਭ, ਮੋਹ, ਮਾਇਆ ਦੇ ਅਸਰ ਅਧੀਨ ਹੈ ਜਦੋਂ ਨਾਮ ਦੀ ਘਾਲ ਕਮਾਈ ਕਰਕੇ ਗੁਰੂ ਦੀ ਕ੍ਰਿਪਾ ਦਾ ਪਾਤਰ ਬਣਦਾ ਹੈ ਤਾਂ ਗੁਰੂ ਇਸ ਦੇ ਭਰਮਾਂ ਦਾ ਨਾਸ਼ ਕਰ ਦਿੰਦਾ ਹੈ ਤਾਂ ਇਕੋ ਏਕੰਕਾਰ ਹੀ ਸ਼ੇਸ਼ ਆਪਣੀ ਅਬਦਲ ਹਾਲਤ ਵਿਚ ਰਹਿ ਜਾਂਦਾ ਹੈ। ਉਹ ਨਾਸ਼ ਰਹਿਤ ਹੈ, ਨਾ ਕਦੇ ਅਲੋਪ ਹੁੰਦਾ ਹੈ, ਨਾ ਕਿਤੇ ਜਾਂਦਾ ਹੈ, ਨਾ ਕਿਤੋਂ ਆਉਂਦਾ ਹੈ ਉਹ ਬਿਨਸਨਹਾਰ ਨਹੀਂ ਸਦੀਵੀ ਅਮਰ ਅਟੱਲ ਹੈ। ਜਦੋਂ ਇਸ ਅਗਿਆਨੀ ਜੀਵ ਦੀ ਸਮਰੱਥ ਗੁਰੂ ਹਉਮੈ ਮੈਲ ਧੋ ਦਿੰਦਾ ਹੈ ਤਾਂ ਆਪਣੇ ਸਰੂਪ ਨੂੰ ਪਛਾਣ ਕੇ ਇਕੋ ਪ੍ਰਮੇਸ਼ਰ ਆਪਣੇ ਸਮੇਤ ਵੇਖਦਾ ਹੈ। ਜਿਵੇਂ ਫੁਰਮਾਨ ਹੈ –

***ਸਹਸ ਘਟਾ ਮਹਿ ਏਕੁ ਆਕਾਸੁ॥***
***ਘਟ ਫੂਟੇ ਤੇ ਓਹੀ ਪ੍ਰਗਾਸੁ॥***
***ਭਰਮ ਲੋਭ ਮੋਹ ਮਾਇਆ ਵਿਕਾਰ॥***
***ਭ੍ਰਮ ਛੂਟੇ ਤੇ ਏਕੰਕਾਰ॥***
***ਓਹੁ ਅਬਿਨਾਸੀ ਬਿਨਸਤ ਨਾਹੀ॥***
***ਨਾ ਕੋ ਆਵੈ ਨਾ ਕੋ ਜਾਹੀ॥***
***ਗੁਰਿ ਪੂਰੈ ਹਉਮੈ ਮਲੁ ਧੋਈ॥***
***ਕਹੁ ਨਾਨਕ ਮੇਰੀ ਪਰਮਗਤਿ ਹੋਈ॥*** *ਪੰਨਾ - 736*

***'ਚਲਦਾ'***

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 65)*

10. ਤਥਾ ਕਰਮ ਨ ਕਰਨ ਤੋਂ ਤੂੰ ਪਾਪ ਨੂੰ ਪ੍ਰਾਪਤ ਹੋਵੇਂਗਾ ਕਿਉਂਕਿ ਪਰਜਾਪਤਿ ਬ੍ਰਹਮਾ ਨੇ ਆਦਿ ਵਿਚ ਯੱਗ ਸਹਿਤ ਪ੍ਰਜਾ ਨੂੰ ਰਚ ਕੇ ਕਿਹਾ ਕਿ ਇਸ ਯੱਗ ਦੁਆਰਾ ਤੁਮ ਲੋਕ ਵਾਧੇ ਨੂੰ ਪ੍ਰਾਪਤ ਹੋਵੋਂਗੇ। ਏਹ ਯੱਗ ਤੁਹਾਨੂੰ ਮਨਇਛਤ ਕਾਮਨਾਵਾਂ ਦੇਣ ਵਾਲਾ ਹੋਵੇਗਾ।

11. ਤਥਾ ਤੁਸੀਂ ਲੋਕ ਇਸ ਯੱਗ ਦੁਆਰਾ ਦੇਵਤਿਆਂ ਨੂੰ ਉਨਤ ਕਰੋ ਅਤੇ ਉਹ ਦੇਵਤਾ ਲੋਕ ਤੁਹਾਡੀ ਉਨਤੀ ਕਰਨਗੇ, ਇਸ ਪ੍ਰਕਾਰ ਆਪਸ ਵਿਚ ਕਰਤੱਵ ਸਮਝ ਕੇ ਉਨਤੀ ਕਰਦੇ ਹੋਏ ਪਰਮ ਕਲਿਆਣ ਨੂੰ ਪ੍ਰਾਪਤ ਹੋਵੋਂਗੇ।

12. ਯੱਗ ਨਾਲ ਪ੍ਰਸੰਨ ਹੋਏ ਦੇਵਤੇ ਤੁਹਾਨੂੰ ਬਿਨਾਂ ਮੰਗਿਆਂ ਹੀ ਮੂੰਹ ਮੰਗਿਆ ਫਲ ਦੇਣਗੇ ਜਿਹੜੇ ਇਹ ਫਲ ਭੋਗਣਗੇ ਅਤੇ ਦੇਵਤਿਆਂ ਨੂੰ ਕੁਝ ਭੇਟਾ ਨਹੀਂ ਕਰਨਗੇ ਉਹ ਚੋਰ ਹੋਣਗੇ।

ਸ੍ਰੀ ਕ੍ਰਿਸ਼ਨ ਜੀ ਧਰਮ ਕਰਨ ਦੇ ਵੱਖ-ਵੱਖ ਤਰੀਕੇ ਦਸਦੇ ਹਨ ਉਹ ਦਸਦੇ ਹਨ ਤਿਆਗ ਨਾਲ ਕੀਤੀਆਂ ਡਿਊਟੀਆਂ ਕਰਮ ਬੰਧਨ ਨਹੀਂ ਬਣਦੀਆਂ ਪਰ ਸੁਆਰਥ ਨਾਲ ਕੀਤੀਆਂ ਡਿਊਟੀਆਂ ਬੰਧਨ ਬਣਦੀਆਂ ਹਨ, ਕਰਮ ਕਰਕੇ ਫਲ ਨਾਲ ਬੰਨ੍ਹ ਦਿੰਦੀਆਂ ਹਨ। ਮੋਹ ਤਿਆਗ ਕੇ ਕਰਮ ਕਰਨਾ ਇਹ ਹੀ ਇਨ੍ਹਾਂ ਸ਼ਲੋਕਾਂ ਵਿਚ ਦਸਿਆ ਗਿਆ ਹੈ। ਸ਼ਬਦ ਗਿਆਨ ਯੱਗ ਇਥੇ ਸੀਮਤ ਤਰੀਕੇ ਨਾਲ ਬਲੀ ਨਹੀਂ ਹੈ ਇਹ ਪੂਜਾ ਦੀ ਇਕ ਰਸਮ ਹੈ। ਗ੍ਰੰਥਾਂ ਵਿਚ ਕਈ ਕਿਸਮ ਦੇ ਯੱਗ ਦੱਸੇ ਗਏ ਹਨ ਕਈ ਕਿਸਮ ਦੇ ਯੱਗ ਗ੍ਰਹਿਸਤੀ ਕਰਦੇ ਹਨ ਕਈ ਵੱਖ-ਵੱਖ ਪ੍ਰਾਪਤੀਆਂ ਲਈ ਕਰਦੇ ਹਨ। ਕਈ ਬਲੀ ਦਿੰਦੇ ਹਨ, ਕਈ ਬਹੁਤ ਸਾਦਗੀ ਨਾਲ ਕਰਦੇ ਹਨ, ਕਈ ਸੋਚਦੇ ਹਨ ਗ੍ਰੰਥਾਂ ਨੂੰ ਕਰਮਕਾਂਡ ਨਾਲ ਪੜ੍ਹਨਾ ਵੀ ਯੱਗ ਹੈ, ਇੰਦ੍ਰੀਆਂ ਤੇ ਕਾਬੂ ਵੀ ਯੱਗ ਹੈ ਨਿਰਲਿਪਤ ਹੋ ਕੇ ਯੋਗ ਅਭਿਆਸ ਕਰਨਾ, ਇੰਦ੍ਰੀਆਂ ਤੇ ਕਾਬੂ ਕਰਨਾ, ਮਨ ਨੂੰ ਕਾਬੂ ਕਰਨਾ, ਸਾਰੇ ਫਲਾਂ ਦਾ ਤਿਆਗ ਕਰਨਾ ਇਸ ਨੂੰ ਅਨਾਸਕਤੀ ਯੱਗ ਕਹਿੰਦੇ ਹਨ ਸੱਚ ਪੁਛੋ ਤਾਂ ਮਨੁੱਖੀ ਜੀਵਨ ਹੀ ਇਕ ਯੱਗ ਹੈ, ਸਵੇਰ ਤੋਂ ਸ਼ਾਮ ਤਕ ਸਾਰੇ ਕਰਮ, ਖਾਣਾ ਪੀਣਾ, ਬੋਲਣਾ, ਤੁਰਨਾ ਸੌਣਾ ਸਾਰੇ ਹੀ ਯੱਗ ਹਨ, ਭਾਵੇਂ ਬਹੁਤ ਘੱਟ ਲੋਕੀ ਇਸ ਗੱਲ ਨੂੰ ਜਾਣਦੇ ਹਨ। ਯੱਗ ਸ਼ਬਦ ਤਿੰਨ ਕਿਸਮ ਦੇ ਕਰਮ ਦਸਦਾ ਹੈ, ਪ੍ਰਭੂ ਪੂਜਾ, ਦਾਨ, ਮਨ ਇੰਦ੍ਰੀਆਂ ਤੇ ਕਾਬੂ ਪਾ ਕੇ ਸੁਤੰਤਰ ਹੋਣਾ, ਸਾਸ਼ਤਰ ਪੜ੍ਹਨੇ ਸੱਚ, ਸ਼ਾਂਤੀ ਅਤੇ ਦਇਆ ਕਰਨਾ। ਤਿੰਨ ਪ੍ਰਕਾਰ ਦੇ ਯੱਗ ਕੀਤੇ ਸੁਤੰਤਰ ਹੋਣਾ, ਸਾਸ਼ਤਰ ਪੜ੍ਹਨੇ ਸੱਚ, ਸ਼ਾਂਤੀ ਅਤੇ ਦਯਾ ਕਰਨਾ। ਤਿੰਨ ਪ੍ਰਕਾਰ ਦੇ ਯੱਗ ਕੀਤੇ ਜਾਂਦੇ ਹਨ, ਤਿਆਗ ਨੂੰ ਮੁੱਖ ਰੱਖ ਕੇ ਫਲ ਨੂੰ ਤਿਆਗ ਕੇ ਜਿਹੜੇ ਕਰਮ ਸਮਾਜ ਸੁਧਾਰ ਲਈ ਕੀਤੇ ਜਾਂਦੇ ਹਨ, ਸਮਾਜ ਨੂੰ ਸੰਗਠਨ ਕਰਦੇ ਹਨ, ਉਨ੍ਹਾਂ ਨੂੰ ਵੀ ਯੱਗ ਕਹਿੰਦੇ ਹਨ। ਯੱਗ ਅੰਦਰ ਵੀ ਹੋ ਸਕਦਾ ਹੈ ਬਾਹਰ ਵੀ ਆਮ ਸੱਜਣ ਸੰਸਾਰਕ ਪਦਾਰਥਾਂ ਦੀ ਹੀ ਬਲੀ ਦਿੰਦੇ ਹਨ ਪਰ ਅੰਤਰਮੁਖੀ ਯੱਗ ਤਾਂ ਬੜੀ ਸਾਦਗੀ ਦੇ ਹੁੰਦੇ ਹਨ ਤੇ ਸੰਜਮ ਲਿਆਉਣ ਲਈ ਕੀਤੇ ਜਾਂਦੇ ਹਨ।

ਜਦੋਂ ਕੋਈ ਯੱਗ ਕਰ ਚੁਕਦਾ ਹੈ ਜੋ ਉਸਦੇ ਫਲ ਮਿਲਣ ਉਹ ਦੂਸਰਿਆਂ ਨੂੰ ਅਰਪਣ ਕਰ ਦੇਣੇ ਚਾਹੀਦੇ ਹਨ, ਇਹੋ ਜਿਹਾ ਯੱਗ ਸਭ ਤੋਂ ਉਤਮ ਧਰਮ ਹੁੰਦਾ ਹੈ। ਗਰੀਬ ਲਈ ਕੀਤੇ ਗਏ ਕਰਮ ਨਿਸੁਆਰਥ ਹੋ ਕੇ ਕੀਤੇ ਗਏ ਕਰਮ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ, ਇਹ ਹੋਰ ਲਾਭਦਾਇਕ ਯੱਗ ਹੈ ਜਦੋਂ ਤੁਸੀਂ ਆਪਣੇ ਕਰਮਾਂ ਦੇ ਫਲ ਨਿਸੁਆਰਥੀ ਹੋ ਕੇ ਦੂਸਰਿਆਂ ਨੂੰ ਵੰਡਦੇ ਹੋ ਤਾਂ ਤੁਸੀਂ ਕਰਮ ਬੰਧਨ ਤੋਂ ਛੁਟ ਜਾਂਦੇ ਹੋ। ਇਹੋ ਜਿਹਾ ਤਿਆਗ ਸਮਾਜ ਵਿਚ ਮਾਣ ਪ੍ਰਾਪਤੀ ਦਾ ਪਾਤਰ ਬਣਦਾ ਹੈ ਪ੍ਰਸੰਨਤਾ ਦਿੰਦਾ ਹੈ ਜਿਹੜੇ ਕਰਮ ਕਰਦੇ ਹਨ ਉਹ ਸੁਤੰਤਰ ਹੋ ਜਾਂਦੇ ਹਨ। ਸੰਸਾਰ ਦੇ ਸਾਰੇ ਵੱਡੇ ਬੰਦਿਆਂ ਨੇ ਤਿਆਗ ਕੀਤਾ ਹੈ, ਸਮਾਜ ਲਈ ਸਮਾਜ ਸੇਵਾ ਲਈ ਸਭ ਕੁਝ ਛੱਡਿਆ ਹੈ। ਤਿਆਗ ਜੀਵਨ ਦਾ ਇਕ ਬਹੁਤ ਸੋਹਣਾ ਗੁਣ ਹੈ, ਸੱਚੇ ਸੁਚੇ ਜੀਵਨ ਦਾ ਪ੍ਰਗਟਾਵਾ ਹੈ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਯੱਗ ਦੀ ਮਹੱਤਤਾ ਦਸਦੇ ਹਨ ਇਹ ਧਰਮ ਹੈ ਡਿਊਟੀ ਹੈ ਇਹ ਨਿਸੁਆਰਥ ਹੋ ਕੇ ਕਰਨਾ ਚਾਹੀਦਾ ਹੈ, ਕਿਸੇ ਸੁਆਰਥ ਲਈ ਨਹੀਂ ਕਰਨਾ ਚਾਹੀਦਾ।

ਗ੍ਰਹਿਸਤੀ ਯੱਗ ਕਰਦੇ ਹਨ ਉਨ੍ਹਾਂ ਲਈ ਇਹ ਡਿਊਟੀਆਂ ਕਰਨੀਆਂ ਬੜੀਆਂ ਜ਼ਰੂਰੀ ਹਨ ਤਾਂ ਜੋ ਉਹ ਸੰਸਾਰ ਦੀਆਂ ਪ੍ਰਾਪਤੀਆਂ ਕਰ ਸਕਣ। ਨਿਸੁਆਰਥ ਹੋ ਕੇ ਕੀਤੀ ਗਈ ਸੇਵਾ ਯੱਗ ਹੀ ਹੋਇਆ ਕਰਦੀ ਹੈ ਪਰ ਤਿਆਗੀ ਲਈ ਯੱਗ ਦਾ ਹੋਰ ਅਰਥ ਹੈ ਕਿਉਂਕਿ ਤਿਆਗੀ ਦੀਆਂ ਕੋਈ ਸੰਸਾਰਕ ਡਿਊਟੀਆਂ ਨਹੀਂ ਉਹ ਜਿਹੜੀਆਂ ਵੀ ਡਿਊਟੀਆਂ ਕਰਦਾ ਹੈ ਉਹ ਅੰਤਰ ਯੱਗ ਹੁੰਦਾ ਹੈ। ਉਹ ਗਿਆਨ ਦੀ ਜੋਤ ਜਗਾ ਕੇ ਆਪਣੇ ਸਾਰੇ ਸੰਸਕਾਰ ਫੂਕ ਦਿੰਦਾ ਹੈ। ਜਦੋਂ ਵੀ ਕੋਈ ਜਗਿਆਸੂ ਆਪਣੇ ਸਾਰੇ ਭਾਵ ਰੁਚੀਆਂ ਦਾ ਤਿਆਗ ਕਰਦਾ ਹੈ ਅਤੇ ਉਸ ਇਕ ਦੀ ਭਾਲ ਵਿਚ ਨਿਕਲਦਾ ਹੈ, ਗਿਆਨ ਦੇ ਮਾਰਗ ਤੇ ਚੱਲਣ ਦਾ ਦ੍ਰਿੜ੍ਹ ਇਰਾਦਾ ਕਰਦਾ ਹੈ ਤਦ ਉਹ ਯੱਗ ਕਰਕੇ ਆਪਣੀਆਂ ਸਾਰੀਆਂ ਇੱਛਾਵਾਂ ਦੀ ਅਹੂਤੀ ਉਸ ਵਿਚ ਪਾ ਦਿੰਦਾ ਹੈ। ਫੇਰ ਉਹ ਸੁਤੰਤਰ ਹੋ ਕੇ ਤਿਆਗ ਦੇ ਮਾਰਗ ਤੇ ਚਲਦਾ ਹੈ।

ਗਿਆਰਾਂ ਤੇ ਬਾਰਾਂ ਸ਼ਲੋਕ ਦੇਵਤਿਆਂ ਤੇ ਹੈ। ਅਗਿਆਨੀ ਸੋਚਦੇ ਹਨ ਕਿ ਦੇਵਤੇ ਅਕਾਸ਼ ਵਿਚ ਰਹਿੰਦੇ ਹਨ ਤੇ ਉਹ ਮਨੁੱਖਾਂ ਦੇ ਪ੍ਰਾਲਬਧ ਦੇ ਮਾਲਕ ਹਨ, ਇਹੋ ਜਿਹੇ ਦੇਵਤੇ ਕੇਵਲ ਆਪਣੇ ਅੰਦਰ ਦੀ ਹੀ ਭਾਵਨਾ ਦਾ ਪ੍ਰਗਟਾਵਾ ਹੁੰਦੇ ਹਨ ਸਾਡੇ ਅਚੇਤ ਮਨ ਦਾ ਪ੍ਰਗਟਾਵਾ ਹੁੰਦੇ ਹਨ, ਦੇਵਤਿਆਂ ਤੇ ਵਿਸ਼ਵਾਸ਼

ਉਨ੍ਹਾਂ ਨੇ ਬਣਾਇਆ ਜਿਹੜੇ ਆਪਣੇ ਅੰਦਰ ਦੇ ਸਰੋਤ ਤੋਂ ਜਾਣੂੰ ਨਹੀਂ ਸਨ, ਜਿਨ੍ਹਾਂ ਨੂੰ ਬਾਹਰ ਦਿਸਦਾ ਕੋਈ ਅਲੌਕਿਕ ਸ਼ਕਤੀ ਦੀ ਲੋੜ ਸੀ, ਉਨ੍ਹਾਂ ਨੂੰ ਇਛਾਵਾਂ ਦੀ ਪੂਰਤੀ ਲਈ ਦੇਵਤੇ ਦੀ ਲੋੜ ਪਈ ਜਿਹੜੀਆਂ ਉਹ ਆਪ ਨਹੀਂ ਸੀ ਪੂਰਨ ਕਰ ਸਕਦਾ। ਕਿਹਾ ਜਾਂਦਾ ਹੈ ਜਿਸ ਨੇ ਦੇਵਤੇ ਦੇਖੇ ਹਨ ਉਹ ਮੂਰਖ ਹੀ ਹੋਵੇਗਾ, ਜ਼ਰੂਰ ਉਨ੍ਹਾਂ ਨੇ ਆਪਣਾ ਹੀ ਕੋਈ ਪਾਸਾ ਦੇਖਿਆ ਹੋਵੇਗਾ ਤਾਂ ਗਲਤੀ ਨਾਲ ਉਨ੍ਹਾਂ ਨੂੰ ਉਹ ਦੇਵਤੇ ਦਾ ਭੁਲੇਖਾ ਪੈ ਗਿਆ। ਬਾਹਰਮੁਖੀ ਲੋਕਾਂ ਨੇ ਆਪਣੀ ਸੌਖ ਲਈ ਦੇਵਤੇ ਰਚ ਲਏ, ਅਸਲ ਵਿਚ ਇਹ ਦੇਵਤੇ ਗੁੱਝੇ ਸੰਸਾਰ ਦੇ ਪ੍ਰਤੀਕ ਹਨ ਉਸ ਬਾਰੇ ਦਰਸਾਉਂਦੇ ਹਨ।

ਉਹ ਜਗਿਆਸੂ ਜਿਹੜੇ ਨਿਰਾਕਾਰ ਨੂੰ ਨਹੀਂ ਅਨੁਭਵ ਕਰ ਸਕਦੇ ਉਨ੍ਹਾਂ ਲਈ ਕੁਝ ਚਿੰਨ ਹੋਣੇ ਬੜੇ ਅਵਸ਼ਕ ਹਨ, ਧਿਆਨ ਲਗਾਉਣ ਲਈ ਕੁਝ ਚਿੰਨਾਂ ਦੀ ਵਰਤੋਂ ਬਹੁਤ ਜ਼ਰੂਰੀ ਹੈ ਬਾਦ ਵਿਚ ਜਗਿਆਸੂ ਨੂੰ ਚਿੰਨ ਤੋਂ ਅੱਗੇ ਜਾਣ ਲਈ ਕਿਹਾ ਜਾਂਦਾ ਹੈ ਕੇਵਲ ਚਿੰਨ ਉਤੇ ਹੀ ਨਹੀਂ ਰਹਿਣਾ ਹੁੰਦਾ, ਸੋ ਧਿਆਨ ਲਗਾਉਂਦਿਆਂ ਚਿੰਨ ਨੂੰ ਕਿਤੇ ਪਿਛੇ ਛੱਡ ਕੇ ਜਗਿਆਸੂ ਅੱਗੇ ਨਿਕਲ ਜਾਂਦਾ ਹੈ।

ਅਗਿਆਨੀ ਕੇਵਲ ਚਿੰਨ ਨੂੰ ਹੀ ਪੂਜਦੇ ਰਹਿੰਦੇ ਹਨ ਬਿਨਾਂ ਜਾਣੇ ਬਿਨਾਂ ਬੁਝੇ ਉਹ ਚਿੰਨ ਤੋਂ ਪਰ੍ਹੇ ਚਿੰਨ ਤੋਂ ਅੱਗੇ ਜਾਂਦੇ ਹੀ ਨਹੀਂ, ਪਰ ਜੇ ਕੋਈ ਇਹ ਬੁਝ ਲਵੇ ਕਿ ਚਿੰਨ ਕਿਸ ਦਾ ਪ੍ਰਤੀਕ ਹੈ ਉਹ ਨਿਰਾਕਾਰ ਤਕ ਪਹੁੰਚ ਜਾਂਦਾ ਹੈ, ਇਹ ਜਾਣ ਜਾਂਦਾ ਹੈ ਇਹ ਚਿੰਨ ਇਕ ਪਰਾਰੰਭਕ ਹੈ ਨਿਰਾਕਾਰ ਦੀ ਪਹਿਲੀ ਪਉੜੀ ਹੈ, ਹੌਲੀ ਹੌਲੀ ਉਸ ਨੂੰ ਪਰਾਰੰਭ ਦਾ ਪ੍ਰਤੱਖ ਅਨੁਭਵ ਹੋ ਜਾਏ, ਉਹ ਆਪ ਹੀ ਉਸ ਚਿੰਨ ਨਾਲ ਇਕਮਿਕ ਹੋ ਜਾਵੇ।

13. ਯੱਗ ਦਾ ਬਚਿਆ ਹੋਇਆ ਖਾਣ ਨਾਲ ਸਾਰੇ ਪਾਪ ਧੁਲ ਜਾਂਦੇ ਹਨ, ਜਿਹੜੇ ਆਪ ਬਣਾ ਕੇ ਆਪ ਹੀ ਖਾ ਲੈਂਦੇ ਹਨ ਉਹ ਪਾਪ ਦੇ ਭਾਗੀਦਾਰ ਹਨ।

ਤਿਆਗ ਦਾ ਗੁਣ ਸਾਡੇ ਅੰਦਰ ਹੈ, ਦਿਲ ਖੋਲ੍ਹ ਕੇ ਦੇਣਾ ਤੇ ਕਿਸੇ ਚੀਜ਼ ਦੀ ਆਸ ਨਾ ਰਖਣੀ ਆਤਮ ਸੰਭਾਲ ਵੀ ਸਾਡੇ ਅੰਦਰ ਦਾ ਗੁਣ ਹੈ, ਇਹ ਕੇਵਲ ਮਨੁੱਖਾਂ ਦਾ ਹੀ ਨਹੀਂ ਸਾਰੇ ਜੀਵਾਂ ਦਾ ਹੈ, ਤੁਸੀਂ ਆਪਣਾ ਜੀਵਨ ਤਿਆਗ ਨੂੰ ਸਮਰਪਿਤ ਕਰਦੇ ਹੋ ਕਿ ਆਤਮ ਸੰਭਾਲ ਵਿਚ ਲਗਾਉਂਦੇ ਹੋ ਇਹ ਤੁਹਾਡੇ ਵਾਤਾਵਰਣ ਤੇ ਸਿਖਿਆ ਤੇ ਨਿਰਭਰ ਹੈ। ਜਿਨ੍ਹਾਂ ਨਾਲ ਤੁਸੀਂ ਜੰਮੇ ਪਲੇ ਹੋ ਜਿਨ੍ਹਾਂ ਨਾਲ ਤੁਸੀਂ ਆਪਣਾ ਸਮਾਂ ਬਿਤਾ ਰਹੇ ਹੋ ਉਸ ਦਾ ਪ੍ਰਭਾਵ ਤੁਹਾਡੇ ਆਤਮ ਸੰਭਾਲ ਤੇ ਪੈਂਦਾ ਹੈ।

ਮਿਸਾਲ ਵਜੋਂ ਆਰੀਆ ਸਭਿਆਚਾਰ ਵਿਚ ਜਦੋਂ ਖਾਣਾ ਬਣਦਾ ਹੈ ਪਹਿਲਾਂ ਅਤਿਥੀ ਨੂੰ ਪਰੋਸਿਆ ਜਾਂਦਾ ਹੈ ਬਾਕੀ ਸਾਰੇ ਬਾਦ ਵਿਚ ਖਾਂਦੇ ਹਨ ਜੋ ਬਚ ਜਾਏ, ਇਹ ਇਕ ਪਉੜੀ ਹੈ ਪਿਆਰ ਦੀ ਤੇ ਦੇਣ ਦੀ, ਜਿਸ ਨਾਲ ਤੁਸੀਂ ਨਿਸੁਆਰਥੀ ਹੋ ਜਾਂਦੇ ਹੋ ਜੋ ਨਿਰਾ ਪਿਆਰ ਹੈ, ਏਸ ਤੋਂ ਉਲਟ ਅੱਜ ਦਾ ਸਮਾਜ ਸਾਨੂੰ ਸ਼ੰਕੇ ਭਰਿਆ ਬਣਾਉਂਦਾ ਹੈ, ਅਸੁਰਖਿਅਤ ਇਨਸਾਨ, ਆਪਣੀਆਂ ਜ਼ਰੂਰਤਾਂ ਨੂੰ ਪਹਿਲਾਂ ਦੇਖਦਾ ਹੈ ਤੇ ਆਪਣੇ ਲਈ ਸਭ ਤੋਂ ਚੰਗੀ ਚੀਜ਼ ਰਖਦਾ ਹੈ।

ਪੱਛਮੀ ਸਭਿਆਚਾਰ ਅਤੇ ਮਨੋਵਿਗਿਆਨ ਹਉਮੈ (ego) ਨੂੰ ਚੇਤਨਤਾ ਦਾ ਬਿੰਦੂ ਸਮਝਦੇ ਹਨ ਪਰ ਪੂਰਬ ਦਾ ਸਥਾਈ ਮਨੋਵਿਗਿਆਨ ਇਸ ਨਾਲ ਸਹਿਮਤ ਨਹੀਂ ਇਹ ਬੁੱਧੀ ਨੂੰ ਨਿਰੋਲ ਚਿੰਤਨ ਨੂੰ ਅੰਦਰ ਦੀ ਅਵਸਥਾ ਦਾ ਇਕ ਹਿੱਸਾ ਮੰਨਦੇ ਹਨ ਦੂਸਰਾ ਅੰਤਹਕਰਨ, ਚਿਤ ਸਤਿ ਅਤੇ ਹਉਮੈ ਹੈ। ਪੱਛਮ ਵਿਚ ਮਨੁੱਖ ਦੀਆਂ ਸਾਰੀਆਂ ਕਿਰਿਆ ਹਉਮੈ ਨੂੰ ਸ਼ਕਤੀਸ਼ਾਲ ਬਣਾਉਣ ਵਿਚ ਲੱਗੀਆਂ ਰਹਿੰਦੀਆਂ, ਇਹੋ ਜਿਹੀ ਵਿਚਾਰਧਾਰਾ ਵਿਚ ਤਿਆਗ ਕਦੀ ਆ ਹੀ ਨਹੀਂ ਸਕਦਾ, ਆਪਾ ਦੇਣਾ ਸਭ ਤੋਂ ਅੱਛੀ ਚੀਜ਼, ਵਧੀਆਂ ਚੀਜ਼ ਦੇਣੀ ਉਹ ਕੇਵਲ ਨਿਸੁਆਰਥ ਨਾਲ ਹੀ ਆ ਸਕਦੀ ਹੈ। ਨਿਰਲੇਪਤਾ ਸਮਝਾਉਣ ਲਈ ਵੀ ਸਾਨੂੰ ਹੀ ਸਮਸਿਆ ਆਈ ਹੈ ਉਹ ਵੀ ਪੱਛਮੀ ਸਭਿਆਚਾਰ ਨੂੰ ਨਹੀਂ ਦਸਿਆ ਸਮਝਾਇਆ ਜਾ ਸਕਦਾ ਕਿਉਂਕਿ ਪੱਛਮ ਹਉਮੈ ਨੂੰ ਹੀ ਗਿਆਨ ਦਾ ਕੇਂਦਰ ਸਮਝਦਾ ਹੈ, ਦੇਣਾ ਉਨ੍ਹਾਂ ਲਈ ਕਾਫੀ ਡਰਾਉਣਾ ਹੈ, ਤਿਆਗ ਬਹੁਤ ਭਿਆਨਕ ਹੈ, ਹਉਮੈ ਐਨਾ ਬਲਵਾਨ ਹੈ ਮੈਂ ਭਾਵ ਐਨਾ ਵੱਧ ਹੈ ਕਿ ਉਹ ਕੁਝ ਵੀ ਦੇਣ ਨੂੰ ਤਿਆਰ ਨਹੀਂ ਜੋ ਕੁਝ ਵੀ ਉਨ੍ਹਾਂ ਕੋਲ ਹੈ, ਉਹ ਦੇ ਨਹੀਂ ਸਕਦੇ, ਉਹ ਬਹੁਤ ਛੇਤੀ ਅਸੁਰਖਿਅਤ ਮਹਿਸੂਸ ਕਰਨ ਲਗ ਪੈਂਦੇ ਹਨ, ਉਨ੍ਹਾਂ ਨੂੰ ਇਹ ਮਹਿਸੂਸ ਹੋਣ ਲਗ ਪੈਂਦਾ ਹੈ ਜੇ ਮੈਂ ਦਿਤਾ ਤਾਂ ਮੇਰੇ ਕੋਲ ਘੱਟ ਜਾਵੇਗਾ। ਉਹ ਸੋਚਦਾ ਹੈ ਤਿਆਗ ਜਾਂ ਦੇਣਾ ਘਾਟੇ ਦਾ ਕੰਮ ਹੈ ਕਿਉਂਕਿ ਉਸ ਦਾ ਮੋਹ ਹੈ ਉਨ੍ਹਾਂ ਪਦਾਰਥਾਂ ਨਾਲ, ਉਹ ਉਨ੍ਹਾਂ ਨੂੰ ਤਿਆਗਣ ਤੋਂ ਡਰਦਾ ਹੈ, ਅਸਲ ਵਿਚ ਤੁਸੀਂ ਤਿਆਗ ਵਿਚ ਜੋ ਛਡਦੇ ਹੋ, ਉਹ ਹੈ ਹੰਗਤਾ ਤੇ ਮਮਤਾ, ਜੇ ਤੁਹਾਡਾ ਮੋਹ ਨਾ ਹੋਵੇ ਪਦਾਰਥਾਂ ਨਾਲ ਫੇਰ ਤਾਂ ਕੋਈ ਤਿਆਗ ਕੋਈ ਕਿਸੇ ਪਦਾਰਥ ਨੂੰ ਛੱਡਣ ਹੋਵੇ ਹੀ ਨਾ, ਉਹ ਤਿਆਗ ਤੋਂ ਡਰਦਾ ਹੈ ਸਵੈ ਕੇਂਦਰਿਤ ਮਨੁੱਖ ਸੋਚਦਾ ਹੈ ਤਿਆਗ ਤੋਂ ਭਾਵ ਹੈ ਨਸ਼ਟ ਹੋ ਜਾਣਾ, ਮਰ ਜਾਣਾ, ਅਸਲੀ ਭਾਵ ਤਾਂ ਇਸ ਤੋਂ ਉਲਟ ਹੈ ਸਵੈ ਕੇਂਦਰਿਤ ਮਨੁੱਖ ਦਾ ਸਵੈ ਕੇਂਦਰ ਹੀ ਮਰਦਾ ਹੈ ਤਿਆਗ ਨਾਲ ਇਹ ਸਮਝਦਾ ਨਹੀਂ। ਸਾਗਰ ਵਿਚੋਂ ਜਦੋਂ ਪਾਣੀ ਦੀ ਭਾਫ ਬਣ ਕੇ ਉਠਦੀ ਹੈ ਉਸ ਦੇ ਨਾਲ ਸਾਗਰ ਤਾਂ ਖਤਮ ਨਹੀਂ ਹੋ ਜਾਂਦਾ, ਬਲਕਿ ਮਾਨਵ ਭੰਡਾਰ ਦਾਨ-ਤਿਆਗ ਨਾਲ ਕਦੀ ਖਤਮ ਨਹੀਂ ਹੋ ਸਕਦੇ, ਸੱਚ ਪੁਛੋ ਜਿੰਨਾ ਤੁਸੀਂ ਦਿਓਗੇ ਦੁਗਣਾ ਆਵੇਗਾ, ਦੁਗਣਾ ਮਿਲੇਗਾ, ਤਿਆਗ ਵਿਚ ਤੁਸੀਂ ਉਹ ਛਡਦੇ ਹੋ ਜਿਸਨੂੰ ਤੁਸੀਂ ਜੱਫੀ ਪਾਈ ਰੱਖੀ ਹੈ, ਉਸ ਨੂੰ ਛੱਡ ਕੇ ਹੀ ਤੁਸੀਂ ਲੈਣ ਵਾਲੇ ਬਣੋਗੇ, ਜਦੋਂ ਤਕ ਤੁਸੀਂ ਪਦਾਰਥਾਂ ਨੂੰ ਸਾਂਭੀ ਬੈਠੇ ਰਹੋਗੇ, ਉਦੋਂ ਤਕ ਵਾਹਿਗੁਰੂ ਦੀ ਮਿਹਰ ਤੋਂ ਤੁਸੀਂ ਵਾਂਝੇ ਰਹੋਗੇ। ਜਿਸਨੂੰ ਸਵੈ ਕੇਂਦਰਤਿ ਮਨੁੱਖ ਮਰਨ ਸਮਝਦੇ ਹਨ ਵਾਸਤਵ ਵਿਚ ਦੂਸਰੇ ਪੱਖੋਂ ਇਹ ਨਿਰੋਲ ਜੀਵਨ ਹੀ ਹੈ ਇਸ ਕਰਕੇ ਹੀ ਅਸੀਂ ਤਿਆਗ ਨੂੰ ਜੀਵਨ ਆਖਦੇ ਹਾਂ, ਪੂਰਬ ਵਿਚ ਤਿਆਗ ਇਕ ਗੁਣ ਹੈ, ਸਵੈ ਸਮਾਪਤੀ ਨਹੀਂ, ਡਰ ਕੇ ਦੇਣਾ ਨਹੀਂ ਪੂਰਬ ਵਿਚ ਤਿਆਗ ਕਰਨ ਵਾਲਿਆਂ ਨੂੰ ਬਹੁਤ ਮਹਾਨ ਮੰਨਿਆ ਜਾਂਦਾ ਹੈ ਜੇ ਤੁਸੀਂ ਆਪਣੇ ਸਾਰੇ ਸੁਖ ਤਿਆਗਦੇ ਹੋ ਨਿਸੁਆਰਥ ਹੋ ਕੇ ਸੇਵਾ ਕਰਕੇ ਅਨੰਤ ਗਿਆਨ ਪ੍ਰਾਪਤ ਕਰ ਲੈਂਦੇ ਹਨ।

ਦੇਣ ਵਾਲਾ ਤਿਆਗ ਵਾਲਾ ਸਭ ਤੋਂ ਸੋਹਣੀ ਚੀਜ਼ ਹੀ

ਆਪਣੇ ਪਿਆਰੇ ਨੂੰ ਦਿੰਦਾ ਹੈ ਪਰ ਸੁਆਰਥੀ ਸਭ ਨੂੰ ਪਿਆਰੇ ਨੂੰ ਵੀ ਆਪਣੇ ਸੁਖ ਲਈ ਵਰਤਦਾ ਹੈ ਜਿਹੜੇ ਵਿਸਥਾਰ ਦਾ ਨਿਯਮ ਨਹੀਂ ਜਾਣਦੇ ਉਹ ਤਿਆਗ ਦੇ ਅਨੁਭਵ ਦੀ ਖੁਸ਼ੀ ਨੂੰ ਨਹੀਂ ਮਾਣ ਸਕਦੇ। ਜਿਨ੍ਹਾਂ ਨੇ ਇਹ ਤਿਆਗ ਦਾ ਅਭਿਆਸ ਕਰ ਲਿਆ ਹੈ ਉਹ ਛੱਡ ਨਹੀਂ ਸਕਦੇ, ਦੇਣ ਨਾਲ ਤਿਆਗ ਨਾਲ ਜੋ ਸੰਪੂਰਨਤਾ ਮਹਿਸੂਸ ਹੁੰਦੀ ਹੈ ਉਹ ਸਥਾਈ ਹੁੰਦੀ ਹੈ ਲੈਣਾ ਲੈ ਕੇ ਜੋ ਖੁਸ਼ੀ ਮਿਲਦੀ ਹੈ ਉਹ ਬਹੁਤ ਥੋੜ੍ਹੀ ਦੇਰ ਲਈ ਹੁੰਦੀ ਹੈ, ਬਾਦ ਵਿਚ ਉਹ ਭਾਵੇਂ, ਨਿਰਾਸਤਾ, ਦੁਖ ਵਿਚ ਹੀ ਕਿਉਂ ਨਾ ਬਦਲ ਜਾਵੇ ਜਿਹੜੇ ਦੇਣਾ ਨਹੀਂ ਸਿਖਦੇ ਕਰਮਾਂ ਦੇ ਫਲ ਦਾ ਤਿਆਗ ਨਹੀਂ ਸਿਖਦੇ ਉਨ੍ਹਾਂ ਨੂੰ ਜੀਵਨ ਜਾਚ ਆ ਨਹੀਂ ਸਕਦੀ।

ਜੀਵਨ ਦਾ ਰਹੱਸ ਨਿਸੁਆਰਥ ਹੋ ਕੇ ਦੇਣ ਵਿਚ ਹੀ ਹੈ, ਇਹ ਸਹੀ ਅਰਥਾਂ ਵਿਚ ਪਿਆਰ ਦਾ ਪ੍ਰਗਟਾਵਾ ਹੈ, ਜਿਹੜੇ ਆਪਣੀਆਂ ਜ਼ਰੂਰਤਾਂ ਨਾਲ ਹੀ ਭਰਪੂਰ ਰਹਿੰਦੇ ਹਨ ਉਹ ਸੱਚਮੁਚ ਹੀ ਖੁਸ਼ ਹਨ ਉਹ ਆਪਣੇ ਸਾਰੇ ਸਾਧਨ ਦੂਸਰਿਆਂ ਨੂੰ ਪਿਆਰ ਕਰਨ ਅਤੇ ਸੇਵਾ ਵਿਚ ਲਾ ਦਿੰਦੇ ਹਨ, ਜਿਹੜਾ ਥੋੜ੍ਹਾ ਬਹੁਤ ਰਹਿ ਜਾਂਦਾ ਹੈ, ਉਹ ਆਪਣੇ ਆਪ ਨੂੰ ਚਲਾਉਣ ਲਈ ਜੀਉਂਦੇ ਰਹਿਣ ਲਈ ਜ਼ਰੂਰੀ ਹੁੰਦਾ ਹੈ, ਇਸ ਲਈ ਵੀ ਕਿ ਉਹ ਦਿੰਦੇ ਰਹਿਣ, ਇਹੋ ਜਿਹੇ ਮਨੁੱਖ ਦੂਸਰਿਆਂ ਲਈ ਜੀਉਂਦੇ ਹਨ, ਪਰ ਸੁਆਰਥੀ ਦੇਣ ਦੇ ਤਿਆਗ ਦੇ ਨਿਯਮ ਨਹੀਂ ਜਾਣਦੇ ਉਹ ਡੁੱਬੇ ਪਏ ਹਨ।

14. ਕਿਉਂਕਿ ਸੰਪੂਰਨ ਪ੍ਰਾਣੀ ਅੰਨ ਤੋਂ ਉਤਪਤਿ ਹੁੰਦੇ ਹਨ, ਅੰਨ ਦੀ ਉਤਪਤੀ ਖੇਤੀ ਤੋਂ ਹੁੰਦੀ ਹੈ, ਖੇਤੀ ਯੱਗ ਨਾਲ ਹੁੰਦੀ ਹੈ ਅਤੇ ਇਹ ਯੱਗ ਕਰਮਾਂ ਤੋਂ ਉਤਪੰਨ ਹੋਣ ਵਾਲਾ ਹੈ।

15. ਕਰਮ ਵੇਦਾਂ ਤੋਂ, ਵੇਦ ਅਬੀਨਾਸ਼ੀ ਪ੍ਰਮਾਤਮਾ ਤੋਂ ਉਤਪੰਨ ਹੋਏ ਹਨ, ਇਸ ਨਾਲ ਸਰਬ ਵਿਆਪੀ ਪਰਮ ਅਖਸ਼ਰ ਪ੍ਰਮਾਤਮਾ ਸਦਾ ਹੀ ਯੱਗ ਵਿਚ ਪ੍ਰਤਿਸ਼ਟਤ ਹੈ।

ਸੰਸਾਰ ਵਿਚ ਹਰ ਕਰਮ ਹੀ ਕਰਮਕਾਂਡ ਹੈ, ਕਰਮਕਾਂਡ ਤਿਆਗ ਲਈ ਕੀਤੇ ਜਾਂਦੇ ਹਨ। ਬਾਰਸ਼ ਦੀ ਬੂੰਦ ਆਪਾ ਖਤਮ ਕਰਕੇ ਹੀ ਪੌਦੇ ਦਾ ਹਿੱਸਾ ਬਣਦੀ ਹੈ, ਸੂਰਜ ਆਪਣੀ ਸ਼ਕਤੀ ਤਿਆਗ ਕੇ ਚਾਨਣ ਤੇ ਜੀਵਨ ਦਾਨ ਕਰਦਾ ਹੈ, ਬਾਰਸ਼ ਬੂਟਿਆਂ ਨੂੰ, ਝਾੜੀਆਂ ਨੂੰ ਹਰ ਖਾਣ ਵਾਲੀ ਪਦਾਰਥ ਜਿਹੜੀ ਮਨੁੱਖ ਨੇ ਵਰਤਣੀ ਹੈ ਮੁਫਤ ਹੈ ਵਾਹਿਗੁਰੂ ਦੀ ਦੇਣ ਹੈ ਇਹ ਉਪਹਾਰ ਤਿਆਗ ਹੈ, ਵਿਸ਼ਵ ਸਾਰਾ ਦੇਣ ਨਾਲ ਤਿਆਗ ਨਾਲ ਭਰਿਆ ਪਿਆ ਹੈ ਬ੍ਰਹਿਮੰਡ ਦਾ ਸੁਭਾਅ ਹੈ ਦੇਣਾ, ਇਹ ਬ੍ਰਹਿਮੰਡ ਉਸ ਇਕ ਦਾ ਤੋਹਫਾ ਹੈ, ਉਹ ਇਕ ਹਰ ਇਕ ਕਣ ਕਣ ਵਿਚ ਵਿਚਰ ਰਿਹਾ ਹੈ।

ਭੋਜਨ ਸਰੀਰ ਦੀ ਸੰਭਾਲ ਲਈ ਜ਼ਰੂਰੀ ਲਈ ਹੈ, ਸਰੀਰ ਕਰਮ ਕਰਨ ਲਈ ਇਕ ਯੰਤਰ ਹੈ ਸਾਰਾ ਸਰੀਰ ਆਪਣੀ ਤਾਕਤ ਭੋਜਨ ਤੋਂ ਲੈਂਦਾ ਹੈ, ਖਾਣ ਤੋਂ ਬਿਨਾਂ ਜੀਵਨ ਹੋ ਨਹੀਂ ਸਕਦਾ ਸਾਰੇ ਜੀਵ ਜੰਤੂ ਖਾਣੇ ਤੇ ਹੀ ਨਿਰਭਰ ਹਨ, ਖਾਣਾ ਹੀ ਸਰੀਰ ਨੂੰ ਜੀਵਤ ਰਖਦਾ ਹੈ, ਬਾਰਸ਼ ਅੰਨ ਪੈਦਾ ਕਰਨ ਲਈ ਅਵਸ਼ਕ ਹੈ, ਅੰਨ ਬਾਰਸ਼ ਤੋਂ ਪੈਦਾ ਹੁੰਦਾ ਹੈ। ਬ੍ਰਹਮਗਿਆਨੀ ਜਾਣਦੇ ਹਨ ਮੀਂਹ ਦੀਆਂ ਬੂੰਦਾਂ ਉਸ ਦੀ ਬੜੀ ਵੱਡੀ ਕ੍ਰਿਪਾ ਹੈ ਮੀਂਹ ਦੇ ਦੇਵਤੇ ਤੋਂ ਇਹ ਭਾਵ ਨਹੀਂ ਕਿ ਮੀਂਹ ਦੇ ਦੇਵਤੇ ਦੀ ਪੂਜਾ ਕੀਤੀ ਜਾਵੇ ਪਰ ਇਸ ਨੂੰ ਕ੍ਰਿਪਾ ਦਾ ਇਕ ਸਾਧਨ ਸਮਝਿਆ ਜਾਵੇ ਜਿਸ ਦੁਆਰਾ ਸਾਰੇ ਵਿਸ਼ਵ ਵਿਚ ਹਰਿਆਵਲ ਹੁੰਦੀ ਹੈ, ਅੰਨ ਉਪਜਦਾ ਹੈ ਤੇ ਅਧਾਰ ਮਿਲਦਾ ਹੈ। ਮੀਂਹ ਤੋਂ ਬਿਨਾਂ ਅੰਨ ਨਹੀਂ ਉਪਜਾਇਆ ਜਾ ਸਕਦਾ, ਅੰਨ ਤੋਂ ਬਿਨਾਂ ਸਰੀਰ ਨਹੀਂ ਚਲ ਸਕਦੇ, ਮੀਂਹ ਯੱਗ ਤੋਂ ਬਿਨਾਂ ਨਹੀਂ ਪੈਂਦਾ। ਭਾਵ ਧਰਤੀ ਦੇ ਪਿਆਰ ਦਾ ਪ੍ਰਵਾਹ ਸਾਰੀਆਂ ਝਾੜੀਆਂ, ਦਰਖਤ ਫੁੱਲ ਪੱਤੇ ਤੇ ਅੰਨ੍ਹ ਪੈਦਾ ਕਰਦਾ ਹੈ ਉਹ ਪਿਆਰ ਜਗ ਕਿਹਾ ਜਾਂਦਾ ਹੈ ਤਿਆਗ ਕਿਹਾ ਜਾਂਦਾ ਹੈ, ਬਲੀਦਾਨ ਕਿਹਾ ਜਾਂਦਾ ਹੈ।

ਲੋਕੀ ਬਹੁਤ ਵਾਰੀ ਇਸ ਦੀ ਵਿਆਖਿਆ ਕਰਦੇ ਹਨ ਤੇ ਕਹਿੰਦੇ ਹਨ ਕਿ ਸਾਨੂੰ ਬਾਰਿਸ਼ ਦੇ ਦੇਵਤੇ ਨੂੰ ਬਲੀ ਦੇਣੀ ਚਾਹੀਦੀ ਹੈ ਪਰ ਯਥਾਰਥ ਵਿਚ ਇਸ ਨੂੰ ਦੂਸਰੀ ਤਰ੍ਹਾਂ ਸਮਝਣਾ ਚਾਹੀਦਾ ਹੈ, ਵਰਖਾ ਆਪਣੇ ਆਪ ਵਿਚ ਉਸ ਇਕ ਵਲੋਂ ਕੀਤੀ ਗਈ ਮੇਹਰ ਹੈ ਇਹ ਸਲੋਕ ਸਾਨੂੰ ਇਹ ਸਿਖਾਉਂਦਾ ਹੈ ਕਿ ਮਨੁੱਖ ਨਿਸੁਆਰਥ ਨਿਰੋਲ ਪਿਆਰ ਤੋਂ ਪੈਦਾ ਹੋਇਆ ਹੈ ਤਿਆਗ ਤੋਂ ਪੈਦਾ ਹੋਇਆ ਹੈ, ਜੇ ਤੁਸੀਂ ਇਕਸਾਰਤਾ ਨਾਲ ਇਸ ਬ੍ਰਹਿਮੰਡ ਵਿਚ ਰਹਿਣਾ ਹੈ ਤਾਂ ਤੁਹਾਨੂੰ ਨਿਸੁਆਰਥ ਹੋ ਕੇ ਪਿਆਰ ਕਰਨਾ ਹੀ ਪਵੇਗਾ।

16. ਹੇ ਪਰਿਥਾ ਪੁਤਰ! ਜੋ ਪੁਰਸ਼ ਇਸ ਲੋਕ ਵਿਚ ਇਸ ਪ੍ਰਕਾਰ ਚਲਾਏ ਹੋਏ ਸ੍ਰਿਸ਼ਟੀ ਚੱਕਰ ਦੇ ਅਨੁਸਾਰ ਨਹੀਂ ਵਰਤਦਾ, ਅਰਥਾਤ ਸਾਸ਼ਤਰ ਅਨੁਸਾਰ ਕਰਮ ਨਹੀਂ ਕਰਦਾ, ਉਹ ਇੰਦ੍ਰੀਆਂ ਦੇ ਸੁਖ ਨੂੰ ਭੋਗਣ ਵਾਲਾ ਪਾਪ-ਆਯੂ ਪੁਰਸ਼ ਵਿਅਰਥ ਹੀ ਜਿਉਂਦਾ ਹੈ।

ਜੀਵਨ ਦਾ ਚੱਕਰ ਕੇਵਲ ਤਿਆਗ ਤੇ ਘੁੰਮਦਾ ਹੈ ਇਸ ਤੋਂ ਬਿਨਾਂ ਜੀਵਨ ਅੱਗੇ ਵੱਧ ਹੀ ਨਹੀਂ ਸਕਦਾ, ਇਹ ਸਾਰੀ ਪ੍ਰਕ੍ਰਿਆ ਇਕ ਵਿਸ਼ਵ ਇਕ ਪ੍ਰਮਾਤਮਾ ਦੀ ਕ੍ਰਿਪਾ ਉਸ ਦੀ ਇੱਛਾ ਦਾ ਪਸਾਰਾ ਹੈ, ਹਰ ਇਕ ਨੂੰ ਪ੍ਰਮਾਤਮਾ ਦੀ ਬਖਸ਼ਿਸ਼ ਹੈ ਕਿ ਉਹ ਨਿਸੁਆਰਥ ਕਰਮ ਕਰ ਸਕੇ ਨਿਰਲੇਪ ਰਹਿ ਸਕੇ, ਆਪਣੇ ਆਪ ਦੀ ਸੰਭਾਲ ਕਰ ਸਕੇ ਜਿਹੜੇ ਇੰਦ੍ਰੀਆਂ ਦੇ ਅਧੀਨ ਹਨ ਵਿਸ਼ੇ ਵਿਕਾਰਾਂ ਵਿਚ ਡੁੱਬੇ ਪਏ ਹਨ ਉਹ ਆਪਣੇ ਆਪ ਲਈ ਔਕੜਾਂ ਪੈਦਾ ਕਰ ਲੈਂਦੇ ਹਨ, ਉਹ ਆਪਣਾ ਜੀਵਨ ਮਨੋਰਥ ਪੂਰਾ ਨਹੀਂ ਕਰਦੇ, ਉਹ ਆਪਣੇ ਕਰਮਾਂ ਕਾਰਣ ਹੀ ਦੁੱਖ ਭੋਗਦੇ ਹਨ।

17. ਉਹ ਮਾਨਵ ਜਿਹੜਾ ਆਪਣੇ ਆਪ ਵਿਚ ਪ੍ਰਸੰਨ ਹੈ, ਆਤਮਾ ਪਛਾਣਦਾ ਹੈ ਆਤਮਾ ਵਿਚ ਤ੍ਰਿਪਤ ਹੈ, ਆਤਮਾ ਵਿਚ ਸੰਤੁਸ਼ਟ ਹੈ ਉਸ ਲਈ ਕਰਮ ਕਰਨਾ ਜ਼ਰੂਰੀ ਨਹੀਂ।

18. ਕਿਉਂਕਿ ਇਸ ਸੰਸਾਰ ਵਿਚ ਉਸ ਪੁਰਸ਼ ਕਾ ਕੀਏ ਜਾਣੇ ਨਾਲ ਕੋਈ ਪ੍ਰਯੋਜਨ ਨਹੀਂ ਹੈ, ਤਥਾ ਉਸਦਾ ਸੰਪੂਰਨ ਭੂਤਾਂ ਵਿਚ ਕੁਛ ਭੀ ਸਵਾਰਥ ਦਾ ਸਬੰਧ ਨਹੀਂ ਹੈ। ਤਾਂ ਭੀ ਉਸ ਦੁਆਰਾ ਕਰਮ ਲੋਕ ਹਿਤ ਲਈ ਹੁੰਦਾ ਹੈ।

19. ਨਿਰੰਤਰ ਮੋਹ ਤੋਂ ਮੁਕਤ ਹੋ ਕੇ ਕਰਮ ਕਰਦੇ ਰਹੋ, ਜਿਹੜੇ ਵੀ ਮੋਹ ਤੋਂ ਮੁਕਤ ਹੋ ਕੇ ਹਉਮੈ ਤਿਆਗ ਕੇ ਕਰਮ ਕਰਦਾ ਹੈ ਉਹ ਉਸ ਪ੍ਰਮਾਤਮਾ ਨੂੰ ਪਾ ਲੈਂਦਾ ਹੈ।

ਜਿਸ ਨੇ ਆਤਮ ਸਿੱਧੀ ਕਰ ਲਈ ਉਹ ਸਦਾ ਆਨੰਦਿਤ ਹੋ ਗਿਆ, ਸੰਤੋਖ ਵਿਚ ਆ ਗਿਆ। ਉਸ ਨੇ ਜੀਵਨ ਮਨੋਰਥ ਪਾ ਲਿਆ, ਕੁਝ ਕਰਨ ਨੂੰ ਬਾਕੀ ਹੀ ਨਹੀਂ ਰਿਹਾ, ਉਸ ਨੂੰ ਕਰਮ ਕਰਨ ਵਿਚ ਕੋਈ ਸੁਆਰਥ ਹੀ ਨਹੀਂ ਰਿਹਾ, ਜਿਨ੍ਹਾਂ ਨੇ ਆਪਣੇ ਆਪ ਨੂੰ ਨਿਸੁਆਰਥ ਕਰਮ ਕਰਨ ਨਿਰਲਿਪਤ ਹੋ ਕੇ ਕਰਮ ਕਰਨਾ ਸਿੱਖ ਲਏ ਹਨ ਉਹ ਨਾ ਕਰਮ ਕਰਨ ਵਿਚ ਰੁਚੀ ਰਖਦੇ ਹਨ ਅਤੇ ਨਾ ਹੀ ਕਰਮ ਨਾ ਕਰਨ ਵਿਚ ਰੁਚੀ ਰਖਦੇ ਹਨ। ਇਹੋ ਜਿਹਿਆਂ ਲਈ ਕੋਈ ਬੰਧਨ ਨਹੀਂ, ਫੇਰ ਭਾਵੇਂ ਸੰਸਾਰ ਵਿਚ ਰਹੋ, ਸੰਸਾਰ ਤਿਆਗੋ ਕੋਈ ਫਰਕ ਨਹੀਂ ਪੈਂਦਾ, ਅਵਸ਼ਕ ਹੈ ਸ਼ਾਂਤੀ ਪ੍ਰਾਪਤ ਕਰਨੀ ਮੋਹ ਤੋਂ ਮੁਕਤ ਹੋਣਾ ਇਨ੍ਹਾਂ ਸ਼ਲੋਕਾਂ ਰਾਹੀਂ ਅਰਜਨ ਦਾ ਮਨੋਬਲ ਬੰਨ੍ਹਿਆ ਗਿਆ ਹੈ ਤਾਂ ਜੋ ਉਹ ਆਪਣਾ ਕਰਮ ਕਰ ਸਕੇ, ਸਥਿਰ ਹੋ ਕੇ, ਮੋਹ ਤੋਂ ਮੁਕਤ ਹੋ ਕੇ।

ਮਨੁੱਖ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ, ਜਦੋਂ ਉਹ ਕਰਮ ਕਰਦਾ ਹੈ ਤਾਂ ਉਹ ਫਲ ਵੀ ਲੈਂਦਾ ਹੈ। ਇਹ ਇਕ ਚੱਕਰ ਬਣ ਜਾਂਦਾ ਹੈ ਕਰਮ ਕਰੋ ਫਲ ਭੋਗੋ, ਫਲ ਭੋਗੋ ਕਰਮ ਕਰੋ, ਜਨਮ ਤੋਂ ਬਾਦ ਜਨਮ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ, ਉਹ ਕਰਮਾਂ ਦੇ ਬੰਨਣ ਵਿਚ ਫਸ ਜਾਂਦਾ ਹੈ, ਇਸ ਕਰਮਗਤੀ ਤੋਂ ਕਿਵੇਂ ਛੁਟਕਾਰਾ ਮਿਲੇ। ਛੁਟਕਾਰਾ ਪਾਉਣ ਲਈ ਕਰਮ ਕਰਨੇ ਬੰਦ ਕਰਨ ਦੀ ਲੋੜ ਨਹੀਂ, ਜਾਂ ਕਰਮ ਕਰਦੇ ਹੀ ਰਹਿਣ ਦੀ ਲੋੜ ਨਹੀਂ, ਲੋੜ ਹੈ ਕਰਮ ਕਰਕੇ ਉਸਦੇ ਫਲ ਨੂੰ ਤਿਆਗਣ ਦੀ, ਫਲ ਨੂੰ ਅਰਪਿਤ ਕਰਨ ਦੀ। ਕਰਮ ਕਦੀ ਬੰਨਣ ਨਹੀਂ ਹੁੰਦੇ, ਕਰਮ ਦਾ ਫਲ ਬੰਨਣ ਬਣਦੇ ਹਨ, ਫਲ ਭੋਗਣ ਦੀ ਇੱਛਾ ਬੰਨਣ ਬਣਦੀ ਹੈ, ਗੀਤਾ ਦਾ ਸੰਦੇਸ਼ ਹੈ, ਕਰਮ ਕਰੋ ਪਿਆਰ ਨਾਲ ਕਰੋ, ਸੁਚੱਜੀ ਤਰ੍ਹਾਂ ਕਰੋ, ਨਿਸੁਆਰਥ ਹੋ ਕੇ ਕਰੋ, ਹਉਮੈ ਤਿਆਗ ਕੇ ਕਰੋ ਤਾਂ ਹੀ ਤੁਸੀਂ ਕਰਮਾਂ ਦੇ ਗੇੜ ਤੋਂ ਛੁਟਕਾਰਾ ਪਾ ਸਕੋਗੇ।

ਕਰਮ ਕਰਨ ਲਈ ਪ੍ਰੇਰਨਾ ਬਹੁਤ ਜ਼ਰੂਰੀ ਹੈ ਮਿਸਾਲ ਵਜੋਂ ਜੇ ਕੋਈ ਦਾਨ ਦਿੰਦਾ ਹੈ ਕਿਸ ਚੀਜ਼ ਨੇ ਕਿਸ ਨੇ ਉਸ ਨੂੰ ਪਰੇਰਿਆ ਹੈ? ਕਈ ਲੋਕੀ ਦਾਨ ਦਿੰਦੇ ਹਨ ਆਪਣਾ ਨਾਮ ਕਰਨ ਲਈ ਆਪਣੀ ਵਾਹ-ਵਾਹ ਕਰਾਉਣ ਲਈ ਤਾਂ ਜੋ ਲੋਕੀ ਕਹਿਣ ਉਹ ਬਹੁਤ ਵੱਡਾ ਹੈ, ਕਈ ਇਸ ਕਰਕੇ ਦਾਨ ਕਰਦੇ ਹਨ ਉਨ੍ਹਾਂ ਦਾ ਵਿਸ਼ਵਾਸ਼ ਹੈ ਜੇ ਉਹ ਦਾਨ ਕਰਨਗੇ ਉਨ੍ਹਾਂ ਨੂੰ ਅੱਗੇ ਜਾ ਕੇ ਮਿਲੇਗਾ, ਨੇਕ ਨੀਤੀ ਵਾਲੇ, ਸਮਝਦਾਰ ਦਾਨ ਇਸ ਲਈ ਦਿੰਦੇ ਹਨ, ਉਹ ਜਾਣਦੇ ਹਨ ਫਲ ਤੋਂ ਮੁਕਤ ਹੋਣਾ ਬਹੁਤ ਜ਼ਰੂਰੀ ਹੈ, ਫਲ ਤੋਂ ਮੋਹ ਤੋੜਨਾ ਹੀ ਕਰਮ ਕਰਨ ਦੀ ਪ੍ਰੇਰਨਾ ਤੋਂ ਛੁਟਕਾਰਾ ਹੈ। ਇਨ੍ਹਾਂ ਮਿਸਾਲਾਂ ਵਿਚ ਇਕੋ ਜਿਹੇ ਕਰਮ ਕੀਤੇ ਗਏ ਹਨ ਪਰ ਉਹ ਵੱਖ-ਵੱਖ ਪ੍ਰੇਰਨਾ ਤੋਂ ਉਪਜੇ ਹਨ। ਨਿਰਸੁਆਰਥ ਹੋ ਕੇ ਕਰਮ ਕਰਨ ਨਾਲ ਸ਼ਾਂਤੀ ਮਿਲਦੀ ਹੈ, ਮਨੁੱਖ ਸੰਪੂਰਨਤਾ ਪ੍ਰਾਪਤ ਕਰਦਾ ਹੈ ਜਿਥੇ ਉਸ ਨੂੰ ਕੁਝ ਨਹੀਂ ਕਰਨਾ ਪੈਂਦਾ ਕਿਉਂਕਿ ਉਸ ਨੇ ਜੀਵਨ ਮਨੋਰਥ ਪੂਰਾ ਕਰ ਲਿਆ ਹੈ।

20. ਜਨਕ ਆਦਿ ਨੇ ਵੀ ਨਿਸ਼ਕਾਮ ਕਰਮ ਕਰਕੇ ਹੀ ਮੁਕਤੀ ਪ੍ਰਾਪਤ ਕੀਤੀ ਸੰਸਾਰ ਦੇ ਲਾਭ ਨੂੰ ਦੇਖਦਿਆਂ ਵੀ ਤੈਨੂੰ ਕਰਮ ਕਰਨਾ ਹੀ ਚਾਹੀਦਾ ਹੈ।

ਪੁਰਾਣੇ ਸਮਿਆਂ ਵਿਚ ਬਹੁਤ ਸਾਰੇ ਵਿਦਵਾਨ ਸਨ ਜਿਨ੍ਹਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਕਰਮ ਨਾਲੋਂ ਤਿਆਗ ਦਾ ਪਥ ਉਚਾ ਹੈ, ਕੁਝ ਵਿਦਵਾਨ ਮੰਨਦੇ ਹਨ ਕਿ ਕਰਮ ਦਾ ਮਾਰਗ ਤਿਆਗ ਦੇ ਮਾਰਗ ਤੋਂ ਉਚਾ ਹੈ ਇਹੋ ਜਿਹੀਆਂ ਸਮਾਨਤਾਵਾਂ ਉਚਿਤ ਨਹੀਂ ਇਹ ਤਾਂ ਤੁਹਾਡੀ ਸਮਰਥਾ ਤੇ ਰੁਚੀ ਤੇ ਨਿਰਭਰ ਹੈ। ਦੋਨੋਂ ਮਾਰਗਾਂ ਤੇ ਕਰਮ ਕਰਨੇ ਅਵਸ਼ਕ ਹਨ, ਸ੍ਰੀ ਕ੍ਰਿਸ਼ਨ ਜੀ ਦਸਦੇ ਹਨ ਕਿ ਪਿਛੋਕੜ ਵਿਚ ਬਹੁਤ ਵੱਡੇ ਵੱਡੇ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੇ ਪੂਰਨਤਾ ਪ੍ਰਾਪਤ ਕੀਤੀ ਹੈ ਕੇਵਲ ਕਰਮ ਕਰਕੇ। ਉਹ ਅਰਜਨ ਨੂੰ ਦਸਦੇ ਹਨ ਕਿ ਬਿਨਾਂ ਕਰਮ ਕੀਤੇ ਪੂਰਨਤਾ ਪ੍ਰਾਪਤ ਨਹੀਂ ਹੋ ਸਕਦੀ।

ਆਪਣੇ ਆਪ ਦਾ ਅੰਦਰੋਂ ਨਰੀਖਣ ਕਰਨਾ ਚਾਹੀਦਾ ਹੈ ਆਪਣੇ ਗੁਣਾਂ ਦਾ ਪਤਾ ਹੋਣਾ ਚਾਹੀਦਾ ਹੈ ਤਾਂ ਜੋ ਗੁਣ ਸਮਝ ਕੇ ਤੁਸੀਂ ਕਰਮ ਕਰ ਸਕੋ ਤਿਆਗ ਮਾਰਗ ਤੇ ਚੱਲਣ ਵਾਲਿਆਂ ਨੂੰ ਚਾਹੀਦਾ ਹੈ ਕਿ ਇਸ ਮਾਰਗ ਤੇ ਚੱਲ ਕੇ ਪੂਰਨਤਾ ਪ੍ਰਾਪਤ ਕਰਨ। ਪਰ ਸੰਸਾਰ ਦੇ ਬਹੁਤ ਸਾਰੇ ਲੋਕੀ ਕਰਮ ਯੋਗ ਦਾ ਮਾਰਗ ਚੁਣਦੇ ਹਨ, ਕਰਮ ਕਰਦੇ ਹੋਏ ਵੀ ਤੁਸੀਂ ਪੂਰਨਤਾ ਪ੍ਰਾਪਤ ਕਰ ਸਕਦੇ ਹੋ, ਸ੍ਰੀ ਕ੍ਰਿਸ਼ਨ ਜੀ ਦਸਦੇ ਹਨ, ਅਰਜਨ ਯੋਧਾ ਹੁੰਦੇ ਹੋਏ ਤੈਨੂੰ ਕਰਮ ਕਰਨਾ ਹੀ ਪਵੇਗਾ, ਤੈਨੂੰ ਆਪਣਾ ਧਰਮ ਨਿਭਾਉਣਾ ਹੀ ਪਵੇਗਾ ਧਰਮ ਦਾ ਤਿਆਗ ਕਰਕੇ ਤੁਸੀਂ ਕਦੀ ਪੂਰਨ ਨਹੀਂ ਹੋ ਸਕਦੇ, ਡਰੋ ਨਾ ਪੂਰਾ ਜ਼ੋਰ ਲਾ ਕੇ ਯੁੱਧ ਕਰੋ, ਮਨ ਇਕਾਗਰ ਕਰਕੇ ਯੁੱਧ ਕਰੋ, ਮੋਹ ਤੋਂ ਮੁਕਤ ਹੋ ਕੇ ਹਉਮੈ ਦਾ ਤਿਆਗ ਕਰਕੇ, ਸ਼ਾਂਤ ਰਹਿ ਕੇ ਜੀਵਨ ਦਾ ਸੰਤੁਲਨ ਰੱਖ ਕੇ ਯੁੱਧ ਕਰੋ।

ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਅਰਜਨ! ਕਰਮ ਕਰਨ ਵੇਲੇ ਟਾਲੇ ਟੋਲੇ ਨਾ ਕਰੋ, ਅਕ੍ਰਿਆਸ਼ੀਲ ਨਾ ਹੋ, ਢਿੱਲਾ ਨਾ ਪੈ ਕਰਮ ਕਰਨਾ ਧਰਮ ਹੈ ਧਰਮ ਨਾਲ ਸਮਾਜ ਵਿਚ ਏਕਤਾ ਆਉਂਦੀ ਹੈ ਜੇ ਸਮਾਜ ਦੇ ਸਿਆਣੇ ਤੇ ਹੋਰ ਆਗੂ ਆਪਣਾ ਧਰਮ ਛੱਡ ਦੇਣ ਤਿਆਗੀ ਬਣ ਜਾਣ ਸਮਾਜ ਵਿਚ ਭਗਦੜ ਮਚ ਜਾਵੇਗੀ। ਸਮਾਜ ਖੇਰੂੰ ਖੇਰੂੰ ਹੋ ਜਾਵੇਗਾ ਰਾਜਾ ਜਨਕ ਇਕ ਮਹਾਤਮਾ ਦੀ ਮਿਸਾਲ ਹਮੇਸ਼ਾ ਦਿਤੀ ਜਾਂਦੀ ਹੈ ਜਿਸ ਨੇ ਬੜੀ ਸੋਝੀ ਨਾਲ ਗਿਆਨ ਨਾਲ, ਪੂਰਨ ਸੰਤੁਲਨ ਰਖਦੇ ਹੋਏ ਨਿਸ਼ਕਾਮ ਹੋ ਕੇ ਕਰਮ ਕੀਤੇ ਆਪਣੀਆਂ ਡਿਊਟੀਆਂ ਕੀਤੀਆਂ।

21. ਜੋ ਕੁਝ ਵੀ ਮੋਢੀ ਸਿਆਣੇ ਕਰਦੇ ਹਨ ਉਹ ਹੀ ਲੋਕੀ ਕਰਦੇ ਹਨ ਜਿਸ ਤਰ੍ਹਾਂ ਦੇ ਅਦੇਸ਼ ਉਹ ਸਥਾਪਤ ਕਰਦੇ ਹਨ ਸੰਸਾਰ ਉਸੇ ਤਰ੍ਹਾਂ ਹੀ ਆਪਣੇ ਆਪ ਨੂੰ ਚਲਾਉਂਦਾ ਹੈ।

22. ਹੇ ਅਰਜਨ! ਮੈਨੂੰ ਤਿੰਨਾਂ ਲੋਕਾਂ ਵਿਚ ਕੋਈ ਕਰਤੱਬ ਨਹੀਂ ਹੈ ਤਥਾ ਕਿੰਚਤ ਭੀ ਪ੍ਰਾਪਤ ਹੋਣੇ ਯੋਗ ਵਸਤੂ ਅਪ੍ਰਾਪਤ ਨਹੀਂ ਹੈ ਤਾਂ ਭੀ ਮੈਂ ਕਰਮਾਂ ਵਿਚ ਹੀ ਵਰਤਦਾ ਹਾਂ।

23. ਜੇ ਮੈਂ ਸਾਵਧਾਨ ਹੋਇਆ ਕਦਾਚਿਤ ਕਰਮਾਂ ਵਿਚ ਨਾ ਵਰਤਾਂ ਹੇ ਅਰਜਨ! ਸਭ ਪ੍ਰਕਾਰ ਸੇ ਮਨੁੱਖ ਮੇਰੇ ਕਰਤੱਵ ਦੇ ਅਨੁਸਾਰ ਵਰਤਨੇ ਲਗ ਜਾਣਗੇ।

# ਪਵਿੱਤਰ ਪੈਂਡਾ

*ਮੂਲ ਲੇਖਕ ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਦੂਸਰਾ ਅਧਿਆਇ

### ਨਚਿਕੇਤ ਦੀ ਚੋਣ

ਨਚਿਕੇਤ ਦੀ ਕਹਾਣੀ ਕਠੋਉਪਨਿਸ਼ਦ ਵਿਚ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ ਜਦੋਂ ਉਸ ਦਾ ਧਨਾਢ ਪਿਤਾ ਵਜਸ਼ਰਾਵਸ ਤਿਆਗ ਕਰਨ ਲੱਗਾ, ਵਜਾਸ਼ਰਾਵਸ ਆਪਣਾ ਸਾਰਾ ਧਨ, ਹੋਰ ਸਭ ਕੁਝ ਜੋ ਉਸਦੇ ਕੋਲ ਹੈ ਸਭ ਸਾਧੂਆਂ ਨੂੰ ਬ੍ਰਾਹਮਣਾਂ ਨੂੰ ਦਾਨ ਕਰਨ ਲਗਦਾ ਹੈ। ਇਹ ਇਕ ਬਹੁਤ ਔਖੀ ਗੱਲ ਹੈ ਕੋਈ ਵਿਰਲਾ ਹੀ ਇਹ ਕਰ ਸਕਦਾ ਹੈ। ਕੇਵਲ ਉਹ ਹੀ ਕਰਦਾ ਹੈ ਜਿਹੜਾ ਜਗਿਆਸੂ ਬਹੁਤ ਤੀਬਰ ਇੱਛਾ ਰਖਦਾ ਹੋਵੇ। ਉਹ ਜਿਹੜਾ ਇਹ ਜਾਣਦਾ ਹੈ ਕਿ ਸੰਸਾਰ ਚਲਾਇਮਾਨ ਹੈ, ਜਿਹੜਾ ਬ੍ਰਹਮ, ਬ੍ਰਹਿਮੰਡ ਦੇ ਬਾਰੇ ਗਿਆਨ ਰਖਦਾ ਹੈ, ਉਸ ਇਕ ਦੇ ਬਾਰੇ ਅਤੇ ਸਤਿ ਨੂੰ ਜਾਣਦਾ ਹੈ।

ਇਹ ਕਹਾਣੀ ਵੀ ਨਵੀਂ ਬਾਈਬਲ ਦੀ ਇਕ ਸਾਖੀ ਦੀ ਤਰ੍ਹਾਂ ਹੈ ਜਿਥੇ ਈਸਾ ਜੀ ਇਕ ਧਨਾਢ ਨੂੰ ਮਿਲਦੇ ਹਨ, ਉਹ ਨੌਜਵਾਨ ਈਸਾ ਜੀ ਨੂੰ ਪੁਛਦਾ ਹੈ ਕਿ ਸਤਿ ਦੀ ਪ੍ਰਾਪਤੀ ਕਿਸ ਤਰ੍ਹਾਂ ਹੋ ਸਕਦੀ ਹੈ, ਉਸ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ। ਜਦੋਂ ਉਹ ਈਸਾ ਜੀ ਨੂੰ ਇਹ ਭਰੋਸਾ ਦਿਵਾਉਂਦਾ ਹੈ ਕਿ ਉਸਨੇ ਬਾਈਬਲ ਵਿਚ ਦਿਤੇ ਸਾਰੇ ਇਲਾਹੀ ਹੁਕਮ ਮੰਨ ਲਏ ਹਨ (commandment) ਕਿਸੇ ਨੂੰ ਮਾਰਨਾ ਨਹੀਂ, ਚੋਰੀ ਨਹੀਂ ਕਰਨੀ, ਬਲਾਤਕਾਰ ਨਹੀਂ ਕਰਨੀ, ਸਾਰਾ ਜੀਵਨ ਈਸਾ ਜੀ ਦੇ ਦੱਸੇ ਰਾਹ ਤੇ ਲਗਾਉਣਾ ਹੈ, ਮਾਤਾ ਪਿਤਾ ਦਾ ਸਤਿਕਾਰ ਕਰਨਾ ਹੈ ਆਪਣੇ ਗੁਆਂਢੀ ਨੂੰ ਪਿਆਰ ਕਰਨਾ ਹੈ। ਇਹ ਸਭ ਕੁਝ ਸੁਣ ਕੇ ਈਸਾ ਜੀ ਨੇ ਉਸ ਨੂੰ ਇਕੋ ਗੱਲ ਕਹੀ, ਤੇਰੇ ਕੋਲ ਜੋ ਕੁਝ ਵੀ ਹੈ ਉਹ ਤੂੰ ਸਾਰਾ ਵੰਡ ਦੇ, ਸਭ ਕੁਝ ਦੇ ਕੇ ਗਰੀਬ ਬਣ ਕੇ ਹੀ ਉਹ ਉਨ੍ਹਾਂ ਨਾਲ ਚਲ ਸਕਦਾ ਹੈ।

ਇਕ ਧਨਾਢ ਇਹ ਨਹੀਂ ਕਰ ਸਕਦਾ, ਉਸ ਵਿਚ ਭਾਵੇਂ ਹੋਰ ਸਾਰੇ ਗੁਣ ਹੋਣ ਪਰ ਉਹ ਸੰਸਾਰਕ ਪਦਾਰਥਾਂ ਵਿਚ ਪੂਰੀ ਤਰ੍ਹਾਂ ਲਿਪਤ ਹੈ, ਉਹ ਇਹ ਸਭ ਕੁਝ ਛੱਡ ਨਹੀਂ ਸਕਦਾ। ਗ੍ਰੰਥਾਂ ਵਿਚ ਦਸਿਆ ਹੈ ਉਹ ਨੌਜਵਾਨ ਉਦਾਸ ਹੋ ਕੇ ਵਾਪਸ ਚਲਾ ਗਿਆ। ਬਿਲਕੁਲ ਇਸ ਤਰ੍ਹਾਂ ਹੀ ਨਚਿਕੇਤ ਦੇ ਪਿਤਾ ਨਾਲ ਹੋਇਆ, ਉਹ ਵੀ ਆਪਣੀ ਦੌਲਤ ਨੂੰ ਨਹੀਂ ਛੱਡ ਸਕਿਆ, ਜਦੋਂ ਕਿ ਉਸ ਨੂੰ ਇਹ ਭਰੋਸਾ ਦਿਵਾਇਆ ਗਿਆ ਸੀ ਕਿ ਜੇ ਉਹ ਸਭ ਕੁਝ ਤਿਆਗ ਦੇਵੇਗਾ ਤਾਂ ਉਸਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ।

ਕਠੋ ਉਪਨਿਸ਼ਦ ਵਿਚ ਦਸਿਆ ਗਿਆ ਹੈ ਕਿ ਉਹ ਗਊਆਂ ਵੀ ਦਾਨ ਦੇਣ ਲਈ ਖਰੀਦ ਕੇ ਲੈ ਆਇਆ ਪਰ ਇਹੋ ਜਿਹੀਆਂ ਖਾਂਗੜ, ਅੰਨ੍ਹੀਆਂ, ਸੁਕੀਆਂ ਬੀਮਾਰ ਗਊਆਂ ਜਿਨ੍ਹਾਂ ਦਾ ਕੁਝ ਕੀਤਾ ਹੀ ਨਹੀਂ ਜਾ ਸਕਦਾ ਸੀ ਵਜਾਸ਼ਰਾਵਾਸ ਨੇ ਚੰਗੀਆਂ ਗਊਆਂ ਆਪਣੇ ਲਈ ਰੱਖ ਲਈਆਂ।

ਨਚਿਕੇਤ ਨੇ ਦੇਖਿਆ ਉਸਦੇ ਪਿਤਾ ਨੇ ਕਿਹੋ ਜਿਹੀਆਂ ਗਊਆਂ ਦਾਨ ਲਈ ਲਿਆਂਦੀਆਂ ਹਨ ਉਹ ਭਲੀ ਭਾਂਤੀ ਜਾਣਦਾ ਸੀ ਇਹੋ ਜਿਹੀਆਂ ਦਾਨ ਕੀਤੀਆਂ ਗਊਆਂ ਉਸ ਦੇ ਪਿਤਾ ਨੂੰ ਸੰਤਾਪ ਦੇਣਗੀਆਂ। ਪਿਤਾ ਨੂੰ ਸੰਤਾਪ ਤੋਂ ਬਚਾਉਣ ਲਈ ਉਹ ਆਪਣੇ ਪਿਤਾ ਨੂੰ ਯਾਦ ਦਿਵਾਉਂਦਾ ਹੈ ਕਿ ਉਹ ਵੀ ਪਿਤਾ ਦੀ ਮਲਕੀਅਤ ਹੈ, ਉਸ ਨੂੰ ਵੀ ਦਾਨ ਵਿਚ ਦੇ ਦਿਤਾ ਜਾਵੇ।

ਪਿਤਾ ਜੀ, ਤੁਸੀਂ ਮੈਨੂੰ ਕਿਸਨੂੰ ਦੇਓਗੇ, ਨਚਿਕੇਤ ਆਪਣੇ ਪਿਤਾ ਨੂੰ ਪੁਛਦਾ ਹੈ। ਵਜਾਸ਼ਰਾਵਾਸ ਭਲੀਭਾਂਤ ਅੰਦਰੋਂ ਜਾਣਦਾ ਸੀ ਕਿ ਉਹ ਬੜੇ ਓਪਰੇ ਮਨ ਨਾਲ ਦਾਨ ਕਰ ਰਿਹਾ ਹੈ, ਉਸ ਨੇ ਨਚਿਕੇਤ ਦੀ ਗੱਲ ਨੂੰ ਗੌਲਿਆ ਹੀ ਨਹੀਂ।

ਨਚਿਕੇਤ ਨੇ ਤਿੰਨ ਵਾਰੀ ਆਪਣੇ ਪਿਤਾ ਤੋਂ ਪੁਛਿਆ ਕਿ ਦਾਨ ਵਿਚ ਉਹ ਕਿਸਨੂੰ ਦਿਤਾ ਜਾਵੇਗਾ। ਤੀਸਰੀ ਵਾਰੀ ਤੋਂ ਬਾਦ ਪਿਤਾ ਨੇ ਖਿਝ ਕੇ ਕਿਹਾ, ਤੈਨੂੰ, ਤੈਨੂੰ ਤਾਂ ਮੈਂ ਯਮਰਾਜ ਨੂੰ ਹੀ ਦਿਆਂਗਾ।

ਨਚਿਕੇਤ ਨੂੰ ਪੂਰਾ ਭਰੋਸਾ ਸੀ, ਉਹ ਬਿਲਕੁਲ ਨਿਰਮਲ ਹਿਰਦੇ ਸੀ ਉਸ ਨੇ ਪਿਤਾ ਦੀ ਗੱਲ ਨੂੰ ਪੂਰੀ ਤਰ੍ਹਾਂ ਸੱਚ ਕਰਕੇ ਮੰਨਿਆ।

ਕਾਲ ਵਿਚ ਕੁਝ ਨਹੀਂ ਪਿਆ, ਨਚਿਕੇਤ ਕਹਿਣ ਲੱਗਾ, "ਸਾਰੇ ਹੀ ਮਨੁੱਖ ਸਾਰੀ ਹੀ ਸ੍ਰਿਸ਼ਟੀ ਦੀਆਂ ਚੀਜ਼ਾਂ ਦਾਣਿਆਂ ਦੀ ਤਰ੍ਹਾਂ ਉਗਦੀਆਂ ਹਨ, ਉਸੇ ਤਰ੍ਹਾਂ ਖਤਮ ਹੋ ਜਾਂਦੀਆਂ ਹਨ। ਮੈਂ ਪਰ ਪਹਿਲਾਂ ਇਹੋ ਜਿਹਾ ਮਨੁੱਖ ਹੋਵਾਂਗਾ ਜਿਹੜਾ ਕਾਲ ਨੂੰ ਜਾਣਾਂਗਾ ਤੇ ਕਾਲ ਦੇ ਰਹੱਸ ਨੂੰ ਜਾਣ ਕੇ ਮਰਨ ਦੀ ਸਚਾਈ ਦਸ ਸਕਾਂਗਾ।

ਜਦੋਂ ਨਚਿਕੇਤ ਯਮ ਕੋਲ ਗਿਆ ਉਸ ਦੇ ਗ੍ਰਿਹ ਵਿਖੇ ਯਮ ਆਪਣੇ ਘਰ ਨਹੀਂ ਸੀ, ਤਿੰਨ ਰਾਤਾਂ ਬੀਤ ਜਾਣ ਤੋਂ ਬਾਦ ਯਮ ਵਾਪਸ ਆਪਣੇ ਘਰ ਮੁੜਿਆ। ਘਰ ਨਾ ਹੋਣ ਦੀ, ਨਚਿਕੇਤ ਦਾ ਸਵਾਗਤ ਨਾ ਕਰ ਸਕਣ ਦੀ ਭੁੱਲ ਨੂੰ ਸੋਧਦਿਆਂ ਯਮ ਨੇ ਨਚਿਕੇਤ ਨੂੰ ਤਿੰਨ ਵਰਦਾਨ ਦਿਤੇ ਇਕ ਰਾਤ ਦਾ ਇਕ ਵਰਦਾਨ ਜਦੋਂ ਉਹ ਜਮ ਦੇ ਘਰ ਵਿਚ ਇਕੱਲਾ ਰਹਿ ਕੇ ਉਸਨੂੰ ਉਡੀਕਦਾ ਰਿਹਾ।

ਨਚਿਕੇਤ ਨੇ ਪਹਿਲਾ ਵਰਦਾਨ ਆਪਣੇ ਪਿਤਾ ਲਈ ਮੰਗਿਆ ਉਸ ਨੇ ਕਿਹਾ, ਮੇਰੇ ਪਿਤਾ ਦਾ ਗੁੱਸਾ ਠੰਡਾ ਕਰੋ ਉਸ ਨੂੰ ਜ਼ਰੂਰ ਇਹ ਚਿੰਤਾ ਹੋਵੇਗੀ ਕਿ ਮੈਂ ਉਥੇ ਨਹੀਂ ਹਾਂ ਉਸ ਨੂੰ ਹੌਸਲਾ ਬਖਸ਼ੋ।

ਜਮ ਨੇ ਇਹ ਵਰਦਾਨ ਨਚਿਕੇਤ ਨੂੰ ਦੇ ਦਿਤਾ ਕਹਿਣ ਲੱਗਾ, "ਉਹ ਨਚਿਕੇਤ ਤੇਰੇ ਪਿਤਾ ਤੈਨੂੰ ਬੜੇ ਪਿਆਰ ਨਾਲ ਪਛਾਣ ਲੈਣਗੇ ਕਿ ਤੂੰ ਇਥੇ ਹੈ।"

ਦੂਸਰੇ ਵਰਦਾਨ ਲਈ ਨਚਿਕੇਤ ਨੇ ਬੇਨਤੀ ਕੀਤੀ ਦਾਨ ਦੇਣ ਦੇ ਜੋ ਵੀ ਰਸਮੋ ਰਿਵਾਜ ਹਨ ਕਿਵੇਂ ਸਾਰੀ ਪੂਜਾ ਕੀਤੀ ਜਾਂਦੀ, ਕੀ ਕੀ ਕੀਤਾ ਜਾਂਦਾ ਉਹ ਸਾਰੀਆਂ ਉਸ ਨੂੰ ਦਿਖਾਈਆਂ ਜਾਣ, ਸਵਰਗ ਵਿਚ ਇਹ ਸਭ ਕੁਝ ਕਿਸ ਤਰ੍ਹਾਂ

ਹੁੰਦਾ ਹੈ ਉਹ ਦੇਖਣਾ ਚਾਹੇਗਾ।

ਦੂਸਰੇ ਵਰਦਾਨ ਲਈ ਮੈਂ ਇਹ ਜਾਨਣਾ ਚਾਹਵਾਂਗਾ ਕਿ ਉਹ ਕਿਹੜਾ ਦਾਨ ਹੈ ਜਿਸ ਨਾਲ ਮਨੁੱਖ ਸਵਰਗ ਦਾ ਅਧਿਕਾਰੀ ਹੋ ਜਾਂਦਾ ਹੈ ਤੇ ਅਮਰ ਹੋ ਜਾਂਦਾ ਹੈ ਜਿਥੇ ਨਾ ਭੁੱਖ ਹੈ, ਨਾ ਤ੍ਰੇਹ ਹੈ, ਨਾ ਮੌਤ ਹੈ, ਨਾ ਦੁੱਖ ਦਰਦ ਹੈ ਜਿਥੇ ਸਦਾ ਅਨੰਦ ਹੀ ਅਨੰਦ ਹੈ।

ਯਮਾਂ ਨੇ ਉਹ ਵੀ ਦਸ ਦਿਤਾ। ਉਸ ਨੇ ਨਚਿਕੇਤ ਨੂੰ ਅੱਗ ਦੀ ਭੇਟਾ ਵੀ ਦਸ ਦਿਤੀ, ਫੇਰ ਯਮ ਨੇ ਨਚਿਕੇਤ ਨੂੰ ਤੀਸਰਾ ਵਰਦਾਨ ਚੁਨਣ ਲਈ ਕਿਹਾ। ਨਚਿਕੇਤ ਚੁੱਪ ਹੋ ਗਿਆ, ਅੰਤਰ ਮੁਖੀ ਹੋ ਕੇ ਕਹਿਣ ਲੱਗਾ –

ਇਹ ਮੰਨਿਆ ਜਾਂਦਾ ਹੈ ਜਦੋਂ ਮਨੁੱਖ ਇਸ ਸੰਸਾਰ ਤੋਂ ਚਲਾ ਜਾਂਦਾ ਹੈ ਉਹ ਮੁੜ ਕੇ ਨਹੀਂ ਆਉਂਦਾ। ਦੂਸਰਾ ਮਤ ਇਹ ਵੀ ਹੈ ਕਿ ਉਹ ਦੁਬਾਰਾ ਜੰਮਦਾ ਹੈ, ਵਾਸਤਵ ਵਿਚ ਮਨੁੱਖ ਮਰਨ ਤੋਂ ਬਾਦ ਵੀ ਨਹੀਂ ਮਰਦਾ ਉਹ ਸੂਖਮ ਸਰੀਰ ਵਿਚ ਸੂਖਮ ਮੰਡਲ ਵਿਚ ਰਹਿੰਦਾ ਹੈ, ਕੇਵਲ ਇਹ ਸਰੀਰ ਹੀ ਨਾਸ਼ਵਾਨ ਹੈ ਉਹ ਹੀ ਨਾਸ਼ ਹੁੰਦਾ ਹੈ ਉਸ ਨੂੰ ਹੀ ਮਰਨਾ ਕਹਿੰਦੇ ਹਨ। ਇਕ ਹੋਰ ਮਤ ਵੀ ਹੈ ਉਹ ਹੈ ਮਰ ਕੇ ਵੀ ਮਨੁੱਖ ਜੀਉਂਦਾ ਰਹਿੰਦਾ ਹੈ। ਇਨ੍ਹਾਂ ਸਾਰਿਆਂ ਵਿਚੋਂ ਕੀ ਠੀਕ ਹੈ? ਕੀ ਸੱਚ ਹੈ? ਮਰਨ ਪਿਛੋਂ ਕੀ ਰਹਿੰਦਾ ਹੈ? ਮੈਨੂੰ ਦਸਣ ਦੀ ਕ੍ਰਿਪਾ ਕਰੋ ਇਹ ਮੇਰੀ ਤੀਸਰੀ ਬੇਨਤੀ ਹੈ, ਮਰਨ ਉਪਰੰਤ ਦਾ ਰਹੱਸ, ਮਰਨ ਉਪਰੰਤ ਕੀ ਹੁੰਦਾ ਹੈ?

ਜਮ ਇਹ ਸਤਿ ਦਸਣਾ ਨਹੀਂ ਚਾਹੁੰਦਾ, ਮਰਨ ਉਪਰਾਂਤ ਦਾ ਰਹੱਸ ਦਸਣਾ ਨਹੀਂ ਚਾਹੁੰਦਾ, ਉਹ ਪਹਿਲਾ ਨਚਿਕੇਤ ਦੀ ਤੀਬਰਤਾ, ਉਸ ਦੀ ਨਿਸ਼ਕਪਟਤਾ ਦੇਖਣਾ ਚਾਹੁੰਦਾ ਹੈ ਨਚਿਕੇਤ ਇਕ ਨੌਜਵਾਨ ਜਗਿਆਸੂ ਹੈ। ਜਮ ਨਚੀਕੇਤ ਨੂੰ ਦਸਦਾ ਹੈ ਕਿ ਦੇਵਤਿਆਂ ਨੂੰ ਵੀ ਇਹ ਮਰਨ ਦਾ ਰਹੱਸ ਸਮਝਣ ਵਿਚ ਬਹੁਤ ਔਖ ਹੋਈ ਸੀ।

ਕਿਸੇ ਲਈ ਵੀ ਇਹ ਜਾਨਣਾ ਸਮਝਣਾ ਬਹੁਤ ਔਖਾ ਹੈ। ਜਮ ਕਹਿਣ ਲੱਗਾ, "ਤੂੰ ਕੋਈ ਹੋਰ ਵਰਦਾਨ ਮੰਗ ਲੈ ਮੈਂ ਤੈਨੂੰ ਤੁਰੰਤ ਹੀ ਉਹ ਦੇ ਦਿਆਂਗਾ।"

ਨਚੀਕੇਤ ਸਥਿਰ ਰਿਹਾ, ਆਪਣੀ ਗੱਲ ਤੇ ਪੱਕਾ ਰਿਹਾ ਉਹ ਜਮ ਨੂੰ ਕਹਿਣ ਲੱਗਾ, "ਦੇਵਤੇ ਭਾਵੇਂ ਕਾਲ ਬਾਰੇ ਦੁਬਦਾ ਵਿਚ ਰਹੇ, ਉਹ ਇਸ ਦਾ ਰਹੱਸ ਜਾਨਣਾ ਚਾਹੁੰਦੇ ਸਨ, ਇਹ ਵਿਸ਼ਾ ਭਾਵੇਂ ਬਹੁਤ ਹੀ ਕਠਿਨ ਹੈ ਪਰ ਜਮ ਤੋਂ ਵਧ ਹੋਰ ਕੋਈ ਇਹ ਦਸਣ ਵਾਲਾ ਮਿਲ ਨਹੀਂ ਸਕਦਾ।"

ਹੇ ਕਾਲ ਦੇ ਮਾਲਕ! ਨਚਿਕੇਤ ਕਹਿਣ ਲੱਗੇ, ਮੈਂ ਹੋਰ ਕੋਈ ਵਰਦਾਨ ਨਹੀਂ ਮੰਗਾਂਗਾ। ਇਸ ਰਹੱਸ ਨੂੰ ਜਾਨਣ ਤੋਂ ਵੱਡਾ ਕੋਈ ਵਰਦਾਨ ਹੋ ਹੀ ਨਹੀਂ ਸਕਦਾ, ਮੈਂ ਇਹ ਰਹੱਸ ਹੀ ਜਾਨਣਾ ਹੈ।

ਜਮ ਨੇ ਹੋਰ ਤਰ੍ਹਾਂ ਨਚੀਕੇਤ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਤੇ ਨਚਿਕੇਤ ਦੀ ਹੋਰ ਪ੍ਰੀਖਿਆ ਲਈ, ਉਸਨੂੰ ਪ੍ਰਮਾਤਮਾ ਤੇ ਧਨ ਦੀ ਦੁਬਿਧਾ ਵਿਚ ਪਾਉਣ ਦੀ ਕੋਸ਼ਿਸ਼ ਕੀਤੀ, ਸਾਰੀ ਧਨ ਦੌਲਤ ਮੌਜ ਮੇਲੇ ਭੋਗ ਵਿਲਾਸ ਸਭ ਕੁਝ ਉਸਨੂੰ ਲੈਣ ਲਈ ਕਿਹਾ, ਨਚਿਕੇਤ ਅੱਗੇ ਵੰਗਾਰ ਸੀ ਇਕ ਪਾਸੇ ਸੰਸਾਰਕ ਪਦਾਰਥ ਸਨ ਸੁਖ ਜੋ ਸੰਸਾਰ ਵਿਚ ਹੋ ਸਕਦਾ ਹੈ ਤੇ ਦੂਸਰੇ ਪਾਸੇ ਤੱਤ ਨੂੰ ਜਾਨਣਾ। ਉਹ ਇਕ ਸਚਾਈ ਨੂੰ ਜਾਨਣਾ ਚਾਹੁੰਦਾ ਸੀ ਚੌਣ ਸੀ ਇਕ ਪਾਸੇ ਸੰਸਾਰ, ਦੂਸਰੇ ਪਾਸੇ ਉਹ ਇਕ ਜੋ ਅਨੇਕ ਹੋ ਕੇ ਸਾਰੇ ਪਰੀਪੂਰਨ ਹੈ।

ਜਮ ਨੇ ਨਚਿਕੇਤ ਨੂੰ ਕਿਹਾ ਮੈਂ ਤੈਨੂੰ ਸੰਸਾਰ ਵਿਚ ਸਭ ਤੋਂ ਵਧ ਆਯੂ ਬਖਸ਼ਦਾ ਹਾਂ ਜਿੰਨੀ ਤੂੰ ਚਾਹੇ ਤੈਨੂੰ ਦਿਤੀ ਜਾਵੇਗੀ, ਉਸ ਦੇ ਨਾਲ ਨਾਲ ਜੋ ਸੁਖ ਸਵਰਗ ਵਿਚ ਹਨ ਉਹ ਵੀ ਨਾਲ ਦਿਤੇ ਜਾਣਗੇ। ਜਮ ਨੇ ਨਚੀਕੇਤ ਨੂੰ ਕਿਹਾ, "ਤੈਨੂੰ ਜਿੰਨੇ ਧੀਆਂ ਪੁਤਰ ਤੂੰ ਚਾਹੇ ਉਹ, ਪੋਤਰੇ ਦੋਹਤਰੇ ਜੋ ਤੂੰ ਚਾਹੇ ਅਗੋ ਉਨ੍ਹਾਂ ਦੇ ਜਿੰਨੇ ਬੱਚੇ ਤੂੰ ਚਾਹੇ ਸਾਰੇ ਤੈਨੂੰ ਬਖਸ਼ੇ ਜਾਣਗੇ। ਘੋੜੇ, ਹਾਥੀ, ਹੀਰੇ ਜਵਾਹਰਾਤ ਲਾਲ ਜੋ ਤੂੰ ਚਾਹੇ, ਸਾਰੇ ਸੰਸਾਰ ਦੀ ਹਕੂਮਤ ਸਭ ਕੁਝ ਤੈਨੂੰ ਮਿਲੇਗਾ ਤੂੰ ਇਸ ਵਰਦਾਨ ਨੂੰ ਛੱਡ ਦੇ। ਜਮ ਨਚੀਕੇਤ ਨੂੰ ਤੀਸਰਾ ਵਰਦਾਨ ਨਹੀਂ ਦੇਣਾ ਚਾਹੁੰਦਾ ਸੀ।

ਜਮ ਨੇ ਨਚੀਕੇਤ ਨੂੰ ਕਿਹਾ, ਤੂੰ ਜਿੰਨਾ ਧਨ ਦੌਲਤ ਚਾਹੇ ਉਹ ਲੈ ਲੈ ਪਰ ਇਹ ਤੀਸਰਾ ਵਰਦਾਨ ਛੱਡ ਦੇ। ਜਮ ਕਹਿਣ ਲੱਗਾ, "ਮੈਂ ਤੇਰੀ ਹਰ ਇੱਛਾ ਪੂਰੀ ਕਰਾਂਗਾ, ਇਹ ਤੂੰ ਰਹਿਣ ਦੇ ਹੋਰ ਜੋ ਤੂੰ ਕਹੇ ਉਹ ਹਾਜ਼ਰ ਹੈ, ਇਹ ਜੀਵਨ ਦਾ ਬਹੁਤ ਵੱਡਾ ਤੇ ਉਤਮ ਰਹੱਸ ਹੈ। ਇਸ ਨੂੰ ਰਹੱਸ ਹੀ ਰਹਿਣ ਦੇ, ਹੋਰ ਜੋ ਤੂੰ ਕਹੇ, ਸਾਰੀ ਬ੍ਰਹਮ ਲੋਕ ਦੀਆਂ ਅਪੱਛਰਾਂ ਜਿਹੜੀਆਂ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਦੀਆਂ, ਉਹ ਤੈਨੂੰ ਮੈਂ ਦੇਣ ਨੂੰ ਤਿਆਰ ਹਾਂ ਪਰ ਸੱਚ ਪੁਛੇ ਤਾਂ ਮੈਂ ਤੈਨੂੰ ਕਾਲ ਦਾ ਰਹੱਸ ਨਹੀਂ ਖੋਲ੍ਹਣਾ ਚਾਹੁੰਦਾ, ਹੋਰ ਜੋ ਮਰਜ਼ੀ ਲੈ ਲੈ।

ਨਚਿਕੇਤ ਨੇ ਫੇਰ ਆਪਣੇ ਵਿਸ਼ਵਾਸ ਦਾ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਤੇ ਦ੍ਰਿੜ੍ਹ ਵਿਸ਼ਵਾਸ਼ ਨਾਲ ਕਿਹਾ ਕਿ ਉਹ ਤਾਂ ਜੀਵਨ ਦਾ ਉਦੇਸ਼ ਹੀ ਜਾਨਣਾ ਚਾਹੁੰਦਾ ਹੈ ਅਤੇ ਜੀਵਨ ਤੇ ਮੌਤ ਦਾ ਪਰਸਰ ਸਬੰਧ ਜਾਨਣਾ ਚਾਹੁੰਦਾ ਹੈ। ਜਮ ਦੇ ਦਿਤੇ ਹੋਏ ਲੋਭ ਵਿਚ ਉਹ ਨਹੀਂ ਸੀ ਫਸਣਾ ਚਾਹੁੰਦਾ। ਉਸ ਨੇ ਜਮ ਨੂੰ ਉਤਰ ਦੇਣ ਵਿਚ ਰਤੀ ਵੀ ਢਿਲ ਨਹੀਂ ਕੀਤੀ, ਉਸ ਨੇ ਜਮ ਨੂੰ ਬੜੀ ਸਪਸ਼ਟਤਾ ਨਾਲ ਕਹਿ ਦਿਤਾ।

ਮੈਂ ਇਹ ਸਭ ਨਾਸ਼ਵਾਨ ਚੀਜ਼ਾਂ ਨੂੰ ਲੈ ਕੇ ਕੀ ਕਰਾਂਗਾ? ਗਿਆਨ ਇੰਦ੍ਰੀਆਂ ਨੂੰ ਜੋ ਦਿਸਦਾ ਹੈ ਜੋ ਵੀ ਉਨ੍ਹਾਂ ਨਾਲ ਸਪਰਸ਼ ਕਰਦਾ ਹੈ ਉਹ ਸਭ ਹੀ ਚਲਾਏਮਾਨ ਹੈ, ਇਹ ਸੰਸਾਰਕ ਜੀਵਨ ਹੀ ਨਾਸ਼ਵਾਨ ਹੈ। ਸਵਰਗ ਦਾ ਜੀਵਨ ਵੀ ਕੋਈ ਜੀਉਣ ਯੋਗ ਜੀਵਨ ਨਹੀਂ ਹੈ ਜਦੋਂ ਤਕ ਮੁਕਤ ਹੋਣ ਦਾ ਪਤਾ ਨਾ ਹੋਵੇ, ਸਾਰੀਆਂ ਵਸਤੂਆਂ ਭਾਵੇਂ ਉਹ ਬ੍ਰਹਿਮੰਡ ਦੀਆਂ ਅਪੱਛਰਾਂ ਹੋਣ, ਹੋਰ ਭਾਵੇਂ ਹੋਰ, ਇਹ ਤਾਂ ਕੇਵਲ ਭੋਗ ਹਨ। ਹੇ ਯਮਰਾਜ ਇਨ੍ਹਾਂ ਨੂੰ ਤੁਸੀਂ ਆਪਣੇ ਕੋਲ ਹੀ ਰੱਖੋ, ਸੰਸਾਰਕ ਪਦਾਰਥਾਂ ਨਾਲ ਨਾ ਕਿਸੇ ਨੂੰ ਸੁੱਖ ਮਿਲਿਆ ਨਾ ਖੁਸ਼ੀ। ਇਸ ਸੰਸਾਰ ਦੇ ਸਾਰਾ ਧੰਨ ਦੌਲਤ, ਸਾਰੇ ਸੰਸਾਰਕ ਭੋਗ। ਸਵਰਗ ਦਾ ਸਾਰਾ ਜੀਵਨ ਵੀ ਬਦਲਦਾ ਰਹਿੰਦਾ ਹੈ। ਇਹ ਜਾਨਣ ਤੋਂ ਬਾਅਦ ਕਿ ਸਾਰਾ ਸੰਸਾਰ ਨਾਸ਼ਵਾਨ ਹੈ, ਚਲਾਇਮਾਨ ਹੈ, ਕੌਣ ਚਾਹੇਗਾ ਕਿ ਮੇਰੀ ਲੰਮੀ ਉਮਰ ਹੋਵੇ। ਮੈਂ ਇਥੇ 1000 ਵਰ੍ਹੇ ਰਹਿ ਵੀ ਲਵਾਂ ਉਹ ਕਿਸ ਅਰਥ? ਮੈਂ ਹਜ਼ਾਰ ਸਾਲ ਜੀ ਕੇ ਕਰਾਂਗਾ ਕੀ? ਜੇ ਮੈਂ ਪੂਰਨ ਸਤਿ ਨੂੰ ਜਾਣ ਨਾ ਸਕਿਆ ਜੇ ਮੈਨੂੰ ਗਿਆਨ ਪ੍ਰਾਪਤ ਨਹੀਂ ਹੋਇਆ, ਉਸ ਇਕ ਦੀ ਪ੍ਰਾਪਤੀ ਨਹੀਂ ਹੋਈ, ਤਾਂ ਸਭ ਬੇਅਰਥ ਹੈ।

ਜਦੋਂ ਜਮ ਨੇ ਦੇਖਿਆ ਕਿ ਨਚਿਕੇਤ ਦ੍ਰਿੜ੍ਹ ਹੈ ਆਪਣੇ

ਉਦੇਸ਼ ਬਾਰੇ ਪੂਰੀ ਤਰ੍ਹਾਂ ਜਾਣਦਾ ਹੈ ਉਹ ਨਚਿਕੇਤ ਨੂੰ ਤੀਸਰਾ ਵਰਦਾਨ ਦੇਣ ਨੂੰ ਰਾਜ਼ੀ ਹੋ ਗਿਆ।

ਇਥੋਂ ਹੀ ਕਠੋ ਉਪਨਿਸ਼ਦ ਦਾ ਆਰੰਭ ਹੁੰਦਾ ਹੈ ਤੇ ਅਮਰ ਹੋਣ ਦੇ ਰਹੱਸ ਦਾ ਵਰਨਣ ਸ਼ੁਰੂ ਹੁੰਦਾ ਹੈ, ਕਾਲ ਅਤੇ ਜੀਵਨ ਦਾ ਮੰਤਵ ਪਰਸਪਰ ਸਬੰਧ ਸ਼ੁਰੂ ਹੁੰਦਾ ਹੈ।

ਸੰਸਾਰ ਜੋ ਛਿਨ ਭੰਗਰ ਹੈ, ਜੀਵਨ ਜੋ ਨਾਸ਼ਵਾਨ ਹੈ ਜੋ ਸੰਸਾਰਕ ਲੋਭ ਹਨ, ਇਨ੍ਹਾਂ ਵਿਚੋਂ ਕੁਝ ਵੀ ਜੀਵਨ ਦਾ ਉਦੇਸ਼ ਨਹੀਂ, ਸੰਸਾਰ ਲੁਭਾਇਮਾਨ ਹੈ, ਮਨੁੱਖ ਇਨ੍ਹਾਂ ਵਿਚ ਲਿਪਤ ਹੈ, ਪੂਰੀ ਤਰ੍ਹਾਂ ਆਪਣਾ ਜੀਵਨ ਇਨ੍ਹਾਂ ਦੇ ਆਸਰੇ ਹੀ ਬਿਤਾ ਦਿੰਦਾ ਹੈ, ਇਕ ਜੀਵਨ ਤੋਂ ਬਾਅਦ ਦੂਸਰਾ ਦੂਸਰੇ ਤੋਂ ਬਾਦ ਫੇਰ ਤੀਸਰਾ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ।

ਅੱਜ ਮਨੁੱਖ ਆਪਣੇ ਆਪ ਨੂੰ ਸੰਸਾਰ ਨਾਲ ਜੋੜ ਲੈਂਦਾ ਹੈ ਉਸਨੂੰ ਆਪਣੀ ਪਹਿਚਾਨ ਸਮਝਦਾ ਹੈ ਆਪਣਾ ਸਥਾਈ ਘਰ ਸਮਝਦਾ ਹੈ ਉਨ੍ਹਾਂ ਨਾਲ ਲਗਦੇ ਸਾਰੇ ਸੰਵੇਗ ਸਾਰੀਆਂ ਭਾਵਨਾਵਾਂ ਦਰਸਾਉਂਦਾ ਹੈ, ਪੂਰੀ ਤਰ੍ਹਾਂ ਸੰਸਾਰ ਵਿਚ ਲਿਪਤ ਰਹਿੰਦਾ ਹੈ ਤੇ ਹਰ ਸਮੇਂ ਇਸ ਭੈ ਵਿਚ ਰਹਿੰਦਾ ਹੈ ਕਿ ਇਹ ਖੁੱਸ ਨਾ ਜਾਏ। ਮਨੁੱਖ ਇਸ ਸੋਚਣ ਲਗ ਪੈਂਦਾ ਹੈ ਕਿ ਇਹ ਸੰਸਾਰ ਤੋਂ ਹੀ ਖੁਸ਼ੀ ਮਿਲਦੀ ਹੈ ਇਹ ਹੀ ਖੁਸ਼ੀ ਦਾ ਸਾਧਨ ਹੈ, ਨਵੀ ਕਾਰ, ਨਵਾਂ ਸੂਟ, ਨਵ ਵਿਆਹੀ ਇਸਤ੍ਰੀ ਜਦੋਂ ਨਵੀਂ ਚੀਜ਼ ਮਿਲਦੀ ਹੈ ਉਹ ਖੁਸ਼ ਹੁੰਦਾ ਹੈ ਇੱਛਾ ਤ੍ਰਿਪਤੀ ਹੁੰਦੀ ਹੈ ਪਰ ਫੇਰ ਕੀ ਹੁੰਦਾ ਹੈ? ਅਸੰਤੁਸ਼ਟੀ ਹੋਰ ਵਧਦੀ ਹੈ ਨਾਲ ਹੀ ਅੱਗੇ ਦੀ ਹੋਰ ਕਿਸੇ ਵਸਤੂ ਦੀ ਪ੍ਰਾਪਤੀ ਦੀ ਲਗਨ ਸ਼ੁਰੂ ਹੋ ਜਾਏਗੀ।

ਮਨੁੱਖ ਆਪਣੀ ਪਛਾਣ ਸੰਸਾਰਕ ਭਾਵਨਾਵਾਂ ਨਾਲ ਕਰਨ ਲਗ ਪੈਂਦਾ ਹੈ, ਉਨ੍ਹਾਂ ਦੇ ਸਬੰਧ ਤੇ ਵਸਤੂਆਂ ਨਾਲ ਕਰਨ ਲਗ ਪੈਂਦਾ ਹੈ, ਮਨੁੱਖ ਸੋਚਦਾ ਹੈ ਉਹ ਕਿਸੇ ਨੂੰ ਪਿਆਰ ਕਰਦਾ ਹੈ, ਉਸਨੂੰ ਅਪਨਾਉਣਾ ਚਾਹੁੰਦਾ ਹੈ, ਤੇ ਖੁਸ਼ੀ ਪ੍ਰਾਪਤ ਕਰਨਾ ਲੋਚਦਾ ਹੈ ਜਦੋਂ ਉਹ ਵਿਆਹ ਕਰ ਲੈਂਦਾ ਹੈ ਉਸਨੂੰ ਅਪਣਾਅ ਲੈਂਦਾ ਹੈ, ਥੋੜ੍ਹੀ ਦੇਰ ਬਾਅਦ ਕੁਝ ਹੋਰ ਦਾ ਹੋਰ ਹੀ ਬਣ ਜਾਂਦਾ ਹੈ। ਉਹ ਪਿਆਰ ਜਿਵੇਂ ਉੱਡ ਹੀ ਜਾਂਦਾ ਹੈ, ਜਿਸਨੂੰ ਉਹ ਪਿਆਰ ਕਰਦਾ ਸੀ ਉਸ ਨੂੰ ਦੁਖੀ ਕਰਨਾ ਸ਼ੁਰੂ ਕਰ ਦਿੰਦਾ ਹੈ ਫੇਰ ਮਾਫੀਆਂ ਵੀ ਮੰਗਦਾ ਹੈ, ਫੇਰ ਕੁਝ ਸਮਾਂ ਪੈਣ ਤੇ ਫੇਰ ਉਹ ਹੀ ਦੁਰਵਿਹਾਰ ਸ਼ੁਰੂ ਹੋ ਜਾਂਦਾ ਹੈ ਫੇਰ ਅੰਤ ਵਿਚ ਜੁਦਾ-ਜੁਦਾ ਹੋ ਜਾਂਦੇ ਹਨ। ਥੋੜ੍ਹੀ ਦੇਰ ਬਾਅਦ ਕੋਈ ਹੋਰ ਮਿਲ ਜਾਂਦਾ ਹੈ ਫੇਰ ਉਹ ਹੀ ਸਾਰਾ ਕੁਝ ਮੁੜ ਕੇ ਸ਼ੁਰੂ ਹੋ ਜਾਂਦਾ ਹੈ।

ਇਸ ਸੰਘਰਸ਼ ਦੀਆਂ ਬੜੀਆਂ ਵੱਖ-ਵੱਖ ਸ਼ਾਖਾ ਹਨ ਭਾਵ ਇਹ ਹੈ ਕਿ ਮਨੁੱਖ ਮੋਹ ਵਿਚ ਫਸ ਜਾਂਦਾ ਹੈ, ਚੀਜ਼ਾਂ ਦੇ ਮੋਹ ਵਿਚ, ਸਬੰਧਾਂ ਦੇ ਮੋਹ ਵਿਚ, ਸਾਰੀ ਸੋਚ ਵਿਚਾਰ ਇਨ੍ਹਾਂ ਸਬੰਧਾਂ, ਵਸਤੂਆਂ ਦੇ ਆਲੇ-ਦੁਆਲੇ ਗੇੜੇ ਖਾਣ ਲਗ ਪੈਂਦੀ ਹੈ, ਇਨ੍ਹਾਂ ਨਾਲ ਦੁਖ ਕਲੇਸ਼ ਪੈਦਾ ਹੁੰਦੇ ਹਨ ਕਿਉਂਕਿ ਇਹ ਸਭ ਨਾਸ਼ਵਾਨ ਹਨ ਇਨ੍ਹਾਂ ਨਾਲ ਮੋਹ ਦੁਖ ਦਾ ਕਾਰਣ ਰਹੇਗਾ ਹੀ, ਪਰ ਮਨੁੱਖ ਇਨ੍ਹਾਂ ਵਿਚੋਂ ਹੀ ਸੁਖ ਲੱਭਦਾ ਫਿਰਦਾ ਹੈ, ਇਕ ਜੀਵਨ ਤੋਂ ਬਾਅਦ ਦੂਸਰਾ, ਦੂਸਰੇ ਬਾਅਦ ਤੀਸਰਾ ਬਸ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ।

ਜਮ ਨਚਿਕੇਤ ਨੂੰ ਦਸਦਾ ਹੈ - ਅਗਿਆਨੀ ਲੋਕ ਮੋਹ ਮਾਇਆ ਵਿਚ ਫਸੇ ਅਣਜਾਣ ਬੱਚਿਆਂ ਦੀ ਤਰ੍ਹਾਂ ਮਿੱਟੀ ਦੇ ਖਡੌਣਿਆਂ ਨਾਲ ਖੇਡਦੇ ਰਹਿੰਦੇ ਹਨ, ਫੇਰ ਅਚਿੰਤੇ ਹੀ ਉਨ੍ਹਾਂ ਨੂੰ ਕਾਲ ਦਾ ਗੁਲੇਲਾ ਆ ਵਜਦਾ ਹੈ, ਮੁੜ ਕੇ ਫੇਰ ਉਹ ਜੀਵਨ ਸ਼ੁਰੂ ਹੋ ਜਾਂਦਾ ਹੈ, ਉਹ ਇਸ ਵਿਚ ਫਸੇ ਚੌਰਾਸੀ ਦੇ ਗੇੜੇ ਕੱਟਦੇ ਰਹਿੰਦੇ ਹਨ।

ਵਡਭਾਗ ਦੀ ਗੱਲ ਹੈ ਕਿ ਇਹ ਹਾਲਤ ਸਥਾਈ ਨਹੀਂ ਰਹਿੰਦੀ, ਅੰਤ ਇਕ ਸਮਾਂ ਇਹੋ ਜਿਹਾ ਆਉਂਦਾ ਹੈ ਜਦੋਂ ਸਾਰੇ ਲੋਭ ਮੋਹ ਦੀ ਤ੍ਰਿਪਤੀ ਹੋ ਜਾਂਦੀ ਹੈ ਜਿਵੇਂ ਸਵਾਮੀ ਰਾਮ ਕ੍ਰਿਸ਼ਨ ਨੇ ਲਿਖਿਆ ਹੈ ਤੇ ਉਹ ਸਾਰੇ ਵਿਅਰਥ ਲਗਣ ਲਗ ਪੈਂਦੇ ਹਨ।

ਆਤਮਾ ਦਾ ਸੁਭਾਅ ਹੈ ਵਿਸਤ੍ਰਿਤ ਹੋਣਾ ਵਿਸ਼ਾਲ ਹੋਣਾ, ਮਨੁੱਖ ਨੂੰ ਹੌਲੀ-ਹੌਲੀ ਇਹ ਸਮਝ ਆਉਣ ਲਗ ਪੈਂਦੀ ਹੈ ਕਿ ਹਰ ਸੁੱਖ ਦੇ ਪਿਛੇ ਦੁਖ ਹੈ ਹਰ ਆਸ ਦੇ ਪਿਛੇ ਨਿਰਾਸਤਾ ਹੈ, ਹਰ ਇੱਛਾ ਦੇ ਪਿਛੇ ਨਿਰਾਸਤਾ ਹੈ ਹਰ ਇਕ ਸੰਤੁਸ਼ਟ ਹੋਈ ਇੱਛਾ ਦੇ ਪਿਛੇ ਇਕ ਹੋਰ ਇੱਛਾ ਉਠ ਖੜ੍ਹੀ ਹੁੰਦੀ ਹੈ। ਸੰਸਾਰ ਦੇ ਸਾਰੇ ਲੋਭ, ਮੋਹ ਸਭ ਜੁੜ ਕੇ ਦੁਖਾਂ ਕਲੇਸ਼ਾਂ, ਇਕੱਲੇਪਨ, ਖਾਲੀਪਨ ਦਾ ਅਹਿਸਾਸ ਦਾ ਕਾਰਣ ਬਣਦੇ ਹਨ।

ਇਸ ਖਾਤੇ ਤੋਂ ਫੇਰ ਮਨੁੱਖ ਜਾਗਦਾ ਹੈ ਜਦੋਂ ਇਸ ਖਾਤੇ ਤੋਂ ਜਾਣੂੰ ਹੋ ਜਾਂਦਾ ਹੈ, ਆਤਮਾ ਝੰਜੋੜੀ ਜਾਂਦੀ ਹੈ। ਇਨ੍ਹਾਂ ਦੁਖਾਂ ਕਲੇਸ਼ਾਂ ਤੋਂ ਮਨੁੱਖ ਵਿਵੇਕ ਸਿਖਦਾ ਹੈ, ਸੋਚਦਾ ਹੈ।

ਜਮ ਨਚਿਕੇਤ ਨੂੰ ਦਸਦਾ ਹੈ, ਜਿਹੜਾ ਕਠੋਉਪਨਿਸ਼ਦ ਵਿਚ ਬੜੇ ਹੀ ਨਿਰੋਲ ਢੰਗ ਨਾਲ ਦਸਿਆ ਗਿਆ ਹੈ, ਸੰਸਾਰ ਵਿਚ ਦੋ ਰਸਤੇ ਹਨ ਇਕ ਨੇਕ, ਸਦਾਚਾਰਕ, ਉਚਿਤ, ਦੂਸਰਾ ਸੁਹਾਵਣਾ, ਰਮਣੀਕ। ਇਕ ਭਾਵੇਂ ਔਖਾ ਹੈ ਪਰ ਗਿਆਨ ਦਾ ਰਾਹ ਹੈ, ਸਭ ਤੋਂ ਉਤਮ ਗਿਆਨ, ਸਤਿ ਦੇ ਗਿਆਨ ਦਾ ਰਾਹ ਤੇ ਦੂਸਰਾ ਦੇਖਣ ਨੂੰ ਭਾਵੇਂ ਬੜਾ ਰਮਣੀਕ ਲਗਦਾ ਹੈ ਸੋਹਣਾ ਲਗਦਾ ਹੈ ਪਰ ਛਿੰਨ ਭੰਗਰ ਰਹਿਣ ਵਾਲਾ ਹੈ, ਚਲਾਏਮਾਨ ਹੈ, ਜਦੋਂ ਵੀ ਕੋਈ ਲੁਭਾਏਮਾਨ ਅਨੁਭਵ ਹੋ ਬੀਤੇਗਾ, ਦੁਖ ਹੋਣਾ ਲਾਜ਼ਮੀ ਹੈ, ਜ਼ਰੂਰੀ ਹੈ। ਗਿਆਨੀ ਨੇਕ ਸਦਾਚਾਰੀ ਵਾਲਾ ਰਾਹ ਚੁਣਦੇ ਹਨ ਅਤੇ ਅਗਿਆਨੀ ਦਿਲ ਖਿਚਵੇਂ ਮਾਰਗ ਤੇ ਲੁਭਾਏਮਾਨ ਮਾਰਗ ਤੇ ਚਲਦੇ ਹਨ।

ਜੀਵਨ ਦਾ ਇਹ ਹੀ ਤਰੀਕਾ ਹੈ। ਜੀਵਨ ਮਨੋਰਥ ਹੈ ਵਿਕਸਿਤ ਹੋਣਾ, ਵਿਸਤ੍ਰਿਤ ਹੋਣਾ ਤੇ ਆਪਾ ਪਛਾਨਣਾ, ਆਪਾ ਜਾਨਣਾ, ਜੇ ਮਨੁੱਖ ਆਪਾ ਪਛਾਨਣ ਦਾ ਰਾਹ ਨਹੀਂ ਲਵੇਗਾ, ਉਸ ਤੇ ਤੁਰੇਗਾ ਨਹੀਂ ਤੇ ਆਤਮ ਚੀਨਣ ਦੇ ਆਦਰਸ਼ ਨੂੰ ਨਹੀਂ ਸਮਝੇਗਾ ਫੇਰ ਉਹ ਸੰਸਾਰ ਦੇ ਧੱਕੇ ਖਾ ਕੇ ਆਏਗਾ। ਚੰਗਾ ਇਹ ਹੀ ਹੈ ਕਿ ਪਹਿਲੇ ਹੀ ਉਹ ਸਮਝ ਜਾਵੇ। ਚੋਟਾਂ ਖਾ ਕੇ ਇਕ ਤੋਂ ਬਾਅਦ ਇਕ ਦੁਖ ਦੇਖ ਕੇ, ਇਕ ਤੋਂ ਬਾਅਦ ਦੂਜੀ ਨਿਰਾਸਤਾ ਦਾ ਸਾਮ੍ਹਣਾ ਕਰਕੇ, ਅੰਤ ਮਨੁੱਖ ਨੂੰ ਸਮਝ ਪੈਣੀ ਸ਼ੁਰੂ ਹੁੰਦੀ ਹੈ ਕਿ ਸੱਚ ਕੀ ਹੈ, ਇਹ ਵੀ ਕੋਈ ਇਕ ਜਨਮ ਦੀ ਗੱਲ ਨਹੀਂ ਹੈ, ਫੇਰ ਕਿਤੇ ਜਾ ਕੇ ਪਤਾ ਲਗਦਾ ਹੈ, ਸਦਾਚਾਰੀ ਦਾ ਰਾਹ ਨੇਕ ਰਾਹ ਕਿਹੜਾ ਹੈ ਤੇ ਲੁਭਾਏਮਾਨ ਸੋਹਣਾ ਦਿਸਦਾ ਰਾਹ ਕਿਹੜਾ ਹੈ।

ਕਠੋ ਉਪਨਿਸ਼ਦ ਦਾ ਸਾਰਾਂਸ ਇਹ ਹੈ ਕਿ ਮਨੁੱਖੀ ਜੀਵਨ ਦਾ ਖਜ਼ਾਨਾ ਅੰਦਰ ਦਬਿਆ ਪਿਆ ਹੈ। ਆਤਮਾ,

(ਬਾਕੀ ਪੰਨਾ 72 ਤੇ)

(ਪੰਨਾ 44 ਦੀ ਬਾਕੀ)

ਅੱਜ ਸਮੁੱਚੇ ਸਮਾਜ ਵਿਚ ਖੁਦਕਸ਼ੀ ਦਾ ਰੁਝਾਨ ਵੱਧ ਰਿਹਾ ਹੈ। ਪੱਛਮ ਦੀ ਰੀਸੋਰੀਸ ਅਤੇ ਪੱਛਮੀ ਸਿਖਿਆ ਦੀ ਬਦੌਲਤ ਅਸੀਂ ਪੁਠੇ ਪਾਸੇ ਨੂੰ ਤੁਰ ਰਹੇ ਹਾਂ। ਹਰ ਪਾਸੇ ਈਰਖਾ ਰੂਪ ਰੋਗ ਨੇ ਜੀਵ ਨੂੰ ਆਪਣੀ ਗ੍ਰਿਫਤ (ਪਕੜ) ਵਿਚ ਲੈ ਲਿਆ ਹੈ। ਆਪਸੀ ਪ੍ਰੇਮ, ਮੋਹ, ਤਾਂਘ, ਸਨੇਹ ਤੇ ਸੁੱਚਤਾ ਖਤਮ ਹੋ ਗਈ ਹੈ। ਜੀਵ ਨੂੰ ਜਿਉਣ ਅਤੇ ਮਰਨ ਵਿਚ ਕੋਈ ਫਰਕ ਨਜ਼ਰੀ ਨਹੀਂ ਆ ਰਿਹਾ। ਅਸੀਂ ਜੋ ਮਾੜੇ ਕਰਮ ਕਰ ਰਹੇ ਹਾਂ ਇਨ੍ਹਾਂ ਦਾ ਫਲ ਵੀ ਮਾੜਾ ਹੀ ਹੋਵੇਗਾ ਅਤੇ ਇਸ ਮਾੜੇ ਫਲ ਦੇ ਨਤੀਜੇ ਜੀਵ ਨੂੰ ਭੁਗਤਣੇ ਹੀ ਪੈਣਗੇ ਕਿਉਂਕਿ ਸਾਡੇ ਵਿਚ ਅਨੇਕ ਕਿਸਮ ਦੀਆਂ ਗੁੰਝਲਾਂ, ਪਰਿਵਾਰਕ ਗੱਲਾਂ ਬਾਤਾਂ, ਆਰਥਿਕ ਮਸਲਿਆਂ, ਭਾਈਚਾਰਕ ਨਿਖੇੜਿਆਂ ਅਤੇ ਇਕੱਲੇਪਣ ਨੇ ਜੀਵਨ ਦੀ ਬੇ ਰੋਕ ਟੋਕ ਧੜਕਣ ਅੱਗੇ ਰੋਕ ਲਗਾ ਦਿਤੀ ਹੈ। ਪ੍ਰਦੇਸਾਂ ਦੀ ਦੌੜ ਨੇ ਪਰਿਵਾਰਾਂ ਵਿਚਲੀ ਇਕੱਲਤਾ ਨੂੰ ਵਧਾਇਆ ਹੈ। ਦੋਨੋਂ ਪਾਸੇ ਦੀ ਇਕੱਲਤਾ ਬਹੁਤ ਸਾਰੇ ਰੁਝਾਨਾਂ ਨੂੰ ਜਨਮ ਦਿੰਦੀ ਹੈ। ਪ੍ਰਦੇਸ ਵਿਚ ਵਸਦਾ ਪੁੱਤਰ ਜਾਂ ਧੀ ਆਪਣੀਆਂ ਰਵਾਇਤਾ ਨਾਲੋਂ ਟੁੱਟ ਕੇ ਜਦੋਂ ਪੱਛਮੀ ਤਰਜ਼ ਦੀ ਜ਼ਿੰਦਗੀ ਧਾਰਨ ਕਰਦਾ ਹੈ ਤਾਂ ਉਸ ਵਿਚ ਨਿਰਾਸ਼ਤਾ ਆਉਂਦੀ ਹੈ। ਇਧਰ ਵਸਦੇ ਮਾਪਿਆਂ ਵਿਚ ਇਕੱਲਤਾ ਆਉਂਦੀ ਹੈ। ਭਾਵੇਂ ਕਿ ਪਰਦੇਸੀ ਧੀਆਂ ਪੁੱਤਰ ਇਸ ਇਕੱਲਤਾ ਨੂੰ ਘਟਾਉਣ ਖਾਤਰ ਆਪਣੇ ਬਜ਼ੁਰਗਾਂ ਨੂੰ ਇਧਰ ਰਹਿੰਦਿਆਂ ਜਾਂ ਫਿਰ ਉਧਰ ਸੱਦ ਕੇ ਸੁਖ ਆਰਾਮ ਦੇਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੇ ਮਨੋਰੰਜਨ ਤੇ ਸਿਹਤ ਦਾ ਖਿਆਲ ਵੀ ਰੱਖਦੇ ਹਨ ਤੇ ਉਨ੍ਹਾਂ ਦੀ ਸੇਵਾ ਵੀ ਕਰਦੇ ਹਨ ਪਰ ਇਹ ਸਭ ਕੁਝ ਉਪਰੇਪਣ ਵਿਚ ਹੁੰਦਾ ਹੈ। ਮਾਪਿਆਂ ਦੀ ਤਾਂਘ ਹੁੰਦੀ ਹੈ ਕਿ ਉਨ੍ਹਾਂ ਦੇ ਪੁੱਤਰ ਧੀਆਂ ਉਨ੍ਹਾਂ ਦੇ ਨਾਲ ਹੱਸਮੁਖਤਾ ਵਾਲੇ ਚਿਹਰਿਆਂ ਵਿਚ ਰਹਿ ਕੇ ਗੱਲਾਂ ਬਾਤਾਂ ਕਰਨ ਕਿਉਂਕਿ ਕਿਸੇ ਦੀ ਹਜ਼ਾਰਾਂ ਲੋਕ ਵਡਿਆਈ ਕਰਨ ਪਰੰਤੂ ਮਾਪੇ ਸਭ ਤੋਂ ਜ਼ਿਆਦਾ ਖੁਸ਼ੀ ਆਪਣੇ ਪੁੱਤਰ ਵਲੋਂ ਕੀਤੀ ਸੇਵਾ ਤੇ ਵਡਿਆਈ ਤੋਂ ਹਾਸਲ ਕਰਦੇ ਹਨ।

ਅੱਜ ਲੋੜ ਹੈ ਜੀਵਨ ਵਿਚ ਖੁਸ਼ੀ ਤੇ ਖੇੜਾ ਲਿਆਉਣ ਦੀ। ਇਹ ਖੇੜਾ ਧਾਰਮਿਕ ਲੀਹਾਂ ਉਤੇ ਪੈ ਕੇ 'ਨਾਮ' ਨੂੰ ਅਪਣਾਅ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ। 'ਨਾਮ' ਸੰਤਾਂ ਦੀ ਸੰਗਤ ਵਿਚੋਂ ਹਾਸਲ ਹੁੰਦਾ ਹੈ ਜਿਥੇ ਸਮੂੰਹ ਦੇ ਰੂਪ ਵਿਚ ਵਿਚਰਦਿਆਂ ਸੰਤਾਂ ਦੇ ਪ੍ਰਵਚਨ ਸਾਨੂੰ ਆਪਣੇ ਧਾਰਮਿਕ, ਅਧਿਆਤਮਕ ਅਤੇ ਰਹੱਸਮਈ ਪਿਛੋਕੜ ਨਾਲ ਜੋੜਦੇ ਹਨ। ਜੇ ਅਸੀਂ ਅਜੇ ਵੀ ਸੰਤਾਂ ਦੀ ਸੰਗਤ ਤੋਂ ਅਭਿੱਜ ਰਹੇ ਤਾਂ ਸਾਡਾ ਸਮਾਜ ਅਤੇ ਇਸ ਵਿਚਲੇ ਜੀਵ ਨਿਰਾਸ਼ਾਵਾਦ ਦੀ ਦਲਦਲ ਵਿਚ ਫਸ ਕੇ ਆਤਮ ਘਾਤ ਵਲ ਨੂੰ ਤੁਰਦੇ ਰਹਿਣਗੇ। ਇਸ ਤਰ੍ਹਾਂ ਜੀਵਨ ਦਾ ਖਾਤਮਾ ਹੁੰਦਾ ਰਹੇਗਾ।

ਮਾਇਆ, ਪ੍ਰਕ੍ਰਿਤਕ ਖੋਜ, ਉਚੀ ਟੈਕਨਾਲੋਜੀ, ਕਾਰਾਂ, ਜਹਾਜ਼, ਸੋਹਣੀਆਂ ਸੜਕਾਂ, ਡਾਲਰਾਂ ਦੇ ਅੰਬਾਰ ਟੀ. ਵੀ. ਦੇ ਹਰ ਬਦਲਦੇ ਚੈਨਲ, ਸਰੀਰਕ ਸਹੂਲਤਾਂ ਤਾਂ ਦੇ ਸਕਦੇ ਹਨ, ਮਾਇਕਰੋਵੇਵ ਚੁਲ੍ਹੇ, ਗੈਸ ਚੁਲ੍ਹੇ, ਏ.ਸੀ. ਏਅਰ ਕੰਡੀਸ਼ਨਰ, ਸਰੀਰਕ ਸਹੂਲਤਾਂ ਤਾਂ ਪ੍ਰਦਾਨ ਕਰ ਸਕਦੀਆਂ ਹਨ ਪਰ ਮਾਨਸਿਕ ਸ਼ਾਂਤੀ ਨਹੀਂ ਦੇ ਸਕਦੀਆਂ। ਅੰਦਰ ਖੇੜਾ ਪ੍ਰਭੂ ਭਗਤੀ, ਨਿਸ਼ਕਾਮ ਕੀਰਤਨ, ਸੰਤ ਹੀ ਪੈਦਾ ਹੀ ਕਰ ਸਕਦਾ ਹੈ। ਜਿਵੇਂ ਗੁਰੂ ਜੀ ਫੁਰਮਾਨ ਕਰਦੇ ਹਨ –

***ਐਸਾ ਜਗੁ ਦੇਖਿਆ ਜੂਆਰੀ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ॥*** ***ਪੰਨਾ - 222***

ਏਵੇਂ ਕਾਮ ਭੋਗ ਦਾ ਨਿਮਖ ਰਸ, ਅੰਦਰ ਤੋਟ ਲਾ ਕੇ ਬੇਚੈਨੀ ਪੈਦਾ ਕਰਦਾ ਹੈ ਅਤੇ ਭੈੜੀ ਰੁਚੀ ਪੀੜਤ ਕਰਦੀ ਰਹਿੰਦੀ ਹੈ। ਕਾਮ ਭੋਗ ਦੀ ਰੁਚੀ ਵਧਦੀ ਹੀ ਜਾਂਦੀ ਹੈ ਜਿਵੇਂ ਅੱਗ ਤੇ ਲਕੜਾਂ ਪਾ ਕੇ ਭਾਂਬੜ, ਪਰਚੰਡ ਹੁੰਦਾ ਹੈ ਏਵੇਂ ਹੀ ਇਹ ਜਜ਼ਬਾ ਹੈ। ਗੁਰੂ ਮਹਾਰਾਜ ਜੀ ਵਲੋਂ ਦਰਸਾਇਆ ਸਿਧਾਂਤ ਵੀਚਾਰੋ ਅਤੇ ਪ੍ਰੈਕਟਸ ਯਾਨਿ ਸਾਧਨਾ ਕਰੋ ਤਾਂ ਸੁਖ ਮਿਲਦਾ ਹੈ –

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***
***ਪੰਨਾ - 714***

ਅਧਿਆਤਮ ਮਾਰਗ ਵਿਹਲੜ ਜਾਂ ਨਿਕੰਮੇਂ ਬੰਦੇ ਪੈਦਾ ਨਹੀਂ ਕਰਦਾ ਇਸ ਦੇ ਵਿਪਰੀਤ ਸਾਰਿਆਂ ਨਾਲ ਪਿਆਰ ਕਰਨ ਵਾਲੇ, ਸਰਬੱਤ ਦੇ ਭਲੇ ਲਈ ਤਾਣ ਲਾਉਣ ਵਾਲੇ ਸਫਲ ਕਿਸਾਨ, ਸਫਲ ਸਾਇੰਸਦਾਨ, ਸਫਲ ਚਿੰਤਕ, ਸ਼ਾਂਤ ਫੁਹਾਰਾਂ ਵੰਡਣ ਵਾਲੇ, ਹਰ ਹਾਲਤ ਵਿਚ ਚੜ੍ਹਦੀ ਕਲਾਂ ਵਿਚ ਵਿਚਰਨ ਵਾਲੇ, ਸੁਚੇਤ, ਚੇਤੰਨ ਉਦਮੀ, ਆਲਸ ਤੋਂ ਕੋਹਾਂ ਦੂਰ ਰਹਿਣ ਵਾਲੇ, ਆਪਣਾ ਆਪ ਹੀ ਸਰਬ ਵਿਚ ਰਮਿਆ ਅਨੁਭਵ ਕਰਨ ਵਾਲੇ, ਵੈਰ ਰਹਿਤ, ਡਰ, ਈਰਖਾ, ਨਿੰਦਿਆਂ, ਚੁਗਲੀ ਰਹਿਤ, ਸੁਆਰਥ ਰਹਿਤ ਸਰਬ ਸਾਂਝੇ ਜੀਵਨ ਸੰਸਾਰ ਮੰਚ ਤੇ ਪਰਮ ਸ਼ਾਂਤ ਕਰਨ ਵਾਲੇ, ਆਤਮ ਪੰਧਾਊ ਜੀਵਨ ਆਪ ਭੀ ਪਰਮ ਸ਼ਾਂਤ ਹੁੰਦੇ ਹਨ ਅਤੇ ਦੁਖੀਆਂ ਅਸ਼ਾਂਤ ਪੁਰਸ਼ਾਂ ਨੂੰ ਭੀ ਦੁਖ ਰਹਿਤ ਕਰ ਦਿੰਦੇ ਹਨ। ਜੇ ਅੱਜ ਵਾਲੀ ਪ੍ਰਕ੍ਰਿਤਕ ਦੌੜ ਐਟਮ ਬੰਬ ਦੀ ਛਾਂ ਹੇਠ ਭੈ ਭੀਤ ਹੋਈ ਨੂੰ ਇਨਸਾਨ ਦੂਰ ਨਾ ਕਰ ਸਕਿਆ ਤਾਂ ਆਤਮ ਘਾਤ ਉਸ ਅਵਸਥਾ ਦੇ ਸਾਮ੍ਹਣੇ ਕੁਝ ਭੀ ਮਹੱਤਤਾ ਨਹੀਂ ਰਖ ਸਕਦਾ। ਸੰਸਾਰ ਝੁੰਝਲਾਇਆ ਹੋਇਆ ਸ਼ਾਂਤ ਮਾਰਗ ਤੋਂ ਭਟਕ ਕੇ ਮਹਾਨ ਦੁਖੀ ਹੋ ਜਾਵੇਗਾ ਆਪ ਭੀ ਮਰੇਗਾ ਦੂਸਰੇ ਨੂੰ ਭੀ ਜਿਉਣ ਜੋਗਾ ਨਹੀਂ ਰਹਿਣ ਦੇਵੇਗਾ। ਆਪਣਾ ਬਣਾਇਆ ਸੁੰਦਰ ਘਰ ਆਪ ਹੀ ਢਾਹ ਢੇਰੀ ਕਰ ਲਵੇਗਾ।

ਜਿੰਨੀ ਛੇਤੀ ਅਸੀਂ ਪ੍ਰਕਿਰਤਕ ਦੌੜ ਤੇ ਉਪਰ ਆਤਮ ਪ੍ਰਕਾਸ਼ ਦਾ ਨਿਯੰਤਰਣ ਕਰ ਲਵਾਂਗੇ ਉਤਨੀ ਹੀ ਸੰਤੁਸ਼ਟੀ ਵਧ ਕੇ ਜੀਵਨ ਪਰਮ ਸੁਖੀ ਹੋ ਜਾਵੇਗਾ, ਨਾ ਫਿਰ ਖਿਚਾਵਟ, ਤਨਾਵ ਦੀ ਪੈਦਾ ਕੀਤੀ depression ਦਾ ਰੋਗ ਰਹੇਗਾ ਅਤੇ ਨਾ ਹੀ ਖੁਦਕਸ਼ੀਆਂ ਹੋਣਗੀਆਂ। ਅਨੰਦ ਪੂਰਵਕ ਜੀਵਨ ਦੀ ਲੋਚਾ ਕੀਤੀ ਜਾਣ ਲਈ ਉਦਮ ਕੀਤਾ ਜਾਵੇਗਾ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 30/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਹੋਵੈ ਅਨੰਦੁ ਘਣਾ | ਭੇਟਾ 25/- |
| 7. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 8. ਸੁਰਤਿਆਂ ਉਪਜੈ ਚਾਉ | ਭੇਟਾ 40/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 11. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |

### English

| | |
|---|---|
| 1. BAISAKHI | Rs. 5/- |
| 2 HOW REND THE VEIL OF UNTRUTH | Rs. 70/- |
| | abroad US$ 10 |

### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਛੇ ਭਾਗਾਂ ਵਿਚ | ਭੇਟਾ 185/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 10/- ਅਤੇ ਸਾਰਾ ਸੈਟ ਲੈਣ ਲਈ 25/- ਡਾਕ ਖਰਚਾ ਵੀ ਭੇਜਣ ਦੀ ਕਿਰਪਾਲਤਾ ਕਰੋ ਜੀ।

### - : ਮਿਲਣ ਦਾ ਪਤਾ : -

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

(ਪਬਲੀਕੇਸ਼ਨ ਬਰਾਂਚ)

**ਐਸ.ਸੀ.ਐਫ 72, ਫੇਸ 7, ਐਸ. ਏ. ਐਸ ਨਗਰ, ਮੋਹਾਲੀ - 160055**

**ਟੈਲੀਫੋਨ : (0172) 676608, (ਫੈਕਸ) 220972**

## ਜ਼ਰੂਰੀ ਬੇਨਤੀ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. Out station (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 1.4.98 ਤੋਂ ਸ਼ੁਰੂ ਹੋਣ ਵਾਲੀ ਮੈਂਬਰਸ਼ਿਪ ਲਈ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
5. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
7. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ।

## ਬਾਹਰਲੇ ਦੇਸ਼ਾਂ ਵਿਚ ਮਿਸ਼ਨ ਦੇ ਕੇਂਦਰ ਜਿਥੋਂ 'ਆਤਮ ਮਾਰਗ' ਤੇ ਵੀਡੀਓ ਕੈਸਟਾਂ ਉਪਲਬਧ ਹਨ

| ਅਮਰੀਕਾ: | ਫੋਨ ਨੰ: |
|---|---|
| ਸ. ਮਹਿੰਦਰ ਸਿੰਘ ਗਿੱਲ | 209-667-5536 |
| | 209-632-0512 |
| ਸ. ਸਤਨਾਮ ਸਿੰਘ ਅਟਵਾਲ | 408-263-1844 |
| **ਕੈਨੇਡਾ:** | |
| ਸ. ਜਸਵੀਰ ਸਿੰਘ ਰਾਨੂੰ | 604-589-9189 |
| ਸ. ਸਰਮੁਖ ਸਿੰਘ ਪੰਨੂੰ | 604-433-0408 |
| **ਇੰਗਲੈਂਡ :** | |
| ਸ. ਸੁਖਜਿੰਦਰ ਸਿੰਘ ਖੈਹਰਾ | 01922-641-320 |
| | 01922-610-671 |
| ਫੈਕਸ : | 0121-502 3954 |
| ਬੀਬੀ ਸੁਖਦੇਵ ਕੌਰ ਚੀਮਾ | 01234-76-7602 |
| **ਆਸਟਰੇਲੀਆ :** | |
| ਸ. ਜੀਵਨ ਸਿੰਘ | 03-436-6898 |
| **ਹਾਲੈਂਡ :** | |
| ਸ. ਜਗੀਰ ਸਿੰਘ | 010-2124-608 |

(ਪੰਨਾ 69 ਦੀ ਬਾਕੀ)

ਤੁਹਾਡਾ ਆਪਾ ਤੁਹਾਡੇ ਅੰਦਰ ਹੈ ਤੁਸੀਂ ਹੀ ਉਸ ਨੂੰ ਖੋਜਣਾ ਹੈ, ਆਪਾ ਚੀਨ ਕੇ, ਸਦੀਵਤਾ ਆਪ ਦੇ ਅੰਦਰ ਹੈ, ਆਤਮਾ ਅਜਰ ਹੈ, ਅਮਰ ਹੈ, ਅਟੱਲ ਹੈ। ਆਤਮ ਸਿੱਧੀ ਆਤਮ ਪ੍ਰਾਪਤੀ ਤਕ ਪਹੁੰਚਣ ਦਾ ਪੈਂਡਾ ਪਵਿੱਤਰ ਪੈਂਡਾ ਹੈ, ਜੀਵਨ ਮਨੋਰਥ ਹੈ। ਜਿਸ ਨੇ ਆਤਮ ਸਿੱਧੀ ਕਰ ਲਈ ਹੈ, ਆਤਮ ਪ੍ਰਾਪਤੀ ਕਰ ਲਈ ਹੈ ਉਹ ਹੀ ਵਿਸ਼ਵ ਆਤਮਾ ਬ੍ਰਹਿਮੰਡ ਨੂੰ ਪ੍ਰਾਪਤ ਕਰ ਸਕਦਾ ਹੈ ਉਹ ਹੀ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ।

ਦਵੈਤੀ ਇਹ ਵਿਸ਼ਵਾਸ਼ ਰਖਦੇ ਹਨ ਕਿ ਮਨੁੱਖ, ਬ੍ਰਹਿਮੰਡ ਤੇ ਵਿਸ਼ਵ ਆਤਮਾ ਇਹ ਸਭ ਵੱਖ-ਵੱਖ ਹਨ ਤੇ ਇਨ੍ਹਾਂ ਸਭ ਦੀ ਹੋਂਦ ਵੱਖ ਹੀ ਹੈ, ਇਸ ਅਨੁਸਾਰ ਆਪੇ ਨੂੰ ਜਾਣ ਕੇ ਪਛਾਣ ਕੇ, ਮਨੁੱਖ ਨੂੰ ਅਧੂਰਾ ਗਿਆਨ ਹੀ ਹੁੰਦਾ ਹੈ। ਦਵੈਤ ਤੇ ਵੇਦਾਂਤ ਵਿਚ ਬਹੁਤ ਵੱਡੀ ਖਾਈ ਹੈ, ਬਹੁਤ ਅੰਤਰ ਹੈ। ਵੇਦਾਂਤ ਦੀ ਸਭ ਤੋਂ ਸੋਹਣੀ ਦੇਣ ਇਹੋ ਹੀ ਹੈ, ਕਿ ਪ੍ਰਮਾਤਮਾ, ਆਤਮਾ ਅੱਡ ਨਹੀਂ, ਵੱਖ ਨਹੀਂ ਇਕ ਦੂਸਰੇ ਤੋਂ ਦੂਰ ਨਹੀਂ, ਇਹ ਸਭ ਕੁਝ ਮਨੁੱਖ ਦੇ ਅੰਦਰ ਹੀ ਹੈ, ਵੇਦਾਂਤ ਦੀ ਫਿਲੋਸਫੀ ਦਾ ਇਹ ਹੀ ਨਚੋੜ ਹੈ।

## ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – ਸਮਾਂ ਸਵੇਰੇ 12.00 ਵਜੇ ਤੋਂ ਬਾਦ ਦੁਪਹਿਰ 4.00 ਵਜੇ ਤੱਕ – 5, 12, 19, 26 ਜੁਲਾਈ ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ** – 9 ਜੁਲਾਈ, ਦਿਨ ਵੀਰਵਾਰ, ਰਤਵਾੜਾ ਸਾਹਿਬ

**ਸੰਗਰਾਂਦ** - 16 ਜੁਲਾਈ, ਦਿਨ ਵੀਰਵਾਰ, ਰਤਵਾੜਾ ਸਾਹਿਬ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 23 ਜੁਲਾਈ, ਦਿਨ ਵੀਰਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।